Mann Insurance Brokers, Inc.
Auto Home Business Worker Comp
COVERED CALIFORNIA
Free Enrollment
Easy Appointment
Deadline: Feb 15, 2015
-Travelers
-Progressive
-Fidelity Access
-Safeco-Victoria
-Fidelity Access
-Mapfre -GMAC
-Kemper Preferred
Gurdawar Singh Mann
License # 0D74334
Certified Agent
Phone: 510-487-1000 Email: mann@ggiausa.com

ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ
www.011india.com
*ਵਧੀਆ, ਸਾਫ ਆਵਾਜ਼
*ਬਗੈਰ ਪਿੰਨ ਤੋਂ ਵਰਤੋ
*ਸਪੀਡ ਵਾਲੇ ਨੰਬਰ ਸੈਟ ਕਰੋ
*ਘਰੋਂ ਤੇ ਸੈਲ ਫੋਨ ਤੋਂ ਇਕੋ ਵੇਲੇ ਦੋ ਫੋਨ ਚੱਲ ਸਕਦੇ ਹਨ
$25 2800 Minutes
ਅਮਰੀਕਾ ਜਾਂ ਕੈਨੇਡਾ ਤੋਂ ਇਕੋ ਰੇਟ
ਦੁਨੀਆਂ ਦੇ ਕਿਸੇ ਫੋਨ 'ਚ ਅਸੀਂ ਪੈਸੇ ਪਾ ਸਕਦੇ ਹਾਂ
ਸਾਡੀ ਸਰਵਿਸ ਹਰ ਦੇਸ਼ ਲਈ ਵਰਤੋ
Limited Time Offer. Restrications & Additional Fees Apply.
800-914-1013 408-659-9400

COVERED CALIFORNIA
ਓਬਾਮਾ ਕੇਅਰ
ਦੀ ਐਪਲੀਕੇਸ਼ਨ ਖੁਲ੍ਹ ਗਈ ਹੈ
15 ਨਵੰਬਰ ਤੋਂ 15 ਫਰਵਰੀ ਤੱਕ
ਐਪਲੀਕੇਸ਼ਨ ਭਰਨ ਲਈ ਮਿਲੋ
ਗੁਰਚਰਨ ਸਿੰਘ ਮਾਨ
ਫੋਨ: 510-797-7989
Email: duabba1@gmail.com
License# OC70672
Certified Agent
ਐਪਲੀਕੇਸ਼ਨ ਦੀ ਕੋਈ ਫੀਸ ਨਹੀਂ

Sixteenth Year of Publication
ਕੈਲੀਫੋਰਨੀਆ ਐਡੀਸ਼ਨ Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 16, Issue 07, February 14, 2015 20451 N Plum Grove Rd., Palatine, IL 60074 Ph:847-359-0746, Fax:847-705-9388

# ਦਿੱਲੀ ਵਿਚ ਨਵੀਂ ਸਿਆਸਤ ਦਾ ਬਿਗਲ

## 'ਆਪ' ਨੇ ਮੋਦੀ ਤੋਂ ਦਿੱਲੀ ਖੋਹੀ, ਭਾਜਪਾ ਦੀ ਅਣਕਿਆਸੀ ਹਾਰ

**ਨਵੀਂ ਦਿੱਲੀ (ਗੁਰਵਿੰਦਰ ਸਿੰਘ ਵਿਰਕ):** ਦਿੱਲੀ ਵਿਧਾਨ ਸਭਾ ਚੋਣਾਂ ਦੀ ਇਤਿਹਾਸਕ ਜਿੱਤ ਨਾਲ ਆਮ ਆਦਮੀ ਪਾਰਟੀ (ਆਪ) ਨੇ ਭਾਰਤ ਵਿਚ ਨਵੀਂ-ਨਵੇਲੀ ਸਿਆਸਤ ਦਾ ਆਗਾਜ਼ ਕਰ ਦਿੱਤਾ ਹੈ। ਇਨ੍ਹਾਂ ਚੋਣਾਂ ਵਿਚ 'ਆਪ' ਮੋਦੀ ਲਹਿਰ ਨੂੰ ਮੂਧੇ ਮੂੰਹ ਸੁੱਟ ਦਿੱਤਾ ਹੈ। ਇਸ ਨੇ ਦਿੱਲੀ ਦੀਆਂ ਕੁੱਲ 70 ਵਿਧਾਨ ਸਭਾ ਸੀਟਾਂ ਵਿਚੋਂ 67 'ਤੇ ਜਿੱਤ ਹਾਸਲ ਕੀਤੀ ਹੈ। ਸੂਬੇ ਵਿਚ ਸਰਕਾਰ ਬਣਾਉਣ ਦੀ ਆਸ ਲਾਈ ਬੈਠੀ ਭਾਜਪਾ ਸਿਰਫ ਤਿੰਨ ਸੀਟਾਂ ਹੀ ਜਿੱਤ ਸਕੀ ਜਦ ਕਿ ਕਾਂਗਰਸ ਦਾ ਦਿੱਲੀ ਵਿਚੋਂ ਪੂਰੀ ਤਰ੍ਹਾਂ ਸਫ਼ਾਇਆ ਹੋ ਗਿਆ। ਹੋਰ ਤਾਂ ਹੋਰ ਇਸ ਦੇ 70 ਵਿਚੋਂ 63 ਉਮੀਦਵਾਰਾਂ ਦੀ ਜ਼ਮਾਨਤ ਵੀ ਜ਼ਬਤ ਹੋ ਗਈ। ਇਹੀ ਨਹੀਂ, ਭਾਜਪਾ ਦੀ ਮੁੱਖ ਮੰਤਰੀ ਅਹੁਦੇ ਦੀ ਉਮੀਦਵਾਰ ਕਿਰਨ ਬੇਦੀ ਪਾਰਟੀ ਦੇ ਗੜ੍ਹ ਮੰਨੇ ਜਾਂਦੇ ਕ੍ਰਿਸ਼ਨਾ ਨਗਰ ਹਲਕੇ ਤੋਂ 2270 ਵੋਟਾਂ ਦੇ ਫਰਕ ਨਾਲ ਹਾਰ ਗਈ। 'ਆਪ' ਦੇ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਨਵੀਂ ਦਿੱਲੀ ਹਲਕੇ ਤੋਂ 31500 ਵੋਟਾਂ ਦੇ ਫਰਕ ਨਾਲ ਜਿੱਤ ਦਰਜ ਕੀਤੀ ਹੈ।

ਯਾਦ ਰਹੇ ਕਿ 'ਆਪ' ਵਰਗੀ ਇਤਿਹਾਸਕ ਜਿੱਤ ਇਸ ਤੋਂ ਪਹਿਲਾਂ 1989 ਵਿਚ ਸਿੱਕਮ ਸੰਗਰਾਮ ਪ੍ਰੀਸ਼ਦ ਨੂੰ ਨਸੀਬ ਹੋਈ ਸੀ ਜਿਸ ਨੇ ਸੂਬੇ ਦੀਆਂ ਸਾਰੀਆਂ 32 ਸੀਟਾਂ 'ਤੇ ਜਿੱਤ ਦਰਜ ਕਰ ਕੇ ਇਤਿਹਾਸ ਰਚਿਆ ਸੀ।

ਲੋਕ ਸਭਾ ਚੋਣਾਂ ਵਿਚ ਰਾਜਧਾਨੀ ਦੀਆਂ ਸੱਤ ਦੀਆਂ ਸੱਤ ਸੀਟਾਂ ਜਿੱਤਣ ਵਾਲੀ ਭਾਜਪਾ ਨੌਂ

(ਬਾਕੀ ਸਫਾ 6 'ਤੇ)



### ਘੱਟ-ਗਿਣਤੀਆਂ ਦੀ 'ਆਪ' ਨਾਲ ਕੜਿੰਘੜੀ

**ਨਵੀਂ ਦਿੱਲੀ:** ਘੱਟ ਗਿਣਤੀਆਂ ਤੇ ਗਰੀਬਾਂ ਦੀ ਵੋਟ ਨੇ ਆਮ ਆਦਮੀ ਪਾਰਟੀ ਦੇ ਹੱਕ ਵਿਚ ਉਲਾਰ ਪੈਦਾ ਕੀਤਾ ਹੈ। ਮੁਸਲਿਮ, ਸਿੱਖ ਤੇ ਹੋਰ ਘੱਟ-ਗਿਣਤੀ ਖੁਲ੍ਹ ਕੇ ਆਪ ਦੇ ਹੱਕ ਵਿਚ ਭੁਗਤੇ ਹਨ। ਦਿੱਲੀ ਅੰਦਰ ਆਮ ਆਦਮੀ ਪਾਰਟੀ ਨੂੰ ਹਰ ਖੇਤਰ, ਹਰ ਵਰਗ ਤੇ ਹਰ ਧਰਮ ਤੇ ਘੱਟ-ਗਿਣਤੀਆਂ ਸਮੇਤ 53.3 ਫੀਸਦੀ ਵੋਟ ਮਿਲੇ ਹਨ। ਭਾਜਪਾ ਨੂੰ ਤਕਰੀਬਨ ਇਕ ਫੀਸਦੀ ਦਾ ਨੁਕਸਾਨ ਹੋਇਆ ਤੇ ਉਸ ਦਾ ਪ੍ਰਤੀਸ਼ਤ 32.2 ਰਿਹਾ। ਅਕਾਲੀ ਦਲ ਦਾ ਕਿਸੇ ਸਮੇਂ ਸਿੱਖ ਭਾਈਚਾਰੇ ਉਪਰ

(ਬਾਕੀ ਸਫਾ 6 'ਤੇ)

### ਓਬਾਮਾ ਨੇ ਵੀ ਪਾਇਆ ਯੋਗਦਾਨ?

**ਵਾਸ਼ਿੰਗਟਨ:** ਰਾਸ਼ਟਰਪਤੀ ਬਰਾਕ ਓਬਾਮਾ ਵੱਲੋਂ ਭਾਰਤ ਵਿਚ ਘੱਟ-ਗਿਣਤੀਆਂ ਦੀ ਮਾੜੀ ਹਾਲਤ ਬਾਰੇ ਕੀਤੀਆਂ ਟਿੱਪਣੀਆਂ ਤੋਂ ਬਾਅਦ ਅਮਰੀਕੀ ਮੀਡੀਆ ਨੇ ਵੀ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਚੋਭਾਂ ਲਾਉਣੀਆਂ ਸ਼ੁਰੂ ਕਰ ਦਿੱਤੀਆਂ ਹਨ। ਮੀਡੀਆ ਨੇ ਸ੍ਰੀ ਮੋਦੀ ਵੱਲੋਂ ਘੱਟ-ਗਿਣਤੀਆਂ ਨਾਲ ਹੋ ਰਹੇ ਧੱਕੇ ਤੇ ਇਸ ਬਾਰੇ ਦੇਸ਼ਾਂ-ਵਿਦੇਸ਼ਾਂ ਵਿਚ ਹੋ ਰਹੀਆਂ ਟਿੱਪਣੀਆਂ ਬਾਰੇ ਚੁੱਪ ਧਾਰਨ 'ਤੇ ਹੈਰਾਨਗੀ ਪ੍ਰਗਟਾਈ ਹੈ। 'ਨਿਊ ਯਾਰਕ ਟਾਈਮਜ਼' ਨੇ ਭਾਰਤ ਵਿਚ ਧਾਰਮਿਕ ਅਸਹਿਣਸ਼ੀਲਤਾ ਬਾਰੇ ਸ੍ਰੀ

(ਬਾਕੀ ਸਫਾ 6 'ਤੇ)

### ਦਿੱਲੀ ਦੀ ਨਵੀਂ ਸਿਆਸਤ ਕੁਝ ਝਾਕੀਆਂ

'ਆਪ' ਦੇ ਚਾਰੇ ਸਿੱਖ ਉਮੀਦਵਾਰ ਰਹੇ ਜੇਤੂ

'ਆਪ' ਨੂੰ ਮਿਲੀਆਂ 54% ਵੋਟਾਂ, ਭਾਵ ਹਰ ਦੂਜੀ ਵੋਟ 'ਆਪ' ਨੂੰ।

ਸਭ ਨੇ ਕਿਹਾ: ਸ਼ਾਬਾਸ਼ 'ਆਪ', ਸ਼ਾਬਾਸ਼ ਕੇਜਰੀਵਾਲ

ਨਰੇਂਦਰ ਮੋਦੀ ਤੇ ਅਮਿਤ ਸ਼ਾਹ ਦੀ ਜੋੜੀ ਨੇ ਡੇਢ ਦਹਾਕੇ ਬਾਅਦ ਚੱਖਿਆ ਹਾਰ ਦਾ ਸੁਆਦ

ਲੋਕ ਸਭਾ ਚੋਣਾਂ 'ਚ ਭਾਜਪਾ ਦੀ 60 ਹਲਕਿਆਂ 'ਤੇ ਸੀ ਲੀਡ

ਮੁੱਖ ਮੰਤਰੀ ਦੀ ਉਮੀਦਵਾਰ ਕਿਰਨ ਬੇਦੀ ਵੀ ਰੁਲੀ

ਕਾਂਗਰਸ ਦੀਆਂ 70 ਵਿਚੋਂ 63 ਹਲਕਿਆਂ 'ਤੇ ਜ਼ਮਾਨਤਾਂ ਜ਼ਬਤ

Reo-Bankowned Properties
From San Jose to Sacramento
JASSI GILL Broker/Owner
Ph:510-304-9292
Refinance Now @ZERO COST
Call Sukhi Gill
510-207-9067
CA DRE Lic.#01180969
Jassi Gill
CA DRE# 00966763


Raja SWEETS & CATERING
AUTHORIZED CATERER FOR MAJOR 5-STAR HOTELS
Toll Free 1-866-FOR-RAJA
www.rajasweets.com
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets
Items Serving: All kinds of Sweets, Snacks & Food, Chaat & Tikki Stall, Pani Poori Stall, Bhel Poori / Pav Bhaji, Faleeda Kulfi
Catering Services: Wedding Ceremonies, Receptions, Birthday Parties, Religious Gatherings, Corporate Events, Picnics / Bar-b-que
Additional Services: Warmers, Chaffing Dishes, China & Silverware, Linen Rental, Waiters & Bartenders
Raja Sweets & Indian Cuisine
Raja Indian Cuisine & Bar
Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

Law Office of Manpreet S. Gahra
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)
Manpreet S. Gahra
Attorny At Law
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-924-1617
Email: manpreet@gahralaw.com







# ਟਰੱਕਿੰਗ ਦੀ ਦੁਨੀਆਂ ਵਿਚ ਨਵੀਂ ਪਹਿਲਕਦਮੀ

## ਟਰੱਕਿੰਗ ਬਿਜਨਸ ਵਿਚ ਛਾਏ ਹੋਏ ਓਨਰ ਅਪਰੇਟਰਾਂ ਲਈ ਖੁਸ਼ਖਬਰੀ !

ਹੁਣ ਤੁਹਾਨੂੰ ਆਪਣੇ ਟਰੱਕ ਕਿਸੇ ਕੰਪਨੀ ਨੂੰ ਲੀਜ਼ ਕਰਨ ਦੀ ਜ਼ਰੂਰਤ ਨਹੀਂ।
ਅਸੀਂ ਤੁਹਾਡੇ ਵਾਸਤੇ ਤੁਹਾਡੇ ਪਰਮਿਟਾਂ ਉਤੇ ਲੋਡ ਲੱਭ ਕੇ ਦਿਆਂਗੇ।



- ਤੁਹਾਡੇ ਲੋਡ ਦਾ ਚੈਕ ਤੁਹਾਡੇ ਹੀ ਨਾਂ ਉਤੇ ਹੋਵੇਗਾ।
- ਡਿਸਪੈਚ ਦੇ ਨਾਂ 'ਤੇ ਹੁੰਦੀ ਲੁੱਟ ਤੋਂ ਛੁਟਕਾਰਾ।
- ਧੱਕੇ ਨਾਲ ਚੁਕਾਏ ਜਾਂਦੇ ਲੋਡਾਂ ਤੋਂ ਬਚਾਅ।
- ਅਸੀਂ ਤੁਹਾਡੇ ਲਈ ਕੰਮ ਕਰਾਂਗੇ, ਨਾ ਕਿ ਤੁਸੀਂ ਸਾਡੇ ਲਈ।
- ਇਕ ਜਾਂ ਦੋ ਟਰੱਕਾਂ ਦੇ ਮਾਲਕਾਂ ਲਈ ਪੈਸੇ ਕਮਾਉਣ ਦਾ ਸੁਨਹਿਰੀ ਮੌਕਾ।

ਹਰ ਤਰ੍ਹਾਂ ਦੀ ਜਾਣਕਾਰੀ ਲਈ ਕਾਲ ਕਰੋ **ਫੋਨ: 209-910-9731**

STATEN SOLAR

Affordable Energy For Everyone

ਸੋਲਰ ਸਿਸਟਮ ਲਗਵਾਓ ਅਤੇ ਪੈਸੇ ਬਚਾਓ

Commercial, Agricultural and Residential

Choose between $0 Down Lease or Lowest Cash Price

ਆਪਣੇ ਸਟੋਰ, ਬਿਜਨਸ, ਫਾਰਮ ਜਾਂ ਘਰ ਸੋਲਰ ਸਿਸਟਮ ਲਗਵਾਓ - ਬਿਜਲੀ ਦੇ ਬਿਲ ਤੋਂ ਸਦਾ ਲਈ ਛੁਟਕਾਰਾ ਪਾਓ ਅਤੇ ਪੈਸੇ ਬਚਾਓ










Simran S. Deol

Solar Engineer

661-412-4728 (Office)

661-427-0843 (Fax)

ਕੀ ਤੁਸੀਂ ਆਪਣੇ ਸਟੋਰ, ਬਿਜਨਸ, ਫਾਰਮ ਜਾਂ ਘਰ ਸੋਲਰ ਸਿਸਟਮ ਕਿਸੇ ਤਜਰਬੇਕਾਰ ਇੰਜੀਨੀਅਰ ਦੀ ਸਲਾਹ ਨਾਲ ਲਗਵਾਉਣਾ ਚਾਹੋਗੇ ਜਾਂ ਕਿਸੇ ਸੇਲਜ਼ਮੈਨ ਦੀ ਸਲਾਹ ਨਾਲ? ਤਕਨੀਕੀ ਗੱਲਾਂ ਨੂੰ ਨਜ਼ਰਅੰਦਾਜ਼ ਨਾ ਕਰੋ, ਜੋ ਤੁਹਾਨੂੰ ਇਕ ਇੰਜੀਨੀਅਰ ਹੀ ਦੱਸ ਸਕਦਾ ਹੈ

- ਫਰੀ, ਮਾਹਿਰਾਨਾ ਅਤੇ ਸਹੀ ਸਲਾਹ
- 7 ਸਾਲ ਤੋਂ ਵੀ ਵੱਧ ਸੋਲਰ ਇੰਜੀਨੀਅਰ ਵਜੋਂ ਤਜਰਬਾ

20 ਸਾਲ ਬਿਲਕੁਲ ਫਰੀ ਮੇਂਟੀਨੈਂਸ ਦੀ ਗਾਰੰਟੀ। ਹਰ ਤਰ੍ਹਾਂ ਦੀ ਦੇਖ-ਭਾਲ ਤੇ ਇੰਸ਼ੋਰੈਂਸ ਦੀ ਜ਼ਿੰਮੇਵਾਰੀ ਵੀ ਕੰਪਨੀ ਦੀ।

Receive $500 By Referring Friends
www.Statensolar.com

No One Can Beat Our Price Guaranteed!

- $0 Down Worry Free Lease
- Fixed Monthly Bill, No Insurance
- Guaranteed Lowest Monthly Bill
- Or Buy the System for Lowest Price
- Top Quality Product
- 20 Year Performance Guarantee
- 25 Year Guarantee for Panels
- FREE Maintenance for 20 years
- No Need to Worry About Increasing Cost of Utility
- Professional Installation
- 24/7 Monitoring



TRAVELOPOD.COM

Happy New Year '2015'

Lowest fares to INDIA 'GUARANTEED'






CALL FOR THE BEST UNPUBLISHED DEALS 1-855-436-0728

Fly to INDIA with fares starting from :

| | | |
|---|---|---|
| FROM NYC | : | $690 |
| FROM LAX | : | $720 |
| FROM SFO | : | $720 |
| FROM CHICAGO | : | $690 |

Domestic & International Special Deals available from ALL CITIES.

WHY BOOK WITH TRAVELOPOD?

Customer Satisfaction

Best Fare Guarantee on Dom & Inl Flights

Excellent Service

24x7 Live Support

LUXURY HOLIDAY TOURS

Golden Triangle with Rajasthan : $500
Enchanting Kerala from : $650
African Tours with Safari from : $750
Europe Tours from : $790

Travelopod- Where Service Matters

CST # 2112418-40

# ਦਿੱਲੀ ਜਿੱਤ ਕੇ 'ਆਪ' ਨੇ ਪੰਜਾਬ ਦੀ ਸਿਆਸਤ 'ਚ ਮਚਾਈ ਹਲਚਲ

**ਜਲੰਧਰ:** ਦਿੱਲੀ ਵਿਧਾਨ ਸਭਾ ਚੋਣਾਂ ਵਿਚ ਆਮ ਆਦਮੀ ਪਾਰਟੀ ਦੀ ਇਤਿਹਾਸਕ ਜਿੱਤ ਨੇ ਪੰਜਾਬ ਦੀ ਸਿਆਸਤ ਵਿਚ ਵੀ ਵੱਡੀ ਹਲਚਲ ਮਚਾ ਦਿੱਤੀ ਹੈ। 'ਆਪ' ਨੇ ਦਿੱਲੀ ਵਿਧਾਨ ਸਭਾ ਦੀਆਂ 70 ਸੀਟਾਂ ਵਿਚ 67 'ਤੇ ਜਿੱਤ ਹਾਸਲ ਕਰਕੇ ਦੇਸ਼ ਭਰ ਦੀਆਂ ਸਿਆਸੀ ਧਿਰਾਂ ਨੂੰ ਸਖਤ ਸੁਨੇਹਾਂ ਦਿੱਤਾ ਹੈ। ਇਨ੍ਹਾਂ ਚੋਣਾਂ ਵਿਚ ਅਕਾਲੀ ਚਾਰੇ ਸੀਟਾਂ ਹਾਰ ਗਏ ਹਨ ਜਿਸ ਨੇ ਸਾਬਤ ਕਰ ਦਿੱਤਾ ਹੈ ਸਿੱਖ ਵੋਟਰਾਂ ਨੇ 'ਆਪ' ਦਾ ਡਟ ਦੇ ਸਾਥ ਦਿੱਤਾ ਹੈ। ਦਿੱਲੀ ਤੋਂ ਇਲਾਵਾ ਪੰਜਾਬ ਹੀ ਉਹ ਸੂਬਾ ਹੈ ਜਿਥੇ 'ਆਪ' ਦਾ ਚੰਗਾ ਆਧਾਰ ਹੈ। ਲੋਕ ਸਭਾ ਚੋਣਾਂ ਵਿਚ 'ਆਪ' ਸਿਰਫ ਪੰਜਾਬ ਵਿਚ ਹੀ ਚਾਰ ਸੀਟਾਂ ਜਿੱਤ ਸਕੀ ਸੀ। ਹੁਣ ਦਿੱਲੀ ਫਤਿਹ ਤੋਂ ਬਾਅਦ 'ਆਪ' ਪੰਜਾਬ ਵੱਲ ਰੁਖ਼ ਕਰਨ ਦੀ ਤਿਆਰੀ ਕਰ ਰਹੀ ਹੈ।



ਪਾਰਟੀ ਦੇ ਸੂਬਾ ਕਨਵੀਨਰ ਸੁੱਚਾ ਸਿੰਘ ਛੋਟੇਪੁਰ ਦਾ ਕਹਿਣਾ ਹੈ ਕਿ ਪੰਜਾਬ ਵਿਚ ਪਾਰਟੀ ਲਈ ਅਗਲਾ ਨਿਸ਼ਾਨਾ ਵਿਧਾਨ ਸਭਾ ਦੀਆਂ 2016 ਜਾਂ 2017 ਦੇ ਸ਼ੁਰੂ ਵਿਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਹਨ ਜਿਨ੍ਹਾਂ ਲਈ ਪਾਰਟੀ ਵੱਲੋਂ ਹੁਣ ਤੋਂ ਹੀ ਕੰਮ ਕਰਨਾ ਸ਼ੁਰੂ ਕਰ ਦਿੱਤਾ ਗਿਆ ਹੈ। ਮਿਊਂਸਪਲ ਚੋਣਾਂ ਵਿਚ ਭਾਵੇਂ ਆਪ ਨੇ ਨਾ ਉਤਰਨ ਦਾ ਫੈਸਲਾ ਲਿਆ ਹੈ ਪਰ ਮਾਰਚ ਦੇ ਅਖੀਰ ਜਾਂ ਅਪ੍ਰੈਲ ਦੇ ਪਹਿਲੇ ਹਫ਼ਤੇ ਸੰਭਵ ਧੂਰੀ ਵਿਧਾਨ ਸਭਾ ਹਲਕੇ ਦੀ ਉਪ ਚੋਣ ਵਿਚ ਜ਼ੋਰ-ਅਜ਼ਮਾਇਸ਼ ਕਰਨ ਦੀ ਤਿਆਰੀ ਖਿੱਚ ਲਈ ਹੈ। ਦਸੰਬਰ, 2013 ਵਿਚ ਦਿੱਲੀ ਵਿਚ 'ਆਪ' ਵੱਲੋਂ ਦਿਖਾਏ ਜਲਵੇ ਦਾ ਸਿੱਧਾ ਅਸਰ ਪੰਜਾਬ ਦੀ ਸਿਆਸਤ ਵਿਚ ਵੀ ਦੇਖਿਆ ਗਿਆ ਸੀ ਜਦ ਆਪ-ਮੁਹਾਰੇ ਉੱਠੇ ਉਬਾਲ ਨੇ 'ਆਪ' ਦੇ ਚਾਰ ਉਮੀਦਵਾਰ ਬੜੇ ਵੱਡੇ ਫਰਕ ਨਾਲ ਲੋਕ ਸਭਾ ਵਿਚ ਜਾ ਬਿਠਾਏ ਸਨ। ਉਸ ਸਮੇਂ ਆਪ ਨੂੰ ਕੁੱਲ ਭੁਗਤੀਆਂ ਵੋਟਾਂ ਦਾ 24.4 ਫੀਸਦੀ ਹਿੱਸਾ ਮਿਲਿਆ ਸੀ। ਇਸੇ ਤਰ੍ਹਾਂ ਸ਼੍ਰੋਮਣੀ ਅਕਾਲੀ ਦਲ ਨੂੰ ਉਨ੍ਹਾਂ ਚੋਣਾਂ ਦੌਰਾਨ 26.4 ਤੇ ਕਾਂਗਰਸ ਨੂੰ 33.1 ਫੀਸਦੀ ਵੋਟ ਹਾਸਲ ਹੋਏ ਸਨ। ਭਾਜਪਾ 8.7 ਫੀਸਦੀ ਵੋਟ ਹੀ ਹਾਸਲ ਕਰ ਸਕੀ ਸੀ। ਇਸ ਤੋਂ ਵੀ ਮਹੱਤਵਪੂਰਨ ਤੱਥ ਇਹ ਹੈ ਕਿ 'ਆਪ' ਦੇ ਉਮੀਦਵਾਰਾਂ ਨੇ 33 ਵਿਧਾਨ ਸਭਾ ਹਲਕਿਆਂ ਵਿਚ ਆਪਣੇ ਵਿਰੋਧੀਆਂ ਨੂੰ ਪਛਾੜ ਕੇ ਪਹਿਲਾ ਸਥਾਨ ਹਾਸਲ ਕੀਤਾ ਸੀ। ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰਾਂ ਨੇ 29 ਤੇ ਕਾਂਗਰਸ ਦੇ ਉਮੀਦਵਾਰਾਂ ਨੇ 37 ਵਿਧਾਨ ਸਭਾ ਹਲਕਿਆਂ ਵਿਚ ਪਹਿਲਾ ਸਥਾਨ ਹਾਸਲ ਕੀਤਾ ਸੀ। 'ਆਪ' ਨੂੰ ਭਾਵੇਂ ਲੋਕ ਸਭਾ ਚੋਣਾਂ ਦੌਰਾਨ ਦਿੱਲੀ ਵਿਚ ਜਿੱਤ ਤਾਂ ਕਿਸੇ ਵੀ ਹਲਕੇ ਵਿਚ ਨਸੀਬ ਨਹੀਂ ਸੀ ਹੋਈ, ਪਰ ਉਸ ਦੀ ਵੋਟ ਫੀਸਦੀ ਵਿਚ ਵਾਧਾ ਹੋ ਗਿਆ ਸੀ। ਦਿੱਲੀ ਵਿਚ ਭਾਜਪਾ ਦੇ ਕੁਝ ਹੱਥ ਨਾ ਲੱਗਣ ਤੇ ਫਿਰ ਪੰਜਾਬ ਵਿਚ ਪਟਿਆਲਾ ਤੇ ਤਲਵੰਡੀ ਸਾਬੋ ਦੀ ਉਪ ਚੋਣ ਵਿਚ 'ਆਪ' ਦੀ ਕਾਰਗੁਜ਼ਾਰੀ ਬੇਹੱਦ ਧੀਮੀ ਰਹਿਣ ਕਾਰਨ ਇਹ ਜਾਣਿਆ ਜਾਣ ਲੱਗ ਪਿਆ ਸੀ ਕਿ 'ਆਪ' ਦਾ ਵਕਤੀ ਫੁੱਲਿਆ ਗੁਬਾਰਾ ਫਟ ਗਿਆ ਹੈ, ਪਰ ਦਿੱਲੀ ਵਿਧਾਨ ਸਭਾ ਚੋਣ ਵਿਚ 'ਆਪ' ਦੀ ਕਾਰਗੁਜ਼ਾਰੀ ਤੇ ਚੋਣ ਮੁਹਿੰਮ ਵਿਚ ਦਿਖਾਏ ਪ੍ਰਦਰਸ਼ਨ ਨੇ ਇਕ ਵਾਰ ਫਿਰ ਦਿੱਲੀ ਵਿਚ 'ਆਪ' ਦੇ ਪੈਰ ਜੰਮੇ ਹੋਣ ਦਾ ਸੰਕੇਤ ਦੇ ਦਿੱਤਾ ਹੈ। ਸਿਆਸੀ ਹਲਕਿਆਂ ਵਿਚ ਹੁਣ ਵੀ ਇਹ ਜ਼ੋਰਦਾਰ ਚਰਚਾ ਹੈ ਕਿ 'ਆਪ' ਦੇ ਦਿੱਲੀ ਪ੍ਰਦਰਸ਼ਨ ਦਾ ਸਿੱਧਾ ਤੇ ਤਿੱਖਾ ਪ੍ਰਭਾਵ ਪੰਜਾਬ ਦੀ ਸਿਆਸਤ ਉੱਪਰ ਪੈ ਸਕਦਾ ਹੈ। ਇਸ ਪ੍ਰਭਾਵ ਦਾ ਇਮਤਿਹਾਨ ਲੈਣ ਲਈ ਸਬੱਬ ਨਾਲ ਅਗਲੇ ਡੇਢ-ਦੋ ਮਹੀਨਿਆਂ ਵਿਚ ਹੀ ਧੂਰੀ ਵਿਧਾਨ ਸਭਾ ਹਲਕੇ ਦੀ ਉਪ ਚੋਣ ਹੋਣ ਜਾ ਰਹੀ ਹੈ। ਧੂਰੀ ਹਲਕੇ ਤੋਂ ਕਾਂਗਰਸ ਵਿਧਾਇਕ ਅਰਵਿੰਦ ਖੰਨਾ ਦੇ ਅਸਤੀਫ਼ਾ ਦੇਣ ਨਾਲ ਇਹ ਸੀਟ ਖਾਲੀ ਹੋਈ ਹੈ।

ਵਰਨਣਯੋਗ ਹੈ ਕਿ ਧੂਰੀ ਵਿਧਾਨ ਸਭਾ ਹਲਕਾ ਲੋਕ ਸਭਾ ਦੇ ਸੰਗਰੂਰ ਹਲਕੇ ਵਿਚ ਪੈਂਦਾ ਹੈ ਤੇ ਹਲਕੇ ਤੋਂ 'ਆਪ' ਦੇ ਲੋਕ ਸਭਾ ਮੈਂਬਰ 33837 ਵੋਟਾਂ ਦੇ ਫਰਕ ਨਾਲ ਅੱਗੇ ਰਹੇ ਸਨ। ਹੁਣ ਸ੍ਰੀ ਖੰਨਾ ਦੇ ਅਸਤੀਫ਼ੇ ਤੋਂ ਬਾਅਦ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਧੂਰੀ ਹਲਕੇ ਵਿਚ ਸੰਗਤ ਦਰਸ਼ਨਾਂ ਦੀ ਝੜੀ ਲਗਾ ਰੱਖੀ ਹੈ ਤੇ ਕਰੋੜਾਂ ਰੁਪਏ ਗ੍ਰਾਂਟਾਂ ਦੇ ਵੰਡੇ ਜਾ ਰਹੇ ਹਨ। 'ਆਪ' ਦੇ ਆਗੂ ਤੇ ਲੋਕ ਸਭਾ ਮੈਂਬਰ ਭਗਵੰਤ ਮਾਨ ਦਾ ਕਹਿਣਾ ਹੈ ਕਿ ਦਿੱਲੀ ਦੇ ਲੋਕਾਂ ਵਾਂਗ ਧੂਰੀ ਦੇ ਲੋਕ ਵੀ ਪੂਰੀ ਤਰ੍ਹਾਂ ਸੁਚੇਤ ਹੋ ਗਏ ਹਨ ਤੇ ਅਸੀਂ ਸ. ਬਾਦਲ ਨੂੰ ਪੁੱਛਾਂਗੇ ਕਿ ਪਹਿਲਾਂ ਤਿੰਨ ਸਾਲ ਤੁਹਾਨੂੰ ਕਦੇ ਧੂਰੀ ਯਾਦ ਨਹੀਂ ਆਇਆ ਤੇ ਹੁਣ ਪੈਸਿਆਂ ਦੀਆਂ ਬੋਰੀਆਂ ਦੇ ਮੂੰਹ ਖੋਲ੍ਹ ਦਿੱਤੇ ਹਨ।

ਉਨ੍ਹਾਂ ਦਾ ਕਹਿਣਾ ਹੈ ਕਿ ਅਸੀਂ ਇਸੇ ਸਿਆਸੀ ਭ੍ਰਿਸ਼ਟਾਚਾਰ ਦਾ ਭਾਂਡਾ ਚੁਰਾਹੇ ਵਿਚ ਭੰਨਾਂਗੇ। 'ਆਪ' ਵੱਲੋਂ ਵਿਧਾਨ ਸਭਾ ਉਮੀਦਵਾਰ ਲਈ ਘੱਟੋ-ਘੱਟ ਪੰਜ ਮਜ਼ਬੂਤ ਦਾਅਵੇਦਾਰਾਂ ਦੀ ਸੂਚੀ ਹੈ। ਇਨ੍ਹਾਂ ਵਿਚ ਰਾਜਵੰਤ ਸਿੰਘ ਘੁਲੀ, ਗੀਤਕਾਰ ਬਚਨ ਬੇਦਿਲ, ਦਲਬੀਰ ਸਿੰਘ ਢਿੱਲੋਂ, ਪ੍ਰਮਿੰਦਰ ਸਿੰਘ ਪੰਨੂੰ ਕਾਤਰੋਂ ਤੇ ਜੱਸੀ ਸੇਖੋਂ ਸ਼ਾਮਲ ਹਨ। ਪਾਰਟੀ ਆਗੂਆਂ ਦਾ ਕਹਿਣਾ ਹੈ ਕਿ ਸਥਾਨਕ ਵਰਕਰਾਂ ਦੀ ਸਲਾਹ 'ਤੇ ਪੂਰੀ ਛਾਣਬੀਣ ਦੇ ਬਾਅਦ ਹੀ ਉਮੀਦਵਾਰ ਦਾ ਫ਼ੈਸਲਾ ਪਾਰਟੀ ਦੀ ਰਾਜਸੀ ਮਾਮਲਿਆਂ ਬਾਰੇ ਕਮੇਟੀ ਕਰੇਗੀ। ਅਕਾਲੀ ਦਲ ਵੱਲੋਂ ਇਸ ਹਲਕੇ ਤੋਂ ਸਾਬਕਾ ਮੰਤਰੀ ਸ. ਗੋਬਿੰਦ ਸਿੰਘ ਲਾਗੋਵਾਲ ਤੇ ਕਾਲੋਨਾਈਜ਼ਰ ਏ.ਪੀ. ਸਾਲਵੈਕਸ ਦੇ ਮਾਲਕ ਪ੍ਰਸ਼ੋਤਮ ਕੁਮਾਰ ਕਾਲਾ ਦੇ ਨਾਵਾਂ ਦੀ ਚਰਚਾ ਹੈ। ਕਾਂਗਰਸ ਵੱਲੋਂ ਗਗਨਜੀਤ ਸਿੰਘ ਬਰਨਾਲਾ ਤੇ ਮਾਈ ਰੂਪ ਕੌਰ ਦੇ ਨਾਂ ਸਭ ਤੋਂ ਵੱਧ ਚਰਚਿਤ ਹਨ।

## ਵਿਦੇਸ਼ੀ ਮੀਡੀਆ 'ਚ ਵੀ ਛਾਏ ਕੇਜਰੀਵਾਲ

**ਇਸਲਾਮਾਬਾਦ:** ਦਿੱਲੀ ਵਿਧਾਨ ਸਭਾ ਚੋਣਾਂ ਦੇ ਆਏ ਹੈਰਾਨੀਜਨਕ ਨਤੀਜਿਆਂ ਤੋਂ ਬਾਅਦ ਇਸ ਨੂੰ ਲੈ ਕੇ ਭਾਰਤ ਹੀ ਨਹੀਂ ਪਾਕਿਸਤਾਨ ਵਿਚ ਵੀ ਚਰਚਾ ਛਿੜ ਗਈ ਹੈ। ਕੇਂਦਰ ਵਿਚ ਸਰਕਾਰ ਬਣਾਉਣ ਦੇ ਬਾਵਜੂਦ ਪਿਛਲੇ 14 ਮਹੀਨਿਆਂ ਵਿਚ ਇਕ ਤੋਂ ਬਾਅਦ ਇਕ ਵਿਧਾਨ ਸਭਾਵਾਂ ਦੀਆਂ ਚੋਣਾਂ ਵਿਚ ਭਾਜਪਾ ਨੂੰ ਹਾਰ ਦਾ ਮੂੰਹ ਦੇਖਣਾ ਪਿਆ ਹੈ। 'ਆਪ' ਦੀ ਇਸ ਜਿੱਤ ਦੀ ਗੂੰਜ ਕੌਮਾਂਤਰੀ ਮੀਡੀਆ ਵਿਚ ਵੀ ਸੁਣਾਈ ਦਿੱਤੀ। 'ਹਫਿੰਗਟਨ ਪੋਸਟ' ਨੇ 'ਆਪ' ਨੂੰ 'ਕਿਲਰ' ਦੱਸਿਆ। ਉਥੇ ਗਾਰਜੀਅਨ ਨੇ ਲਿਖਿਆ ਕਿ ਭ੍ਰਿਸ਼ਟਾਚਾਰ ਵਿਰੋਧੀ ਪਾਰਟੀ ਨੇ ਦਿੱਲੀ ਚੋਣਾਂ ਵਿਚ ਮੋਦੀ ਨੂੰ ਜ਼ਬਰਦਸਤ ਝਟਕਾ ਦਿੱਤਾ ਹੈ।

ਪਾਕਿਸਤਾਨ ਵਿਚ 'ਆਪ' ਦੀ ਜਿੱਤ ਤੋਂ ਜ਼ਿਆਦਾ ਮੋਦੀ ਦੀ ਹਾਰ 'ਤੇ ਚਰਚਾ ਹੋ ਰਹੀ ਹੈ। ਪਾਕਿਸਤਾਨ ਦੀ ਮਸ਼ਹੂਰ ਅਖਬਾਰ 'ਦਿ ਡਾਨ' ਦੇ ਨਿਊਜ਼ ਵੈੱਬਸਾਈਟ ਨੇ ਆਪਣੀ ਰਿਪੋਰਟ ਵਿਚ ਦਿੱਲੀ ਵਿਧਾਨ ਸਭਾ ਚੋਣਾਂ ਵਿਚ 'ਆਪ' ਦੀ ਜਿੱਤ ਨੂੰ ਪ੍ਰਧਾਨ ਮੰਤਰੀ ਮੋਦੀ ਦੀ ਹਾਰ ਜ਼ਿਆਦਾ ਦੱਸਿਆ ਹੈ। ਅਖਬਾਰ ਨੇ ਹਾਰ ਤੋਂ ਬਾਅਦ ਮੋਦੀ ਦੇ ਟਵੀਟ ਨੂੰ ਵੀ ਥਾਂ ਦਿੱਤੀ।

ਨਿਊਜ਼ ਵੈੱਬਸਾਈਟ 'ਦਿ ਗਾਰਜੀਅਨ' ਨੇ ਲਿਖਿਆ ਕਿ ਭ੍ਰਿਸ਼ਟਾਚਾਰ ਵਿਰੋਧੀ ਪਾਰਟੀ ਨੇ ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ ਦੀ ਰਾਜਧਾਨੀ ਵਿਚ ਸੱਤਾ ਹਾਸਲ ਕੀਤੀ ਹੈ। 'ਆਪ' ਦੀ ਜਿੱਤ ਦੇ ਅੰਕੜਿਆਂ ਦੀ ਗੱਲ ਕਰਦੇ ਹੋਏ ਗਾਰਜੀਅਨ ਨੇ ਲਿਖਿਆ ਕਿ ਇਹ ਫੈਸਲਾ ਨਰੇਂਦਰ ਮੋਦੀ ਦੀ ਅਗਵਾਈ ਵਾਲੀ ਭਾਜਪਾ ਲਈ ਪਹਿਲਾਂ ਵੱਡਾ ਝਟਕਾ ਹੈ। ਇਸੇ ਦੌਰਾਨ 'ਵਾਲ ਸਟ੍ਰੀਟ' ਜਰਨਲ ਨੇ ਲਿਖਿਆ ਕਿ ਭ੍ਰਿਸ਼ਟਾਚਾਰ ਨਾਲ ਲੜਨ ਵਾਲੀ ਪਾਰਟੀ ਨੇ ਭਾਰਤ ਦੀ ਰਾਜਧਾਨੀ ਵਿਚ ਜਿੱਤ ਹਾਸਲ ਕੀਤੀ।

## ਅਕਾਲੀਆਂ ਦੇ ਹੋਏ ਚਾਰੇ ਖਾਨੇ ਚਿੱਤ

**ਨਵੀਂ ਦਿੱਲੀ:** ਦਿੱਲੀ ਵਿਧਾਨ ਸਭਾ ਚੋਣਾਂ ਵਿਚ ਅਕਾਲੀ ਦਲ ਦੇ ਚਾਰੇ ਉਮੀਦਵਾਰ ਹਾਰ ਗਏ। ਚੋਣਾਂ ਦੇ ਨਤੀਜਿਆਂ ਤੋਂ ਪਹਿਲਾਂ ਅਕਾਲੀ-ਭਾਜਪਾ ਗੱਠਜੋੜ ਨੂੰ ਆਪਣੀ ਜਿੱਤ ਦਾ ਪੂਰਾ ਭਰੋਸਾ ਸੀ ਪਰ 'ਆਪ' ਨੇ ਉਨ੍ਹਾਂ ਦੀਆਂ ਉਮੀਦਾਂ 'ਤੇ ਪਾਣੀ ਫੇਰ ਦਿੱਤਾ। ਇਥੇ ਰਾਜੌਰੀ ਗਾਰਡਨ ਸੀਟ 'ਤੇ ਅਕਾਲੀ ਦਲ ਦੇ ਚੋਣ ਨਿਸ਼ਾਨ ਉਤੇ ਚੋਣਾਂ ਲੜ ਰਹੇ ਇਕਲੌਤੇ ਉਮੀਦਵਾਰ ਮਨਜਿੰਦਰ ਸਿੰਘ ਸਿਰਸਾ ਨੂੰ ਆਮ ਆਦਮੀ ਪਾਰਟੀ ਦੇ ਜਰਨੈਲ ਸਿੰਘ ਨੇ 10036 ਵੋਟਾਂ ਨਾਲ ਹਰਾ ਦਿੱਤਾ ਹੈ। ਸ਼ਾਹਦਰਾ ਸੀਟ ਤੋਂ ਅਕਾਲੀ-ਭਾਜਪਾ ਉਮੀਦਵਾਰ ਜਤਿੰਦਰ ਸਿੰਘ ਸ਼ੈਂਟੀ ਵੀ 'ਆਪ' ਦੇ ਰਾਮਨਿਵਾਸ ਗੋਇਲ ਤੋਂ 11731 ਵੋਟਾਂ ਨਾਲ ਹਾਰ ਗਏ ਹਨ। ਹਰੀਨਗਰ ਸੀਟ ਤੋਂ ਅਕਾਲੀ ਉਮੀਦਵਾਰ ਅਵਤਾਰ ਸਿੰਘ ਹਿੱਤ 'ਆਪ' ਦੇ ਜਗਦੀਪ ਸਿੰਘ ਹੱਥੋਂ 26496 ਵੋਟਾਂ ਤੇ ਕਾਲਕਾ ਸੀਟ ਤੋਂ ਹਰਮੀਤ ਸਿੰਘ ਕਾਲਕਾ ਨੂੰ 'ਆਪ' ਦੇ ਹੀ ਅਵਤਾਰ ਸਿੰਘ ਕਾਲਕਾ ਨੇ ਹਰਾ ਦਿੱਤਾ ਹੈ। ਇਸ ਤਰ੍ਹਾਂ ਅਕਾਲੀ ਦਲ ਵੱਲੋਂ ਦਿੱਲੀ ਵਿਚ ਜਿੱਤ ਦੇ ਕੀਤੇ ਗਏ ਵੱਡੇ-ਵੱਡੇ ਦਾਅਵਿਆਂ 'ਤੇ ਆਮ ਆਦਮੀ ਪਾਰਟੀ ਨੇ ਪਾਣੀ ਫੇਰ ਦਿੱਤਾ ਹੈ।

## ਫਿਰਕੂ ਪਹੁੰਚ ਤੇ ਬੇਦੀ ਫੈਕਟਰ ਨੇ ਡੋਬ ਦਿੱਤੀ ਭਾਜਪਾ

**ਨਵੀਂ ਦਿੱਲੀ:** ਭਾਰਤੀ ਜਨਤਾ ਪਾਰਟੀ ਤੇ ਆਰ.ਐਸ.ਐਸ. ਵੱਲੋਂ 'ਘਰ ਵਾਪਸੀ' ਦੀ ਚਲਾਈ ਮੁਹਿੰਮ ਭਾਜਪਾ ਨੂੰ ਦਿੱਲੀ ਵਿਧਾਨ ਸਭਾ ਚੋਣਾਂ ਵਿਚ ਮਹਿੰਗੀ ਪੈ ਗਈ। ਇਨ੍ਹਾਂ ਚੋਣਾਂ ਵਿਚ ਸਪੱਸ਼ਟ ਬਹੁਮਤ ਦੇ ਸੁਪਨੇ ਵੇਖ ਰਹੀ ਭਾਜਪਾ ਨੂੰ 70 ਵਿਚੋਂ ਸਿਰਫ ਤਿੰਨ ਸੀਟਾਂ ਹੀ ਮਿਲੀਆਂ ਹਨ। ਇਸ ਫਿਰਕੂ ਸੋਚ ਕਰਕੇ ਘੱਟ-ਗਿਣਤੀਆਂ ਨੇ ਭਾਜਪਾ ਤੋਂ ਕਿਨਾਰਾ ਕਰ ਲਿਆ ਤੇ ਤੇ 'ਆਪ' ਦੇ ਹੱਕ ਵਿਚ ਭੁਗਤ ਗਏ। ਦਿੱਲੀ ਵਿਚ 18 ਫੀਸਦੀ ਮੁਸਲਿਮ, ਚਾਰ ਤੋਂ ਪੰਜ ਫੀਸਦੀ ਈਸਾਈ ਵੋਟਰ ਹਨ। ਚਾਰ ਹਲਕਿਆਂ ਵਿਚ ਵੱਡੀ ਗਿਣਤੀ ਵਿਚ ਸਿੱਖ ਵੋਟਾਂ ਵੀ 'ਆਪ' ਦੀ ਝੋਲੀ ਪੈ ਗਈਆਂ।



ਚਿੰਤਕ ਪ੍ਰਦੀਪ ਭੱਟਾਚਾਰੀਆ ਨੇ ਦੱਸਿਆ ਕਿ ਉਹ ਯਮਨਾ ਪਾਰ ਪੈਂਦੇ ਲਕਸ਼ਮੀ ਨਗਰ ਹਲਕੇ ਵਿਚ ਆਪ ਦੇ ਰੋਡ ਸ਼ੋਅ ਵਿਚ ਸ਼ਾਮਲ ਹੋਏ ਸਨ ਤੇ ਲੋਕਾਂ ਦੀ ਵੱਡੀ ਗਿਣਤੀ ਸ਼ੋਅ ਵਿਚ ਜੁੜ ਗਈ। ਇਸ ਤੋਂ ਇਲਾਵਾ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵੱਲੋਂ ਦੋ ਕਰੋੜ ਦੇ ਚੰਦੇ ਦੇ ਮੁੱਦੇ 'ਤੇ ਆਪ ਨੂੰ ਘੇਰਨ ਦੀ ਰਣਨੀਤੀ ਪੁੱਠੀ ਪੈ ਗਈ। ਇਸ ਤੋਂ ਇਲਾਵਾ ਭਾਜਪਾ ਵੱਲੋਂ ਪਾਰਟੀ ਦੇ ਸੀਨੀਅਰ ਆਗੂਆਂ ਨੂੰ ਪਿੱਛੇ ਛੱਡ ਤਕਰੀਬਨ ਇਕ ਮਹੀਨਾ ਪਹਿਲਾਂ ਪਾਰਟੀ ਵਿਚ ਸ਼ਾਮਲ ਹੋਈ ਕਿਰਨ ਬੇਦੀ ਨੂੰ ਮੁੱਖ ਮੰਤਰੀ ਅਹੁਦੇ ਦੇ ਉਮੀਦਵਾਰ ਵਜੋਂ ਖੜ੍ਹਾ ਕਰਨਾ ਵੀ ਭਾਜਪਾ ਨੂੰ ਪੁੱਠਾ ਪੈ ਗਿਆ। ਹਾਈਕਮਾਨ ਦੇ ਇਸ ਫੈਸਲੇ ਕਾਰਨ ਵੱਡੀ ਗਿਣਤੀ ਸੀਨੀਅਰ ਆਗੂ ਨਰਾਜ਼ ਹੋ ਗਏ। ਪ੍ਰਦੇਸ਼ ਨੇਤਾਵਾਂ ਨੂੰ ਉਮੀਦ ਸੀ ਕਿ ਬੇਦੀ ਨੂੰ ਪ੍ਰਚਾਰ ਕਮੇਟੀ ਦਾ ਮੁਖੀ ਐਲਾਨਿਆ ਜਾਵੇਗਾ ਪਰ ਮੁੱਖ ਮੰਤਰੀ ਦੇ ਅਹੁਦੇ ਦਾ ਉਮੀਦਵਾਰ ਬਣਾਏ ਜਾਣ ਦੀ ਉਮੀਦ ਨਹੀਂ ਸੀ।

ਭਾਜਪਾ ਦੇ ਇਕ ਕਾਰਜਕਰਤਾ ਨੇ ਚਰਚਾ ਦੌਰਾਨ ਦੱਸਿਆ ਕਿ ਕਈ ਸੀਨੀਅਰ ਨੇਤਾ ਜਿਨ੍ਹਾਂ ਨੇ ਵਿਰੋਧੀ ਧਿਰ ਵਜੋਂ ਵਿਧਾਨ ਸਭਾ ਵਿਚ ਕਈ ਸਾਲ ਲੰਘਾਏ ਹਨ, ਇਸ ਵਾਰ ਮੋਦੀ ਲਹਿਰ ਹੇਠਾਂ ਆਪਣੀ ਕਿਸਮਤ ਅਜਮਾਉਣਾ ਚਾਹੁੰਦੇ ਸਨ ਪਰ ਉਨ੍ਹਾਂ ਨੂੰ ਮੌਕਾ ਨਾ ਮਿਲਣ 'ਤੇ ਹੇਠਲੇ ਪੱਧਰ ਦੇ ਆਗੂਆਂ ਵਿਚ ਵੀ ਨਿਰਾਸ਼ਾ ਪਸਰ ਗਈ ਹੈ। ਮੁੱਖ ਮੰਤਰੀ ਦੇ ਦਾਅਵੇਦਾਰਾਂ ਵਿਚੋਂ ਦਿੱਲੀ ਪ੍ਰਦੇਸ਼ ਭਾਜਪਾ ਪ੍ਰਧਾਨ ਸਤੀਸ਼ ਉਪਾਧਿਆਏ ਤੇ ਵਿਗਿਆਨ ਤੇ ਤਕਨੀਕ ਬਾਰੇ ਕੇਂਦਰੀ ਮੰਤਰੀ, ਜੋ ਕਿ ਪਿਛਲੀ ਵਾਰ ਵੀ ਭਾਜਪਾ ਵੱਲੋਂ ਮੁੱਖ ਮੰਤਰੀ ਅਹੁਦੇ ਦੇ ਉਮੀਦਵਾਰ ਸਨ, ਦੇ ਨਾਂ ਸਾਹਮਣੇ ਆ ਰਹੇ ਸਨ। 'ਆਪ' ਦੇ ਪੋਸਟਰਾਂ ਨੇ ਸੀਨੀਅਰ ਭਾਜਪਾ ਨੇਤਾ ਜਗਦੀਸ਼ ਮੁਖੀ ਦਾ ਨਾਂ ਵੀ ਮੁੱਖ ਮੰਤਰੀ ਦੀ ਦੌੜ ਵਿਚ ਸ਼ਾਮਲ ਕਰ ਦਿੱਤਾ ਸੀ ਪਰ ਹਲਕਿਆਂ ਅਨੁਸਾਰ ਭਾਜਪਾ ਹਾਈਕਮਾਨ ਮੁਖੀ ਪ੍ਰਤੀ ਗੰਭੀਰ ਨਹੀਂ ਸੀ।

## ਦਿੱਲੀ ਦੇ ਲੋਕਾਂ ਦਾ ਫਤਵਾ ਪ੍ਰਵਾਨ: ਬਾਦਲ

**ਲੁਧਿਆਣਾ:** ਆਮ ਆਦਮੀ ਪਾਰਟੀ (ਆਪ) ਦੀ ਦਿੱਲੀ ਵਿਚ ਹੋਈ ਹੂੰਝਾ ਫੇਰ ਜਿੱਤ 'ਤੇ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਆਖਿਆ ਹੈ ਕਿ ਉਨ੍ਹਾਂ ਨੂੰ ਦਿੱਲੀ ਦੇ ਲੋਕਾਂ ਦਾ ਫ਼ਤਵਾ ਪ੍ਰਵਾਨ ਹੈ। ਸ. ਬਾਦਲ ਨੇ ਆਖਿਆ ਕਿ 'ਆਪ' ਦੀ ਜਿੱਤ ਦਾ ਅਸਰ ਪੰਜਾਬ ਦੀਆਂ ਚੋਣਾਂ 'ਤੇ ਨਹੀਂ ਪਵੇਗਾ। ਉਨ੍ਹਾਂ ਆਖਿਆ ਕਿ ਭਾਵੇਂ ਪਿਛਲੀ ਵਾਰ ਦਿੱਲੀ ਵਿਚ 'ਆਪ' ਸਰਕਾਰ ਬਣਾਉਣ ਵਿਚ ਸਫ਼ਲ ਹੋ ਗਈ ਸੀ ਪਰ ਹਰ ਕੋਈ ਜਾਣਦਾ ਹੈ ਕਿ ਉਸ ਤੋਂ ਬਾਅਦ ਕੀ ਵਾਪਰਿਆ। 'ਆਪ' ਦੀ ਜਿੱਤ ਸਿਰਫ਼ ਦੇਸ਼ ਦੀ ਰਾਜਧਾਨੀ ਤੱਕ ਸੀਮਤ ਹੈ ਤੇ ਇਸ ਬਾਹਰ ਉਸ ਦਾ ਅਸਰ ਹੋਣ ਵਾਲਾ ਨਹੀਂ ਹੈ। ਸ਼੍ਰੋਮਣੀ ਅਕਾਲੀ ਦਲ ਦਿੱਲੀ ਵਿਚ ਹੋਈ ਆਪਣੀ ਹਾਰ ਦੇ ਕਾਰਨਾਂ ਦਾ ਅਧਿਐਨ ਕਰੇਗਾ। 'ਆਪ' ਵੱਲੋਂ ਸਾਲ 2017 ਵਿਚ ਪੰਜਾਬ ਦੀਆਂ ਵਿਧਾਨ ਸਭਾ ਚੋਣ ਲੜਨ ਬਾਰੇ ਸ. ਬਾਦਲ ਨੇ ਸਪੱਸ਼ਟ ਕੀਤਾ ਕਿ ਦੇਸ਼ ਵਿਚ ਜਮਹੂਰੀ ਪ੍ਰਣਾਲੀ ਹੈ ਤੇ ਸਾਰੀਆਂ ਸਿਆਸੀ ਪਾਰਟੀਆਂ ਨੂੰ ਇਹ ਚੋਣਾਂ ਲੜਨ ਦਾ ਪੂਰਾ ਅਧਿਕਾਰ ਹੈ। ਉਹ ਵੀ ਚੋਣਾਂ ਲੜ ਸਕਦੇ ਹਨ ਪਰ ਸੂਬੇ ਵਿਚ ਉਨ੍ਹਾਂ ਨੂੰ ਕੁਝ ਖਾਸ ਨਹੀਂ ਮਿਲੇਗਾ।

## ਡੇਰੇ ਦਾ ਆਸ਼ੀਰਵਾਦ ਵੀ ਭਾਜਪਾ ਦੀ ਬੇੜੀ ਬੰਨੇ ਨਾ ਲਾ ਸਕਿਆ

**ਨਵੀਂ ਦਿੱਲੀ:** ਦਿੱਲੀ ਵਿਧਾਨ ਸਭਾ ਚੋਣਾਂ ਵਿਚ ਡੇਰਾ ਸਿਰਸਾ ਨੇ ਭਾਜਪਾ ਨੂੰ ਸਮਰਥਨ ਦਿੱਤਾ ਸੀ ਪਰ ਹੁਣ ਚੋਣ ਨਤੀਜੇ ਕਈ ਸਵਾਲ ਖੜ੍ਹੇ ਕਰਦੇ ਹਨ। ਡੇਰੇ ਵੱਲੋਂ ਇਹ ਦਾਅਵਾ ਕੀਤਾ ਜਾ ਰਿਹਾ ਸੀ ਕਿ ਦਿੱਲੀ ਅੰਦਰ ਉਸ ਦੇ ਲੱਖਾਂ ਸ਼ਰਧਾਲੂ ਹਨ ਪਰ ਦਿੱਲੀ ਵਿਧਾਨ ਸਭਾ ਚੋਣਾਂ ਵਿਚ ਭਾਜਪਾ ਨੂੰ ਹੋਈ ਹਾਰ ਕੁਝ ਹੋਰ ਹੀ ਕਹਿ ਰਹੀ ਹੈ। ਇਹ ਵੀ ਸੱਚ ਹੈ ਕਿ ਡੇਰੇ ਦੇ ਦਿੱਲੀ ਅੰਦਰ ਸ਼ਰਧਾਲੂ ਕਿਥੇ ਹਨ, ਇਹ ਬਹੁਤੀਆਂ ਸਿਆਸੀ ਪਾਰਟੀਆਂ ਨੂੰ ਪੱਕਾ ਪਤਾ ਨਹੀਂ। ਇਸ ਤੋਂ ਪਹਿਲਾਂ ਹਰਿਆਣਾ ਵਿਚ ਵੀ ਡੇਰੇ ਦੇ ਗੜ੍ਹ ਕਹੇ ਜਾਣ ਵਾਲੇ ਹਲਕਿਆਂ ਵਿਚ ਇਨੈਲੋ ਦੀ ਜਿੱਤ ਨੇ ਇਹ ਸਵਾਲ ਖੜ੍ਹੇ ਕੀਤੇ ਸਨ ਕਿ ਡੇਰੇ ਦੀਆਂ ਵੋਟਾਂ ਕਿੱਥੇ ਹਨ?

## ਕੇਜਰੀਵਾਲ ਨੇ ਬਦਲਿਆ ਭਾਰਤੀ ਸਿਆਸਤ ਦਾ ਮੁਹਾਂਦਰਾ

**ਨਵੀਂ ਦਿੱਲੀ:** ਭਾਰਤੀ ਰਾਜਨੀਤੀ ਵਿਚ ਨਵੀਆਂ ਸੰਭਾਵਨਾਵਾਂ ਤੇ ਰਾਜਸੀ ਤਬਦੀਲੀ ਦੇ ਝੰਡਾਬਰਦਾਰ ਵਜੋਂ ਉਭਰੇ 'ਆਪ' ਦੇ ਆਗੂ ਅਰਵਿੰਦ ਕੇਜਰੀਵਾਲ ਨੇ ਦਿੱਲੀ ਵਿਧਾਨ ਸਭਾ ਚੋਣਾਂ ਵਿਚ ਹੂੰਝਾਫੇਰੂ ਜਿੱਤ ਨਾਲ ਰਾਜਨੀਤੀ ਦਾ ਨਵਾਂ ਇਤਿਹਾਸ ਰਚ ਦਿੱਤਾ ਹੈ, ਉਥੇ ਲੋਕਾਂ ਦੇ ਸਿਰ ਚੜ੍ਹ ਕੇ ਬੋਲ ਰਹੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਜਾਦੂ ਦੇ ਤਲਿਸਮ ਨੂੰ ਵੀ ਭੰਗ ਕਰ ਦਿੱਤਾ ਹੈ।






ਸੂਚਨਾ ਤਕਨੀਕੀ ਮਾਹਿਰ ਤੋਂ ਭਾਰਤੀ ਪ੍ਰਸ਼ਾਸਕੀ ਸੇਵਾਵਾਂ ਵਿਚ ਗਏ ਤੇ ਉਥੋਂ ਸਮਾਜ ਸੇਵਾ ਰਾਹੀਂ ਭਾਰਤੀ ਰਾਜਨੀਤੀ ਵਿਚ ਦਾਖਲ ਹੋਏ 46 ਸਾਲਾ ਕੇਜਰੀਵਾਲ ਨੇ ਨਾ ਸਿਰਫ ਭਾਜਪਾ ਦੇ ਪੈਰ ਕੌਮੀ ਰਾਜਧਾਨੀ ਵਿਚੋਂ ਉਖੇੜ ਦਿੱਤੇ, ਸਗੋਂ ਸ਼ਹਿਰ ਦੇ ਹਰ ਫਿਰਕੇ ਦੀਆਂ ਚੋਣਾਂ ਵਿਚ ਸ਼ਮੂਲੀਅਤ ਕਰਵਾ ਕੇ ਇਕ ਕਾਮਯਾਬ ਸੂਤਰਧਾਰ ਦੀ ਭੂਮਿਕਾ ਵੀ ਨਿਭਾਈ ਹੈ। ਕੇਜਰੀਵਾਲ ਦੀ ਇਸ ਜਿੱਤ ਪਿੱਛੇ 'ਆਪ' ਦੇ ਪ੍ਰਤੀਬੱਧ ਵਰਕਰਾਂ ਦੀ ਦਿਨ-ਰਾਤ ਦੀ ਘਾਲਣਾ ਹੈ ਤੇ ਕੇਜਰੀਵਾਲ ਵੱਲੋਂ ਅਪਣਾਇਆ ਸੱਤਾ ਦੇ ਵਿਕੇਂਦਰੀਕਰਨ ਦਾ ਸਿਧਾਂਤ ਹੈ। ਕੇਜਰੀਵਾਲ, ਜੋ ਸਿਰਫ 49 ਦਿਨ ਲਈ ਦਿੱਲੀ ਦਾ ਮੁੱਖ ਮੰਤਰੀ ਬਣਿਆ ਸੀ ਤੇ ਫਿਰ ਆਪਣੇ ਅਸਤੀਫੇ ਕਾਰਨ ਲੋਕਾਂ ਦੀ ਆਲੋਚਨਾ ਦਾ ਸ਼ਿਕਾਰ ਹੋਇਆ, ਨੇ ਇਨ੍ਹਾਂ ਚੋਣਾਂ ਵਿਚ ਖੁੱਲ੍ਹੇ ਮਨ ਨਾਲ ਆਪਣੀ ਗਲਤੀ ਨੂੰ ਮੰਨਿਆ ਹੀ ਨਹੀਂ, ਸਗੋਂ ਘਰ-ਘਰ ਜਾ ਲੋਕਾਂ ਨੂੰ ਭਰੋਸਾ ਦਿੱਤਾ ਕਿ ਉਹ ਮੁੜ ਕੇ ਇਸ ਗਲਤੀ ਨੂੰ ਨਹੀਂ ਦੁਹਰਾਏਗਾ। ਆਪਣੀ ਇਸ ਫਿਰਾਖਦਿਲੀ ਸਦਕਾ ਹੀ ਉਹ ਰਾਜਨੀਤੀ ਦੇ ਬਦਲਵੇਂ ਚਿਹਰੇ ਵਜੋਂ ਉਭਰਿਆ ਹੈ।

ਹਰਿਆਣਾ ਦੇ ਹਿਸਾਰ ਸ਼ਹਿਰ ਵਿਚ 16 ਅਗਸਤ 1968 ਨੂੰ ਗੋਬਿੰਦ ਰਾਮ ਕੇਜਰੀਵਾਲ ਤੇ ਗੀਤਾ ਦੇਵੀ ਦੇ ਘਰ ਜਨਮੇ ਅਰਵਿੰਦ ਕੇਜਰੀਵਾਲ ਨੇ ਸਮੁੱਚੀ ਰਾਜਸੀ ਵਿਵਸਥਾ ਨੂੰ ਇਕ ਵਾਰ ਨਵੇਂ ਸਿਰੇ ਤੋਂ ਸੋਚਣ ਲਈ ਮਜਬੂਰ ਕਰ ਦਿੱਤਾ ਹੈ। ਉਸ ਨੇ ਜ਼ਬਰਦਸਤ ਢੰਗ ਨਾਲ ਭ੍ਰਿਸ਼ਟਾਚਾਰ, ਬਿਜਲੀ ਦੇ ਰੇਟਾਂ ਵਿਚ ਵਾਧੇ, ਪਾਣੀ ਦੇ ਰੇਟਾਂ ਵਿਚ ਵਾਧੇ, ਔਰਤਾਂ ਦੀ ਸੁਰੱਖਿਆ ਵਰਗੇ ਲੋਕਾਂ ਦੇ ਮਸਲੇ ਉਠਾ ਕੇ ਭਾਜਪਾ ਤੇ ਕਾਂਗਰਸ ਦੇ ਰਵਾਇਤੀ ਵੋਟ ਬੈਂਕ ਵਿਚ ਸੰਨ੍ਹ ਲਾਈ ਹੈ। ਆਮ ਤੌਰ ਉਤੇ ਨਰਮੀ ਨਾਲ ਬੋਲਣ ਲਈ ਪ੍ਰਸਿੱਧ ਕੇਜਰੀਵਾਲ ਆਪਣੇ ਬੋਲਾਂ ਉਤੇ ਦ੍ਰਿੜਤਾ ਨਾਲ ਪਹਿਰਾ ਦੇਣ ਲਈ ਜਾਣਿਆ ਜਾਂਦਾ ਹੈ। ਮੈਗਾਸਾਸੇ ਪੁਰਸਕਾਰ ਜੇਤੂ ਕੇਜਰੀਵਾਲ ਸਾਲ 2011 ਵਿਚ ਜਨ ਲੋਕਪਾਲ ਬਿੱਲ ਉਤੇ ਅੰਨਾ ਹਜ਼ਾਰੇ ਦੀ ਅਗਵਾਈ ਵਿਚ ਸ਼ੁਰੂ ਹੋਏ ਅੰਦੋਲਨ ਵਿਚ ਪਹਿਲੀ ਆਈ.ਪੀ. ਐਸ. (ਔਰਤ) ਕਿਰਨ ਬੇਦੀ, ਵਕੀਲ ਪ੍ਰਸ਼ਾਂਤ ਭੂਸ਼ਨ ਤੇ ਹੋਰਨਾਂ ਦੇ ਨਾਲ ਟੀਮ ਅੰਨਾ ਦਾ ਮੈਂਬਰ ਸੀ। ਕੇਂਦਰ ਸਰਕਾਰ ਵੱਲੋਂ ਜਨ ਲੋਕਪਾਲ ਬਿਲ ਦੇ ਖਰੜੇ ਲਈ ਬਣਾਈ ਕਮੇਟੀ ਵਿਚ ਉਹ ਸਿਵਲ ਸੁਸਾਇਟੀ ਦਾ ਨੁਮਾਇੰਦਾ ਸੀ। ਚੁਣੌਤੀਆਂ ਨਾਲ ਟੱਕਰ ਲੈਣ ਲਈ ਜਾਣੇ ਜਾਂਦੇ ਇਸ ਆਗੂ ਨੇ ਆਮ ਲੋਕਾਂ ਨੂੰ ਅੱਗੇ ਲਿਆਉਣ ਦੇ ਇਰਾਦੇ ਨਾਲ ਆਮ ਆਦਮੀ ਪਾਰਟੀ 'ਆਪ' ਦੀ ਸਥਾਪਨਾ ਕੀਤੀ ਤੇ ਥੋੜ੍ਹੇ ਸਮੇਂ ਵਿਚ ਹੀ ਭਾਰਤੀ ਰਾਜਨੀਤੀ ਨੂੰ ਇਕ ਨਵਾਂ ਮੁਹਾਂਦਰਾ ਦੇ ਦਿੱਤਾ ਹੈ।

# ਅਕਾਲੀ ਤੇ ਭਾਜਪਾ ਵਰਕਰਾਂ ਦਰਮਿਆਨ ਗੋਲੀ ਚੱਲੀ

**ਤਰਨ ਤਾਰਨ:** ਨਗਰ ਕੌਂਸਲ ਚੋਣਾਂ ਲਈ ਚੱਲ ਰਹੀਆਂ ਸਰਗਰਮੀਆਂ ਮੌਕੇ ਇਥੇ ਸਰਕਾਰ ਦੀਆਂ ਭਾਈਵਾਲ ਧਿਰਾਂ- ਅਕਾਲੀ ਦਲ ਅਤੇ ਭਾਜਪਾ, ਦੇ ਵਰਕਰਾਂ ਵਿਚਾਲੇ ਐਸ.ਡੀ.ਐਮ. ਦਫਤਰ ਵਿਖੇ ਹੋਈਆਂ ਹਿੰਸਕ ਝੜਪਾਂ ਵਿਚ ਦੋਵਾਂ ਧਿਰਾਂ ਦੇ ਚਾਰ ਜਣੇ ਜ਼ਖਮੀ ਹੋ ਗਏ। ਝੜਪਾਂ ਉਸ ਵੇਲੇ ਹੋਈਆਂ ਜਦੋਂ ਦੋਵੇਂ ਧਿਰਾਂ ਐਸ.ਡੀ.ਐਮ. ਦੇ ਦਫਤਰ ਵਿਖੇ ਵੋਟਾਂ ਦੇ ਨਾਲ-ਨਾਲ ਸ਼ਹਿਰ ਦੀ ਵਾਰਡਬੰਦੀ ਬਾਰੇ ਆਪੋ-ਆਪਣੇ ਇਤਰਾਜ਼ ਦਰਜ ਕਰਵਾਉਣ ਗਈਆਂ ਸਨ।

ਦੱਸਿਆ ਜਾ ਰਿਹਾ ਹੈ ਕਿ ਅਕਾਲੀ ਦਲ ਦਾ ਵਫਦ ਨਗਰ ਕੌਂਸਲ ਦੇ ਸਾਬਕਾ ਪ੍ਰਧਾਨ ਭੁਪਿੰਦਰ ਸਿੰਘ ਖੇੜਾ ਦੀ ਅਗਵਾਈ ਹੇਠ ਐਸ.ਡੀ.ਐਮ. ਨੂੰ ਮਿਲ ਕੇ ਦਫਤਰ ਦੇ ਬਾਹਰ ਆਇਆ ਤਾਂ ਇਸ ਤੋਂ ਬਾਅਦ ਭਾਜਪਾ ਦੇ ਵਰਕਰ ਪਾਰਟੀ ਆਗੂ ਰਾਜ ਕੁਮਾਰ ਅਗਰਵਾਲ ਅਤੇ ਸਾਬਕਾ ਕੌਂਸਲਰ ਰਾਜਾ ਜੋਸ਼ੀ ਦੀ ਅਗਵਾਈ ਹੇਠ ਅੰਦਰ ਚਲੇ ਗਏ। ਇੰਨੇ ਨੂੰ ਅਧਿਕਾਰੀ ਦੇ ਦਫਤਰ ਬਾਹਰ ਅਕਾਲੀ ਅਤੇ ਭਾਜਪਾ ਵਰਕਰਾਂ ਦਾ ਤਕਰਾਰ ਹੋ ਗਿਆ।

ਅਕਾਲੀ ਵਰਕਰਾਂ ਨੇ ਸਾਬਕਾ ਅਕਾਲੀ ਮੰਤਰੀ ਹੀਰਾ ਸਿੰਘ ਗਾਬੜੀਆ ਦੇ ਰਿਸ਼ਤੇਦਾਰ ਜੋ ਪਹਿਲਾਂ ਅਕਾਲੀ ਵਰਕਰ ਸੀ ਤੇ ਕੁਝ ਸਮਾਂ ਪਹਿਲਾਂ ਹੀ ਭਾਜਪਾ ਵਿਚ ਸ਼ਾਮਲ ਹੋਇਆ ਹੈ, ਨਾਲ ਹੱਥੋਪਾਈ ਕੀਤੀ। ਅਕਾਲੀ ਵਰਕਰਾਂ ਨੇ ਕੈਬਨਿਟ ਮੰਤਰੀ ਅਨਿਲ ਜੋਸ਼ੀ ਦੇ ਭਰਾ ਅਤੇ ਸਾਬਕਾ ਕੌਂਸਲ ਰਾਜਾ ਜੋਸ਼ੀ ਉਤੇ ਵੀ ਹਮਲਾ ਕਰ ਦਿੱਤਾ।

# ਅਨੰਦਪੁਰ ਸਾਹਿਬ ਵਿਚ ਚੱਲਣਗੀਆਂ ਬੈਟਰੀ ਵਾਲੀਆਂ ਕਾਰਾਂ

**ਅਨੰਦਪੁਰ ਸਾਹਿਬ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਖਰਕਾਰ, ਕਸਟਮ ਡਿਊਟੀ ਦੀ ਅਦਾਇਗੀ ਨਾ ਹੋਣ ਕਰ ਕੇ ਦਿੱਲੀ ਵਿਚ ਕਸਟਮ ਵਿਭਾਗ ਦੇ ਕਬਜ਼ੇ ਵਿਚ ਖੜ੍ਹੀਆਂ ਪ੍ਰਦੂਸ਼ਣ ਰਹਿਤ ਬੈਟਰੀ ਵਾਲੀਆਂ ਕਾਰਾਂ ਦੀ 'ਡਿਊਟੀ' ਅਦਾ ਕਰ ਦਿੱਤੀ ਹੈ। ਹੁਣ ਇਹ ਕਾਰਾਂ ਚੱਲਣ ਦਾ ਰਾਹ ਪੱਧਰਾ ਹੋ ਗਿਆ ਹੈ।

ਜ਼ਿਕਰਯੋਗ ਹੈ ਕਿ ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਚੜ੍ਹਾਈ ਚੜ੍ਹਨ ਲਈ ਸੰਗਤ ਵਾਸਤੇ ਸ੍ਰੀ ਦਰਬਾਰ ਸਾਹਿਬ ਦੀ ਤਰਜ਼ 'ਤੇ ਪ੍ਰਦੂਸ਼ਣ ਰਹਿਤ ਬੈਟਰੀ ਵਾਲੀਆਂ ਕਾਰਾਂ ਦੀ ਸਹੂਲਤ ਦਿੱਤੀ ਗਈ ਸੀ, ਪਰ ਕੁਝ ਹਫਤਿਆਂ ਤੋਂ ਇਹ ਸਹੂਲਤ ਠੁੱਸ ਹੋ ਕੇ ਰਹਿ ਗਈ ਸੀ ਜਿਸ ਦਾ ਮੁੱਖ ਕਾਰਨ ਕਾਰਾਂ ਦਾ ਖਰਾਬ ਹੋ ਜਾਣਾ ਸੀ।

ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਮੈਨੇਜਰ ਸੁਖਵਿੰਦਰ ਸਿੰਘ ਗਰੇਵਾਲ ਨੇ ਦੱਸਿਆ ਕਿ ਤਖਤ ਸ੍ਰੀ ਕੇਸਗੜ੍ਹ ਸਾਹਿਬ ਨੂੰ ਵੈਟ ਮਾਫ ਹੋਣ ਕਰ ਕੇ ਬੈਂਕਾਕ ਤੋਂ ਆਈਆਂ ਬੈਟਰੀ ਵਾਲੀਆਂ ਕਾਰਾਂ ਦੀ ਡਿਊਟੀ ਅਦਾ ਨਹੀਂ ਕੀਤੀ ਸੀ, ਪਰ ਕਸਟਮ ਵਿਭਾਗ ਨੂੰ ਕਾਗਜ਼ ਵਿਖਾਉਣ ਲਈ ਆਈ ਤਕਨੀਕੀ ਅੜਿਕੇ ਕਰ ਕੇ ਉਹ ਕਾਰਾਂ ਨਹੀਂ ਸਨ ਛੱਡ ਰਹੇ। ਹੁਣ ਡਿਊਟੀ ਅਦਾ ਕਰ ਦਿੱਤੀ ਹੈ ਅਤੇ ਕਸਟਮ ਵਿਭਾਗ ਨੇ ਕਾਰਾਂ ਛੱਡ ਦਿੱਤੀਆਂ ਹਨ। ਬੈਟਰੀ ਵਾਲੀਆਂ ਇਨ੍ਹਾਂ ਤਿੰਨ ਕਾਰਾਂ ਦੀ ਕੀਮਤ ਕਰੀਬ 21 ਲੱਖ ਰੁਪਏ ਹੈ। ਇਹ ਕਾਰਾਂ ਨੀਲਧਾਰੀ ਸੰਪਰਦਾ ਦੇ ਮੁਖੀ ਨੇ ਬੈਂਕਾਕ ਤੋਂ ਭੇਜੀਆਂ ਹਨ।

# ਜਥੇਦਾਰਾਂ ਦੇ ਨਿਯਮ ਵਿਧਾਨ ਬਾਰੇ ਸਰਬੱਤ ਖ਼ਾਲਸਾ ਸੱਦਿਆ ਜਾਵੇ: ਵੇਦਾਂਤੀ

**ਪਟਿਆਲਾ:** ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਨੇ ਕਿਹਾ ਹੈ ਕਿ ਸ੍ਰੀ ਅਕਾਲ ਤਖਤ ਸਾਹਿਬ ਅਤੇ ਤਖ਼ਤਾਂ ਦੇ ਜਥੇਦਾਰਾਂ ਦੀਆਂ ਸ਼ਕਤੀਆਂ, ਨਿਯਮ ਵਿਧਾਨ ਅਤੇ ਤਨਖ਼ਾਹ ਆਦਿ ਮਾਮਲਿਆਂ ਦੇ ਉਠੇ ਵਿਵਾਦ ਦਾ ਹੱਲ ਕਰਨ ਲਈ ਸਰਬੱਤ ਖ਼ਾਲਸਾ ਬੁਲਾਉਣਾ ਚਾਹੀਦਾ ਹੈ।

ਇਸ ਮਸਲੇ ਦਾ ਹੱਲ ਕਰਨ ਲਈ ਜੋ ਕਮੇਟੀ ਬਣਾਈ ਗਈ ਹੈ, ਉਹ ਮਹਿਜ਼ ਇਸ ਮਸਲੇ ਬਾਰੇ ਸੁਝਾਅ ਦੇ ਸਕਦੀ ਹੈ, ਉਸ ਨੂੰ ਕੋਈ ਵੀ ਧਾਰਾ ਲਾਗੂ ਕਰਨ ਦਾ ਅਧਿਕਾਰ ਨਹੀਂ ਹੈ। ਇਹ ਅਧਿਕਾਰ ਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਵੀ ਨਹੀਂ ਹੈ। ਜਥੇਦਾਰ ਵੇਦਾਂਤੀ ਪੰਜਾਬੀ ਯੂਨੀਵਰਸਿਟੀ ਵਿਚ ਗੁਰਮਤਿ ਸੰਗੀਤ ਚੇਅਰ ਤੇ ਗੁਰਮਤਿ ਸੰਗੀਤ ਵਿਭਾਗ ਵਲੋਂ ਕਰਾਏ ਗਏ ਮਰਹੂਮ ਬੀਬੀ ਜਸਬੀਰ ਕੌਰ ਸਿਮ੍ਰਿਤੀ ਪ੍ਰੋਗਰਾਮ ਵਿਚ ਪੁੱਜੇ ਹੋਏ ਸਨ। ਇਸ ਸਮੇਂ ਉਨ੍ਹਾਂ ਨੂੰ ਪੰਜਾਬੀ ਯੂਨੀਵਰਸਿਟੀ ਵਲੋਂ ਸਿੱਖ ਪੰਥ ਲਈ ਕੀਤੀ ਸੇਵਾ ਬਦਲੇ ਬੀਬੀ ਜਸਬੀਰ ਕੌਰ ਖ਼ਾਲਸਾ ਸਿਮ੍ਰਿਤੀ ਐਵਾਰਡ ਨਾਲ ਸਨਮਾਨਤ ਕੀਤਾ ਗਿਆ। ਇਸ ਮੌਕੇ ਉਨ੍ਹਾਂ ਕਿਹਾ ਕਿ ਜਥੇਦਾਰ ਬਲਵੰਤ ਸਿੰਘ ਨੰਦਗੜ੍ਹ ਨੂੰ ਸ਼੍ਰੋਮਣੀ ਕਮੇਟੀ ਵਲੋਂ ਹਟਾਉਣਾ ਹੈ। ਇਹ ਕਾਹਲੀ ਵਿਚ ਕੀਤਾ ਫ਼ੈਸਲਾ ਹੈ।

# ਸੈਮ ਸਮਿੱਥ ਤੇ ਬੈੱਕ ਨੇ ਮਾਰੀ 57ਵੇਂ ਗਰੈਮੀ ਪੁਰਸਕਾਰਾਂ ਦੀ ਬਾਜ਼ੀ

**ਲਾਸ ਏਂਜਲਸ:** ਬੰਗਲੌਰ ਦੇ ਸੰਗੀਤਕਾਰ ਰਿੱਕੀ ਕੇਜ ਤੇ ਕਾਰਕੁਨ ਨੀਲਾ ਵਾਸਵਾਨੀ ਨੂੰ ਐਲਬਮ 'ਵਿੰਡਜ਼ ਆਫ ਸਮਾਸਰਾ' ਤੇ ਮਲਾਲਾ ਯੂਸਫਜ਼ਈ 'ਤੇ ਬਣਾਈ ਐਲਬਮ ਲਈ 57ਵੇਂ ਗਰੈਮੀ ਪੁਰਸਕਾਰਾਂ ਲਈ ਚੁਣਿਆ ਗਿਆ ਹੈ। ਬਰਤਾਨਵੀ ਸੈਮ ਸਮਿਥ ਨੇ 'ਸੌਂਗ ਆਫ ਦਿ ਯੀਅਰ' ਤੇ 'ਰਿਕਾਰਡ ਆਫ ਦਿ ਯੀਅਰ' ਸਮੇਤ ਆਪਣੀ ਹਿੱਟ 'ਸਟੇਅ ਵਿਦ ਮੀ' ਲਈ ਕੁੱਲ ਚਾਰ ਪੁਰਸਕਾਰ ਆਪਣੇ ਨਾਮ ਕਰ ਲਏ ਅਤੇ 'ਮੌਰਨਿੰਗ ਫੇਜ਼' ਐਲਬਮ ਲਈ 'ਟਰਾਫੀ ਆਫ ਦਿ ਯਅਿਰ' ਜਿੱਤ ਕੇ ਬੈੱਕ ਨੇ ਸਭ ਨੂੰ ਹੈਰਾਨ ਕਰ ਦਿੱਤਾ।

ਸੈਮ ਵਲੋਂ ਜਿੱਤੇ ਦੋ ਦੂਜੇ ਪੁਰਸਕਾਰਾਂ ਵਿਚ 'ਬੈਸਟ ਨਿਊਕਮਰ' ਤੇ ਆਪਣੀ ਪਹਿਲੀ ਐਲਬਮ 'ਇਨ ਦਿ ਲੋਨਲੀ ਆਵਰ' ਲਈ ਸਰਵੋਤਮ ਪੌਪ ਵੋਕਲ ਐਲਬਮ ਪੁਰਸਕਾਰ ਸ਼ਾਮਲ ਹਨ। ਭਾਰਤੀ ਸੰਗੀਤਕਾਰ ਕੇਜ ਨੂੰ ਆਪਣੀ ਐਲਬਮ 'ਵਿੰਡਜ਼ ਆਫ ਸਮਾਸਰਾ' ਲਈ 'ਨਿਊਏਜ ਐਲਬਮ' ਸ਼੍ਰੇਣੀ ਵਿਚ ਜੇਤੂ ਐਲਾਨਿਆ ਗਿਆ। ਉਸ ਨੇ ਦੱਖਣੀ ਅਫਰੀਕੀ ਬੰਸਰੀ ਵਾਦਕ ਰਾਊਟਰ ਕੇਲਰਮੈਨ ਨਾਲ ਰਲ ਕੇ ਇਹ ਐਲਬਮ ਲਿਆਂਦੀ ਸੀ। ਆਪਣੇ ਆਪ ਸਿੱਖ-ਸਿੱਖ ਕੇ ਸੰਗੀਤਕਾਰ ਬਣਿਆ ਕੇਜ (33) ਪਹਿਲਾਂ ਕੰਨੜ ਫਿਲਮਾਂ ਲਈ ਸਾਊਂਡ ਟਰੈਕ ਤਿਆਰ ਕਰਦਾ ਰਿਹਾ ਹੈ। ਇਹ ਉਸ ਦੀ 14ਵੀਂ ਸਟੂਡੀਓ ਐਲਬਮ ਹੈ।

# ਭਾਰਤ ਦੇ 30 ਕਰੋੜ ਲੋਕ ਅਜੇ ਵੀ ਬੇਹੱਦ ਗਰੀਬ

**ਨਵੀਂ ਦਿੱਲੀ:** ਸੰਯੁਕਤ ਰਾਸ਼ਟਰ ਦੀ ਰਿਪੋਰਟ 'ਚ ਖੁਲਾਸਾ ਹੋਇਆ ਹੈ ਕਿ ਭਾਰਤ 'ਚ ਕਰੀਬ 30 ਕਰੋੜ ਲੋਕ ਅਜੇ ਵੀ ਬੇਹੱਦ ਗਰੀਬੀ 'ਚ ਜੀਵਨ ਗੁਜ਼ਾਰ ਰਹੇ ਹਨ। ਇਹ ਲੋਕ ਮੁਢਲੀਆਂ ਸੇਵਾਵਾਂ, ਸਿੱਖਿਆ, ਸਿਹਤ, ਪਾਣੀ, ਸਾਫ-ਸਫਾਈ ਅਤੇ ਬਿਜਲੀ ਤੋਂ ਸੱਖਣੇ ਹਨ।

ਭਾਰਤ ਜਿਸ ਦੀ ਆਬਾਦੀ ਸਵਾ ਅਰਬ ਤੋਂ ਵੱਧ ਹੈ, ਨੇ ਸੰਯੁਕਤ ਰਾਸ਼ਟਰ ਦਾ ਮਿਲੇਨੀਅਮ ਡਿਵੈਲਪਮੈਂਟ ਗੋਲ (ਐਮ.ਜੀ.ਡੀ.) 2000 'ਚ ਅਪਣਾਇਆ ਸੀ ਜਿਸ ਦਾ ਮੁੱਖ ਉਦੇਸ਼ ਕਰੋੜਾਂ ਲੋਕਾਂ ਨੂੰ ਗਰੀਬੀ, ਭੁੱਖਮਰੀ, ਅਨਪੜ੍ਹਤਾ ਅਤੇ ਬਿਮਾਰੀਆਂ ਤੋਂ ਮੁਕਤ ਕਰਾਉਣਾ ਸੀ। ਇਹ ਪ੍ਰੋਗਰਾਮ ਇਸ ਸਾਲ ਦਸੰਬਰ 'ਚ ਮੁੱਕ ਜਾਣਾ ਹੈ ਪਰ ਭਾਰਤ 'ਚ ਅਜੇ ਵੀ ਕਰੋੜਾਂ ਲੋਕ ਗਰੀਬੀ ਨਾਲ ਜੂਝ ਰਹੇ ਹਨ। ਐਮ.ਜੀ.ਡੀ. ਦੇ ਅੱਠ ਨੁਕਾਤੀ ਪ੍ਰੋਗਰਾਮ 'ਚ ਹੋਰਨਾਂ ਤੋਂ ਇਲਾਵਾ ਲਿੰਗ ਬਰਾਬਰੀ, ਮਹਿਲਾ ਸ਼ਕਤੀਕਰਨ, ਬਾਲ ਮ੍ਰਿਤੂ ਦਰ ਘਟਾਉਣਾ, ਮਾਵਾਂ ਦੀ ਸਿਹਤ ਸੁਧਾਰਨ, ਐਚ.ਆਈ.ਵੀ./ਏਡਜ਼ ਦੇ ਟਾਕਰੇ ਅਤੇ ਵਾਤਾਵਰਨ ਦੇ ਮਾਮਲੇ ਵੀ ਸ਼ਾਮਲ ਹਨ। ਸੰਯੁਕਤ ਰਾਸ਼ਟਰ 'ਚ ਅੰਡਰ ਸਕੱਤਰ ਜਨਰਲ ਸ਼ਮਸ਼ਾਦ ਅਖ਼ਤਰ ਨੇ ਕਿਹਾ ਕਿ ਭਾਰਤ ਨੇ ਗਰੀਬੀ ਦੇ ਮਾਮਲੇ 'ਚ ਭਾਵੇਂ ਤਰੱਕੀ ਕੀਤੀ ਹੈ ਪਰ ਅਜੇ ਵੀ ਹੋਰ ਬਹੁਤ ਕੁਝ ਕਰਨਾ ਬਾਕੀ ਹੈ।

# ਆਸ਼ੂਤੋਸ਼ ਦੇ ਸਸਕਾਰ 'ਤੇ ਰੋਕ ਜਾਰੀ ਰਹੇਗੀ

**ਚੰਡੀਗੜ੍ਹ:** ਆਸ਼ੂਤੋਸ਼ ਦੇ ਸਸਕਾਰ ਸਬੰਧੀ ਸੁਣਵਾਈ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ 19 ਮਾਰਚ ਤੱਕ ਮੁਲਤਵੀ ਕਰ ਦਿੱਤੀ ਹੈ। 19 ਮਾਰਚ ਨੂੰ ਹੀ ਪੰਜਾਬ ਸਰਕਾਰ ਤੇ ਹੋਰਨਾਂ ਧਿਰਾਂ ਵਿਰੁਧ ਸਾਧਵੀ ਤਾਪੇਸ਼ਵਰੀ ਭਾਰਤੀ ਤੇ ਹੋਰਨਾਂ ਪਟੀਸ਼ਨਕਾਰਾਂ ਦੀ ਅਰਜ਼ੀ 'ਤੇ ਸੁਣਵਾਈ ਹੋਵੇਗੀ। ਹਾਈ ਕੋਰਟ ਦੇ ਕਾਰਜਕਾਰੀ ਮੁੱਖ ਜੱਜ ਵਾਜ਼ੀਫਦਾਰ ਤੇ ਜਸਟਿਸ ਜਾਰਜ ਮਸੀਹ ਉਤੇ ਆਧਾਰਤ ਬੈਂਚ ਨੇ ਸਪਸ਼ਟ ਕੀਤਾ ਕਿ ਅਦਾਲਤ ਆਸ਼ੂਤੋਸ਼ ਦੇ ਪੁੱਤਰ ਦਿਲੀਪ ਕੁਮਾਰ ਝਾਅ ਵਲੋਂ ਦਾਇਰ ਅਪੀਲ ਉਤੇ ਵੀ ਨਜ਼ਰਸਾਨੀ ਕਰੇਗੀ।





Upgrade your Security Cameras to High Definition at very reasonable prices

*For more Details, Contact:*

Balbir S Sidhu

209-495-3905 (Cell)

www.dvrunlimited.com

Toll Free (888) 233-4566

DVRunlimited Inc. Fax: 209-665-7067



## Matrimonial

### ਕੰਨਿਆ ਦੀ ਲੋੜ

ਜੱਟ ਸਿੱਖ, ਉਮਰ 25 ਸਾਲ, ਕੱਦ 6 ਫੁੱਟ, ਉਚ ਸਿਖਿਆ ਪ੍ਰਾਪਤ, ਉਚੀ ਬੈਂਕ ਜਾਬ, ਅਮਰੀਕੀ ਸਿਟੀਜ਼ਨ ਲੜਕੇ ਲਈ ਹਾਣ-ਪਰਵਾਣ ਅਤੇ ਨੌਕਰੀ ਕਰਦੀ ਲੜਕੀ ਦੀ ਲੋੜ ਹੈ। ਸੰਪਰਕ ਕਰੋ: 209-262-7200
5-8

ਸਿੱਖ ਸੈਣੀ, 26 ਸਾਲ, ਕੱਦ 5'-9" ਜਿਸ ਦਾ ਅਮਰੀਕਾ ਵਿਚ ਬੀ-2 ਵੀਜ਼ਾ 'ਤੇ ਰਹਿੰਦੇ ਮਾਂ-ਬਾਪ ਦੇ ਇੱਕਲੌਤੇ ਪੁੱਤਰ ਲਈ ਪਰਿਵਾਰਕ ਅਤੇ ਸਾਧਾਰਣ ਲੜਕੀ ਦੀ ਲੋੜ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਸੰਪਰਕ ਕਰੋ, ਫੋਨ: 408-693-6744


# ਭਾਜਪਾ ਬਾਰੇ ਜਗਮੀਤ ਬਰਾੜ ਹੁਣ ਜੱਕੋ-ਤੱਕੀ ਵਿਚ

**ਚੰਡੀਗੜ੍ਹ:** ਦਿੱਲੀ ਵਿਧਾਨ ਸਭਾ ਦੀਆਂ ਚੋਣਾਂ 'ਚ ਭਾਰਤੀ ਜਨਤਾ ਪਾਰਟੀ ਦੀ ਕਮਰ ਤੋੜ ਸ਼ਿਕਸਤ ਤੋਂ ਬਾਅਦ ਸ. ਜਗਮੀਤ ਸਿੰਘ ਬਰਾੜ ਜੱਕੋ-ਤੱਕੀ ਵਿਚ ਪੈ ਗਏ ਹਨ। ਜਾਣਕਾਰ ਹਲਕਿਆਂ ਅਨੁਸਾਰ ਇਨ੍ਹਾਂ ਚੋਣ ਨਤੀਜਿਆਂ ਨੇ ਇਹੋ ਜਿਹੇ ਸਿਆਸੀ ਲੋਕਾਂ ਦਾ ਭਾਜਪਾ ਵੱਲ ਝੁਕਾਅ ਦਾ ਇਰਾਦਾ ਬਦਲ ਦਿੱਤਾ ਹੈ।

ਚੇਤੇ ਰਹੇ, ਸ. ਬਰਾੜ ਨੇ ਕੁਝ ਦਿਨ ਪਹਿਲਾਂ ਸੰਕੇਤ ਕੀਤਾ ਸੀ ਕਿ ਕਾਂਗਰਸ ਹਾਈ ਕਮਾਂਡ ਵਲੋਂ ਉਨ੍ਹਾਂ ਦਾ ਅਸਤੀਫਾ ਅਜੇ ਤੱਕ ਮਨਜ਼ੂਰ ਨਾ ਕੀਤਾ ਗਿਆ, ਇਸ ਕਰ ਕੇ ਸੰਭਵ ਹੈ ਕਿ ਕਾਂਗਰਸ ਵਿਚ ਬੈਠੇ ਉਨ੍ਹਾਂ ਦੇ ਪੁਰਾਣੇ ਮਿੱਤਰ ਆਪਣੇ ਤੌਰ 'ਤੇ ਉਨ੍ਹਾਂ ਦੇ ਭਵਿੱਖ ਬਾਰੇ ਕੁਝ ਸੋਚ ਰਹੇ ਹੋਣ। ਹੁਣ ਸ. ਬਰਾੜ ਦੇ ਕਈ ਸਾਥੀ ਕਹਿ ਰਹੇ ਹਨ ਕਿ ਹੁਣ ਤਾਂ ਨਵੇਂ ਹਾਲਾਤ ਕਾਰਨ ਨਵੇਂ ਸਿਰੇ ਤੋਂ ਵਿਚਾਰ ਕਰਨੀ ਪਵੇਗੀ। ਸੰਭਵ ਹੈ ਕਿ ਉਹ ਹੁਣ ਆਮ ਆਦਮੀ ਪਾਰਟੀ (ਆਪ) ਬਾਰੇ ਵਿਚਾਰ ਕਰਨ। ਅਸਲ ਵਿਚ ਕਿਸੇ ਨੂੰ ਚਿੱਤ ਚੇਤੇ ਵੀ ਨਹੀਂ ਸੀ ਕਿ ਦੇਸ਼ ਦੀ ਸਭ ਤੋਂ ਵੱਡੀ ਪਾਰਟੀ ਭਾਜਪਾ ਦਾ ਕੁਝ ਹੀ ਮਹੀਨਿਆਂ 'ਚ ਇੰਨਾ ਬੁਰਾ ਹਾਲ ਹੋ ਜਾਵੇਗਾ। ਸ. ਬਰਾੜ ਨੇ ਵੀ ਕਿਹਾ ਹੈ ਕਿ ਦਿੱਲੀ ਦੇ ਚੋਣ ਨਤੀਜਿਆਂ ਦਾ ਕੁਝ ਪ੍ਰਭਾਵ ਪੰਜਾਬ ਵਿਧਾਨ ਸਭਾ ਦੀ ਸੰਭਾਵੀ ਜ਼ਿਮਨੀ ਚੋਣ 'ਤੇ ਜ਼ਰੂਰ ਪਵੇਗਾ।



# ਭਾਰਤੀ ਬਾਜ਼ਾਰ 'ਚ 12 ਹਜ਼ਾਰ ਕਰੋੜ ਦਾ ਵਿਦੇਸ਼ੀ ਨਿਵੇਸ਼

**ਨਵੀਂ ਦਿੱਲੀ:** ਵਿਦੇਸ਼ੀ ਨਿਵੇਸ਼ਕਾਂ ਦੇ ਫਰਵਰੀ ਮਹੀਨੇ ਦੇ ਪਹਿਲੇ ਹਫਤੇ ਵਿਚ ਭਾਰਤੀ ਪੂੰਜੀ ਬਾਜ਼ਾਰਾਂ ਵਿਚ ਤਕਰੀਬਨ 12 ਹਜ਼ਾਰ ਕਰੋੜ ਰੁਪਏ ਦਾ ਨਿਵੇਸ਼ ਕੀਤਾ ਹੈ। ਅਜਿਹਾ ਮੁਦਰਾ ਸਫੀਤੀ ਵਿਚ ਗਿਰਾਵਟ ਤੇ ਵਿੱਤੀ ਖੇਤਰ ਦੇ ਨਿਯਮਾਂ ਵਿਚ ਕੀਤੇ ਗਏ ਸੁਧਾਰ ਕਾਰਨ ਸੰਭਵ ਹੋਇਆ ਹੈ। ਤਾਜ਼ਾ ਨਿਵੇਸ਼ ਮਿਲਾ ਕੇ 2015 ਵਿਚ ਹੁਣ ਤੱਕ ਪੂੰਜੀ ਬਾਜ਼ਾਰ ਵਿਚ ਵਿਦੇਸ਼ੀ ਸੰਸਥਾਗਤ ਨਿਵੇਸ਼ਕਾਂ ਦਾ ਕੁੱਲ ਨਿਵੇਸ਼ 45 ਹਜ਼ਾਰ ਕਰੋੜ ਰੁਪਏ (7.35 ਅਰਬ ਡਾਲਰ) ਤੱਕ ਪਹੁੰਚ ਗਿਆ ਹੈ।


COVERED CALIFORNIA™

ਬਹੁਤ ਵਾਜਬ ਭਾਅ 'ਤੇ ਵਧੀਆ ਹੈਲਥ ਇੰਸ਼ੋਰੈਂਸ

ਬੇਅ ਏਰੀਆ ਅਤੇ ਸੈਂਟਰ ਵੈਲੀ ਦੇ ਸ਼ਹਿਰਾਂ ਵਿਚ

ਓਪਨ ਇਨਰੋਲਮੈਂਟ 15 ਨਵੰਬਰ 2014 ਤੋਂ 15 ਫਰਵਰੀ 2015 ਤੱਕ ਹੈ

ਅਸੀਂ ਓਬਾਮਾ ਕੇਅਰ ਅਤੇ ਮੈਡੀ-ਕੈਲ ਦੀਆਂ ਰੀਨਿਊਲ ਅਤੇ ਨਵੀਆਂ ਅਰਜੀਆਂ ਮੁਫਤ ਭਰਦੇ ਹਾਂ

ਆਪਣੇ ਸਰਟੀਫਾਈਡ ਇੰਸ਼ੁਰੈਂਸ ਏਜੈਂਟ ਨਾਲ ਸੰਪਰਕ ਕਰੋ

Jarnail Singh Lallria (License # 0C19939)

Phone: (408) 728-0795

Fax: (209) 216-5502

E-mail: Jarnail_lallria@yahoo.com



## Prince's Barber Shop

37477 Fremont Blvd, suite C, Fremont, CA 94536

**Men & Children's Hair Cut**

*Threading
*Men's Facials
*Custom Designing
*Line-ups
*Custom Text
*Hair Coler
*Shave &
*Head Massage

ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ



Business hours:
Mon thru Thursday 9am to 8pm
Friday, Sat- Sunday- 9am to 7pm
(Tuesday Closed)



Cell: (510)-677-9942
Shop: (510)-505-9605
www.princebarbershop.com

**Punjab Times**

**Established in 2000**
**16th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 95 ਡਾਲਰ,**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ‘ਆਪ’ ਦਾ ਅਗਲਾ ਨਿਸ਼ਾਨਾ ਧੂਰੀ ਜ਼ਿਮਨੀ ਚੋਣ: ਭਗਵੰਤ ਮਾਨ

**ਸੰਗਰੂਰ:** ਆਮ ਆਦਮੀ ਪਾਰਟੀ ਦੇ ਸੰਸਦ ਮੈਂਬਰ ਭਗਵੰਤ ਮਾਨ ਨੇ ਕਿਹਾ ਹੈ ਕਿ ਦਿੱਲੀ ਵਿਧਾਨ ਸਭਾ ਚੋਣਾਂ ਵਿਚ ਜਿੱਤ ਦਾ ਝੰਡਾ ਬੁਲੰਦ ਕਰਨ ਤੋਂ ਬਾਅਦ ਪਾਰਟੀ ਦਾ ਅਗਲਾ ਨਿਸ਼ਾਨਾ ਧੂਰੀ ਵਿਧਾਨ ਸਭਾ ਦੀ ਜ਼ਿਮਨੀ ਚੋਣ ਹੋਵੇਗੀ, ਜਿਥੇ ‘ਆਪ’ ਦਾ ਮੁਕਾਬਲਾ ਕਿਸੇ ਪਾਰਟੀ ਨਾਲ ਨਹੀਂ ਸਗੋਂ ਪੰਜਾਬ ਸਰਕਾਰ ਨਾਲ ਹੋਵੇਗਾ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਧੂਰੀ ਜ਼ਿਮਨੀ ਚੋਣ ਦੇ ਪ੍ਰਚਾਰ ਲਈ ਅਰਵਿੰਦ ਕੇਜਰੀਵਾਲ ਦਾ ਮੁਕਾਬਲਾ ਕਰਨ ਲਈ ਤਿਆਰ ਰਹਿਣ। ਉਨ੍ਹਾਂ ਮੁੱਖ ਮੰਤਰੀ ਵੱਲੋਂ ਕੀਤੇ ਸੰਗਤ ਦਰਸ਼ਨ ’ਤੇ ਸਵਾਲ ਉਠਾਉਂਦਿਆਂ ਕਿਹਾ ਕਿ ਜਦੋਂ ਸ. ਬਾਦਲ ਕਿਸੇ ਹਲਕੇ ਵਿਚ ਜ਼ਿਆਦਾ ਗੇੜੇ ਮਾਰਨੇ ਸ਼ੁਰੂ ਕਰ ਦੇਣ ਜਾਂ ਸੰਗਤ ਦਰਸ਼ਨ ਰੱਖ ਲੈਣ ਤਾਂ ਸਮਝ ਲੈਣਾ ਚਾਹੀਦਾ ਹੈ ਕਿ ਉਥੇ ਚੋਣ ਹੋਣ ਵਾਲੀ ਹੈ। ਸ. ਮਾਨ ਨੇ ਕਿਹਾ ਕਿ ਨਿੱਜੀ ਸਿਆਸੀ ਮੁਫ਼ਾਦਾਂ ਲਈ ਦਲਬਦਲੂਆਂ ਨੇ ਵਿਧਾਨ ਸਭਾ ਦੀਆਂ ਸੀਟਾਂ ਤੋਂ ਅਸਤੀਫ਼ਾ ਦੇ ਕੇ ਲੋਕਤੰਤਰ ਦਾ ਮਜ਼ਾਕ ਉਡਾਇਆ ਹੈ। ਮੋਗਾ, ਤਲਵੰਡੀ ਸਾਬੋ ਤੇ ਧੂਰੀ ਵਿਧਾਨ ਸਭਾ ਹਲਕੇ ਦੀਆਂ ਸੀਟਾਂ ਤਿੰਨ ਦਲਬਦਲੂਆਂ ਨੇ ਇਕ ਸੋਚੀ ਸਮਝੀ ਸਾਜਿਸ਼ ਤਹਿਤ ਜਾਣਬੁੱਝ ਕੇ ਛੱਡੀਆਂ ਹਨ। ਲੋਕਤੰਤਰ ਦਾ ਘਾਣ ਕਰਨ ਦੇ ਦੋਸ਼ ਹੇਠ ਅਜਿਹੇ ਸਿਆਸੀ ਆਗੂਆਂ ਖਿਲਾਫ਼ ਕੇਸ ਦਰਜ ਹੋਣੇ ਚਾਹੀਦੇ ਹਨ।



# ਪੰਜਾਬ ਵਿਚ ਸ਼ਹਿਰੀ ਸੰਸਥਾਵਾਂ ਦੀਆਂ ਨਹੀਂ ਲੜੇਗੀ ‘ਆਪ’

**ਗੁਰਦਾਸਪੁਰ:** ਆਮ ਆਦਮੀ ਪਾਰਟੀ ਸੂਬੇ ਵਿਚ ਹੋਣ ਜਾ ਰਹੀਆਂ ਨਿਗਮ ਤੇ ਨਗਰ ਪੰਚਾਇਤਾਂ ਦੀਆਂ ਚੋਣਾਂ ਨਹੀਂ ਲੜੇਗੀ। ਪਾਰਟੀ ਦੇ ਸੂਬਾ ਕਨਵੀਨਰ ਸੁੱਚਾ ਸਿੰਘ ਛੋਟੇਪੁਰ ਨੇ ਕਿਹਾ ਹੈ ਕਿ ਸੂਬੇ ਵਿਚ ਨਿਗਮ ਚੋਣਾਂ ਦੀ ਪ੍ਰਕਿਰਿਆ ਸ਼ੁਰੂ ਹੋ ਚੁੱਕੀ ਹੈ ਤੇ ਪਾਰਟੀ ਵੱਲੋਂ ਵਿਚਾਰ ਵਟਾਂਦਰੇ ਤੋਂ ਬਾਅਦ ਮਹਿਸੂਸ ਕੀਤਾ ਗਿਆ ਹੈ ਕਿ ਇੰਨੇ ਥੋੜ੍ਹੇ ਸਮੇਂ ਵਿਚ ਪਾਰਟੀ ਲਈ ਇਮਾਨਦਾਰ ਤੇ ਚੰਗੇ ਉਮੀਦਵਾਰਾਂ ਦੀ ਚੋਣ ਕੀਤੀ ਜਾਣੀ ਸੰਭਵ ਨਹੀਂ ਹੋਵੇਗੀ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦਾ ਮੁੱਖ ਨਿਸ਼ਾਨਾ ਦੇਸ਼ ਦੇ ਲੋਕਾਂ ਨੂੰ ਇਮਾਨਦਾਰ ਤੇ ਲੋਕਾਂ ਦੀ ਨਿਸ਼ਕਾਮ ਸੇਵਾ ਕਰਨ ਵਾਲੇ ਵਰਕਰਾਂ ਨੂੰ ਅੱਗੇ ਲਿਆਉਣਾ ਹੈ ਪਰ ਇੰਨੇ ਥੋੜ੍ਹੇ ਸਮੇਂ ਵਿਚ ਉਮੀਦਵਾਰਾਂ ਦੀ ਚੋਣ ਹੋ ਸਕਣੀ ਸੰਭਵ ਨਹੀਂ ਹੋਵੇਗੀ। ਉਨ੍ਹਾਂ ਕਿਹਾ ਕਿ ਪਾਰਟੀ ਦਿੱਲੀ ਵਿਧਾਨ ਸਭਾ ਦੀਆਂ ਚੋਣਾਂ ਵਿਚ ਹੁਣ ਤੱਕ ਵਿਅਸਥ ਸਨ ਤੇ ਇਹ ਚੋਣ ਵੀ ਪਾਰਟੀ ਵੱਲੋਂ ਇਮਾਨਦਾਰ, ਸਾਫ਼ ਸੁਥਰੇ ਅਕਸ ਵਾਲੇ ਤੇ ਜਨਤਾ ਦੀ ਸੇਵਾ ਕਰਨ ਵਾਲੇ ਉਮੀਦਵਾਰ ਮੈਦਾਨ ਵਿਚ ਉਤਾਰ ਕੇ ਪਾਰਟੀ ਵੱਲੋਂ ਲੜੀ ਗਈ ਹੈ, ਜਿਸ ਲਈ ਦਿੱਲੀ ਦੀ ਜਨਤਾ ਵੱਲੋਂ ਵੀ ਪਾਰਟੀ ਨੂੰ ਬੇਮਿਸਾਲ ਹੁੰਗਾਰਾ ਮਿਲਿਆ।

## ਚੋਣਾਂ ਨਤੀਜਿਆਂ ਨੇ ਭਾਜਪਾ ਦੇ ਪੈਰਾਂ ਹੇਠੋਂ ਜ਼ਮੀਨ ਖਿਸਕਾਈ

**ਚੰਡੀਗੜ੍ਹ:** ਦਿੱਲੀ ਵਿਧਾਨ ਸਭਾ ਦੀਆਂ ਚੋਣਾਂ ਦੌਰਾਨ ਆਮ ਆਦਮੀ ਪਾਰਟੀ (ਆਪ) ਦੀ ਜਿੱਤੇ ਨੇ ਭਾਰਤੀ ਜਨਤਾ ਪਾਰਟੀ ਦੇ ਪ੍ਰਧਾਨ ਅਮਿਤ ਸ਼ਾਹ ਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਜੋੜੀ ਦੇ ਦਾਅਵਿਆਂ ਦੀ ਫੂਕ ਕੱਢ ਦਿੱਤੀ ਹੈ। ਦਿੱਲੀ ਦੀ ਜਨਤਾ ਦੇ ਫ਼ੈਸਲੇ ਨੇ ਰਾਜਨੀਤਕ ਆਗੂਆਂ, ਮਾਹਿਰਾਂ ਤੇ ਸਰਵੇਖਣਾਂ ਨੂੰ ਪਿੱਛੇ ਛੱਡਦਿਆਂ ਸਿਆਸੀ ਪਾਰਟੀਆਂ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ ਹੈ। ਚੋਣ ਨਤੀਜੇ ਸਪਸ਼ਟ ਕਰਦੇ ਹਨ ਕਿ ਹੁਣ ਨੌਜਵਾਨਾਂ ਨੂੰ ਝੂਠੇ ਲਾਰਿਆਂ ਵਿਚ ਬਹੁਤੀ ਦੇਰ ਤੱਕ ਉਲਝਾਇਆ ਨਹੀਂ ਜਾ ਸਕਦਾ।

## ਅਜੈ ਮਾਕਨ ਤੇ ਲਵਲੀ ਵੱਲੋਂ ਅਸਤੀਫ਼ੇ

**ਨਵੀਂ ਦਿੱਲੀ:** ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਤੇ ਉਪ ਪ੍ਰਧਾਨ ਰਾਹੁਲ ਗਾਂਧੀ ਨੇ ਆਮ ਆਦਮੀ ਪਾਰਟੀ ਤੇ ਅਰਵਿੰਦ ਕੇਜਰੀਵਾਲ ਨੂੰ ਹੂੰਝਾ-ਫੇਰੂ ਜਿੱਤ ਲਈ ਵਧਾਈ ਦਿੰਦਿਆਂ ਕਿਹਾ ਕਿ ਉਹ ਲੋਕ ਫ਼ਤਵੇ ਦਾ ਸਨਮਾਨ ਕਰਦੇ ਹਨ। ਦਿੱਲੀ ਵਿਚ ਕਾਂਗਰਸ ਦੀ ਚੋਣ ਮੁਹਿੰਮ ਕਮੇਟੀ ਦੇ ਮੁਖੀ ਅਜੈ ਮਾਕਨ ਨੇ ਪਾਰਟੀ ਦੀ ਸ਼ਰਮਨਾਕ ਹਾਰ ਦੀ ਨੈਤਿਕ ਜ਼ਿੰਮੇਵਾਰੀ ਲੈਂਦਿਆਂ ਪਾਰਟੀ ਦੇ ਕੌਮੀ ਜਨਰਲ ਸਕੱਤਰ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਹੈ। ਦਿੱਲੀ ਕਾਂਗਰਸ ਦੇ ਪ੍ਰਧਾਨ ਅਰਵਿੰਦਰ ਸਿੰਘ ਲਵਲੀ ਨੇ ਵੀ ਅਸਤੀਫ਼ਾ ਦੇ ਦਿੱਤਾ ਹੈ।

# ਓਬਾਮਾ ਨੇ ਵੀ ਪਾਇਆ ਯੋਗਦਾਨ?

(ਸਫਾ ਇਕ ਦੀ ਬਾਕੀ)

ਮੋਦੀ ’ਤੇ ਤਿੱਖਾ ਹਮਲਾ ਕੀਤਾ ਹੈ। ਅਖ਼ਬਾਰ ਨੇ ਮੋਦੀ ਨੂੰ ਕਿਹਾ ਹੈ ਕਿ ਉਹ ਇਸ ਗੰਭੀਰ ਮਸਲੇ ’ਤੇ ਆਪਣੀ ਖ਼ਤਰਨਾਕ ਚੁੱਪ ਤੋੜੇ। ਦੱਸਣਯੋਗ ਹੈ ਕਿ ਸ੍ਰੀ ਓਬਾਮਾ ਨੇ ਕਿਹਾ ਸੀ ਕਿ ਭਾਰਤ ਵਿਚ ਧਾਰਮਿਕ ਅਸਹਿਣਸ਼ੀਲਤਾ ਦੀ ਹਾਲਤ ਇਹ ਹੈ ਕਿ ਮਹਾਤਮਾ ਗਾਂਧੀ ਵੀ ਅਜੋਕਾ ਮਾਹੌਲ ਵੇਖ ਕੇ ਝੰਜੋੜੇ ਜਾਂਦੇ। ਉਨ੍ਹਾਂ ਦੀ ਇਸ ਟਿੱਪਣੀ ਦੀ ਬਹੁਤ ਚਰਚਾ ਤਾਰੀਫ਼ ਹੋਈ। ਇਸ ਤੋਂ ਪਹਿਲਾਂ ਸ੍ਰੀ ਓਬਾਮਾ ਨੇ ਆਪਣੀ ਭਾਰਤ ਫੇਰੀ ਮੌਕੇ ਵੀ ਧਾਰਮਿਕ ਸਹਿਣਸ਼ੀਲਤਾ ਦਾ ਪਾਠ ਪੜ੍ਹਾਇਆ ਸੀ। ਪਿਛੋਂ ਵ੍ਹਾਈਟ ਹਾਊਸ ਨੇ ਵੀ ਕਿਹਾ ਹੈ ਕਿ ਇਹ ਸਹੀ ਸਮੇਂ ’ਤੇ ਦਿੱਤਾ ਗਿਆ ਬਿਆਨ ਹੈ। ਇਸੇ ਗੱਲ ਨੂੰ ਹੋਰ ਤਿੱਖੇ ਢੰਗ ਨਾਲ ਪੇਸ਼ ਕਰਦਿਆਂ ‘ਨਿਊਯਾਰਕ ਟਾਈਮਜ਼’ ਨੇ ਸੰਪਾਦਕੀ ਲਿਖ ਦਿੱਤੀ ਜਿਸ ਦਾ ਸਿਰਲੇਖ ਸੀ ‘ਮੋਦੀ ਦੀ ਖ਼ਤਰਨਾਕ ਖਾਮੋਸ਼ੀ।’ ਅਖ਼ਬਾਰ ਪੁੱਛਦਾ ਹੈ ਕਿ ਭਾਰਤ ਵਿਚ ਘੱਟ-ਗਿਣਤੀਆਂ ਵਿਰੁੱਧ ਵਧਦੀ ਹਿੰਸਾ ਬਾਰੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਆਖ਼ਰਕਾਰ ਕਦੋਂ ਬੋਲਣਗੇ? ਜਿਸ ਇਨਸਾਨ ਨੂੰ ਦੇਸ਼ ਦੇ ਹਰ ਨਾਗਰਿਕ ਦੇ ਪ੍ਰਤੀਨਿਧ ਦੇ ਤੌਰ ’ਤੇ ਚੁਣਿਆ ਗਿਆ ਹੈ, ਉਹ ਗਿਰਜਿਆਂ ’ਤੇ ਹੋ ਰਹੇ ਹਮਲਿਆਂ ਬਾਰੇ ਕਿਉਂ ਨਹੀਂ ਬੋਲ ਰਿਹਾ? ਨਾ ਹੀ ਉਨ੍ਹਾਂ ਨੇ ਈਸਾਈਆਂ ਜਾਂ ਮੁਸਲਮਾਨਾਂ ਨੂੰ ਪੈਸੇ ਦੇ ਕੇ ਹਿੰਦੂ ਬਣਾਏ ਜਾਣ ਬਾਬਤ ਹੀ ਕੋਈ ਬਿਆਨ ਦਿਤਾ ਹੈ। ਦੁਨੀਆਂ ਭਰ ਵਿਚ ਪੜ੍ਹੇ ਜਾਣ ਵਾਲੇ ਅਮਰੀਕੀ ਅਖ਼ਬਾਰ ਨੇ ਨਰੇਂਦਰ ਮੋਦੀ ਬਾਰੇ ਸਵਾਲ ਉਠਾਇਆ ਹੈ ਕਿ ਉਨ੍ਹਾਂ ਦੀ ਚੁੱਪ ਤੋਂ ਇਹ ਸੰਦੇਸ਼ ਮਿਲਦਾ ਹੈ ਕਿ ਉਹ ਜਾਂ ਤਾਂ ਉਨ੍ਹਾਂ ਦੇ ਵੱਸ ਦੀ ਗੱਲ ਨਹੀਂ ਰਹੀ ਜਾਂ ਉਹ ਕੁਝ ਕਰਨਾ ਹੀ ਨਹੀਂ ਚਾਹੁੰਦੇ।

ਉਧਰ ਮੁਸਲਿਮ ਧਰਮ ਗੁਰੂਆਂ ਤੇ ਵਿਦਵਾਨਾਂ ਨੇ ਭਾਰਤ ਵਿਚ ਧਾਰਮਿਕ ਸਹਿਣਸ਼ੀਲਤਾ ਬਾਰੇ ਬਰਾਕ ਓਬਾਮਾ ਦੇ ਚਰਚਾ ਵਾਲੇ ਬਿਆਨ ਨੂੰ ਸ੍ਰੀ ਮੋਦੀ ਤੇ ਉਨ੍ਹਾਂ ਦੀ ਪਾਰਟੀ ਲਈ ‘ਅੱਖਾਂ ਖੋਲ੍ਹਣ ਵਾਲਾ’ ਦੱਸਦੇ ਹੋਏ ਕਿਹਾ ਹੈ ਕਿ ਮੋਦੀ ਨੂੰ ਨਫ਼ਰਤ ਭਰੇ ਬਿਆਨਾਂ ਜ਼ਰੀਏ ਸਰਕਾਰ ਦੇ ‘ਸਾਰਿਆਂ ਦੇ ਨਾਲ, ਸਾਰਿਆਂ ਦਾ ਵਿਕਾਸ’ ਦੇ ਨਾਅਰੇ ਨੂੰ ਅੱਗ ਲਗਾ ਰਹੇ ਤੱਤਾਂ ’ਤੇ ਲਗਾਮ ਕੱਸਣੀ ਚਾਹੀਦੀ ਹੈ। ਆਲ ਇੰਡੀਆ ਮੁਸਲਿਮ ਪਰਸਨਲ ਲਾਅ ਬੋਰਡ ਦੇ ਸਕੱਤਰ ਮੌਲਾਨਾ ਨਿਜ਼ਾਮੁਦੀਨ ਨੇ ਕਿਹਾ ਕਿ ਓਬਾਮਾ ਨੇ ਕੋਈ ਨਵੀਂ ਗੱਲ ਨਹੀਂ ਕਹੀ ਪਰ ਇੰਨਾ ਜ਼ਰੂਰ ਹੈ ਕਿ ਇਹ ਅਮਰੀਕੀ ਰਾਸ਼ਟਰਪਤੀ ਦੀ ‘ਆਓ ਭਗਤ’ ਕਰ ਕੇ ਮਾਣ ਕਰਨ ਵਾਲੀ ਭਾਜਪਾ ਸਰਕਾਰ ਲਈ ਅੱਖਾਂ ਖੋਲ੍ਹਣ ਵਾਲੀ ਗੱਲ ਹੈ।

## ਘੱਟ-ਗਿਣਤੀਆਂ ਦੀ ‘ਆਪ’ ਨਾਲ ਕੜਿੰਗੜੀ

(ਸਫਾ ਇਕ ਦੀ ਬਾਕੀ)

ਤਕੜਾ ਪ੍ਰਭਾਵ ਰਿਹਾ ਹੈ, ਪਰ ਭਾਜਪਾ ਨਾਲ ਭਾਈਵਾਲ ਹੋਣ ਕਾਰਨ ਤੇ ਦਿੱਲੀ ਕਤਲੇਆਮ ਦੇ ਦੋਸ਼ੀਆਂ ਬਾਰੇ ਸਿਆਸਤ ਖੇਡਣ ਕਾਰਨ ਸਿੱਖ ਭਾਈਚਾਰੇ ਦਾ ਲੱਗਦਾ ਹੈ ਕਿ ਅਕਾਲੀ ਦਲ ਤੋਂ ਵੀ ਵਿਸ਼ਵਾਸ ਟੁੱਟ ਗਿਆ ਹੈ ਤੇ ਅਕਾਲੀ ਦਲ ਆਪਣੇ ਖਾਤੇ ਵਾਲੀਆਂ ਚਾਰੇ ਸੀਟਾਂ ਹਾਰ ਗਿਆ ਹੈ। ਹੋਰ ਸਿੱਖ ਵਸੋਂ ਵਾਲੇ ਖੇਤਰਾਂ ਵਿਚ ਵੀ ਭਾਜਪਾ ਨੂੰ ਹੁੰਗਾਰਾ ਨਹੀਂ ਮਿਲਿਆ ਜਦ ਕਿ ‘ਆਪ’ ਦੇ ਸਾਰੇ ਸਿੱਖ ਉਮੀਦਵਾਰ ਜੇਤੂ ਰਹੇ ਰਹੇ। ਇਸੇ ਤਰ੍ਹਾਂ ਮੁਸਲਿਮ ਵਸੋਂ ਵਾਲੇ ਸਾਰੇ ਹੀ ਖੇਤਰਾਂ ਵਿਚ ‘ਆਪ’ ਦੇ ਉਮੀਦਵਾਰਾਂ ਨੂੰ ਵੱਡੀ ਜਿੱਤ ਹਾਸਲ ਹੋਈ ਹੈ।

# ਦਿੱਲੀ ਵਿਚ ਨਵੀਂ ਸਿਆਸਤ ਦਾ ਬਿਗਲ

(ਸਫਾ ਇਕ ਦੀ ਬਾਕੀ)

ਮਹੀਨਿਆਂ ਬਾਅਦ ਹੀ 70 ਵਿਚੋਂ ਸਿਰਫ ਤਿੰਨ ਵਿਧਾਨ ਸਭਾ ਸੀਟਾਂ ਜਿੱਤਣ ਤੱਕ ਸਿਮਟ ਕੇ ਰਹਿ ਗਈ ਹੈ। ਸੀਟਾਂ ਦੀ ਗਿਣਤੀ ਪੱਖੋਂ ਹੀ ਨਹੀਂ, ਬਲਕਿ ਵੋਟ ਫੀਸਦ ਪੱਖੋਂ ਵੀ ਭਾਜਪਾ ਦਾ ਗਰਾਫ਼ ਕਾਫ਼ੀ ਹੇਠਾਂ ਆ ਗਿਆ ਹੈ। ਲੋਕ ਸਭਾ ਵਿਚ 46 ਫ਼ੀਸਦ ਵੋਟਾਂ ਪ੍ਰਾਪਤ ਕਰਨ ਵਾਲੀ ਭਾਜਪਾ ਨੂੰ ਹੁਣ 32 ਫ਼ੀਸਦੀ ਵੋਟਾਂ ਹੀ ਪ੍ਰਾਪਤ ਹੋ ਸਕੀਆਂ ਹਨ। ਲੋਕ ਸਭਾ ਚੋਣਾਂ ਵਿਚ ਭਾਰੀ ਬਹੁਮੱਤ ਨਾਲ ਜੇਤੂ ਰਹਿਣ ਤੋਂ ਬਾਅਦ ਭਾਜਪਾ ਲਗਾਤਾਰ ਜੇਤੂ ਅੰਦਾਜ਼ ਵਿਚ ਅੱਗੇ ਵਧਦੀ ਆ ਰਹੀ ਸੀ। ਹਰਿਆਣਾ, ਜੰਮੂ ਕਸ਼ਮੀਰ, ਮਹਾਰਾਸ਼ਟਰ ਤੇ ਝਾਰਖੰਡ ਸੂਬਿਆਂ ਦੀਆਂ ਵਿਧਾਨ ਸਭਾ ਚੋਣਾਂ ਵਿਚ ਵਿਰੋਧੀ ਧਿਰਾਂ ਨੂੰ ਮਾਤ ਦੇਣ ਬਾਅਦ ਭਾਜਪਾ ਨੇ ਦਿੱਲੀ ਵਿਧਾਨ ਸਭਾ ਉਤੇ ਕਬਜ਼ਾ ਕਰਨ ਲਈ ਸਿਰਧੜ ਦੀ ਬਾਜ਼ੀ ਲਾਈ ਹੋਈ ਸੀ ਪਰ ਦਿੱਲੀ ਦੇ ਵੋਟਰਾਂ ਨੇ ਉਸ ਨੂੰ ਬੁਰੀ ਤਰ੍ਹਾਂ ਨਾਕਾਰ ਦਿੱਤਾ।

ਸਿਰਫ ਢਾਈ ਸਾਲ ਪੁਰਾਣੀ ਆਮ ਆਦਮੀ ਪਾਰਟੀ ਵੱਲੋਂ ਭਾਜਪਾ ਜਿਹੀ ਕੌਮੀ ਅਤੇ ਕਈ ਦਹਾਕੇ ਪੁਰਾਣੀ ਕਾਡਰ ਆਧਾਰਤ ਪਾਰਟੀ ਨੂੰ ਕਰਾਰੀ ਹਾਰ ਦੇਣੀ ਨਾ ਸਿਰਫ ਦਿੱਲੀ, ਬਲਕਿ ਸਮੁੱਚੇ ਮੁਲਕ ਦੀ ਸਿਆਸਤ ਵਿਚ ਮਹੱਤਵਪੂਰਨ ਘਟਨਾ ਮੰਨੀ ਜਾ ਰਹੀ ਹੈ। ਇਹ ਚੋਣ ਜਿੱਤਣ ਲਈ ਭਾਜਪਾ ਨੇ ਧਨ-ਦੌਲਤ, ਜਾਤੀ-ਜਮਾਤੀ ਤੇ ਦਲ-ਬਦਲੀ ਜਿਹੇ ਚੋਣ ਢੰਗਾਂ ਦੀ ਵਰਤੋਂ ਦੇ ਨਾਲ-ਨਾਲ ਫ਼ਿਰਕੂ ਪੱਤੇ ਦੀ ਖੇਡ ਤੋਂ ਗੁਰੇਜ਼ ਨਹੀਂ ਕੀਤਾ ਗਿਆ। ਹੋਰ ਤਾਂ ਹੋਰ, ਉਸ ਨੇ ਵਿਵਾਦਗ੍ਰਸਤ ਡੇਰਾ ਸੱਚਾ ਸੌਦਾ ਸਿਰਸਾ ਦੀ ਹਮਾਇਤ ਪ੍ਰਾਪਤ ਕਰਨ ਵਿਚ ਵੀ ਸੰਕੋਚ ਨਹੀਂ ਵਿਖਾਈ। ਦੂਜੇ ਪਾਸੇ ‘ਆਪ’ ਨੇ ਜਿੱਤ-ਹਾਰ ਦੀ ਪਰਵਾਹ ਨਾ ਕਰਦਿਆਂ ਜਾਮਾ ਮਸਜਿਦ ਦੇ ਸ਼ਾਹੀ ਇਮਾਮ ਅਬਦੁੱਲ ਬੁਖਾਰੀ ਦੀ ਹਮਾਇਤ ਨੂੰ ਰੱਦ ਕਰਨ ਦਾ ਹੌਸਲਾ ਵਿਖਾ ਕੇ ਰਾਜਨੀਤੀ ਵਿਚ ਖੇਡੇ ਜਾ ਰਹੇ ਫ਼ਿਰਕੂ ਪੱਤੇ ਨੂੰ ਨਕਾਰ ਕੇ ਨਵੀਂ ਤੇ ਸਾਰਥਿਕ ਮਿਸਾਲ ਕਾਇਮ ਕੀਤੀ ਹੈ। ਬੁੱਧੀਜੀਵੀਆਂ ਵੱਲੋਂ ਭਾਜਪਾ ਦੀ ਹਾਰ ਦਾ ਇਕ ਕਾਰਨ ਇਸ ਵੱਲੋਂ ਕੇਂਦਰ ਵਿਚ ਸੱਤਾ ਪ੍ਰਾਪਤੀ ਬਾਅਦ ਅਪਣਾਈਆਂ ਗਈਆਂ ਫ਼ਿਰਕੂ ਨੀਤੀਆਂ ਨੂੰ ਵੀ ਮੰਨਿਆ ਜਾ ਰਿਹਾ ਹੈ। ਭਾਜਪਾ ਦੇ ਕੁਝ ਨੇਤਾਵਾਂ ਵੱਲੋਂ ‘ਹਿੰਦੂ, ਹਿੰਦੀ, ਹਿੰਦੁਸਤਾਨ’ ਦੇ ਨਾਅਰੇ, ਹਿੰਦੀ ਤੇ ਸੰਸਕ੍ਰਿਤ ਨੂੰ ਤਰਜੀਹ ਦੇਣ ਦੇ ਯਤਨ ਤੇ ‘ਘਰ ਵਾਪਸੀ’ ਜਿਹੀ ਫ਼ਿਰਕੂ ਭਾਵਨਾ ਨੂੰ ਬਲ ਦੇਣ ਵਾਲੇ ਬਿਆਨਾਂ ਤੇ ਕਾਰਜਾਂ ਨੇ ਘੱਟ-ਗਿਣਤੀਆਂ ਦੇ ਮਨਾਂ ਵਿਚ ਸਹਿਮ ਤੇ ਡਰ ਦੀ ਭਾਵਨਾ ਪੈਦਾ ਕਰ ਦਿੱਤੀ ਜਿਸ ਦਾ ਖਮਿਆਜ਼ਾ ਭਾਜਪਾ ਨੂੰ ਇਨ੍ਹਾਂ ਚੋਣਾਂ ਵਿਚ ਭੁਗਤਣਾ ਪਿਆ ਹੈ। ਭਾਜਪਾ ਨੂੰ ਭਾਵੇਂ ਆਸ ਸੀ ਕਿ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਦੀ ਗਣਤੰਤਰ ਦਿਵਸ ਮੌਕੇ ਫੇਰੀ ਦਾ ਉਸ ਨੂੰ ਇਨ੍ਹਾਂ ਚੋਣਾਂ ਵਿਚ ਲਾਭ ਮਿਲੇਗਾ ਪਰ ਸ੍ਰੀ ਓਬਾਮਾ ਵੱਲੋਂ ਵਿਦਾਇਗੀ ਸਮੇਂ ਧਰਮ ਨਿਰਪੱਖਤਾ ਦੇ ਮੁੱਦੇ ’ਤੇ ਪ੍ਰਗਟਾਏ ਗਏ ਵਿਚਾਰ ਭਾਜਪਾ ਦੇ ਗਲੇ ਦੀ ਹੱਡੀ ਸਿੱਧ ਹੋਏ। ਇਹੀ ਨਹੀਂ, ਇਸ ਮੌਕੇ ਪ੍ਰਧਾਨ ਮੰਤਰੀ ਵੱਲੋਂ ਵਾਰ-ਵਾਰ ਬਦਲੇ ਗਏ ਪਹਿਰਾਵੇ ਤੇ 10 ਲੱਖ ਦੇ ਸੂਟ ਦੀ ਚਰਚਾ ਨੇ ਆਮ ਵੋਟਰਾਂ ਨੂੰ ਭਾਜਪਾ ਤੋਂ ਦੂਰ ਕੀਤਾ।

**ਅਕਾਲੀਆਂ ਦੇ ਕੰਮ ਨਾ ਆਇਆ ਮਜੀਠੀਏ ਵਾਲਾ ਫ਼ੈਂਟਰ:** ਦਿੱਲੀ ਵਿਧਾਨ ਸਭਾ ਚੋਣਾਂ ਲਈ ਵੋਟਾਂ ਪੈਣ ਤੋਂ ਦੋ ਦਿਨ ਪਹਿਲਾਂ ਅਕਾਲੀ ਦਲ ਨੇ ਨਸ਼ਾ ਤਸਕਰੀ ਮਾਮਲੇ ਵਿਚ ਈ.ਡੀ. ਦੀ ਜਾਂਚ ਦਾ ਸਾਹਮਣਾ ਕਰ ਰਹੇ ਮਾਲ ਮੰਤਰੀ ਬਿਕਰਮ ਸਿੰਘ ਮਜੀਠੀਆ ਨੂੰ ਕਲੀਨ ਚਿੱਟ ਦੇਣ ਦੀ ਅਫਵਾਹ ਫੈਲਾ ਦਿੱਤੀ ਸੀ। ਅਕਾਲੀ ਦਲ ਨੇ ਇਹ ਪੱਤਾ ਦਿੱਲੀ ਚੋਣਾਂ ਦੀ ਕਮਾਨ ਸਭਾਲ ਰਹੇ ਮਜੀਠੀਆ ਨੂੰ ਪਾਕ-ਸਾਫ ਦੱਸਣ ਲਈ ਖੇਡਿਆ ਸੀ ਪਰ ਇਸ ਦੇ ਬਾਵਜੂਦ ਅਕਾਲੀ ਦਲ ਦੇ ਚਾਰੇ ਉਮੀਦਵਾਰ ਹਾਰ ਗਏ। ਇਥੇ ਰਾਜੌਰੀ ਗਾਰਡਨ ਸੀਟ ’ਤੇ ਅਕਾਲੀ ਦਲ ਦੇ ਚੋਣ ਨਿਸ਼ਾਨ ਉਤੇ ਚੋਣਾਂ ਲੜ ਰਹੇ ਇਕਲੌਤੇ ਉਮੀਦਵਾਰ ਮਨਜਿੰਦਰ ਸਿੰਘ ਸਿਰਸਾ ਨੂੰ ਆਮ ਆਦਮੀ ਪਾਰਟੀ ਦੇ ਜਰਨੈਲ ਸਿੰਘ ਪੱਤਰਕਾਰ ਨੇ 10036 ਵੋਟਾਂ ਨਾਲ ਹਰਾ ਦਿੱਤਾ ਹੈ। ਸ਼ਾਹਦਰਾ ਸੀਟ ਤੋਂ ਅਕਾਲੀ-ਭਾਜਪਾ ਉਮੀਦਵਾਰ ਜਤਿੰਦਰ ਸਿੰਘ, ਹਰੀ ਨਗਰ ਸੀਟ ਤੋਂ ਅਵਤਾਰ ਸਿੰਘ ਹਿੱਤ, ਕਾਲਕਾ ਸੀਟ ਤੋਂ ਹਰਮੀਤ ਸਿੰਘ ਕਾਲਕਾ ਨੂੰ ਬੁਰੀ ਤਰ੍ਹਾਂ ਹਾਰ ਦਾ ਸਾਹਮਣਾ ਕਰਨਾ ਪਿਆ।

## ਆਗੂ ਜਿੱਤ ਦੇ ਗ਼ਰੂਰ ਤੋਂ ਬਚਣ: ਕੇਜਰੀਵਾਲ

**ਨਵੀਂ ਦਿੱਲੀ:** ਆਮ ਆਦਮੀ ਪਾਰਟੀ ਦੇ ਕਨਵੀਨਰ ਤੇ ਦਿੱਲੀ ਦੇ ਬਣਨ ਜਾ ਰਹੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਦਿੱਲੀ ਨੇ ਕਮਾਲ ਕੀਤਾ ਹੈ ਤੇ ‘ਆਪ’ ਦੀ ਦਿੱਲੀ ਵਿਧਾਨ ਸਭਾ ਚੋਣਾਂ ਵਿਚ ਜਿੱਤ ਹੋਈ ਪਰ ਨਾਲ ਹੀ ਸ੍ਰੀ ਕੇਜਰੀਵਾਲ ਨੇ ਪਾਰਟੀ ਵਰਕਰਾਂ, ਆਗੂਆਂ ਤੇ ਸਾਥੀਆਂ ਨੂੰ ਸੰਦੇਸ਼ ਦਿੱਤਾ ਕਿ ਇਸ ਜਿੱਤ ਦਾ ਘੁਮੰਡ ਨਹੀਂ ਕਰਨਾ ਕਿਉਂਕਿ ਕਾਂਗਰਸ ਤੇ ਭਾਜਪਾ ਦੇ ਹੰਕਾਰ ਕਾਰਨ ਹੀ ਇਨ੍ਹਾਂ ਪਾਰਟੀਆਂ ਦੀ ਹਾਰ ਹੋਈ ਹੈ। ਉਨ੍ਹਾਂ ਪਾਰਟੀ ਵਰਕਰਾਂ ਨੂੰ ਚੇਤਾ ਕਰਵਾਇਆ ਕਿ ਜੇਕਰ ‘ਹੰਕਾਰ’ ਕੀਤਾ ਤਾਂ ਪੰਜ ਸਾਲ ਬਾਅਦ ਦਿੱਲੀ ਦੀ ਜਨਤਾ ਸਾਨੂੰ ਸਬਕ ਸਿਖਾਏਗੀ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ

ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ

ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ

ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੁਰਾ
ਗੁਰਿੰਦਰ ਸਿੰਘ ਗਿੱਲ

# ਜੈਨਕੋ ਵਲੋਂ ਇੰਜੀਨੀਅਰ ਹਫਤਾ 15 ਫਰਵਰੀ ਤੋਂ

**ਫਰੀਮਾਂਟ (ਬਿਊਰੋ):** ਗੁਰੂ ਨਾਨਕ ਇੰਜੀਨੀਅਰਿੰਗ ਕਾਲਜ, ਲੁਧਿਆਣਾ ਦੇ ਪੁਰਾਣੇ ਵਿਦਿਆਰਥੀਆਂ ਦੀ ਜਥੇਬੰਦੀ ਜੈਨਕੋ ਵਲੋਂ ਮਨਾਏ ਜਾ ਰਹੇ ਇੰਜੀਨੀਅਰ ਹਫਤੇ ਦੌਰਾਨ ਇਸ ਵਾਰ ਗੁਰਦੁਆਰਾ ਫਰੀਮਾਂਟ ਵਿਚ ਐਤਵਾਰ, 15 ਫਰਵਰੀ ਨੂੰ ਅਤੇ ਗੁਰਦੁਆਰਾ ਐਲ ਸਬਰਾਂਟੇ ਵਿਚ ਐਤਵਾਰ, 22 ਫਰਵਰੀ ਨੂੰ ਵਿਸ਼ੇਸ਼ ਬੂਥ ਸਵੇਰੇ 10 ਵਜੇ ਤੋਂ ਬਾਅਦ ਦੁਪਹਿਰ 2 ਵਜੇ ਤੱਕ ਲਾਏ ਜਾਣਗੇ। ਇਨ੍ਹਾਂ ਬੂਥਾਂ ਰਾਹੀਂ ਮਾਪਿਆਂ ਅਤੇ ਬੱਚਿਆਂ ਵਿਚ ਇੰਜੀਨੀਅਰਿੰਗ ਬਾਰੇ ਚੇਤੰਨਤਾ ਵਧਾਉਣ ਲਈ ਜਾਣਕਾਰੀ ਮੁਹੱਈਆ ਕੀਤੀ ਜਾਵੇਗੀ ਤਾਂ ਜੋ ਉਹ ਆਪਣੇ ਬੱਚਿਆਂ ਦੀ ਸਕੂਲ ਅਤੇ ਉਚੇਰੀ ਪੜ੍ਹਾਈ ਲਈ ਕੋਰਸਾਂ ਦੀ ਚੋਣ ਸਮੇਂ ਅਗਵਾਈ ਕਰ ਸਕਣ।

ਸੰਸਥਾ ਵਲੋਂ ਜਾਰੀ ਬਿਆਨ ਅਨੁਸਾਰ ਇਸ ਮੌਕੇ ਲੜਕੀਆਂ ਨੂੰ ਜਾਗਰੂਕ ਕੀਤਾ ਜਾਏਗਾ ਕਿ ਸਮਾਂ ਬਦਲ ਚੁਕਾ ਹੈ ਅਤੇ ਇੰਜੀਨੀਅਰਿੰਗ ਦੇ ਪੇਸ਼ੇ ਨੂੰ ਚੁਣਨ ਲਈ ਲੜਕੀਆਂ ਤੇ ਲੜਕਿਆਂ ਵਿਚਾਲੇ ਕੋਈ ਫਰਕ ਨਹੀਂ ਰਿਹਾ। ਲੜਕੀਆਂ ਇੰਜੀਨੀਅਰਿੰਗ ਦੇ ਪੇਸ਼ੇ ਵਿਚ ਲੜਕਿਆਂ ਦੇ ਬਰਾਬਰ ਹੀ ਤਰੱਕੀ ਪਾ ਸਕਦੀਆਂ ਹਨ। ਬੱਚਿਆਂ ਨੂੰ ਦੱਸਿਆ ਜਾਵੇਗਾ ਕਿ ਇੰਜੀਨੀਅਰ ਕੀ ਕਰਦੇ ਹਨ ਤਾਂ ਜੋ ਬੱਚਿਆਂ ਨੂੰ ਆਪਣੇ ਮਨਪਸੰਦ ਦਾ ਪੇਸ਼ਾ ਚੁਣਨ ਵਿਚ ਮਦਦ ਮਿਲ ਸਕੇ। ਕਾਲਜਾਂ ਅਤੇ ਮੁਲਾਜ਼ਮਾਂ ਦੀ ਕੌਮੀ ਜਥੇਬੰਦੀ ਦੇ ਹਾਲੀਆ ਸਰਵੇਖਣ ਅਨੁਸਾਰ ਇੰਜੀਨੀਅਰਿੰਗ ਪਾਸ ਕਰਨ ਵਾਲਿਆਂ ਨੂੰ ਹੋਰ ਪੇਸ਼ਿਆਂ ਤੋਂ ਵੱਧ ਤਨਖਾਹ ਅਤੇ ਹੋਰ ਲਾਭ ਮਿਲਦੇ ਹਨ। ਸਾਲ 2014 ਦੌਰਾਨ ਇੰਜੀਨੀਅਰਿੰਗ ਦੀ ਮੇਜਰ ਡਿਗਰੀ ਕਰਨ ਵਾਲਿਆਂ ਨੂੰ ਜਥੇਬੰਦੀ ਦੀ ਉਚੀ ਤਨਖਾਹ ਲੈਣ ਵਾਲਿਆਂ ਦੀ ਸੂਚੀ ਵਿਚ ਸਭ ਤੋਂ ਵੱਧ ਤਨਖਾਹ ਮਿਲਦੀ ਰਹੀ ਹੈ। ਇਸ ਮਾਮਲੇ ਵਿਚ ਕੈਮੀਕਲ ਇੰਜੀਨੀਅਰਿੰਗ, ਇਲੈਕਟਰੀਕਲ ਇੰਜੀਨੀਅਰਿੰਗ, ਸਿਵਲ ਇੰਜੀਨੀਅਰਿੰਗ ਅਤੇ ਕੰਪਿਊਟਰ ਸਾਇੰਸ ਦੀ ਮੇਜਰ ਡਿਗਰੀ ਕਰਨ ਵਾਲੇ ਮੋਹਰੀ ਰਹੇ ਹਨ।

ਜੈਨਕੋ ਉਨ੍ਹਾਂ ਇੰਜੀਨੀਅਰਾਂ ਵਲੋਂ ਬਣਾਈ ਗਈ ਸੀ ਜਿਨ੍ਹਾਂ ਨੇ ਗੁਰੂ ਨਾਨਕ ਇੰਜੀਨੀਅਰਿੰਗ ਕਾਲਜ ਲੁਧਿਆਣਾ ਤੋਂ ਪੜ੍ਹਾਈ ਪੂਰੀ ਕੀਤੀ ਹੈ। ਬਾਅਦ ਵਿਚ ਬੇਅ ਏਰੀਆ ਵਿਚ ਰਹਿੰਦੇ ਹੋਰਨਾਂ ਕਾਲਜਾਂ ਤੋਂ ਇੰਜੀਨੀਅਰਿੰਗ ਕਰਨ ਵਾਲੇ ਇੰਜੀਨੀਅਰ, ਉਨ੍ਹਾਂ ਦੇ ਦੋਸਤ ਅਤੇ ਪਰਿਵਾਰ ਸ਼ਾਮਲ ਹੁੰਦੇ ਗਏ। ਲੋਕਾਂ ਨੂੰ ਇੰਜੀਨੀਅਰਿੰਗ ਦੇ ਪੇਸ਼ੇ ਬਾਰੇ ਜਾਗਰੂਕ ਕਰਨ ਲਈ ਇਹ ਸੇਵਾ ਇਕ ਮਿਸ਼ਨ ਵਜੋਂ ਜੈਨਕੋ ਵਲੋਂ ਮੁਫਤ ਮੁਹੱਈਆ ਕੀਤੀ ਜਾਂਦੀ ਹੈ। ਜੈਨਕੋ ਇੰਜੀਨੀਅਰਿੰਗ ਸਿਖਿਆ ਮੁਹੱਈਆ ਕਰਨ ਵਾਲੀ ਕਿਸੇ ਇਕ ਸੰਸਥਾ ਦੀ ਵਕਾਲਤ ਨਹੀਂ ਕਰਦੀ। ਜੈਨਕੋ ਵਲੋਂ ਹਰ ਸਾਲ ਆਪਣੇ ਮੈਂਬਰਾਂ ਲਈ ਸਭਿਆਚਾਰਕ, ਖੇਡਾਂ, ਧਾਰਮਿਕ ਅਤੇ ਇੰਜੀਨੀਅਰਿੰਗ ਦੇ ਪੇਸ਼ੇ ਸਬੰਧੀ ਕਈ ਪ੍ਰੋਗਰਾਮ ਕਰਾਏ ਜਾਂਦੇ ਹਨ। ਹੋਰ ਜਾਣਕਾਰੀ ਈਮੇਲ gencospirit@yahoo.com ਜਾਂ ਵੈਬ ਸਾਈਟ www.GencoBayArea.com ਰਾਹੀਂ ਲਈ ਜਾ ਸਕਦੀ ਹੈ।

## ਕੈਨੇਡਾ ਸੁਪਰੀਮ ਕੋਰਟ ਵਲੋਂ ਸਵੈ-ਇੱਛਤ ਮੌਤ ਦੀ ਇਜਾਜ਼ਤ

**ਟੋਰਾਂਟੋ:** ਇਕ ਇਤਿਹਾਸਕ ਫੈਸਲੇ ਵਿਚ ਕੈਨੇਡਾ ਦੀ ਸੁਪਰੀਮ ਕੋਰਟ ਨੇ ਬੇਇਲਾਜੇ ਮਰੀਜ਼ ਨੂੰ ਡਾਕਟਰ ਦੀ ਮਦਦ ਨਾਲ ਮਰਨ ਦੀ ਆਗਿਆ ਦੇ ਦਿੱਤੀ ਹੈ। ਅਦਾਲਤ ਨੇ ਮੁਲਕ ਦੇ ਮੌਜੂਦਾ ਕਾਨੂੰਨ ਨੂੰ ਨਕਾਰਦਿਆਂ ਸਰਕਾਰ ਨੂੰ ਇਸ ਵਿਚ ਤਰਮੀਮ ਕਰਨ ਵਾਸਤੇ ਇਕ ਸਾਲ ਦੀ ਮੋਹਲਤ ਦਿੱਤੀ ਹੈ। ਗੰਭੀਰ ਬੀਮਾਰੀਆਂ ਨਾਲ ਪੀੜਤ, ਸਰੀਰਕ ਤੇ ਮਾਨਸਿਕ ਕਸ਼ਟ ਝੱਲਦੇ ਲੋਕਾਂ ਲਈ ਆਪਣੀ ਜੀਵਨ ਲੀਲ੍ਹਾ ਖਤਮ ਕਰਨਾ ਮੁਲਕ ਦੇ ਮੌਜੂਦਾ ਕਾਨੂੰਨ ਵਿਚ ਵਰਜਿਤ ਹੈ। ਸੁਪਰੀਮ ਕੋਰਟ ਦੇ ਇਸ ਨਿਰਦੇਸ਼ ਦੇ ਚਲਦਿਆਂ ਹੁਣ ਮੁਲਕ ਦੇ ਕਾਨੂੰਨ ਵਿਚ ਤਰਮੀਮ ਕਰਨਾ ਸਰਕਾਰ ਲਈ ਅਹਿਮ ਮੁੱਦਾ ਹੈ ਜਦਕਿ ਮੁਲਕ ਦੇ ਸਿਰ 'ਤੇ ਚੋਣਾਂ ਵੀ ਆ ਖੜ੍ਹੀਆਂ ਹਨ।

# ਜਲੰਧਰ ਵਿਚ ਲੜਕੀਆਂ ਦੀ ਜਨਮ ਦਰ ਵਧੀ

**ਜਲੰਧਰ:** ਪੰਜਾਬ ਦੇ ਜਲੰਧਰ ਜ਼ਿਲ੍ਹੇ ਵਿਚ ਲੜਕੀਆਂ ਦੀ ਜਨਮ ਦਰ ਵਧੀ ਹੈ। ਦੋਆਬੇ ਦੇ ਚਾਰ ਜ਼ਿਲ੍ਹਿਆਂ ਵਿਚੋਂ ਜਲੰਧਰ ਵਿਚ ਲਿੰਗ ਅਨੁਪਾਤ ਅਨੁਸਾਰ ਲੜਕੀਆਂ ਦੀ ਗਿਣਤੀ ਵਿਚ ਵਾਧਾ ਹੋਇਆ ਹੈ। ਸਰਕਾਰੀ ਅੰਕੜਿਆਂ ਅਨੁਸਾਰ ਜਲੰਧਰ ਵਿਚ 1000 ਲੜਕਿਆਂ ਪਿੱਛੇ ਲੜਕੀਆਂ ਦੀ ਗਿਣਤੀ 922 ਤੱਕ ਪਹੁੰਚ ਗਈ ਹੈ। ਪੰਜਾਬ ਵਿਚ 2011 ਦੀ ਜਨ ਗਣਨਾ ਅਨੁਸਾਰ 1000 ਲੜਕਿਆਂ ਪਿੱਛੇ 895 ਲੜਕੀਆਂ ਸਨ ਜਦਕਿ ਜ਼ਿਲ੍ਹਾ ਜਲੰਧਰ ਵਿਚ ਇਸ ਜਨ ਗਣਨਾ ਦੇ ਅਨੁਸਾਰ 1000 ਲੜਕਿਆਂ ਦੇ ਪਿੱਛੇ 915 ਲੜਕੀਆਂ ਤੇ ਹੁਸ਼ਿਆਰਪੁਰ ਵਿਖੇ 1000 ਲੜਕਿਆਂ ਪਿੱਛੇ 961, ਨਵਾਂਸ਼ਹਿਰ 954 ਤੇ ਕਪੂਰਥਲਾ ਵਿਚ 912 ਲੜਕੀਆਂ ਦੀ ਗਿਣਤੀ ਦਰਜ ਕੀਤੀ ਗਈ ਸੀ। ਜਲੰਧਰ ਜ਼ਿਲ੍ਹੇ ਵਿਚ ਗਰਭਵਤੀ ਔਰਤਾਂ ਦੀ ਰਜਿਸਟ੍ਰੇਸ਼ਨ ਆਨਲਾਈਨ ਕੀਤੇ ਜਾਣ ਨਾਲ ਵੀ ਫਰਕ ਪਿਆ ਹੈ ਕਿਉਂਕਿ ਇਸ ਨਾਲ ਗਰਭਵਤੀ ਔਰਤਾਂ ਸਿਹਤ ਵਿਭਾਗ ਦੇ ਸੰਪਰਕ ਵਿਚ ਰਹਿੰਦੀਆਂ ਹਨ।

ਡਿਪਟੀ ਕਮਿਸ਼ਨਰ ਕਮਲ ਕਿਸ਼ੋਰ ਯਾਦਵ ਨੇ ਦੱਸਿਆ ਕਿ ਜਲੰਧਰ ਜ਼ਿਲ੍ਹੇ ਵਿਚ 245 ਦੇ ਕਰੀਬ ਸਕੈਨ ਸੈਂਟਰ ਸਰਕਾਰ ਵਲੋਂ ਰਜਿਸਟਰ ਕੀਤੇ ਗਏ ਹਨ ਜਿਨ੍ਹਾਂ ਵਿਚੋਂ ਸਭ ਤੋਂ ਵੱਧ ਸਕੈਨ ਸੈਂਟਰ ਜਲੰਧਰ ਸ਼ਹਿਰ ਵਿਚ 204, ਫਿਲੌਰ ਸਬ ਡਿਵੀਜ਼ਨ ਵਿਚ 17, ਸ਼ਾਹਕੋਟ 14 ਤੇ ਨਕੋਦਰ ਸਬ ਡਿਵੀਜ਼ਨ ਵਿਚ 10 ਸਕੈਨ ਸੈਂਟਰ ਚੱਲ ਰਹੇ ਹਨ। ਉਨ੍ਹਾਂ ਦੱਸਿਆ ਕਿ ਪਿਛਲੇ ਇਕ ਮਹੀਨੇ ਦੌਰਾਨ ਜ਼ਿਲ੍ਹਾ ਪੱਧਰੀ ਕਮੇਟੀ ਵਲੋਂ 41 ਸੈਂਟਰਾਂ ਦੀ ਪੜਤਾਲ ਕੀਤੀ ਗਈ ਸੀ ਤੇ ਤਿੰਨ ਸੈਂਟਰਾਂ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤੇ ਗਏ ਸਨ। ਪਿਛਲੇਰੇ ਮਹੀਨੇ ਦੌਰਾਨ ਤਿੰਨ ਸਕੈਨਿੰਗ ਸੈਂਟਰ ਜਿਨ੍ਹਾਂ ਵਿਚ ਨਰੇਸ਼ ਹਸਪਤਾਲ ਸ਼ਾਹਕੋਟ, ਪ੍ਰੀਤੀਕਾ ਹਸਪਤਾਲ ਲੋਹੀਆਂ ਤੇ ਸੋਂਧੀ ਹਸਪਤਾਲ ਗੁਜਾਪੀਰ ਰੋਡ ਜਲੰਧਰ ਦੀ ਮਸ਼ੀਨ ਵਿਚ ਗੰਭੀਰ ਖਾਮੀਆਂ ਪਾਈਆਂ ਜਾਣ ਕਾਰਨ ਇਨ੍ਹਾਂ ਕੇਂਦਰਾਂ ਨੂੰ ਸੀਲ ਕੀਤਾ ਗਿਆ ਹੈ।

ਸ੍ਰੀ ਯਾਦਵ ਨੇ ਦੱਸਿਆ ਕਿ ਜ਼ਿਲ੍ਹਾ ਪੱਧਰੀ ਕਮੇਟੀਆਂ ਤੋਂ ਇਲਾਵਾ ਸਿਹਤ ਵਿਭਾਗ ਦੇ ਸਟੇਟ ਹੈਡਕੁਆਰਟਰ ਤੋਂ ਵੀ ਰਜਿਸਟਰ ਕੀਤੇ ਗਏ ਸਕੈਨਿੰਗ ਸੈਂਟਰਾਂ 'ਤੇ ਨਜ਼ਰ ਰੱਖਣ ਲਈ ਟੀਮਾਂ ਬਣਾਈਆਂ ਗਈਆਂ ਹਨ ਜੋ ਅੰਤਰ ਜ਼ਿਲ੍ਹਾ ਨਿਰੀਖਣ ਲਈ ਸਮੇਂ-ਸਮੇਂ 'ਤੇ ਅਚਨਚੇਤ ਚੈਕਿੰਗ ਕਰਦੀਆਂ ਹਨ।




ਸਿਹਤ ਵਿਭਾਗ, ਸਿੱਖਿਆ ਵਿਭਾਗ, ਨਹਿਰੂ ਯੂਵਾ ਕੇਂਦਰ, ਯੁਵਕ ਸੇਵਾਵਾਂ ਵਿਭਾਗ ਤੇ ਸਮਾਜ ਸੇਵੀ ਸੰਸਥਾਵਾਂ ਦੇ ਸਹਿਯੋਗ ਨਾਲ ਪਿੰਡਾਂ ਵਿਚ ਲਿੰਗ ਅਨੁਪਾਤ ਦੇ ਸੁਧਾਰ ਵਾਸਤੇ ਪਿੰਡ, ਸਬ ਸੈਂਟਰ ਪੱਧਰ, ਬਲਾਕ ਪੱਧਰ ਅਤੇ ਜ਼ਿਲ੍ਹਾ ਪੱਧਰ 'ਤੇ ਸੈਮੀਨਾਰ ਲਗਾ ਕੇ ਲੋਕਾਂ ਵਿਚ ਜਾਗਰੂਕਤਾ ਪੈਦਾ ਕੀਤੀ ਜਾ ਰਹੀ ਹੈ ਤੇ ਹਰੇਕ ਗਰਭਵਤੀ ਔਰਤ ਦਾ ਰਿਕਾਰਡ ਆਨਲਾਈਨ ਐਮ. ਸੀ. ਟੀ.ਐਸ. ਰਾਹੀਂ ਦਰਜ ਕੀਤਾ ਜਾ ਰਿਹਾ ਹੈ।


ਤੰਦੂਰੀਏ ਅਤੇ ਹੈਲਪਰ ਦੀ ਫੌਰੀ ਲੋੜ

ਆਇਓਵਾ ਸਟੇਟ ਵਿਚ ਇੰਡੀਅਨ ਰੈਸਟੋਰੈਂਟ ਲਈ
ਤੰਦੂਰੀਏ ਅਤੇ ਹੈਲਪਰ ਦੀ ਫੌਰੀ ਲੋੜ ਹੈ
ਮੁਫਤ ਖਾਣਾ, ਮੁਫਤ ਰਿਹਾਇਸ਼ ਅਤੇ ਚੰਗੀ ਤਨਖਾਹ
*ਪਤੀ-ਪਤਨੀ ਨੂੰ ਪਹਿਲ*
ਮਿਸਟਰ ਸਿੰਘ, ਫੋਨ: 515-291-1961

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School
ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ
ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



Call For Special Price
Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058
1816 Main Ave., Secramento CA, 95838

Pinnacle Carriers, Inc
Now Hiring Drivers
ਡਰਾਈਵਰਾਂ ਦੀ ਲੋੜ ਹੈ



Limited availability
Team or Solo
36-38 CPM
$1900 starting to Midwest
$300 quarterly driver safety bonus
$50 dot inspection bonus
$1000 sign in bonus (1 year)
*Brand New Trucks & Trailers*
Please Contact
Ph: (916) 833-5022

# ਪੰਜਾਬ ਦੇ ਸੰਸਦ ਮੈਂਬਰਾਂ ਨੇ ਸੰਸਦੀ ਕੋਟੇ ਉਤੇ ਮਾਰੀ ਕੁੰਡਲੀ

**ਬਠਿੰਡਾ:** 16ਵੀਂ ਲੋਕ ਸਭਾ ਦੇ ਸੱਤ ਮਹੀਨੇ ਬੀਤ ਚੁੱਕੇ ਹਨ ਪਰ ਪੰਜਾਬ ਦੇ ਜ਼ਿਆਦਾਤਰ ਪਾਰਲੀਮੈਂਟ ਮੈਂਬਰਾਂ ਨੇ ਹਾਲੇ ਤੱਕ ਸੰਸਦੀ ਕੋਟੇ ਦੇ ਫੰਡ ਵੰਡਣ ਦਾ ਖਾਤਾ ਵੀ ਨਹੀਂ ਖੋਲ੍ਹਿਆ ਹੈ। ਪੰਜਾਬ ਦੇ 13 ਲੋਕ ਸਭਾ ਮੈਂਬਰਾਂ ਵਿਚੋਂ ਅੱਠ ਸੰਸਦ ਮੈਂਬਰਾਂ ਦੇ ਸੰਸਦੀ ਕੋਟੇ ਦੇ ਫੰਡਾਂ ਵਿਚੋਂ ਇਕ ਪੈਸਾ ਵੀ ਹਾਲੇ ਤੱਕ ਰਿਲੀਜ਼ ਨਹੀਂ ਹੋਇਆ ਹੈ। ਇਨ੍ਹਾਂ ਅੱਠ ਸੰਸਦ ਮੈਂਬਰਾਂ ਵਿਚੋਂ ਦੋ ਸੰਸਦ ਮੈਂਬਰ ਅਜਿਹੇ ਹਨ ਜਿਨ੍ਹਾਂ ਨੇ ਸੰਸਦੀ ਕੋਟੇ ਦੇ ਫੰਡਾਂ ਵਿਚੋਂ ਲੋਕਾਂ ਨੂੰ ਗਰਾਂਟ ਦੇਣ ਦੀ ਇਕ ਵੀ ਸਿਫਾਰਸ਼ ਹਾਲੇ ਤੱਕ ਨਹੀਂ ਕੀਤੀ ਹੈ।

ਵੇਰਵਿਆਂ ਮੁਤਾਬਕ ਕੇਂਦਰ ਸਰਕਾਰ ਨੇ ਕੁਝ ਅਰਸਾ ਪਹਿਲਾਂ ਪੰਜਾਬ ਦੇ ਸੰਸਦ ਮੈਂਬਰਾਂ ਨੂੰ ਸੰਸਦੀ ਕੋਟੇ ਦੇ ਫੰਡਾਂ ਦੀ ਪਹਿਲੀ 2.50 ਕਰੋੜ ਰੁਪਏ ਦੀ ਕਿਸ਼ਤ ਜਾਰੀ ਕਰ ਦਿੱਤੀ ਸੀ।

**ਕੋਟਾ ਫੰਡਾਂ ਵਿਚੋਂ ਇਕ ਪੈਸਾ ਵੀ ਰਿਲੀਜ਼ ਨਾ ਹੋਇਆ**


ਹਰਸਿਮਰਤ ਕੌਰ ਬਾਦਲ


ਰਵਨੀਤ ਸਿੰਘ ਬਿੱਟੂ


ਹਰਿੰਦਰ ਸਿੰਘ ਖਾਲਸਾ

ਆਮ ਆਦਮੀ ਪਾਰਟੀ ਦੇ ਫ਼ਤਹਿਗੜ੍ਹ ਸਾਹਿਬ ਤੋਂ ਐਮ.ਪੀ. ਹਰਿੰਦਰ ਸਿੰਘ ਖ਼ਾਲਸਾ ਨੇ ਸੰਸਦੀ ਕੋਟੇ ਦੇ ਫ਼ੰਡ ਵੰਡਣ ਲਈ ਹਾਲੇ ਤੱਕ ਕੋਈ ਸਿਫਾਰਸ਼ ਨਹੀਂ ਕੀਤੀ ਹੈ। ਉਨ੍ਹਾਂ ਦੇ ਫ਼ੰਡਾਂ ਵਿਚੋਂ ਹਾਲੇ ਤੱਕ ਕੋਈ ਪੈਸਾ ਰਿਲੀਜ਼ ਨਹੀਂ ਕੀਤਾ ਜਾ ਸਕਿਆ ਹੈ। ਇਸੇ ਤਰ੍ਹਾਂ ਗੁਰਦਾਸਪੁਰ ਤੋਂ ਭਾਜਪਾ ਦੇ ਐਮ.ਪੀ. ਵਿਨੋਦ ਖੰਨਾ ਨੇ ਵੀ ਇਨ੍ਹਾਂ ਫੰਡਾਂ ਵਿਚੋਂ ਗਰਾਂਟ ਦੇਣ ਲਈ ਹਾਲੇ ਤੱਕ ਸਿਫਾਰਸ਼ ਨਹੀਂ ਕੀਤੀ ਹੈ।

ਦੂਜੇ ਪਾਸੇ ਲੁਧਿਆਣਾ ਤੋਂ ਕਾਂਗਰਸੀ ਐਮ.ਪੀ ਰਵਨੀਤ ਬਿੱਟੂ ਨੇ ਸਿਰਫ ਪੰਜ ਲੱਖ ਰੁਪਏ ਦੀ ਸਿਫਾਰਸ਼ ਹੀ ਭੇਜੀ ਹੈ ਜਿਸ ਦਾ ਪੈਸਾ ਹਾਲੇ ਰਿਲੀਜ਼ ਕੀਤਾ ਜਾਣਾ ਬਾਕੀ ਹੈ। ਮਾਲੀ ਵਰ੍ਹੇ 2014- 15 ਦੇ ਸਿਰਫ਼ ਢਾਈ ਮਹੀਨੇ ਹੀ ਬਾਕੀ ਹਨ ਪਰ ਪੰਜਾਬ ਦੇ ਸੰਸਦ ਮੈਂਬਰਾਂ ਨੇ ਅਜੇ ਗਰਾਂਟ ਦੀ ਪਹਿਲੀ ਕਿਸ਼ਤ ਵੀ ਨਹੀਂ ਵਰਤੀ। ਦੂਜੀ ਕਿਸ਼ਤ ਦੇ ਢਾਈ ਕਰੋੜ ਰੁਪਏ ਵੀ ਇਸ ਸਮੇਂ ਦੌਰਾਨ ਵੰਡੇ ਜਾਣੇ ਮੁਸ਼ਕਲ ਹਨ। ਭਾਵੇਂ ਇਹ ਪੈਸਾ ਲੈਪਸ ਨਹੀਂ ਹੁੰਦਾ ਪਰ 16ਵੀਂ ਲੋਕ ਸਭਾ ਦੇ ਪਹਿਲੇ ਵਰ੍ਹੇ ਵਿਚ ਹੀ ਇਨ੍ਹਾਂ ਫ਼ੰਡਾਂ ਨੂੰ ਵਰਤਣ ਵਿਚ ਕੋਈ ਫੁਰਤੀ ਨਹੀਂ ਦਿਖਾਈ ਗਈ। ਫਿਰੋਜ਼ਪੁਰ ਤੋਂ ਐਮ.ਪੀ. ਸ਼ੇਰ ਸਿੰਘ ਘੁਬਾਇਆ ਦੇ ਸਭ ਤੋਂ ਜ਼ਿਆਦਾ 2.20 ਕਰੋੜ ਰੁਪਏ ਦੇ ਫੰਡ ਰਿਲੀਜ਼ ਹੋ ਚੁੱਕੇ ਹਨ। ਇਸ ਜ਼ਿਲ੍ਹੇ ਦੇ ਉਪ ਅਰਥ ਤੇ ਅੰਕੜਾ ਸਲਾਹਕਾਰ ਅਸ਼ੋਕ ਕੁਮਾਰ ਨੇ ਦੱਸਿਆ ਕਿ ਪਹਿਲੀ ਕਿਸ਼ਤ ਵਿਚੋਂ ਸਿਰਫ 20 ਲੱਖ ਰੁਪਏ ਹੀ ਬਾਕੀ ਬਚੇ ਹਨ। ਸ੍ਰੀ ਅਨੰਦਪੁਰ ਸਾਹਿਬ ਹਲਕੇ ਤੋਂ ਐਮ.ਪੀ. ਪ੍ਰੇਮ ਸਿੰਘ ਚੰਦੂਮਾਜਰਾ ਨੇ ਵੀ ਫੰਡਾਂ ਵਾਸਤੇ ਨੋਡਲ ਜ਼ਿਲ੍ਹਾ ਰੋਪੜ ਦੀ ਥਾਂ ਮੁਹਾਲੀ ਕਰਾ ਲਿਆ ਹੈ। ਚੰਦੂਮਾਜਰਾ ਨੇ 1.82 ਕਰੋੜ ਰੁਪਏ ਦੇ ਫੰਡ ਸਿਫਾਰਸ਼ ਕੀਤੇ ਹਨ ਪਰ ਉਨ੍ਹਾਂ ਦੇ ਫੰਡਾਂ ਦਾ ਕੋਈ ਪੈਸਾ ਹਾਲੇ ਰਿਲੀਜ਼ ਨਹੀਂ ਹੋਇਆ ਹੈ। ਬਠਿੰਡਾ ਤੋਂ ਸੰਸਦ ਮੈਂਬਰ ਤੇ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਪੰਜਾਬ ਵਿਚੋਂ ਦੂਜੇ ਨੰਬਰ 'ਤੇ ਹਨ ਜਿਨ੍ਹਾਂ ਦੇ ਸੰਸਦੀ ਫੰਡਾਂ ਵਿਚੋਂ 2.17 ਕਰੋੜ ਰੁਪਏ ਰਿਲੀਜ਼ ਹੋ ਚੁੱਕੇ ਹਨ।

ਸੰਗਰੂਰ ਤੋਂ ਐਮ.ਪੀ. ਭਗਵੰਤ ਮਾਨ ਨੇ ਵੀ ਦੋ ਕਰੋੜ ਰੁਪਏ ਤੋਂ ਉਪਰ ਦੇ ਫੰਡ ਸਿਫਾਰਸ਼ ਕਰ ਦਿੱਤੇ ਹਨ। ਆਮ ਆਦਮੀ ਪਾਰਟੀ ਦੇ ਪਟਿਆਲਾ ਤੋਂ ਐਮ.ਪੀ. ਡਾ. ਧਰਮਵੀਰ ਗਾਂਧੀ ਨੇ ਇੰਨੀ ਫੁਰਤੀ ਦਿਖਾਈ ਕਿ ਉਨ੍ਹਾਂ ਨੇ ਕੋਟੇ ਦੇ ਫੰਡਾਂ ਤੋਂ ਜ਼ਿਆਦਾ ਫੰਡ ਸਿਫਾਰਸ਼ ਕਰ ਦਿੱਤੇ ਹਨ। ਉਨ੍ਹਾਂ ਨੇ ਢਾਈ ਕਰੋੜ ਤੋਂ ਜ਼ਿਆਦਾ ਦੇ ਫੰਡਾਂ ਦੀ ਸਿਫਾਰਸ਼ ਕਰ ਦਿੱਤੀ ਹੈ ਜਿਸ ਵਿਚੋਂ 1.80 ਕਰੋੜ ਰੁਪਏ ਜਾਰੀ ਹੋ ਚੁੱਕੇ ਹਨ। ਫਰੀਦਕੋਟ ਤੋਂ ਆਮ ਆਦਮੀ ਪਾਰਟੀ ਦੇ ਐਮ.ਪੀ. ਪ੍ਰੋ. ਸਾਧੂ ਸਿੰਘ ਵੀ ਇਸ ਮਾਮਲੇ ਵਿਚ ਕਾਫੀ ਅੱਗੇ ਹਨ। ਉਨ੍ਹਾਂ ਨੇ ਆਪਣੀ ਪਹਿਲੀ ਕਿਸ਼ਤ ਢਾਈ ਕਰੋੜ ਦੇ ਫੰਡਾਂ ਦੀ ਸਿਫਾਰਸ਼ ਕਰ ਦਿੱਤੀ ਹੈ ਜਿਨ੍ਹਾਂ ਵਿਚੋਂ 1.88 ਕਰੋੜ ਰੁਪਏ ਰਿਲੀਜ਼ ਕੀਤੇ ਜਾ ਚੁੱਕੇ ਹਨ। ਉਨ੍ਹਾਂ ਨੇ ਬਠਿੰਡਾ ਜ਼ਿਲ੍ਹੇ ਵਿਚਲੇ ਰਾਮਪੁਰਾ ਫੂਲ ਹਲਕੇ ਵਾਸਤੇ ਵੀ 15 ਲੱਖ ਦੇ ਫੰਡ ਸਿਫਾਰਸ਼ ਕੀਤੇ ਹਨ। ਜਲੰਧਰ ਤੋਂ ਐਮ.ਪੀ. ਸੰਤੋਖ ਚੌਧਰੀ ਨੇ ਕਿਹਾ ਕਿ ਐਤਕੀਂ ਕੇਂਦਰ ਵਲੋਂ ਬਜਟ ਲੇਟ ਭੇਜਿਆ ਗਿਆ ਹੈ ਜੋ ਕਿ ਦਸੰਬਰ ਦੇ ਅਖ਼ੀਰ ਵਿਚ ਮਿਲਿਆ ਹੈ।


### ਫੰਡ ਵੰਡਣ ਵਿਚ ਕੈਪਟਨ ਅਮਰਿੰਦਰ ਵੀ ਰਹੇ ਢਿੱਲੇ

ਅੰਮ੍ਰਿਤਸਰ ਤੋਂ ਐਮ.ਪੀ. ਕੈਪਟਨ ਅਮਰਿੰਦਰ ਸਿੰਘ ਵੀ ਇਸ ਮਾਮਲੇ ਵਿਚ ਢਿੱਲੇ ਹਨ। ਉਨ੍ਹਾਂ ਦੇ ਸੰਸਦੀ ਕੋਟੇ ਦੇ ਫੰਡਾਂ ਵਿਚੋਂ ਹਾਲੇ ਤੱਕ ਕੋਈ ਪੈਸਾ ਰਿਲੀਜ਼ ਨਹੀਂ ਹੋਇਆ ਹੈ। ਉਂਜ ਉਨ੍ਹਾਂ ਨੇ 2.28 ਕਰੋੜ ਦੇ ਫੰਡਾਂ ਦੀ ਸਿਫਾਰਸ਼ ਭੇਜ ਦਿੱਤੀ ਹੈ ਜਿਨ੍ਹਾਂ ਵਿਚੋਂ ਇਕ ਕਰੋੜ ਦੇ ਫੰਡ ਸੈਂਕਸ਼ਨ ਹੋਏ ਹਨ। ਜਲੰਧਰ ਤੋਂ ਕਾਂਗਰਸੀ ਐਮ.ਪੀ. ਸੰਤੋਖ ਚੌਧਰੀ ਨੇ ਸਿਫ਼ਾਰਸ਼ ਤਾਂ ਢਾਈ ਕਰੋੜ ਦੀ ਕੀਤੀ ਹੈ ਪਰ ਹਾਲੇ ਤੱਕ ਕਿਸੇ ਵੀ ਗਰਾਂਟ ਦਾ ਪੈਸਾ ਰਿਲੀਜ਼ ਨਹੀਂ ਹੋਇਆ ਹੈ।

ਖਡੂਰ ਸਾਹਿਬ ਤੋਂ ਐਮ.ਪੀ. ਰਣਜੀਤ ਸਿੰਘ ਬ੍ਰਹਮਪੁਰਾ ਨੇ ਸਿਫਾਰਸ਼ 2.05 ਕਰੋੜ ਰੁਪਏ ਦੀ ਕੀਤੀ ਹੈ ਪਰ ਉਨ੍ਹਾਂ ਦਾ ਪੈਸਾ ਵੀ ਹਾਲੇ ਰਿਲੀਜ਼ ਨਹੀਂ ਹੋਇਆ ਹੈ। ਹੁਸ਼ਿਆਰਪੁਰ ਤੋਂ ਐਮ.ਪੀ. ਵਿਜੇ ਸਾਂਪਲਾ ਦੇ ਕੋਟੇ ਦੇ ਫੰਡਾਂ ਵਿਚੋਂ 81 ਲੱਖ ਰੁਪਏ ਰਿਲੀਜ਼ ਹੋ ਚੁੱਕੇ ਹਨ। ਹੁਸ਼ਿਆਰਪੁਰ ਦੇ ਉਪ ਅਰਥ ਤੇ ਅੰਕੜਾ ਸਲਾਹਕਾਰ ਰਾਕੇਸ਼ ਕਾਲੀਆ ਨੇ ਕਿਹਾ ਕਿ ਐਮ.ਪ. ਵਲੋਂ ਇਕ ਕਰੋੜ ਰੁਪਏ ਦੇ ਫੰਡਾਂ ਦੀ ਸਿਫਾਰਸ਼ ਕੀਤੀ ਜਾ ਚੁੱਕੀ ਹੈ।

## ਸਿੱਖ ਪੁਲਿਸ ਅਧਿਕਾਰੀ ਹੁਣ ਕੱਕਾਰ ਸਜਾ ਕੇ ਦੇ ਸਕੇਗਾ ਡਿਊਟੀ

**ਹਿਊਸਟਨ (ਬਿਊਰੋ):** ਭਾਰਤ ਅਮਰੀਕੀ ਸਿੱਖ ਟੈਕਸਸ ਵਿਚ ਪਹਿਲਾ ਪੁਲਿਸ ਅਧਿਕਾਰੀ ਬਣਨ ਜਾ ਰਿਹਾ ਹੈ ਜੋ ਦਸਤਾਰ ਤੇ ਦਾੜ੍ਹੀ ਸਮੇਤ ਸਿੱਖ ਕੱਕਾਰ ਧਾਰਨ ਕਰ ਸਕੇਗਾ। ਪੈਟਰੋਲ ਡਿਪਟੀ ਸੰਦੀਪ ਸਿੰਘ ਧਾਲੀਵਾਲ ਜਦੋਂ


*ਸੰਦੀਪ ਤੇ ਸ਼ੈਰਿਫ ਐਡਰੀਅਨ ਗਾਰਸ਼ੀਆ*

ਹੈਰਿਸ ਕਾਊਂਟੀ ਦੀਆਂ ਗਲੀਆਂ ਵਿਚ ਗਸ਼ਤ ਕਰਨਗੇ ਤਾਂ ਉਹ ਪੂਰੇ ਸਿੱਖੀ ਸਰੂਪ ਵਿਚ ਹੋਣਗੇ। ਸ੍ਰੀ ਧਾਲੀਵਾਲ ਛੇ ਸਾਲਾਂ ਤੱਕ ਸ਼ੈਰਿਫ ਦੇ ਦਫਤਰ ਵਿਚ ਕੰਮ ਕਰਦੇ ਰਹੇ ਹਨ।

ਸ਼ੈਰਿਫ ਐਡਰੀਅਨ ਗਾਰਸ਼ੀਆ ਨੇ ਕਿਹਾ ਕਿ ਹੁਣ ਜਦੋਂ ਸਿੱਖ ਦੇਸ਼ ਦੀ ਫੌਜ ਤੇ ਹੋਰ ਸੁਰੱਖਿਆ ਬਲਾਂ ਵਿਚ ਸ਼ਾਮਲ ਹੋ ਰਹੇ ਹਨ ਤਾਂ ਹੈਰਿਸ ਕਾਊਂਟੀ ਉਨ੍ਹਾਂ ਤੋਂ ਵੱਖ ਕਿਵੇਂ ਹੋ ਸਕਦਾ ਹੈ। ਅਸੀਂ ਅਮਰੀਕਾ ਵਿਚ ਵਿਰਸੇ ਤੇ ਵੱਖ-ਵੱਖ ਭਾਈਚਾਰਿਆਂ ਪੱਖੋਂ ਸਭ ਤੋਂ ਅਮੀਰ ਹਾਂ। ਸਿੱਖ ਅਮਰੀਕਨ ਲੀਗਲ ਡਿਫੈਂਸ ਤੇ ਐਜੂਕੇਸ਼ਨ ਫੰਡ ਦੇ ਕਾਰਜਕਾਰੀ ਡਾਇਰੈਕਟਰ ਜਸਜੀਤ ਸਿੰਘ ਨੇ ਇਸ ਫੈਸਲੇ ਦੀ ਸ਼ਲਾਘਾ ਕੀਤੀ ਹੈ। ਉਨ੍ਹਾਂ ਮੁਤਾਬਕ, ਸਭ ਤੋਂ ਵੱਡੇ ਸ਼ੈਰਿਫ ਦਫਤਰ ਨੇ ਸਪਸ਼ਟ ਕਰ ਦਿੱਤਾ ਹੈ ਕਿ ਨੌਕਰੀ ਵਿਚ ਧਰਮ ਅੜਿੱਕਾ ਨਹੀਂ ਬਣ ਸਕਦਾ।

# ਅੰਮ੍ਰਿਤਸਰ ਹਵਾਈ ਅੱਡੇ ਤੋਂ ਜਾਰੀ ਰਹਿਣਗੀਆਂ ਕੌਮਾਂਤਰੀ ਉਡਾਣਾਂ

**ਅੰਮ੍ਰਿਤਸਰ:** ਵਿਸ਼ਵ ਭਰ ਦੇ ਹਵਾਈ ਅੱਡਿਆ ਬਾਰੇ ਜਾਣਕਾਰੀ ਮੁਹੱਈਆ ਕਰਵਾਉਣ ਵਾਲੀ ਵੈਬਸਾਈਟ ਆਈ ਫਲਾਈਟ ਡਾਟ ਕਾਮ 'ਤੇ ਜੂਨ-2015 ਤੋਂ ਸ੍ਰੀ ਗੁਰੂ ਰਾਮਦਾਸ ਕੌਮਾਂਤਰੀ ਹਵਾਈ ਅੱਡਾ ਅੰਮ੍ਰਿਤਸਰ ਦੀਆਂ ਕੌਮਾਂਤਰੀ ਉਡਾਣਾਂ ਚੰਡੀਗੜ੍ਹ ਵਿਚ ਮੁਕੰਮਲ ਹੋਣ ਵਾਲੇ ਨਵੇਂ ਹਵਾਈ ਅੱਡੇ ਤੋਂ ਚਲਾਏ ਜਾਣ ਦੀ ਜਾਣਕਾਰੀ ਨਸ਼ਰ ਹੋਣ ਨੂੰ ਅਫਵਾਹ ਦੱਸਿਆ ਹੈ। ਅੰਮ੍ਰਿਤਸਰ ਹਵਾਈ ਅੱਡੇ ਦੇ ਡਾਇਰੈਕਟਰ ਗਗਨ ਮਲਿਕ ਦਾ ਕਹਿਣਾ ਹੈ ਕਿ ਇਸ ਹਵਾਈ ਅੱਡੇ ਨੂੰ ਸਗੋਂ ਹੋਰ ਵਿਕਸਿਤ ਕੀਤਾ ਜਾ ਰਿਹਾ ਹੈ। ਉਕਤ ਵੈਬਸਾਈਟ ਦੇ ਹਵਾਲੇ ਨਾਲ ਅੰਮ੍ਰਿਤਸਰ ਦੀਆਂ ਸਮਾਜ ਸੇਵੀ ਸੰਸਥਾਵਾਂ ਵਲੋਂ ਸੂਬਾਈ ਹਾਕਮ ਧਿਰ ਦੀਆਂ ਚੰਡੀਗੜ੍ਹ ਹਵਾਈ ਅੱਡੇ ਨੇੜੇ ਜ਼ਮੀਨਾਂ ਬਾਰੇ ਖੁਲਾਸਾ ਕਰਦਿਆਂ ਇਸ ਜਾਣਕਾਰੀ ਨੂੰ ਬੇਹੱਦ ਗੰਭੀਰਤਾ ਨਾਲ ਲਿਆ ਸੀ ਤੇ ਅੰਮ੍ਰਿਤਸਰ ਵਿਕਾਸ ਮੰਚ ਵਲੋਂ ਕੇਂਦਰ ਸਰਕਾਰ ਨੂੰ ਅਜਿਹਾ ਨਾ ਵਾਪਰਨ ਦੇਣ ਬਾਰੇ ਅਪੀਲ ਕੀਤੀ ਸੀ।



ਹਵਾਈ ਅੱਡਾ ਨਿਰਦੇਸ਼ਕ ਨੇ ਯਾਤਰੂਆਂ ਨੂੰ ਇਸ ਪੱਖ ਦਾ ਯਕੀਨ ਦਿਵਾਉਂਦਿਆਂ ਕਿਹਾ ਕਿ ਹਵਾਈ ਅੱਡੇ ਲਈ 100 ਕਰੋੜ ਰੁਪਏ ਹੋਰ ਮਨਜ਼ੂਰ ਹੋਏ ਹਨ, ਜਿਸ ਦੀ ਵਰਤੋਂ ਇਥੇ ਕੌਮਾਂਤਰੀ ਪੱਧਰ ਦੇ ਵੱਡੇ ਹਵਾਈ ਜਹਾਜ਼ਾਂ ਲਈ ਸਹੂਲਤਾਂ ਦਿੱਤੀਆਂ ਜਾ ਸਕਣ। ਅੰਮ੍ਰਿਤਸਰ ਤੋਂ ਨਵੀਆਂ ਕੌਮਾਂਤਰੀ ਉਡਾਣਾਂ ਲਈ ਵਿਦੇਸ਼ੀ ਕੰਪਨੀਆਂ ਨਾਲ ਗੱਲਬਾਤ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਅੰਮ੍ਰਿਤਸਰ ਬੇਹੱਦ ਮਹੱਤਵਪੂਰਨ ਹਵਾਈ ਅੱਡਾ ਹੈ ਤੇ ਇਸ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ ਤੇ ਧੁੰਦ ਦੇ ਮੌਸਮ ਵਿਚ ਇਸ ਦੀ ਵਰਤੋਂ ਦਿੱਲੀ ਦੇ ਮੁੱਖ ਹਵਾਈ ਅੱਡੇ ਦੇ ਵਿਕਲਪ ਵਜੋਂ ਵੀ ਮਿਥੀ ਜਾਂਦੀ ਹੈ। ਇਸ ਦੌਰਾਨ ਜਿਥੇ ਹਵਾਈ ਅੱਡਾ ਅਥਾਰਟੀ ਨੇ ਕੌਮਾਂਤਰੀ ਉਡਾਣਾਂ ਬੰਦ ਹੋਣ ਦੀ ਸੰਭਾਵਨਾ ਨੂੰ ਨਿਕਾਰਿਆ ਹੈ, ਉਥੇ ਕੁਝ ਸਥਾਨਕ ਆਗੂਆਂ ਤੇ ਸ਼੍ਰੋਮਣੀ ਕਮੇਟੀ ਵਲੋਂ ਅਜਿਹਾ ਨਾ ਵਾਪਰਣ ਦੇਣ ਬਾਰੇ ਸੰਦੇਸ਼ ਜਾਰੀ ਕੀਤੇ ਹਨ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਕਿਹਾ ਕਿ ਪਵਿੱਤਰ ਨਗਰੀ ਅੰਮ੍ਰਿਤਸਰ ਵਿਖੇ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਲਈ ਦੁਨੀਆਂ ਭਰ ਤੋਂ ਸੰਗਤਾਂ ਗੁਰੂ ਰਾਮਦਾਸ ਹਵਾਈ ਅੱਡੇ 'ਤੇ ਉਤਰਦੀਆਂ ਹਨ। ਇਸ ਹਵਾਈ ਅੱਡੇ ਤੋਂ ਕੌਮਾਂਤਰੀ ਉਡਾਣਾਂ ਨੂੰ ਸੰਭਾਵਿਤ ਬੰਦ ਕੀਤੇ ਜਾਣ 'ਤੇ ਰੋਕ ਲਾਉਣ ਲਈ ਸ਼੍ਰੋਮਣੀ ਕਮੇਟੀ ਵਲੋਂ ਪੰਜਾਬ ਮੁੱਖ ਮੰਤਰੀ ਤੇ ਉਪ ਮੁੱਖ ਮੰਤਰੀ ਰਾਹੀਂ ਕੇਂਦਰ ਸਰਕਾਰ ਤੱਕ ਪਹੁੰਚ ਕੀਤੀ ਜਾਵੇਗੀ। ਅਨੁਸੂਚਿਤ ਜਾਤੀ ਕਮਿਸ਼ਨ ਦੇ ਉਪ ਚੇਅਰਮੈਨ ਤੇ ਅੰਮ੍ਰਿਤਸਰ ਦੇ ਹਲਕਾ ਪੱਛਮੀ ਤੋਂ ਵਿਧਾਇਕ ਡਾ. ਰਾਜ ਕੁਮਾਰ ਵੇਰਕਾ ਨੇ ਕਿਹਾ ਕਿ ਕੌਮਾਂਤਰੀ ਉਡਾਣਾਂ ਰੱਦ ਕੀਤੇ ਜਾਣ ਦੀ ਸੂਰਤ ਵਿਚ ਉਹ ਕੇਂਦਰ ਹਵਾਬਾਜ਼ੀ ਮੰਤਰੀ ਨੂੰ ਮਿਲ ਕੇ ਇਸ ਕੇਂਦਰ ਦੀ ਸੰਭਾਵੀ ਕਾਰਵਾਈ ਨੂੰ ਰੁਕਵਾਉਣ ਲਈ ਉਪਰਾਲੇ ਕਰਨਗੇ।

## ਡੇਰਾ ਮੁਖੀ ਵਿਰੁਧ ਕੇਸ ਬੰਦ ਕਰਨ 'ਤੇ ਪੰਜਾਬ ਸਰਕਾਰ ਨੂੰ ਨੋਟਿਸ

**ਚੰਡੀਗੜ੍ਹ:** ਸਿਰਸਾ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਵਿਰੁਧ ਦਰਜ ਕੇਸ ਨੂੰ ਬੰਦ ਕੀਤੇ ਜਾਣ ਨੂੰ ਚੁਣੌਤੀ ਦਿੰਦੀ ਪਟੀਸ਼ਨ 'ਤੇ ਕਾਰਵਾਈ ਕਰਦਿਆਂ ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਪੰਜਾਬ ਸਰਕਾਰ ਤੇ ਡੇਰਾ ਮੁਖੀ ਨੂੰ ਨੋਟਿਸ ਜਾਰੀ ਕੀਤਾ ਹੈ। ਇਹ ਕੇਸ ਸਿੱਖ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਨਾਲ ਸਬੰਧਤ ਹੈ। ਇਹ ਸਾਰਾ ਘਟਨਾਕ੍ਰਮ ਬਹੁਤ ਅਹਿਮ ਹੈ ਕਿਉਂਕਿ ਪਟੀਸ਼ਨਰਾਂ ਨੇ ਅਕਾਲੀ ਸਰਕਾਰ ਤੇ ਮੁੱਖ ਮੰਤਰੀ ਦੀ ਨੂੰਹ ਨੂੰ ਵੀ ਕੇਸ ਵਿਚ ਘੜੀਸ ਕੇ ਸਾਰੇ ਮੁੱਦੇ ਨੂੰ ਸਿਆਸੀ ਰੰਗਤ ਦੇ ਦਿੱਤੀ ਹੈ।



ਪਟੀਸ਼ਨਰਾਂ ਨੇ ਦੋਸ਼ ਲਾਏ ਕਿ ਮੁਲਜ਼ਮ ਇਕ ਧਾਰਮਿਕ ਡੇਰੇ ਦਾ ਮੁਖੀ ਹੋਣ ਕਾਰਨ ਤੇ ਉਸ ਦੇ ਸ਼ਰਧਾਲੂਆਂ ਦੀ ਗਿਣਤੀ ਬੜੀ ਵੱਡੀ ਹੋਣ ਕਾਰਨ, ਹਮੇਸ਼ਾ ਵੋਟ ਬੈਂਕ ਦੀ ਸਿਆਸਤ ਖੇਡਦਾ ਹੋਇਆ ਆਪਣੇ ਕੀਤੇ ਅਪਰਾਧਾਂ ਲਈ ਬਚ ਜਾਂਦਾ ਰਿਹਾ ਹੈ। ਇਸੇ ਤਰ੍ਹਾਂ ਉਹ ਪੰਜਾਬ ਦੇ ਮੁੱਖ ਮੰਤਰੀ ਦੀ ਨੂੰਹ ਨੂੰ ਬਠਿੰਡਾ ਹਲਕੇ ਦੀ ਪਾਰਲੀਮਾਨੀ ਚੋਣ ਵਿਚ ਸਮਰਥਨ ਦੇ ਕੇ ਅਕਾਲੀ ਸਰਕਾਰ ਨੂੰ ਪ੍ਰਭਾਵ ਵਿਚ ਲੈਣ ਵਿਚ ਸਫਲ ਰਿਹਾ ਤੇ ਇਸ ਤਰ੍ਹਾਂ ਅਕਾਲੀ ਸਰਕਾਰ ਨੇ ਐਫ.ਆਈ.ਆਰ. 'ਤੇ ਤਕਰੀਬਨ ਚਾਰ ਸਾਲ ਦੇ ਸਮੇਂ ਦੌਰਾਨ ਜਾਂਚ ਮੁਕੰਮਲ ਨਾ ਕਰਕੇ ਉਸ ਦੇ ਇਸ ਸਮਰਥਨ ਦਾ ਕਰਜ਼ਾ ਲਾਹਿਆ। ਇਹ ਦੋਸ਼ ਹੁਸ਼ਿਆਰਪੁਰ ਦੇ ਜਸਪਾਲ ਸਿੰਘ ਵਲੋਂ ਪਾਈ ਗਈ ਪਟੀਸ਼ਨ ਵਿਚ ਲਾਏ ਗਏ ਹਨ ਤੇ ਇਕ ਹੋਰ ਪਟੀਸ਼ਨਰ ਨੇ ਪਿਛਲੇ ਸਾਲ ਅਗਸਤ ਵਿਚ ਬਠਿੰਡਾ ਸੈਸ਼ਨ ਕੋਰਟ ਵਲੋਂ ਡੇਰਾ ਮੁਖੀ ਵਿਰੁਧ ਕੇਸ ਬੰਦ ਕਰਨ ਦੀ ਰਿਪੋਰਟ ਸਵੀਕਾਰ ਕਰਨ ਨੂੰ ਚੁਣੌਤੀ ਦਿੱਤੀ ਹੈ।

# ਗੁਰੂ ਰਾਮਦਾਸ ਲੰਗਰ ਘਰ ਦੀ ਨਵੀਂ ਇਮਾਰਤ ਮੁਕੰਮਲ ਹੋਣ ਨੇੜੇ

**ਅੰਮ੍ਰਿਤਸਰ:** ਸ੍ਰੀ ਹਰਿਮੰਦਰ ਸਾਹਿਬ ਦੇ ਗੁਰੂ ਰਾਮਦਾਸ ਲੰਗਰ ਘਰ ਦੀ ਬਣ ਰਹੀ ਉਚ ਤਕਨੀਕੀ, ਪ੍ਰਦੂਸ਼ਣ ਮੁਕਤ ਵਿਸਥਾਰਤ ਇਮਾਰਤ ਦੇ ਪਹਿਲੇ ਪੜਾਅ ਦੀ ਉਸਾਰੀ ਦਾ ਕੰਮ ਮੁਕੰਮਲ ਹੋਣ ਕੰਢੇ ਹੈ ਤੇ ਇਸ ਨੂੰ ਆਧੁਨਿਕ ਢੰਗ ਦੀ ਰੂਪ ਰੇਖਾ ਦੇਣ ਤੋਂ ਬਾਅਦ ਇਸ ਵਰ੍ਹੇ ਇਹ ਲੰਗਰ ਹਾਲ ਸੰਗਤਾਂ ਦੇ ਸਪੁਰਦ ਹੋਣ ਦੀ ਸੰਭਾਵਨਾ ਹੈ। ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਦਰਸ਼ਨ ਲਈ ਆਉਣ ਵਾਲੀਆਂ ਸੰਗਤਾਂ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਸ੍ਰੀ ਗੁਰੂ ਰਾਮਦਾਸ ਲੰਗਰ ਘਰ ਦਾ ਵਿਸਥਾਰ ਕੀਤਾ ਜਾ ਰਿਹਾ ਹੈ। ਇਹ ਲੰਗਰ ਘਰ ਦੋ ਫੇਸਾਂ ਵਿਚ ਮੁਕੰਮਲ ਹੋਵੇਗਾ।



ਪਹਿਲੇ ਫੇਸ ਵਿਚ ਜ਼ਮੀਨਦੋਜ਼ ਹਿੱਸੇ ਵਿਚ ਲੰਗਰ ਲਈ ਵਰਤਿਆ ਜਾਣ ਵਾਲੀਆਂ ਸਬਜ਼ੀਆਂ, ਦੁੱਧ, ਪਨੀਰ ਤੇ ਹੋਰ ਸਾਮਾਨ ਨੂੰ ਖਰਾਬ ਹੋਣ ਤੋਂ ਬਚਾਉਣ ਲਈ ਕੋਲਡ ਸਟੋਰ ਬਣਾਇਆ ਜਾ ਰਿਹਾ ਹੈ ਤੇ ਚਾਰ ਪਾਣੀ ਦੇ ਟੈਂਕਰ ਬਣਾਏ ਜਾਣ ਦੀ ਤਜਵੀਜ਼ ਹੈ ਤੇ ਪਾਣੀ ਗਰਮ ਤੇ ਠੰਢਾ ਕਰਨ ਲਈ ਬਿਜਲਈ ਜਨਰੇਟਰ ਲਗਾਏ ਜਾਣਗੇ। ਇਸ ਤੋਂ ਇਲਾਵਾ ਜ਼ਮੀਨੀ ਮੰਜ਼ਿਲ 'ਤੇ ਹਾਈਜੈਨਿਕ ਸਿਸਟਮ ਦੀਆਂ ਮਸ਼ੀਨਾਂ ਲਾਈਆਂ ਜਾਣਗੀਆਂ, ਜਿਨ੍ਹਾਂ ਰਾਹੀਂ ਆਟੋਮੈਟਿਕ ਤਕਨੀਕ ਨਾਲ ਬਰਤਨ ਸਾਫ ਹੋਣਗੇ। ਜਦਕਿ ਪਹਿਲੀ ਮੰਜ਼ਿਲ 'ਤੇ 25 ਹਜ਼ਾਰ ਸਕੇਅਰ ਫੁੱਟ ਦਾ ਵਾਤਾਵਰਨ ਅਨੁਕੂਲ ਇਕ ਹਾਲ ਹੋਵੇਗਾ, ਜਿਸ ਵਿਚ ਇਕ ਸਮੇਂ ਵਿਚ ਤਕਰੀਬਨ 900 ਸ਼ਰਧਾਲੂ ਲੰਗਰ ਛਕ ਸਕਣਗੇ। ਲੰਗਰ ਦੀ ਇਮਾਰਤ ਦੀ ਤੀਸਰੀ ਮੰਜ਼ਿਲ ਵਿਚ ਸਬਜ਼ੀਆਂ ਦੀ ਕਟਾਈ-ਧੁਆਈ ਦਾ ਕੰਮ ਹੋਵੇਗਾ। ਸ੍ਰੀ ਗੁਰੂ ਰਾਮਦਾਸ ਲੰਗਰ ਹਾਲ ਦੇ ਬਿਲਕੁਲ ਨਾਲ ਲੱਗਦੀ ਇਸ ਆਧੁਨਿਕ ਸਹੂਲਤਾਂ ਵਾਲੀ ਇਮਾਰਤ ਦਾ ਨਿਰਮਾਣ ਕਾਰਜ ਤਕਰੀਬਨ ਮੁਕੰਮਲ ਹੋ ਗਿਆ ਹੈ।

ਇਸ ਤੋਂ ਇਲਾਵਾ ਦੂਸਰੇ ਫੇਸ ਵਿਚ ਲੰਗਰ ਹਾਲ ਦੇ ਪਿਛਲੇ ਪਾਸੇ ਬਣ ਰਹੀ ਆਧੁਨਿਕ ਰਸੋਈ ਘਰ ਤਿਆਰ ਹੋ ਰਹੀ ਹੈ। ਜਿਸ ਵਿਚ ਇਸ ਤਰ੍ਹਾਂ ਜ਼ਮੀਨਦੋਜ਼ ਤੋਂ ਇਲਾਵਾ ਦੋ ਹੋਰ ਮੰਜ਼ਿਲਾਂ ਹੋਣਗੀਆਂ ਜਿਸ ਦੇ ਜ਼ਮੀਨਦੋਜ਼ ਹਿੱਸੇ ਵਿਚ ਵਾਤਾਵਰਨ ਅਨੁਕੂਲ ਸਟੋਰ ਹੋਵੇਗਾ। ਜ਼ਮੀਨੀ ਮੰਜ਼ਿਲ 'ਤੇ ਦਾਲ, ਸਬਜ਼ੀਆਂ ਤਿਆਰ ਕੀਤੀਆਂ ਜਾਣਗੀਆਂ ਜਦਕਿ ਪਹਿਲੀ ਮੰਜ਼ਿਲ 'ਤੇ ਪ੍ਰਸ਼ਾਦੇ ਤਿਆਰ ਹੋਣਗੇ। ਦੂਸਰੀ ਮੰਜ਼ਿਲ 'ਤੇ ਆਟੋਮੈਟਿਕ ਢੰਗ ਨਾਲ ਸਬਜ਼ੀਆਂ ਦੀ ਕਟਾਈ ਤੇ ਧੁਆਈ ਹੋਵੇਗੀ। ਲੰਗਰ ਹਾਲ ਦੀ ਇਸ ਇਮਾਰਤ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੋਵੇਗਾ।

ਸਕੱਤਰ ਮਨਜੀਤ ਸਿੰਘ ਨੇ ਦੱਸਿਆ ਕਿ ਇਹ ਲੰਗਰ ਹਾਲ ਜਿਥੇ ਉਚ ਤਕਨੀਕ ਦਾ ਪ੍ਰਦੂਸ਼ਣ ਮੁਕਤ ਹੋਵੇਗਾ, ਉਥੇ ਪੂਰੀ ਤਰ੍ਹਾਂ ਵਾਤਾਵਰਨ ਅਨੁਕੂਲ ਹੋਵੇਗਾ, ਜਿਸ ਵਿਚ ਚਾਰ ਲਿਫ਼ਟਾਂ ਲਾਈਆਂ ਜਾਣਗੀਆਂ, ਜਿਨ੍ਹਾਂ ਵਿਚੋਂ ਇਕ ਲਿਫਟ ਪਹਿਲੇ ਫੇਸ ਵਿਚ ਲਗਾਈ ਜਾਵੇਗੀ ਜੋ ਸ਼ਰਧਾਲੂਆਂ ਲਈ ਹੋਵੇਗੀ ਜਦਕਿ ਤਿੰਨ ਲਿਫਟਾਂ ਦੂਸਰੇ ਫੇਸ ਵਿਚ ਸਾਮਾਨ ਦੀ ਢੋਆ-ਢੁਆਈ ਲਈ ਲਾਈਆਂ ਜਾਣਗੀਆਂ। ਇਸ ਤੋਂ ਇਲਾਵਾ 30 ਟਨ ਸਮਰਥਾ ਵਾਲਾ ਇਲੈਕਟ੍ਰੋਨਿਕ ਜ਼ਮੀਨੀ ਕੰਡਾ ਵੀ ਲਾਇਆ ਜਾਵੇਗਾ, ਜਿਸ 'ਤੇ ਆਉਣ ਵਾਲੀ ਰਸਦ ਦਾ ਵਜ਼ਨ ਕੀਤਾ ਜਾਵੇਗਾ।

ਸ. ਮਨਜੀਤ ਸਿੰਘ ਨੇ ਦੱਸਿਆ ਕਿ ਲੰਗਰ ਹਾਲ ਦੇ ਪਹਿਲੇ ਪੜਾਅ ਵਿਚ ਉਸਾਰੀ ਦਾ ਕੰਮ ਤਕਰੀਬਨ ਮੁਕੰਮਲ ਹੋ ਗਿਆ ਹੈ ਤੇ ਦੂਸਰੇ ਪੜਾਅ ਦੀ ਉਸਾਰੀ ਦਾ ਕੰਮ ਚਲ ਰਿਹਾ ਹੈ। ਇਸ ਨੂੰ ਆਧੁਨਿਕ ਰੂਪ ਦੇਣ ਲਈ ਇਥੇ ਵਾਤਾਵਰਨ ਅਨੁਕੂਲ ਸਿਸਟਮ ਹੋਰ ਮਸ਼ੀਨਰੀਆਂ ਲਾਉਣ ਬਾਰੇ ਟੈਂਡਰ ਲੱਗ ਗਏ ਹਨ ਤੇ ਇਹ ਕੰਮ ਇਸ ਸਾਲ ਵਿਚ ਮੁਕੰਮਲ ਹੋਣ ਦੀ ਸੰਭਾਵਨਾ ਹੈ ਤੇ ਇਸ ਉਪਰੰਤ ਇਹ ਲੰਗਰ ਹਾਲ ਸੰਗਤਾਂ ਲਈ ਖੋਲ੍ਹ ਦਿੱਤਾ ਜਾਵੇਗਾ।

# ਬਾਦਲ ਵਲੋਂ ਖੇਤੀ ਖੇਤਰ ਲਈ ਸਕੀਮ ਤਿਆਰ ਕਰਨ ਦੀ ਸਲਾਹ

**ਚੰਡੀਗੜ੍ਹ:** ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਦਿੱਲੀ ਵਿਖੇ ਰਿਹਾਇਸ਼ 'ਤੇ ਨੀਤੀ ਆਯੋਗ ਦੀ ਗਵਰਨਿੰਗ ਕੌਂਸਲ ਦੀ ਪਲੇਠੀ ਮੀਟਿੰਗ ਦੌਰਾਨ ਆਪਣੇ ਵਿਚਾਰ ਰੱਖਦਿਆਂ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਕਿ ਖੇਤੀਬਾੜੀ ਨੂੰ ਹੋਰ ਜ਼ਿਆਦਾ ਲਾਭਦਾਇਕ ਤੇ ਆਰਥਿਕ ਤੌਰ 'ਤੇ ਲਾਹੇਵੰਦ ਬਣਾਉਣ ਲਈ ਕੇਂਦਰ ਸਰਕਾਰ ਨੂੰ ਸੂਬਿਆਂ ਨਾਲ ਸਲਾਹ-ਮਸ਼ਵਰਾ ਕਰਕੇ ਵਿਆਪਕ ਸਕੀਮ ਤਿਆਰ ਕਰਨੀ ਚਾਹੀਦੀ ਹੈ। ਉਨ੍ਹਾਂ ਖੇਤੀਬਾੜੀ ਸੈਕਟਰ ਨੂੰ ਸੁਰਜੀਤ ਕਰਨ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਭਾਰਤੀ ਖੁਰਾਕ ਨਿਗਮ (ਐਫਸੀਆਈ) ਨੂੰ ਘੱਟੋ-ਘੱਟ ਸਮਰਥਨ ਮੁੱਲ 'ਤੇ ਫਸਲਾਂ ਉਸ ਸਮੇਂ ਤੱਕ ਖਰੀਦਣ ਲਈ ਆਖਿਆ ਜਦੋਂ ਤੱਕ ਕਿਸਾਨਾਂ ਨੂੰ ਕੋਈ ਹੋਰ ਢੁਕਵਾਂ ਬਦਲ ਮੁਹੱਈਆ ਨਹੀਂ ਕਰਵਾਇਆ ਜਾਂਦਾ। ਉਨ੍ਹਾਂ ਕਿਹਾ ਕਿ ਧਰਤੀ ਹੇਠਲੇ ਪਾਣੀ ਦਾ ਪੱਧਰ ਹੇਠਾਂ ਜਾਣ ਤੇ ਜ਼ਮੀਨ ਦੀ ਉਪਜਾਊ ਸ਼ਕਤੀ ਘੱਟਣ ਦੇ ਕਈ ਕਾਰਨਾਂ ਕਰਕੇ ਰਾਜ ਦੇ ਕਿਸਾਨਾਂ ਦੀਆਂ ਮੁਸੀਬਤਾਂ ਵਿਚ ਹੋਰ ਵਾਧਾ ਹੋਇਆ ਹੈ। ਸ੍ਰੀ ਮੋਦੀ ਨੇ ਭਰੋਸਾ ਦਿੱਤਾ ਕਿ ਨੀਤੀ ਆਯੋਗ ਛੇਤੀ ਹੀ ਇਨ੍ਹਾਂ ਮਾਮਲਿਆਂ 'ਤੇ ਵਿਚਾਰ ਕਰਕੇ ਖੇਤੀਬਾੜੀ ਲਈ ਸਥਿਰ ਵਿਕਾਸ ਮਾਡਲ ਤਿਆਰ ਕਰੇਗਾ।

ਉਨ੍ਹਾਂ ਕਿਹਾ ਕਿ ਸਹਿਕਾਰੀ ਸੰਘਵਾਦ ਦੀ ਭਾਵਨਾ ਅਨੁਸਾਰ ਸੂਬਿਆਂ ਨੂੰ ਆਪਣੀਆਂ ਸਾਲਾਨਾ ਯੋਜਨਾਵਾਂ ਬਣਾਉਣ ਦੀ ਆਜ਼ਾਦੀ ਦੇ ਕੇ ਸਾਲਾਨਾ ਯੋਜਨਾ ਦੀ ਮੌਜੂਦਾ ਪ੍ਰਣਾਲੀ ਦਾ ਸਮੂਹਿਕ ਜਾਇਜ਼ਾ ਖ਼ਤਮ ਕਰ ਦਿੱਤਾ ਜਾਣਾ ਚਾਹੀਦਾ ਹੈ। ਸ੍ਰੀ ਬਾਦਲ ਨੇ ਯੂਰੀਆ 'ਤੇ ਮੌਜੂਦਾ ਸਮੇਂ ਦਿੱਤੀ ਜਾ ਰਹੀ ਸਬਸਿਡੀ ਨੂੰ ਜਾਰੀ ਰੱਖਣ ਲਈ ਇਸ ਨੂੰ ਆਧਾਰ ਨਾਲ ਜੋੜਨ ਦੀ ਵਕਾਲਤ ਕੀਤੀ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਦੀਆਂ ਸਾਰੀਆਂ ਸਕੀਮਾਂ ਬਹੁਤ ਵਧੀਆ ਹਨ ਪਰ ਸੂਬਿਆਂ ਨੂੰ ਵਿੱਤੀ ਤੇ ਅਮਲੀ ਖੁਦਮੁਖਤਿਆਰੀ ਦਿੱਤੇ ਬਿਨਾਂ ਇਨ੍ਹਾਂ ਨੂੰ ਲਾਗੂ ਕਰਨਾ ਸੰਭਵ ਨਹੀਂ ਹੈ। ਇਸ ਤੋਂ ਪਹਿਲਾਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਸੂਬਿਆਂ ਦੇ ਮੁੱਖ ਮੰਤਰੀਆਂ ਨੂੰ ਆਪਸੀ ਭੇਦਭਾਵ ਭੁਲਾ ਕੇ ਇਕਜੁੱਟ ਹੋਣ ਦਾ ਸੁਨੇਹਾ ਦਿੱਤਾ ਹੈ ਤਾਂ ਕਿ ਭਾਰਤ ਦੀ ਵਿਕਾਸ ਦਰ ਵਿਚ ਤੇਜ਼ੀ ਆ ਸਕੇ ਤੇ ਰੁਜ਼ਗਾਰ ਦੇ ਮੌਕੇ ਵਧਾਏ ਜਾ ਸਕਣ। ਨੀਤੀ ਆਯੋਗ ਦੀ ਗਵਰਨਿੰਗ ਕੌਂਸਲ ਦੀ ਪਹਿਲੀ ਮੀਟਿੰਗ ਦੌਰਾਨ ਉਨ੍ਹਾਂ ਸੂਬਾ ਸਰਕਾਰਾਂ ਨੂੰ ਵੱਧ ਤਾਕਤਾਂ ਦੇਣ ਦਾ ਦਾ ਵਾਅਦਾ ਕੀਤਾ।



## ਹਰਿਆਣਾ ਨੇ ਇਕ ਵਾਰ ਫਿਰ ਚੁੱਕਿਆ ਦਰਿਆਵਾਂ ਦੇ ਪਾਣੀਆਂ ਦਾ ਮਸਲਾ

**ਚੰਡੀਗੜ੍ਹ:** ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਕਿਹਾ ਹੈ ਕਿ ਦਿੱਲੀ ਵਿਚ ਪਾਣੀ ਦੀ ਵਧਦੀ ਮੰਗ ਨੂੰ ਪੂਰਾ ਕਰਨਾ ਸਿਰਫ ਹਰਿਆਣਾ ਦਾ ਹੀ ਫ਼ਰਜ਼ ਨਹੀਂ ਹੈ ਸਗੋਂ ਦੂਜੇ ਸੂਬਿਆਂ ਨੂੰ ਵੀ ਦਿੱਲੀ ਦੀ ਪਾਣੀ ਦੀ ਜ਼ਰੂਰਤ ਨੂੰ ਪੂਰਾ ਕਰਨਾ ਚਾਹੀਦਾ ਹੈ। ਉਨ੍ਹਾਂ ਮੰਗ ਕੀਤੀ ਕਿ ਕੇਂਦਰ ਸਰਕਾਰ ਦਰਿਆਈ ਪਾਣੀਆਂ ਨੂੰ ਕੌਮੀ ਸੰਪਤੀ ਮੰਨ ਕੇ ਅੰਤਰਰਾਜੀ ਝਗੜਿਆਂ ਦਾ ਨਿਪਟਾਰਾ ਕਰੇ।

ਨੀਤੀ ਆਯੋਗ ਦੀ ਗਵਰਨਿੰਗ ਕੌਂਸਲ ਦੀ ਮੀਟਿੰਗ ਵਿਚ ਬੋਲਦਿਆਂ ਉਨ੍ਹਾਂ ਸੁਝਾਅ ਦਿੱਤਾ ਕਿ ਸਾਰੇ ਦਰਿਆਵਾਂ ਨੂੰ ਕੌਮੀ ਮਿਲਖ ਮੰਨ ਕੇ ਹੱਲ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਰਾਜ ਸਰਕਾਰ ਰਾਵੀ-ਬਿਆਸ ਦਰਿਆਈ ਪਾਣੀਆਂ ਵਿਚ ਬਣਦਾ ਹਿੱਸਾ ਲੈਣ ਲਈ ਹਰ ਸੰਭਵ ਯਤਨ ਕਰੇਗੀ।

## ਸ਼੍ਰੋਮਣੀ ਭਗਤ ਰਵਿਦਾਸ ਜੀ ਦਾ ਪ੍ਰਕਾਸ਼ ਪੁਰਬ ਮਨਾਇਆ

**ਫਰਿਜ਼ਨੋ (ਬਿਊਰੋ):** ਸਥਾਨਕ ਗੁਰਦੁਆਰਾ ਨਾਨਕਸਰ ਚੈਰੀ ਐਵਨਿਊ ਵਿਖੇ ਸ਼੍ਰੋਮਣੀ ਭਗਤ ਰਵਿਦਾਸ ਜੀ ਦਾ ਪ੍ਰਕਾਸ਼ ਪੁਰਬ ਸ਼ਰਧਾ ਨਾਲ ਸਿੱਖ ਸੰਗਤਾਂ ਨੇ ਪੂਰਨਮਾਸ਼ੀ ਦੀ ਸ਼ਾਮ ਨੂੰ ਮਨਾਇਆ।

ਇਸ ਸਮੇਂ ਚਲ ਰਹੇ ਅਖੰਡ ਪਾਠਾਂ ਦੀ ਲੜੀ ਦੌਰਾਨ ਹਰ ਮਹੀਨੇ ਦੀ ਤਰ੍ਹਾਂ ਨਾਨਕਸਰ ਦੀ ਮਰਿਆਦਾ ਅਨੁਸਾਰ ਪੂਰਨਮਾਸ਼ੀ ਦੇ ਭੋਗ ਉਪਰੰਤ ਸ਼੍ਰੋਮਣੀ ਭਗਤ ਰਵਿਦਾਸ ਜੀ ਦੇ ਪ੍ਰਕਾਸ਼ ਪੁਰਬ 'ਤੇ ਵਿਸ਼ੇਸ਼ ਸਮਾਗਮ ਕੀਤਾ ਗਿਆ। ਇਸ ਮੌਕੇ ਕਥਾ ਵਿਚਾਰ ਕਰਦਿਆਂ ਸੰਤ ਗੁਰਮੇਲ ਸਿੰਘ ਨੇ ਭਗਤ ਜੀ ਦੀ ਜੀਵਨੀ 'ਤੇ ਸੰਖੇਪ ਚਾਨਣਾ ਪਾਇਆ ਅਤੇ ਉਨ੍ਹਾਂ ਦੀਆਂ ਸਿਖਿਆਵਾਂ ਦਾ ਬਿਆਨ ਕੀਤਾ। ਹੋਰ ਕੀਰਤਨੀ ਜਥਿਆਂ ਨੇ ਵੀ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਿਆ। ਇਸ ਮੌਕੇ ਭਾਈ ਜਸਵੰਤ ਸਿੰਘ ਜ਼ੀਰੇ ਵਾਲੇ, ਸੰਤ ਸਤਨਾਮ ਸਿੰਘ ਨਾਨਕਸਰ ਕਲੇਰਾਂ, ਭਾਈ ਇਕਬਾਲ ਸਿੰਘ ਝੋਰੜਾ ਵਾਲੇ ਅਤੇ ਹੋਰ ਬਹੁਤ ਸਾਰੇ ਬੁੱਧੀਜੀਵੀਆਂ ਨੇ ਹਾਜ਼ਰੀ ਭਰੀ।


SUPER TRAVEL
847-676-9090, 773-465-5566
E-mail: supertravel2003@yahoo.com
Lowest Fares With Excellent Service
AMERICAN AIR, CONTINENTAL AIR

JET AIRWAYS DELTA, AIR INDIA, KLM, LUFTHANSA.
For Emergency Call anytime at 847-673-3825
EARLY BIRD SALE!!!!
India $545
London $250

To Advertise with Punjab Times Call: 847-359-0746

ਪੰਜਾਬੀ ਰੇਡੀਓ ਯੂਐਸਏ
Punjabi RADIO USA
Uniting Punjabi's All Over
24 ਘੰਟੇ ਸੱਤੇ ਦਿਨ ਸੁਣੋ
Listen on :
Radio Sets (CA, WA, NV)
Dial in
832-551-5029 or 605-475-6868
Android & iPhone App
www.PunjabiRadioUSA.com
Ph: 408-272-5200

"Ask us about the...
AARP® Auto Insurance Program from The Hartford."
NOW AVAILABLE IN YOUR AREA!
Find out more about the Special Benefits of The Hartford's Program for AARP members and our Competitive Rates!

Satwant Singh
You'll also enjoy a Six-Point Claim Commitment– designed to exceed your expectations from the moment you report your claim, to the moment your settlement check is issued! This auto insurance is designed exclusively for AARP members – and is now available through.
-Satwant Singh!
Call today for your FREE, no-obligation quote:
+1-408-771-2438
Satwant Singh: 2774 Aborn Rd,
San Jose, CA 95121
satwant@satwantins.com
www.satwantins.com
CA License# 0H11256
AARP® | Auto Insurance Program from THE HARTFORD
The AARP Automobile Insurance Program from The Hartford is underwritten by Hartford Fire Insurance Company and its affiliates, One Hartford Plaza, Hartford CT 06155. CA license number 5152. In Washington, the Program is underwritten by Trumbull Insurance Company. AARP does not employ or endorse agents or brokers. AARP and its affiliates are not insurers. Paid endorsement. The Hartford pays royalty fees to AARP for the use of its intellectual property. These fees are used for the general purposes of AARP. AARP membership is required for Program eligibility in most states. Applicants are individually underwritten and some may not qualify. Specific features, credits, and discounts may vary and may not be available in all states in accordance with state filings and applicable law. You have the option of purchasing a policy directly from The Hartford. Your price, however, could vary, and you will not have the advice, counsel or services of your independent agent.
107792 2nd Rev

Golden State Realty
9912 Kapalua Ln., Elk Grove, CA 95624

Sohanpreet (Sam) Chahal
CA Lic. 01504071
Realtor/CEO
CRE Group Inc.
Multi Million Dollar Producers
2009 to 2014
Please Contact For
Commercial
or
Residential
Needs
ਅਸੀਂ ਲੋਨ ਲੈਣ ਵਿਚ ਤੁਹਾਡੀ ਮਦਦ ਕਰਦੇ ਹਾਂ
Call: Sohanpreet 'Sam' Chahal
Ph: 916-612-5773
email: samchahal@hotmail.com
Serving all over California

# ਜਥੇਦਾਰਾਂ ਦੀ ਨਿਯੁਕਤੀ ਦਾ ਮਾਮਲਾ ਮੁੜ ਭਖਿਆ

## ਵੱਖ-ਵੱਖ ਸਿੱਖ ਜਥੇਬੰਦੀਆਂ ਨੇ ਦਿੱਤੀ ਚੁਣੌਤੀ



ਚੰਡੀਗੜ੍ਹ ਵਿਚ ਪ੍ਰੈਸ ਕਾਨਫਰੰਸ ਦੌਰਾਨ ਸਿੱਖ ਜਥੇਬੰਦੀਆਂ ਦੇ ਨੁਮਾਇੰਦੇ

**ਚੰਡੀਗੜ੍ਹ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਤਖ਼ਤਾਂ ਦੇ ਜਥੇਦਾਰਾਂ ਦੀ ਨਿਯੁਕਤੀ, ਸੇਵਾਮੁਕਤੀ ਤੇ ਕੰਮਕਾਜ ਦੇ ਦਾਇਰੇ ਬਾਰੇ ਨੇਮ ਨਿਰਧਾਰਤ ਕਰਨ ਲਈ ਬਣਾਈ ਪੰਜ ਮੈਂਬਰੀ ਕਮੇਟੀ ਨੂੰ ਕਈ ਸਿੱਖ ਜਥੇਬੰਦੀਆਂ ਤੇ ਵਿਦਵਾਨਾਂ ਨੇ ਰੱਦ ਕਰਦਿਆਂ 'ਜਥੇਦਾਰ' ਦੀ ਅਥਾਰਿਟੀ ਨੂੰ ਚੁਣੌਤੀ ਦਿੱਤੀ ਹੈ, ਜਿਸ ਕਾਰਨ ਸਿੱਖ ਕੌਮ ਦਾ ਇਹ ਅਹਿਮ ਧਾਰਮਿਕ ਮੁੱਦਾ ਵੱਡੇ ਵਿਵਾਦਾਂ ਵਿਚ ਘਿਰ ਗਿਆ ਹੈ।

ਵੱਖ-ਵੱਖ ਸਿੱਖ ਸੰਸਥਾਵਾਂ ਤੇ ਵਿਦਵਾਨਾਂ ਵਲੋਂ ਇਸ ਮੁੱਦੇ ਉਪਰ ਕੀਤੀ ਲੰਮੀ ਵਿਚਾਰ-ਚਰਚਾ ਤੋਂ ਬਾਅਦ ਸਖਤ ਸਟੈਂਡ ਲੈਂਦਿਆਂ ਕਿਹਾ ਗਿਆ ਹੈ ਕਿ ਸਿੱਖ ਗੁਰਦੁਆਰਾ ਐਕਟ-1925 ਵਿਚ 'ਜਥੇਦਾਰ' ਨਾਮ ਦੇ ਕਿਸੇ ਅਹੁਦੇ ਦਾ ਕੋਈ ਜ਼ਿਕਰ ਹੀ ਨਹੀਂ ਹੈ। ਗੁਰਦੁਆਰਾ ਐਕਟ ਵਿਚ ਹੈਡ ਮਨਿਸਟਰ ਦਾ ਅਹੁਦਾ ਦਰਜ ਹੈ, ਜਿਸ ਦਾ ਸ਼ਬਦੀ ਅਰਥ ਮੁੱਖ ਗ੍ਰੰਥੀ ਹੈ ਤੇ ਇਸ ਦੀ ਨਿਯੁਕਤੀ ਆਦਿ ਲਈ ਵੀ ਬਾਕਾਇਦਾ ਨੇਮ ਅੰਕਿਤ ਕੀਤੇ ਗਏ ਹਨ। ਐਕਟ ਵਿਚ ਸਪੱਸ਼ਟ ਅੰਕਿਤ ਹੈ ਕਿ ਮੁੱਖ ਗ੍ਰੰਥੀ ਦਾ ਕੰਮ ਸਬੰਧਿਤ ਗੁਰਦੁਆਰਾ ਸਾਹਿਬ ਦੇ ਧਾਰਮਿਕ ਸੰਸਕਾਰ ਕਰਵਾਉਣੇ ਤੇ ਹਰ ਰੋਜ਼ ਦੇ ਧਾਰਮਿਕ ਪ੍ਰਬੰਧ ਦੇਖਣੇ ਹੀ ਹਨ।

ਸਾਂਝੀ ਮੀਟਿੰਗ ਉਪਰੰਤ ਸੰਸਾਰ ਸਿੱਖ ਸੰਗਠਨ ਦੇ ਜਨਰਲ (ਸੇਵਾਮੁਕਤ) ਕਰਤਾਰ ਸਿੰਘ ਗਿੱਲ, ਇੰਸਟੀਚਿਊਟ ਆਫ ਸਿੱਖ ਸਟੱਡੀਜ਼ ਦੀ ਬੀਬੀ ਬੀਰੇਂਦਰਾ ਕੌਰ, ਖਾਲਸਾ ਪੰਚਾਇਤ ਦੇ ਕਨਵੀਨਰ ਰਾਜਿੰਦਰ ਸਿੰਘ ਖਾਲਸਾ, ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਦੇ ਗੁਰਪ੍ਰੀਤ ਸਿੰਘ ਤੇ ਸੁਰਿੰਦਰ ਸਿੰਘ ਕਿਸ਼ਨਪੁਰਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਹਰਦੀਪ ਸਿੰਘ, ਗਲੋਬਲ ਸਿੱਖ ਕੌਂਸਲ ਦੇ ਕਿਰਪਾਲ ਸਿੰਘ ਨਿੱਝਰ, ਬੀਬੀ ਪਰਮਿੰਦਰ ਕੌਰ ਯੂ.ਐਸ.ਏ., ਸਿੱਖ ਮਿਸ਼ਨਰੀ ਕਾਲਜ ਦੇ ਪ੍ਰਤੀਨਿਧੀ ਗੁਰਬੀਰ ਸਿੰਘ ਤੇ ਪਰਮਜੀਤ ਸਿੰਘ, ਮਨੁੱਖੀ ਅਧਿਕਾਰਾਂ ਦੇ ਵਕੀਲ ਨਵਕਿਰਨ ਸਿੰਘ ਆਦਿ ਨੇ ਚੁਣੌਤੀ ਦਿੱਤੀ ਕਿ ਗੁਰਦੁਆਰਾ ਐਕਟ ਵਿਚ 'ਪ੍ਰਬੰਧ ਸਕੀਮ' ਦੇ ਨਾਮ ਹੇਠ ਇਸ ਅਹੁਦੇ ਦਾ ਨਾਂ ਬਦਲ ਕੇ 'ਜਥੇਦਾਰ' ਕਰਨਾ ਪੂਰੀ ਤਰ੍ਹਾਂ ਗੈਰ-ਸੰਵਿਧਾਨਕ ਹੈ। ਉਨ੍ਹਾਂ ਕਿਹਾ ਕਿ ਨਾਮ ਸਿਰਫ ਸਿੱਖ ਗੁਰਦੁਆਰਾ ਐਕਟ ਵਿਚ ਸੋਧ ਕਰਕੇ ਹੀ ਬਦਲਿਆ ਜਾ ਸਕਦਾ ਹੈ ਤੇ ਇਸ ਦਾ ਅਧਿਕਾਰ ਸਿਰਫ ਭਾਰਤ ਸਰਕਾਰ ਕੋਲ ਹੀ ਹੈ।

ਉਨ੍ਹਾਂ ਦੋਸ਼ ਲਾਇਆ ਕਿ ਸ਼੍ਰੋਮਣੀ ਗੁਰਦੁਆਰਾ ਕਮੇਟੀ ਵਲੋਂ ਮੁੱਖ ਗ੍ਰੰਥੀ ਦੇ ਅਹੁਦੇ ਦਾ ਗੈਰ-ਸਿਧਾਂਤਕ 'ਜਥੇਦਾਰ' ਨਾਮਕਰਨ ਕਰਕੇ ਇਸ ਸ਼ਬਦ ਦੀ ਦੁਰਵਰਤੋਂ ਕੀਤੀ ਗਈ ਹੈ ਤੇ ਸ਼੍ਰੋਮਣੀ ਕਮੇਟੀ ਨੇ ਪੰਥਕ ਫੈਸਲੇ ਕਰਨ ਲਈ 'ਸਰਬੱਤ ਖਾਲਸਾ' ਦੀ ਪੁਰਾਤਨ ਇਤਿਹਾਸਕ ਰਵਾਇਤ ਨੂੰ ਮਲੀਆਮੇਟ ਕਰਕੇ ਇਹ ਅਧਿਕਾਰ ਜਥੇਦਾਰਾਂ ਨੂੰ ਸੌਂਪ ਦਿੱਤੇ ਹਨ। ਸਿੱਖ ਸੰਸਥਾਵਾਂ ਨੇ ਕਿਹਾ ਕਿ ਪੰਥਕ ਫੈਸਲੇ ਲੈਣ ਦਾ ਅਧਿਕਾਰ ਸਿਰਫ ਸਮੂਹਿਕ ਰੂਪ ਵਿਚ ਸਰਬੱਤ ਖਾਲਸਾ ਨੂੰ ਹੀ ਹੈ। ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ ਨੇ ਆਪਣੇ ਸਿਆਸੀ ਹਿੱਤਾਂ ਤੇ ਸਿੱਖ ਕੌਮ ਨੂੰ ਮਾਨਸਿਕ ਗੁਲਾਮ ਬਣਾਉਣ ਲਈ ਹੀ ਕੁਝ ਸ਼੍ਰੋਮਣੀ ਸੰਸਥਾਵਾਂ ਨੂੰ ਵੱਡੀ ਢਾਹ ਲਾਈ ਹੈ। ਉਨ੍ਹਾਂ ਕਿਹਾ ਕਿ ਪੰਥ ਅੱਗੇ ਇਸ ਵੇਲੇ ਸਭ ਤੋਂ ਵੱਡੀ ਚੁਣੌਤੀ ਇਹ ਹੈ ਕਿ ਪੰਥਕ ਮੁੱਦਿਆਂ ਉਪਰ ਬਿਨਾ ਕਿਸੇ ਸਿਆਸੀ ਪ੍ਰਭਾਵ ਦੇ ਗੁਰਮਤਿ ਸਿਧਾਂਤਾਂ ਅਨੁਸਾਰ ਨਿਰਪੱਖ ਫੈਸਲੇ ਕਿਵੇਂ ਜਾਣ।

ਆਗੂਆਂ ਨੇ ਕਿਹਾ ਕਿ ਇਸ ਮੁੱਦੇ ਉਪਰ ਸਮੂਹ ਜਥੇਬੰਦੀਆਂ ਦੀ ਹੋਈ ਸਾਂਝੀ ਮੀਟਿੰਗ ਦੌਰਾਨ ਸਾਰੇ ਇਕਮੱਤ ਸਨ ਕਿ ਇਸ ਵੇਲੇ ਪੰਜ ਮੈਂਬਰੀ ਕਮੇਟੀ ਬਣਾਉਣ ਦੀ ਲੋੜ ਨਹੀਂ ਹੈ ਸਗੋਂ 'ਵਿਸ਼ਵ ਸਰਬੱਤ ਖਾਲਸਾ' ਨੂੰ ਮੁੜ ਉਜਾਗਰ ਕਰਨਾ ਸਮੇਂ ਦੀ ਮੰਗ ਹੈ ਕਿਉਂਕਿ ਦੁਨੀਆਂ ਭਰ ਦੀਆਂ ਸਿੱਖ ਜਥੇਬੰਦੀਆਂ ਇਸੇ ਝੰਡੇ ਹੇਠ ਹੀ ਇਕਮੁੱਠ ਹੋ ਸਕਦੀਆਂ ਹਨ। ਮੀਟਿੰਗ ਵਿਚ ਫੈਸਲਾ ਹੋਇਆ ਕਿ ਪੰਥਕ ਮਸਲੇ ਨਿਰੋਲ ਗੁਰਮਤਿ ਤੇ ਪੰਥਕ ਹਿੱਤਾਂ ਵਿਚ ਕਰਵਾਉਣ ਦੀ ਪ੍ਰਥਾ ਚਲਾਉਣ ਲਈ ਨਿਰੰਤਰ ਲਾਮਬੰਦੀ ਚਲਾਈ ਜਾਵੇਗੀ।

ਇਨ੍ਹਾਂ ਸੰਸਥਾਵਾਂ ਨੇ ਮਤਾ ਪਾਸ ਕੀਤਾ ਹੈ ਕਿ ਗੁਰਦੁਆਰਾ ਐਕਟ ਜਾਂ ਪੰਥਕ ਸਿਧਾਂਤਾਂ ਦੇ ਉਲਟ ਕੀਤੇ ਜਾ ਰਹੇ ਫੈਸਲਿਆਂ ਨੂੰ ਹੁਣ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਇਸ ਬਾਰੇ ਸ਼੍ਰੋਮਣੀ ਕਮੇਟੀ ਦੇ ਸਕੱਤਰ ਤੇ ਪੰਜ ਮੈਂਬਰੀ ਕਮੇਟੀ ਦੇ ਕੋਆਰਡੀਨੇਟਰ ਦਲਮੇਘ ਸਿੰਘ ਨੇ ਕਿਹਾ ਕਿ ਸਿੱਖ ਮਿਸਲਾਂ ਨਾਲ ਸਬੰਧਤ ਜਿਸ 'ਸਰਬੱਤ ਖਾਲਸਾ' ਸਿਧਾਂਤ ਦੀ ਗੱਲ ਚੰਡੀਗੜ੍ਹ ਦੇ ਸਿੱਖ ਵਿਦਵਾਨ ਕਰ ਰਹੇ ਹਨ, ਉਸ ਵੇਲੇ ਦੇ 'ਸਰਬੱਤ ਖਾਲਸਾ' ਵਿਚ ਇਕ ਦੂਜੇ ਦੀ ਗੱਲ ਸੁਣਨ ਦਾ ਮਾਦਾ ਵੀ ਸੀ ਪਰ ਜਿਸ 'ਸਰਬੱਤ ਖਾਲਸਾ' ਦੀ ਗੱਲ ਹੁਣ ਚੰਡੀਗੜ੍ਹ ਦੇ ਸਿੱਖ ਵਿਦਵਾਨ ਕਰ ਰਹੇ ਹਨ, ਜੇਕਰ ਉਹ ਸਰਬੱਤ ਖਾਲਸਾ ਬਣ ਗਿਆ ਤਾਂ ਚੰਡੀਗੜ੍ਹ ਤੱਕ ਹੀ ਸੀਮਿਤ ਰਹਿ ਜਾਵੇਗਾ।

# ਕੱਚੇ ਕਾਮਿਆਂ ਨੂੰ ਪਹਿਲੀ ਅਪਰੈਲ ਤੱਕ ਛੱਡਣਾ ਪੈ ਸਕਦਾ ਹੈ ਕੈਨੇਡਾ

**ਕੈਲਗਰੀ:** ਸੰਘੀ ਸਰਕਾਰ ਦੇ ਨਵੇਂ ਕਦਮਾਂ ਨਾਲ ਅਲਬਰਟਾ ਦੇ ਬਹੁਤ ਹੀ ਘੱਟ ਆਰਜ਼ੀ ਵਿਦੇਸ਼ੀ ਵਰਕਰਾਂ ਨੂੰ ਰਾਹਤ ਮਿਲਣ ਦੀ ਸੰਭਾਵਨਾ ਹੈ ਤੇ ਬਾਕੀਆਂ ਨੂੰ ਪਹਿਲੀ ਅਪਰੈਲ ਨੂੰ ਦੇਸ਼ ਛੱਡਣਾ ਪੈ ਸਕਦਾ ਹੈ। ਇਨ੍ਹਾਂ ਵਰਕਰਾਂ ਦੇ ਦੇਸ਼ ਛੱਡ ਜਾਣ ਦੀ ਸਮਾਂ ਸੀਮਾ ਪਹਿਲੀ ਅਪਰੈਲ ਤੈਅ ਕੀਤੀ ਸੀ। ਇਕ ਕੰਜ਼ਰਵੇਟਿਵ ਸੰਸਦ ਮੈਂਬਰ ਨੂੰ ਭੇਜੇ ਪੱਤਰ ਵਿਚ ਕੇਂਦਰੀ ਰੁਜ਼ਗਾਰ ਮੰਤਰੀ ਜੈਸਨ ਕੈਨੀ ਨੇ ਕਿਹਾ ਹੈ ਕਿ ਅਲਬਰਟਾ ਦੇ ਕਾਰੋਬਾਰੀ ਅਦਾਰਿਆਂ ਵਲੋਂ ਵਿਦੇਸ਼ੀ ਆਰਜ਼ੀ ਵਰਕਰਾਂ ਬਾਰੇ ਉਠਾਏ ਗਏ ਕਾਨੂੰਨੀ ਮੁੱਦਿਆਂ ਦੇ ਹੱਲ ਵਿਚ ਮਦਦ ਕਰਨ ਲਈ ਕੁਝ ਕਦਮ ਚੁੱਕੇ ਗਏ ਹਨ।

ਇਨ੍ਹਾਂ ਚੁੱਕੇ ਗਏ ਕਦਮਾਂ ਸਦਕਾ ਜੇਕਰ 'ਅਲਬਰਟਾ ਇਮੀਗਰਾਂਟ ਨਾਮਿਨੀ ਪ੍ਰੋਗਰਾਮ' ਤਹਿਤ ਆਰਜ਼ੀ ਵਰਕਰਾਂ ਨੇ ਪਹਿਲਾਂ ਹੀ ਦਰਖਾਸਤਾਂ ਦਿੱਤੀਆਂ ਹੋਈਆਂ ਹਨ ਤਾਂ ਉਨ੍ਹਾਂ ਨੂੰ ਸਥਾਈ ਅਵਾਸ ਮਿਲ ਸਕਦਾ ਹੈ ਪਰ ਉਨ੍ਹਾਂ ਦੀਆਂ ਦਰਖਾਸਤਾਂ ਦੀ ਪ੍ਰਕਿਰਿਆ ਮੁਕੰਮਲ ਹੋਣ ਤੋਂ ਪਹਿਲਾਂ ਕੰਮ ਦਾ ਪਰਮਿਟ ਖਤਮ ਹੋਣ ਦਾ ਜੋਖਮ ਫਿਰ ਵੀ ਬਣਿਆ ਰਹੇਗਾ।

ਇਸੇ ਦੌਰਾਨ ਅਲਬਰਟਾ ਫੈਡਰੇਸ਼ਨ ਆਫ ਲੇਬਰ ਦੇ ਪ੍ਰਧਾਨ ਗਿੱਲ ਮੈਕਗੋਵਾਨ ਨੇ ਸਪੱਸ਼ਟ ਕੀਤਾ ਹੈ ਕਿ ਸਰਕਾਰ ਦੇ ਇਸ ਕਦਮ ਦਾ ਦੁੱਖਦਾਈ ਪਹਿਲੂ ਇਹ ਹੈ ਕਿ ਜ਼ਿਆਦਾਤਰ ਆਰਜ਼ੀ ਵਿਦੇਸ਼ੀ ਵਰਕਰ ਬਹੁਤ ਘੱਟ ਹੁਨਰਮੰਦ ਹਨ ਇਸ ਲਈ ਸੰਘੀ ਸਰਕਾਰ ਦੇ 'ਐਕਸਪ੍ਰੈਸ ਐਂਟਰੀ ਪ੍ਰੋਗਰਾਮ' ਤਹਿਤ ਇਨ੍ਹਾਂ ਵਰਕਰਾਂ ਨੂੰ ਸਥਾਈ ਅਵਾਸ ਮਿਲਣਾ ਬਹੁਤ ਹੀ ਕਠਿਨ ਹੈ। ਉਨ੍ਹਾਂ ਕਿਹਾ ਹੈ ਕਿ ਅੰਕ ਪ੍ਰਣਾਲੀ ਤਹਿਤ ਕੁਸ਼ਲ ਤੇ ਉਚ ਸਿਖਿਆ ਪ੍ਰਾਪਤ ਵਰਕਰਾਂ ਨੂੰ ਤਰਜੀਹ ਦਿੱਤੀ ਜਾਂਦੀ ਹੈ। ਕੈਨੀ ਨੇ ਸਪੱਸ਼ਟ ਕੀਤਾ ਹੈ ਕਿ ਚੁੱਕੇ ਗਏ ਕਦਮਾਂ ਤਹਿਤ ਆਰਜ਼ੀ ਵਿਦੇਸ਼ੀ ਵਰਕਰ ਪ੍ਰੋਗਰਾਮ ਨੂੰ ਛੋਟ ਨਹੀਂ ਹੈ।

# ਮਨੁੱਖੀ ਅਧਿਕਾਰ ਕਮਿਸ਼ਨ ਵਲੋਂ ਪੰਜਾਬ ਸਰਕਾਰ ਨੂੰ ਹਰਜਾਨਾ

**ਚੰਡੀਗੜ੍ਹ:** ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਨੇ ਨਾਭਾ ਜੇਲ੍ਹ ਵਿਚ ਹੋਈ ਕੈਦੀ ਦੀ ਹਿਰਾਸਤੀ ਮੌਤ ਲਈ ਸਰਕਾਰ ਨੂੰ ਦੋ ਲੱਖ ਰੁਪਏ ਦਾ ਹਰਜਾਨਾ ਲਾਇਆ ਹੈ। ਉਮਰ ਕੈਦੀ ਲਾਭ ਸਿੰਘ ਦੀ ਜੇਲ੍ਹ ਵਿਚ ਮੌਤ ਹੋ ਗਈ ਸੀ ਤੇ ਕਮਿਸ਼ਨ ਨੇ ਜੇਲ੍ਹ ਅਧਿਕਾਰੀਆਂ ਨੂੰ ਮੌਤ ਲਈ ਦੋਸ਼ੀ ਠਹਿਰਾਇਆ ਸੀ। ਕੈਦੀ ਲਾਭ ਸਿੰਘ ਦੀ ਛੇ ਮਈ 2011 ਨੂੰ ਜੇਲ੍ਹ ਵਿਚ ਮੌਤ ਹੋ ਗਈ ਸੀ। ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਨੇ ਕੈਦੀ ਦੀ ਮੌਤ ਨੂੰ ਗੰਭੀਰਤਾ ਨਾਲ ਲੈਂਦਿਆਂ ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਨੂੰ ਮਾਮਲੇ ਦੀ ਜਾਂਚ ਕਰਕੇ ਦੋਸ਼ੀਆਂ ਵਿਰੁਧ ਕਾਰਵਾਈ ਦੇ ਆਦੇਸ਼ ਦਿੱਤੇ ਸਨ। ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਨੇ ਸਭ ਤੋਂ ਵੱਧ ਸੁਰੱਖਿਆ ਵਾਲੀ ਜੇਲ੍ਹ ਵਿਚ ਕੈਦੀ ਦੀ ਅਚਨਚੇਤ ਮੌਤ ਉਤੇ ਚਿੰਤਾ ਪ੍ਰਗਟਾਈ ਸੀ।

ਲਾਭ ਸਿੰਘ ਜੋ ਉਮਰ ਕੈਦ ਕੱਟ ਰਿਹਾ ਸੀ, ਨੂੰ ਦੂਜੇ ਕੈਦੀਆਂ ਨੇ ਸਵੇਰੇ ਬੇਹੋਸ਼ੀ ਦੀ ਹਾਲਤ ਵਿਚ ਦੇਖਿਆ ਸੀ। ਜੇਲ੍ਹ ਦੇ ਮੈਡੀਕਲ ਸੁਪਰਡੈਂਟ ਨੇ ਗੰਭੀਰ ਹਾਲਤ ਨੂੰ ਦੇਖਦਿਆਂ ਉਸ ਨੂੰ ਸਿਵਲ ਹਸਪਤਾਲ ਭੇਜ ਦਿੱਤਾ ਪਰ ਰਸਤੇ ਵਿਚ ਹੀ ਉਸ ਦੀ ਮੌਤ ਹੋ ਗਈ ਸੀ। ਕਮਿਸ਼ਨ ਨੇ ਡਿਊਟੀ ਮੈਜਿਸਟ੍ਰੇਟ ਤੋਂ ਮਾਮਲੇ ਦੀ ਜਾਂਚ ਮੰਗੀ ਸੀ। ਡਿਊਟੀ ਮੈਜਿਸਟ੍ਰੇਟ ਨੇ ਭੇਜੀ ਰਿਪੋਰਟ ਵਿਚ ਕਿਹਾ ਸੀ ਕਿ ਕੈਦੀ ਦੀ ਮੌਤ ਜ਼ਹਿਰਲੀ ਚੀਜ਼ ਖਾਣ ਨਾਲ ਹੋਈ ਹੈ। ਮ੍ਰਿਤਕ ਦੀ ਪੋਸਟਮਾਰਟਮ ਰਿਪੋਰਟ ਵਿਚ ਵੀ ਕੈਦੀ ਦੇ ਸਰੀਰ ਵਿਚੋਂ ਜ਼ਹਿਰੀਲਾ ਪਦਾਰਥ ਮਿਲਣ ਦੀ ਪੁਸ਼ਟੀ ਕੀਤੀ ਗਈ ਸੀ। ਕਮਿਸ਼ਨ ਨੇ ਜੇਲ੍ਹ ਵਿਚ ਸਮਗਲ ਹੋ ਰਹੇ ਜ਼ਹਿਰੀਲੇ ਪਦਾਰਥਾਂ ਬਾਰੇ ਵੀ ਜਾਣਕਾਰੀ ਮੰਗੀ ਸੀ। ਜੇਲ੍ਹ ਸੁਪਰਡੈਂਟ ਨੇ ਕੈਦੀ ਦੀ ਮੌਤ ਬਾਰੇ ਕਿਹਾ ਸੀ ਪਰ ਨਸ਼ਿਆਂ ਦੀ ਸਮਗਲਿੰਗ ਬਾਰੇ ਜੁਆਬ ਦੇਣ ਦੀ ਜ਼ਰੂਰਤ ਨਹੀਂ ਸਮਝੀ ਸੀ। ਕੈਦੀ ਦੀ ਹਿਰਾਸਤੀ ਮੌਤ ਬਾਰੇ ਕੋਈ ਵੀ ਫੈਸਲੇ ਪਹਿਲਾਂ ਜੇਲ੍ਹ ਅਧਿਕਾਰੀਆਂ ਨੂੰ ਪੱਖ ਰੱਖਣ ਦਾ ਮੌਕਾ ਦਿੱਤਾ ਗਿਆ ਸੀ।

# ਚੋਣਾਂ ਲਈ ਬਰਤਾਨਵੀ ਸਿੱਖਾਂ ਵਲੋਂ ਵੀ ਕਮਰਕੱਸੇ

**ਲੰਡਨ:** ਬਰਤਾਨਵੀ ਸਿੱਖ ਭਾਈਚਾਰੇ ਨੇ ਪਹਿਲੀ ਵਾਰ ਇਕ ਵਿਲੱਖਣ ਸਿਆਸੀ ਮੁਹਿੰਮ ਤਹਿਤ ਮੁਲਕ ਭਰ ਵਿਚ 50 ਸੀਟਾਂ ਦਾ ਟੀਚਾ ਰੱਖਿਆ ਹੈ, ਜਿਨ੍ਹਾਂ ਵਿਚੋਂ ਪੱਛਮੀ ਲੰਡਨ ਦੀਆਂ ਤਿੰਨ ਸੀਟਾਂ ਵੀ ਸ਼ਾਮਲ ਹਨ। ਇਹ ਟੀਚਾ 2015 ਦੀਆਂ ਆਮ ਚੋਣਾਂ ਲਈ ਰੱਖਿਆ ਗਿਆ ਹੈ। ਦੱਸਣਯੋਗ ਹੈ ਕਿ 2011 ਦੀ ਜਨਗਣਨਾ ਅਨੁਸਾਰ ਬਰਤਾਨੀਆ ਵਿਚ 4.3 ਲੱਖ ਸਿੱਖ ਵਸਦੇ ਹਨ। ਜਿਨ੍ਹਾਂ ਵਿਚੋਂ 4.2 ਲੱਖ ਇਕੱਲੇ ਇੰਗਲੈਂਡ ਵਿਚ ਰਹਿੰਦੇ ਹਨ। ਕੁੱਲ 650 ਪਾਰਲੀਮਾਨੀ ਸੀਟਾਂ ਵਿਚੋਂ ਸਿੱਖਾਂ ਦਾ 50-100 ਤੱਕ ਸੀਟਾਂ 'ਤੇ ਚੰਗਾ ਪ੍ਰਭਾਵ ਹੈ।

ਇਕ ਰਿਪੋਰਟ ਮੁਤਾਬਕ 31 ਜਨਵਰੀ ਨੂੰ ਸ੍ਰੀ ਗੁਰੂ ਸਿੰਘ ਸਭਾ ਸਾਊਥਹਾਲ ਵਿਚ 10 ਨੁਕਾਤੀ ਮੈਨੀਫੈਸਟੋ ਦੇ ਸਮਰਥਨ ਵਿਚ ਮੁਹਿੰਮ ਸ਼ੁਰੂ ਕਰਨ ਲਈ ਵੱਖ-ਵੱਖ ਗੁਰਦੁਆਰਿਆਂ ਤੇ ਬਰਤਾਨਵੀ ਸਿੱਖ ਸੰਗਠਨਾਂ ਦੇ ਲੋਕ ਪੁੱਜੇ ਸਨ। ਸਿੱਖ ਫੈਡਰੇਸ਼ਨ (ਯੂ.ਕੇ.) ਦੇ ਚੇਅਰਮਨ ਅਮਰੀਕ ਸਿੰਘ ਨੇ ਕਿਹਾ ਕਿ ਮੈਨੀਫੈਸਟੋ ਦੇ ਵਿਸ਼ੇ ਬਰਤਾਨਵੀ ਸਿੱਖ ਭਾਈਚਾਰੇ ਲਈ ਅਜਿਹੀ ਮਹੱਤਤਾ ਵਾਲੇ ਹਨ ਕਿ ਪਾਰਟੀਆਂ ਤੇ ਉਮੀਦਵਾਰਾਂ ਦਾ ਇਨ੍ਹਾਂ ਪ੍ਰਤੀ ਹੁੰਗਾਰਾ ਹੀ ਤੈਅ ਕਰੇਗਾ ਕਿ ਭਾਈਚਾਰੇ ਵਿਚੋਂ ਕਿੰਨੇ ਲੋਕ ਉਨ੍ਹਾਂ ਨੂੰ ਵੋਟ ਪਾਉਣਗੇ। ਉਨ੍ਹਾਂ ਕਿਹਾ ਕਿ ਭਾਈਚਾਰੇ ਨਾਲ ਸਬੰਧਤ ਵੱਡੇ ਮੁੱਦੇ ਨਜਿੱਠਣੇ ਜ਼ਰੂਰੀ ਹਨ। ਵੱਡੇ ਮੁੱਦਿਆਂ 'ਤੇ ਭਾਈਚਾਰਾ ਹਰੇਕ ਸਿਆਸੀ ਪਾਰਟੀ ਤੋਂ ਪੂਰੀ ਵਚਨਬੱਧਤਾ ਚਾਹੁੰਦਾ ਹੈ।

ਲੇਬਰ ਪਾਰਟੀ ਦੇ ਐਡ ਮਿਲੀਬੈਂਡ ਅਨੁਸਾਰ ਸਿੱਖ ਫੈਡਰੇਸ਼ਨ ਯੂ.ਕੇ. ਵਲੋਂ ਲਿਖਿਆ ਸਿੱਖ ਮੈਨੀਫੈਸਟੋ 2015-2020 ਇਹ ਦਰਸਾਉਂਦਾ ਹੈ ਕਿ ਸਿਆਸੀ ਅਮਲ ਵਿਚ ਬਰਤਾਨਵੀ ਸਿੱਖ ਪੂਰੀ ਤਰ੍ਹਾਂ ਸਰਗਰਮੀ ਨਾਲ ਸ਼ਾਮਲ ਹਨ ਤੇ ਇਹ ਇਸ ਭਾਈਚਾਰੇ ਨੂੰ ਸ਼ਸ਼ਕਤ ਕਰਨ ਦਾ ਵਧੀਆ ਤਰੀਕਾ ਹੈ। ਉਹ ਪ੍ਰਧਾਨ ਮੰਤਰੀ ਨਿੱਕ ਕਲੈਗ ਨੇ ਸਿੱਖ ਫੈਡਰੇਸ਼ਨ ਦੀ ਇਸ ਸਰਗਰਮੀ ਦਾ ਸਵਾਗਤ ਕੀਤਾ ਹੈ ਤੇ ਭਾਈਚਾਰੇ ਨੂੰ ਸਿਆਸੀ ਤੌਰ 'ਤੇ ਸਰਗਰਮ ਕਰਨ ਲਈ ਉਨ੍ਹਾਂ ਇਸ ਦੀ ਸ਼ਲਾਘਾ ਕੀਤੀ ਹੈ।

## ਸੰਸਦੀ ਚੋਣਾਂ ਲਈ ਲਿਆਂਦਾ ਆਪਣਾ ਚੋਣ ਮੈਨੀਫੈਸਟੋ



### ਪ੍ਰਧਾਨ ਮੰਤਰੀ ਕੈਮਰੌਨ ਨੇ ਗੁਰਦੁਆਰੇ ਮੱਥਾ ਟੇਕਿਆ

**ਲੰਡਨ:** ਬਰਤਾਨੀਆ ਵਿਚ ਮਈ ਮਹੀਨੇ ਵਿਚ ਹੋ ਰਹੀਆਂ ਸੰਸਦੀ ਚੋਣਾਂ ਦੇ ਮੱਦੇਨਜ਼ਰ ਬਰਤਾਨਵੀ ਪ੍ਰਧਾਨ ਮੰਤਰੀ ਡੇਵਿਡ ਕੈਮਰੌਨ ਇਥੇ ਦੋ ਗੁਰਦੁਆਰਿਆਂ ਵਿਖੇ ਪੁੱਜੇ ਜਿਥੇ ਉਨ੍ਹਾਂ ਨੇ ਸਿੱਖ ਭਾਈਚਾਰੇ ਨੂੰ ਦਰਪੇਸ਼ ਆ ਰਹੀਆਂ ਮੁਸ਼ਕਿਲਾਂ ਬਾਰੇ ਗੱਲਬਾਤ ਕੀਤੀ।

ਇਸ ਦੌਰਾਨ ਕੈਮਰੌਨ ਨੇ ਗੁਰਦੁਆਰਾ ਲਿਆਮਿੰਗਟਨ ਤੇ ਗੁਰਦੁਆਰਾ ਵਾਰਵਿਕ ਵਿਖੇ ਮੱਥਾ ਟੇਕਿਆ ਤੇ ਕਮੇਟੀ ਅਹੁਦੇਦਾਰਾਂ ਨਾਲ ਵਿਚਾਰ-ਵਟਾਂਦਰਾ ਕੀਤਾ। ਜ਼ਿਕਰਯੋਗ ਹੈ ਕਿ ਇਥੇ ਸਿੱਖ ਭਾਈਚਾਰੇ ਵਲੋਂ ਚੋਣ ਮੁਹਿੰਮ ਵਿਚ ਵੱਧ ਚੜ੍ਹ ਕੇ ਹਿੱਸਾ ਲਿਆ ਜਾ ਰਿਹਾ ਹੈ।

# ਬਾਬਾ ਫਰੀਦ ਯੂਨੀਵਰਸਿਟੀ ਨੂੰ ਵਿੱਤੀ ਸੰਕਟ ਦਾ ਪਿਆ ਘੇਰਾ



**ਚੰਡੀਗੜ੍ਹ:** ਪੰਜਾਬ ਸਰਕਾਰ ਦੇ ਵਿੱਤੀ ਸੰਕਟ ਦਾ ਪਰਛਾਵਾਂ ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਜ਼ ਉਤੇ ਵੀ ਪੈਣਾ ਸ਼ੁਰੂ ਹੋ ਗਿਆ ਹੈ। ਭਾਰੀ ਵਿੱਤੀ ਸੰਕਟ ਨਾਲ ਜੂਝ ਰਹੀ ਯੂਨੀਵਰਸਿਟੀ ਵਲੋਂ ਆਪਣੇ ਐਮਰਜੈਂਸੀ ਫੰਡ ਵਰਤ ਕੇ ਚਲਾਇਆ ਜਾ ਰਿਹਾ ਕੰਮ ਵੀ ਹੁਣ ਠੱਪ ਹੋਣ ਦੇ ਕੰਢੇ ਉਤੇ ਹੈ। ਤਕਰੀਬਨ ਇਕ ਹਜ਼ਾਰ ਮੁਲਾਜ਼ਮਾਂ ਨੂੰ ਦਸੰਬਰ ਤੇ ਜਨਵਰੀ ਮਹੀਨੇ ਦੀ ਤਨਖਾਹ ਵੀ ਨਹੀਂ ਮਿਲੀ। ਡਾਕਟਰਾਂ ਤੇ ਹੋਰ ਸਟਾਫ ਦੀਆਂ ਸੇਵਾਵਾਂ ਜਾਰੀ ਰੱਖਣ ਤੋਂ ਵੀ ਯੂਨੀਵਰਸਿਟੀ ਅਸਮਰਥ ਦਿਖਾਈ ਦੇ ਰਹੀ ਹੈ।

ਵਿੱਤੀ ਸੰਕਟ ਦੇ ਇਸ ਮਾਹੌਲ ਕਾਰਨ ਕਈ ਡਾਕਟਰ ਯੂਨੀਵਰਸਿਟੀ ਨੂੰ ਅਲਵਿਦਾ ਕਹਿ ਗਏ ਹਨ। ਸੀਨੀਅਰ ਸਟਾਫ ਨਾ ਹੋਣ ਕਾਰਨ ਯੂਨੀਵਰਸਿਟੀ ਦੇ ਅਧੀਨ ਚੱਲ ਰਹੇ ਫਰੀਦਕੋਟ ਮੈਡੀਕਲ ਕਾਲਜ ਦੇ ਵੀਹ ਵਿਭਾਗਾਂ ਵਿਚ ਪੋਸਟ ਗ੍ਰੇਜੂਏਸ਼ਨ ਦੇ ਸ਼ੁਰੂ ਕੀਤੇ ਗਏ ਕੋਰਸ ਤੇ ਐਮ.ਬੀ.ਬੀ.ਐਸ. ਦੀਆਂ ਦੁਗਣੀਆਂ ਹੋਈਆਂ ਸੀਟਾਂ 'ਤੇ ਵੀ ਖਤਰੇ ਦੇ ਬੱਦਲ ਛਾ ਸਕਦੇ ਹਨ। ਸਰਕਾਰ ਦੇ ਹੁਕਮ ਉਤੇ ਯੂਨੀਵਰਸਿਟੀ ਪਿੰਡ ਬਾਦਲ ਤੇ ਸ੍ਰੀ ਗੋਇੰਦਵਾਲ ਸਾਹਿਬ ਵਿਖੇ ਦੋ ਨਰਸਿੰਗ ਕਾਲਜ ਚਲਾ ਰਹੀ ਹੈ। ਇਨ੍ਹਾਂ ਦਾ ਵਿੱਤੀ ਬੋਝ ਵੀ ਇਸ ਨੂੰ ਉਠਾਉਣਾ ਪੈ ਰਿਹਾ ਹੈ। ਦੇਸ਼ ਦੀ ਆਪਣੇ ਕਿਸਮ ਦੀ ਪੰਜਵੀਂ ਤੇ ਉਤਰੀ ਭਾਰਤ ਵਿਚ ਸਿਹਤ ਸੇਵਾਵਾਂ ਨਾਲ ਸਬੰਧਿਤ ਸਭ ਤੋਂ ਵੱਡੀ ਯੂਨੀਵਰਸਿਟੀ ਦੇ ਸਟਾਫ ਦੀਆਂ ਤਨਖਾਹਾਂ ਲਈ ਸਰਕਾਰ ਨੇ 72 ਕਰੋੜ ਰੁਪਏ ਦਾ ਬਜਟ ਰੱਖਿਆ ਸੀ ਪਰ ਚਲੰਤ ਵਿੱਤੀ ਸਾਲ ਦੇ ਦਸ ਮਹੀਨੇ ਤੋਂ ਵੱਧ ਸਮਾਂ ਗੁਜ਼ਰ ਜਾਣ ਦੇ ਬਾਵਜੂਦ ਇਕ ਪੈਸਾ ਵੀ ਜਾਰੀ ਨਹੀਂ ਕੀਤਾ ਗਿਆ। ਕੋਰਸਾਂ 'ਚ ਦਾਖਲੇ ਲਈ ਲਿਆ ਜਾਣ ਵਾਲਾ ਪ੍ਰੀ-ਮੈਡੀਕਲ ਦਾਖਲਾ ਟੈਸਟ ਬੰਦ ਹੋਣ ਕਾਰਨ ਯੂਨੀਵਰਸਿਟੀ ਦਾ ਇਕ ਵਿੱਤੀ ਵਸੀਲਾ ਵੀ ਖੁੱਸ ਗਿਆ ਹੈ।

ਪੰਜਾਬ ਸਰਕਾਰ ਵਲੋਂ ਕਰਵਾਏ ਕੈਂਸਰ ਸਰਵੇ ਤੋਂ ਬਾਅਦ ਮਾਲਵਾ ਖੇਤਰ ਦੇ ਕੈਂਸਰ ਦੇ ਮਰੀਜ਼ਾਂ ਦੀ ਜਾਂਚ ਤੇ ਇਲਾਜ ਦਾ ਕੰਮ ਵੀ ਬਾਬਾ ਫਰੀਦ ਮੈਡੀਕਲ ਯੂਨੀਵਰਸਿਟੀ ਦੇ ਹਵਾਲੇ ਕੀਤਾ ਗਿਆ ਸੀ। ਇਸ ਨਾਲ ਬਹੁਤ ਸਾਰੇ ਮਰੀਜ਼ਾਂ ਨੂੰ ਰਾਹਤ ਵੀ ਮਿਲੀ। ਵਿੱਤੀ ਸੰਕਟ ਦੇ ਹੱਲ ਲਈ ਯੂਨੀਵਰਸਿਟੀ ਦੇ ਕੁਝ ਸਮਾਂ ਪਹਿਲਾਂ ਬਣੇ ਵਾਈਸ ਚਾਂਸਲਰ ਡਾ. ਰਾਜ ਬਹਾਦਰ ਨੇ ਵਿੱਤੀ ਖਰਚੇ ਘਟਾਉਣ ਦੇ ਨਾਂ ਉਤੇ ਕੁਝ ਕਦਮ ਉਠਾਏ ਹਨ। ਸਟਾਫ ਨੂੰ ਟੀ.ਏ. ਅਤੇ ਡੀ.ਏ. ਦੇ ਬਿਲਾਂ ਦਾ ਭੁਗਤਾਨ ਨਾ ਕਰਨ, ਤਨਖਾਹਾਂ ਫਰੀਜ਼ ਕਰਨ, ਬੋਨਸ ਤੇ ਵਿਦਿਆਰਥੀਆਂ ਦੀਆਂ ਗਰਾਂਟਾਂ ਵਿਚ ਕਟੌਤੀ, ਨਵੇਂ ਡਾਕਟਰ ਰੱਖਣ ਉਤੇ ਰੋਕ ਤੇ ਹਸਪਤਾਲ ਦੀਆਂ ਫੀਸਾਂ ਵਿਚ ਵਾਧਾ ਕਰਨ ਦੇ ਫੈਸਲੇ ਕਈ ਤਰ੍ਹਾਂ ਦੀਆਂ ਮੁਸ਼ਕਲਾਂ ਪੈਦਾ ਕਰਨ ਵਾਲੇ ਹਨ। ਵਾਈਸ ਚਾਂਸਲਰ ਨੇ ਵਿੱਤੀ ਸੰਕਟ ਦੇ ਨਿਵਾਰਣ ਲਈ ਕੇਂਦਰ ਤੇ ਰਾਜ ਸਰਕਾਰਾਂ ਨਾਲ ਕਈ ਮੀਟਿੰਗਾਂ ਵੀ ਕੀਤੀਆਂ ਹਨ ਪਰ ਫਿਲਹਾਲ ਕਿਤੋਂ ਖੈਰ ਪੱਲੇ ਨਹੀਂ ਪਈ। ਕੇਂਦਰ ਸਰਕਾਰ ਖੁਦ ਹੀ ਕੁਝ ਸਮਾਂ ਪਹਿਲਾਂ ਕੇਂਦਰੀ ਸਿਹਤ ਬਜਟ ਵਿਚ ਵੀਹ ਫੀਸਦੀ ਕਟੌਤੀ ਕਰ ਚੁੱਕੀ ਹੈ। ਪੰਜਾਬ ਸਰਕਾਰ ਦੀ ਮਾੜੀ ਵਿੱਤੀ ਸਥਿਤੀ ਕਾਰਨ ਕਿਸੇ ਪਾਸਿਓਂ ਰਾਹਤ ਦੀ ਉਮੀਦ ਨਜ਼ਰ ਨਹੀਂ ਆ ਰਹੀ।

# ਭਲਵਾਨ ਮੋਹਨ ਸਿੰਘ ਦਾ ਸਦੀਵੀ ਵਿਛੋੜਾ

**ਕਲੀਵਲੈਂਡ, ਓਹਾਇਓ (ਬਿਊਰੋ):** ਕਬੱਡੀ ਖਿਡਾਰੀ ਅਤੇ ਭਲਵਾਨ ਮੋਹਨ ਸਿੰਘ ਦਾ ਲੰਘੀ 3 ਫਰਵਰੀ ਨੂੰ ਦਿਹਾਂਤ ਹੋ ਗਿਆ। ਉਹ ਮਿਲਾਪੜੇ ਸੁਭਾਅ ਦੇ ਸਨ। ਉਹ ਆਪਣੇ ਪਿਛੇ ਪਤਨੀ ਬਲਵਿੰਦਰ ਕੌਰ, ਦੋ ਬੇਟੇ- ਗੁਰਜੰਟ ਸਿੰਘ ਤੇ ਗੁਰਨੇਕ ਸਿੰਘ, ਨੂੰਹਾਂ- ਪਲਵਿੰਦਰ ਕੌਰ ਤੇ ਅਮਨਦੀਪ ਕੌਰ, ਧੀ ਰਾਜਵੰਤ ਕੌਰ ਤੇ ਜਵਾਈ ਬਲਵਿੰਦਰ ਸਿੰਘ ਤੋਂ ਇਲਾਵਾ ਪੋਤਰੇ-ਪੋਤਰੀਆਂ ਦਾ ਭਰਿਆ ਪਰਿਵਾਰ ਛੱਡ ਗਏ ਹਨ।



ਸ. ਮੋਹਨ ਸਿੰਘ ਦਾ ਜਨਮ ਪੱਟੀ ਇਲਾਕੇ ਦੇ ਪਿੰਡ ਧਾਲੀਵਾਲ ਵਿਚ ਸਵਰਗੀ ਫੌਜਾਂ ਸਿੰਘ ਦੇ ਘਰ ਮਾਤਾ ਗੁਰਮੇਜ ਕੌਰ ਦੀ ਕੁੱਖੋਂ 15 ਜੁਲਾਈ 1954 ਨੂੰ ਹੋਇਆ ਸੀ। ਪਿੰਡ ਸਰਹਾਲੀ ਵਿਖੇ ਕਬੱਡੀ ਖੇਡਦਿਆਂ ਕਿਸੇ ਪਾਰਖੂ ਨੇ ਉਨ੍ਹਾਂ ਦੀ ਖੇਡ ਪ੍ਰਤਿਭਾ ਪਛਾਣੀ ਅਤੇ ਮੋਹਨ ਸਿੰਘ ਨੂੰ 1977 ਵਿਚ ਇੰਗਲੈਂਡ ਵਿਚ ਖੇਡਣ ਲਈ ਚੁਣ ਲਿਆ ਗਿਆ। ਮੋਹਨ ਸਿੰਘ ਦਾ ਨਾਂ ਮੰਨੇ-ਪ੍ਰਮੰਨੇ ਖਿਡਾਰੀਆਂ ਵਿਚ ਲਿਆ ਜਾਣ ਲੱਗਾ ਤੇ ਕਬੱਡੀ ਮੈਚਾਂ ਵਿਚ ਹਰ ਵਾਰ ਉਨ੍ਹਾਂ ਨੂੰ ਬੈਸਟ ਸਟਾਪਰ ਦਾ ਖਿਤਾਬ ਦਿੱਤਾ ਜਾਂਦਾ। ਫਿਰ 1981 ਵਿਚ ਇੰਗਲੈਂਡ ਦੀ ਟੀਮ ਵਲੋਂ ਕੈਨੇਡਾ ਖੇਡਣ ਗਏ ਅਤੇ 1984 ਤੱਕ ਉਥੇ ਹੀ ਖੇਡਦੇ ਰਹੇ। ਉਂਜ ਮੋਹਨ ਸਿੰਘ ਨੇ ਕਬੱਡੀ 1971 ਵਿਚ ਖੇਡਣੀ ਸ਼ੁਰੂ ਕੀਤੀ ਸੀ। ਕਬੱਡੀ ਨਾਲ ਜੁੜੇ ਸੱਜਣ ਉਨ੍ਹਾਂ ਨੂੰ ਮੋਹਣਾ ਭਲਵਾਨ ਕਰਕੇ ਜਾਣਦੇ ਹਨ।

ਮੋਹਨ ਸਿੰਘ 1984 ਵਿਚ ਨਿਊ ਯਾਰਕ ਆ ਵੱਸੇ ਅਤੇ ਇਥੇ ਹੀ ਉਨ੍ਹਾਂ ਆਪਣਾ ਬਿਜਨਸ ਸਥਾਪਤ ਕੀਤਾ ਅਤੇ ਸਫਲ ਬਿਜਨਸਮੈਨ ਬਣੇ। ਇਸ ਪਿਛੋਂ ਉਹ 2001 ਵਿਚ ਪੈਨਸਿਲਵੇਨੀਆ ਜਾ ਵੱਸੇ ਅਤੇ ਮੋਟਲ ਦਾ ਬਿਜਨਸ ਸ਼ੁਰੂ ਕੀਤਾ ਜੋ ਹੁਣ ਤੱਕ ਬਾਖੂਬੀ ਚਲਾ ਰਹੇ ਸਨ। ਲੰਘੀ 7 ਫਰਵਰੀ ਨੂੰ ਕਲੀਵਲੈਂਡ ਵਿਚ ਉਨ੍ਹਾਂ ਦਾ ਸਸਕਾਰ ਕਰ ਦਿਤਾ ਗਿਆ।

# ਬਾਦਲ ਬਰੀ ਕੇਸ: ਆਈ.ਜੀ. ਉਪਲ ਅਤੇ ਵਿਰਕ ਵਿਰੁਧ ਕੇਸ ਖਤਮ

**ਮੁਹਾਲੀ:** ਮੁਹਾਲੀ ਅਦਾਲਤ ਨੇ ਬਾਦਲ ਪਰਿਵਾਰ ਸਮੇਤ ਉਨ੍ਹਾਂ ਦੇ ਨਜ਼ਦੀਕੀ ਰਿਸ਼ਤੇਦਾਰਾਂ ਵਿਰੁਧ ਦਰਜ ਭ੍ਰਿਸ਼ਟਾਚਾਰ ਮਾਮਲੇ (ਬਾਦਲ ਪਰਿਵਾਰ ਹੁਣ ਬਰੀ ਹੋ ਚੁੱਕਾ ਹੈ) ਵਿਚ ਫੌਜਦਾਰੀ ਮੁਕੱਦਮੇ ਦੀ ਕਾਰਵਾਈ ਦਾ ਸਾਹਮਣਾ ਕਰ ਰਹੇ ਪੰਜਾਬ ਵਿਜੀਲੈਂਸ ਬਿਊਰੋ ਦੇ ਤਤਕਾਲੀ ਡੀ.ਆਈ.ਜੀ. ਤੇ ਮੌਜੂਦਾ ਆਈ.ਜੀ. ਬੀ.ਕੇ. ਉਪਲ ਤੇ ਜਾਂਚ ਅਧਿਕਾਰੀ ਸੁਰਿੰਦਰਪਾਲ ਸਿੰਘ ਵਿਰਕ ਨੂੰ ਭਾਰੀ ਰਾਹਤ ਦਿੰਦਿਆਂ ਉਨ੍ਹਾਂ ਵਿਰੁਧ ਚੱਲ ਰਿਹਾ ਕੇਸ ਖ਼ਤਮ ਕਰ ਦਿੱਤਾ ਹੈ।

ਖੁੱਲ੍ਹੀ ਅਦਾਲਤ ਵਿਚ ਸੁਣਵਾਈ ਦੌਰਾਨ ਜੱਜ ਨੇ ਪੰਜਾਬ ਹਰਿਆਣਾ ਹਾਈਕੋਰਟ ਦੇ ਹੁਕਮਾਂ ਦੀ ਰੋਸ਼ਨੀ ਵਿਚ ਦੋਵੇਂ ਪੁਲਿਸ ਅਧਿਕਾਰੀਆਂ ਨੂੰ ਫੌਜਦਾਰੀ ਮੁਕੱਦਮੇ ਦੀ ਕਾਰਵਾਈ ਤੋਂ ਦੋਸ਼ ਮੁਕਤ ਕਰ ਦਿੱਤਾ। ਹਾਈਕੋਰਟ ਨੇ ਦੋਵੇਂ ਅਧਿਕਾਰੀਆਂ ਦੀ ਅਪੀਲ ਮਨਜ਼ੂਰ ਕਰਦਿਆਂ ਉਨ੍ਹਾਂ ਨੂੰ ਬੇਕਸੂਰ ਕਰਾਰ ਦਿੱਤਾ ਸੀ। ਅਧਿਕਾਰੀਆਂ ਨੇ ਆਪਣੇ ਵਕੀਲ ਰਾਹੀਂ ਮੁਹਾਲੀ ਅਦਾਲਤ ਵਿਚ ਹਾਈਕੋਰਟ ਦੇ ਹੁਕਮਾਂ ਦੀ ਕਾਪੀ ਵੀ ਸੌਂਪੀ, ਜਿਸ ਨੂੰ ਆਧਾਰ ਬਣਾ ਕੇ ਜੱਜ ਨੇ ਇਨ੍ਹਾਂ ਅਧਿਕਾਰੀਆਂ ਦੀ ਇਸ ਕੇਸ ਵਿਚੋਂ ਖ਼ਲਾਸੀ ਕਰ ਦਿੱਤੀ। ਜ਼ਿਕਰਯੋਗ ਹੈ ਕਿ ਸ੍ਰੀ ਉਪਲ ਤੇ ਵਿਰਕ ਨੇ ਪੰਜਾਬ ਤੇ ਹਰਿਆਣਾ ਹਾਈਕੋਰਟ ਵਿਚ ਵੱਖੋ-ਵੱਖਰੇ ਤੌਰ 'ਤੇ ਅਰਜ਼ੀਆਂ ਦਾਇਰ ਕਰਕੇ ਖ਼ੁਦ ਨੂੰ ਬੇਕਸੂਰ ਦੱਸਿਆ ਸੀ।

ਅਧਿਕਾਰੀਆਂ ਦਾ ਕਹਿਣਾ ਸੀ ਕਿ ਬਾਦਲ ਪਰਿਵਾਰ ਤੇ ਹੋਰਾਂ ਵਿਰੁਧ ਦਰਜ ਭ੍ਰਿਸ਼ਟਾਚਾਰ ਕੇਸ ਨਾਲ ਉਨ੍ਹਾਂ ਦਾ ਨਿੱਜੀ ਤੌਰ 'ਤੇ ਕੋਈ ਲੈਣਾ-ਦੇਣਾ ਨਹੀਂ ਸੀ। ਜਿਹੜੀ ਜਾਂਚ ਪੜਤਾਲ ਉਨ੍ਹਾਂ ਕੀਤੀ ਸੀ, ਉਹ ਬਿਲਕੁਲ ਸਹੀ ਸੀ ਪਰ ਬਾਅਦ ਵਿਚ ਕੇਸ ਦੀ ਸੁਣਵਾਈ ਦੌਰਾਨ ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ ਨੇ ਉਨ੍ਹਾਂ ਨੂੰ ਬਰੀ ਕਰ ਦਿੱਤਾ ਸੀ। ਉਨ੍ਹਾਂ ਹਾਈਕੋਰਟ ਵਿਚ ਮੁਹਾਲੀ ਦੀ ਵਿਸ਼ੇਸ਼ ਅਦਾਲਤ ਦੇ ਉਸ ਫ਼ੈਸਲੇ ਨੂੰ ਚੁਣੌਤੀ ਦਿੱਤੀ ਸੀ ਜਿਸ ਵਿਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਅਕਾਲੀ ਦਲ ਦੇ ਪ੍ਰਧਾਨ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਤੇ ਹੋਰਾਂ ਨੂੰ ਆਮਦਨ ਸਰੋਤਾਂ ਤੋਂ ਵੱਧ ਜਾਇਦਾਦ ਬਣਾਉਣ ਦੇ ਮਾਮਲੇ ਵਿਚ ਬਰੀ ਕਰਨ ਮੌਕੇ ਉਨ੍ਹਾਂ (ਉਪਲ ਤੇ ਵਿਰਕ) ਖ਼ਿਲਾਫ਼ ਅਦਾਲਤ ਨੂੰ ਗੁੰਮਰਾਹ ਕਰਨ ਦਾ ਮੁਕੱਦਮਾ ਚਲਾਉਣ ਦਾ ਫ਼ੈਸਲਾ ਸੁਣਾਇਆ ਗਿਆ ਸੀ।

## ਹਾਈਕੋਰਟ ਵਲੋਂ ਡੇਰਾ ਮੁਖੀ ਦੀ ਫਿਲਮ 'ਤੇ ਰੋਕ ਲਾਉਣ ਤੋਂ ਨਾਂਹ

**ਚੰਡੀਗੜ੍ਹ:** ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਦੀ ਚਰਚਿਤ ਫਿਲਮ 'ਮੈਸੈਂਜਰ ਆਫ ਗਾਡ' ਆਉਂਦੀ 13 ਫਰਵਰੀ ਨੂੰ ਪੰਜਾਬ ਤੋਂ ਇਲਾਵਾ ਬਾਕੀ ਥਾਂਵਾਂ 'ਤੇ ਸਿਨੇਮਿਆਂ ਵਿਚ ਲੱਗਣ ਜਾ ਰਹੀ ਹੈ। ਬੀਤੇ ਮਹੀਨੇ ਸਰਟੀਫ਼ਿਕੇਸ਼ਨ ਅਪੀਲੇਟ ਟ੍ਰਿਬਿਊਨਲ (ਐਫ.ਸੀ.ਏ.ਟੀ.) ਵਲੋਂ ਇਸ ਉਤੇ ਲੱਗੀ ਸੈਂਸਰ ਬੋਰਡ ਦੀ ਰੋਕ ਹਟਾਏ ਜਾਣ ਮਗਰੋਂ ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਵੀ ਇਸ 'ਤੇ ਰੋਕ ਲਾਉਣ ਤੋਂ ਸਾਫ ਇਨਕਾਰ ਕਰ ਦਿੱਤਾ ਹੈ। ਡਿਵੀਜ਼ਨ ਬੈਂਚ ਵਲੋਂ ਕਲਗੀਧਰ ਸੇਵਕ ਜਥਾ ਮੁਹਾਲੀ ਵਲੋਂ ਪਟੀਸ਼ਨ ਵਿਚ ਧਿਰ ਬਣਾਏ ਗਏ ਡੇਰਾ ਸਿਰਸਾ ਮੁਖੀ, ਕੇਂਦਰ ਸਰਕਾਰ, ਹਰਿਆਣਾ ਸਰਕਾਰ, ਚੰਡੀਗੜ੍ਹ ਪ੍ਰਸ਼ਾਸਨ, ਐਫ.ਸੀ.ਏ.ਟੀ. ਤੇ ਸੈਂਸਰ ਬੋਰਡ ਨੂੰ ਆਉਂਦੀ ਤਿੰਨ ਮਾਰਚ ਲਈ ਨੋਟਿਸ ਜਾਰੀ ਕਰਦਿਆਂ ਆਪਣਾ ਪੱਖ ਰੱਖਣ ਦੀ ਤਾਕੀਦ ਕੀਤੀ ਗਈ ਹੈ।

# ਸੁਧਾਰ ਕਮੇਟੀ ਵਲੋਂ ਪੂਰੀ ਮੈਂਬਰਸ਼ਿਪ ਲਿਸਟ ਦੇਣ ਦੀ ਮੰਗ

**ਸੈਨ ਹੋਜ਼ੇ (ਬਿਊਰੋ):** ਸੈਨ ਹੋਜ਼ੇ ਗੁਰਦੁਆਰਾ ਸੁਧਾਰ ਕਮੇਟੀ ਨੇ ਪ੍ਰਬੰਧਕ ਕਮੇਟੀ ਪਾਸੋਂ ਮੰਗ ਕੀਤੀ ਹੈ ਕਿ ਅਦਾਲਤੀ ਹੁਕਮਾਂ ਅਨੁਸਾਰ ਇਸ ਨੂੰ ਸਾਰੇ 6500 ਮੈਂਬਰਾਂ ਦੀ ਲਿਸਟ ਗੁਰਦੁਆਰਾ ਸੁਧਾਰ ਕਮੇਟੀ ਨੂੰ ਸਾਰੇ ਦੇ ਸਾਰੇ ਮੈਂਬਰਾਂ ਦੀ ਲਿਸਟ ਦੇਣ ਦਾ ਹੁਕਮ ਕੀਤਾ ਸੀ।

ਡਾ. ਨਾਹਲ ਨੇ ਦੋਸ਼ ਲਾਇਆ ਕਿ ਗੁਰਦੁਆਰਾ ਪ੍ਰਬੰਧਕ



ਮੁਹੱਈਆ ਕੀਤੀ ਜਾਵੇ। ਇਥੇ ਜਾਰੀ ਇਕ ਪ੍ਰੈਸ ਬਿਆਨ ਵਿਚ ਸੁਧਾਰ ਕਮੇਟੀ ਦੇ ਇਕ ਬੁਲਾਰੇ ਡਾ. ਤਰਲੋਚਨ ਸਿੰਘ ਨਾਹਲ ਨੇ ਕਿਹਾ ਹੈ ਕਿ ਪ੍ਰਬੰਧਕਾਂ ਨੇ ਉਨ੍ਹਾਂ ਨੂੰ 1882 ਮੈਂਬਰਾਂ ਦੀ ਲਿਸਟ ਦੇ ਦਿਤੀ ਹੈ ਜਦੋਂਕਿ ਸੈਂਟਾ ਕਲਾਰਾ ਸੁਪੀਰੀਅਰ ਕੋਰਟ ਨੇ 10 ਦਸੰਬਰ 2014 ਨੂੰ ਸੁਣਾਏ ਆਪਣੇ ਫੈਸਲੇ ਵਿਚ

ਸੁਧਾਰ ਕਮੇਟੀ ਨੂੰ ਮੁਕੰਮਲ ਲਿਸਟ ਦੇਣ ਤੋਂ ਜਾਣ-ਬੁਝ ਕੇ ਆਨਾਕਾਨੀ ਕਰ ਰਹੇ ਹਨ ਅਤੇ ਵੋਟਾਂ ਰੋਕਣ ਲਈ ਹਰ ਹੱਥ ਕੰਡਾ ਵਰਤ ਰਹੇ ਹਨ। ਉਨ੍ਹਾਂ ਕਿਹਾ ਕਿ ਮੌਜੂਦਾ ਪ੍ਰਬੰਧਕ ਕਮੇਟੀ ਨੇ ਕਥਿਤ ਤੌਰ 'ਤੇ ਗੈਰ-ਸੰਵਿਧਾਨਕ ਤਰੀਕੇ ਨਾਲ ਬਹੁਤ ਸਾਰੇ ਮੈਂਬਰਾਂ ਨੂੰ ਗੁਮਰਾਹ ਕਰ ਕੇ 'ਬੜੀ ਚਲਾਕੀ ਨਾਲ' ਮੈਂਬਰਸ਼ਿਪ ਫਾਰਮ ਤੇ ਕੁਝ ਬੌਕਸਾਂ ਉਪਰ ਨਿਸ਼ਾਨ ਲੁਆ ਲਏ ਸਨ ਕਿ ਉਨ੍ਹਾਂ ਦੀ ਜਾਣਕਾਰੀ ਕਿਸੇ ਨੂੰ ਨਾ ਦਿਤੀ ਜਾਏ ਜਦ ਕਿ ਗੁਰਦੁਆਰਾ ਸਾਹਿਬ ਦੇ ਬਾਈਲਾਅਜ਼ ਵਿਚ ਇਹੋ ਜਿਹੀ ਕੋਈ ਵਿਵਸਥਾ ਹੀ ਨਹੀਂ ਹੈ। ਕਮੇਟੀ ਨੇ ਬਾਕੀ ਦੀ ਵੋਟਰ ਲਿਸਟ ਨੂੰ ਰੋਕਣ ਲਈ ਸਟੇਅ ਦੀ ਅਰਜ਼ੀ ਵੀ ਦੇ ਦਿਤੀ ਹੈ।

## ਭਾਰਤੀਆਂ ਦੀ ਦੇਸ਼ ਵਾਪਸੀ 'ਚ ਇਰਾਕੀਆਂ ਨੇ ਡਾਹਿਆ ਅੜਿੱਕਾ

**ਲੁਧਿਆਣਾ:** ਇਰਾਕ ਦੀ ਸਪੋਰਟ ਸਿਟੀ ਬਸਰਾ ਵਿਚ ਬੰਧਕ ਬਣਾਏ ਗਏ 167 ਭਾਰਤੀਆਂ ਦੀ ਦੇਸ਼ ਵਾਪਸੀ ਰੁਕਣ ਦੇ ਆਸਾਰ ਬਣ ਗਏ ਹਨ। ਭਾਰਤੀਆਂ ਦੀ ਦੇਸ਼ ਵਾਪਸੀ ਵਿਚ ਇਰਾਕੀਆਂ ਨੇ ਅੜਿੱਕਾ ਖੜ੍ਹਾ ਕਰ ਦਿੱਤਾ ਹੈ। ਉਨ੍ਹਾਂ ਨੇ ਭਾਰਤੀਆਂ ਨੂੰ ਵਾਪਸ ਭੇਜਣ ਖਿਲਾਫ ਕੰਪਨੀ ਵਿਰੁਧ ਪ੍ਰਦਰਸ਼ਨ ਕੀਤਾ। ਉਹ ਕੰਪਨੀ ਦੇ ਅਧਿਕਾਰੀਆਂ ਤੋਂ ਆਪਣੀ ਛੇ ਮਹੀਨੇ ਦੀ ਬਕਾਇਆ ਤਨਖਾਹ ਦੀ ਮੰਗ ਕਰ ਰਹੇ ਹਨ। ਕੰਪਨੀ ਅਧਿਕਾਰੀਆਂ ਨੇ ਉਨ੍ਹਾਂ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਪਰ ਉਹ ਨਹੀਂ ਮੰਨੇ।

ਬੰਦੀ ਬਣਾਏ ਗਏ ਭਾਰਤੀਆਂ ਦੀ ਦੇਸ਼ ਵਾਪਸੀ ਲਈ ਦੂਤਾਵਾਸ ਨੇ ਵੀ ਫੈਕਟਰੀ ਮਾਲਕਾਂ ਨਾਲ ਤਾਲਮੇਲ ਬਣਾਉਣਾ ਸ਼ੁਰੂ ਕਰ ਦਿੱਤਾ ਹੈ। ਉਹ ਕੰਪਨੀ ਦੇ ਅਧਿਕਾਰੀਆਂ ਨਾਲ ਲਗਾਤਾਰ ਗੱਲ ਕਰ ਰਹੇ ਹਨ ਤਾਂ ਜੋ ਬੰਦੀ ਭਾਰਤੀਆਂ ਦੀ ਦੇਸ਼ ਵਾਪਸੀ ਨੂੰ ਸੰਭਵ ਬਣਾਇਆ ਜਾ ਸਕੇ। ਇਰਾਕੀਆਂ ਦੇ ਪ੍ਰਦਰਸ਼ਨ ਕਰਨ ਮਗਰੋਂ ਬਕਾਇਆ ਤਨਖ਼ਾਹ ਨਾ ਮਿਲਣ ਨਾਲ ਇਰਾਕ ਵਿਚ ਬੰਦੀ ਬਣਾਏ ਗਏ ਭਾਰਤੀਆਂ ਦੇ ਚਿਹਰਿਆਂ 'ਤੇ ਮਾਯੂਸੀ ਛਾ ਗਈ ਹੈ। ਉਹ ਦੂਤਾਵਾਸ ਦੇ ਸਹਾਰੇ ਬੈਠੇ ਹੋਏ ਹਨ।

ਇਰਾਕ ਵਿਚ ਫੋਨ 'ਤੇ ਗੱਲ ਕਰਦਿਆਂ ਸਮਰਾਲਾ ਦੇ ਪਿੰਡ ਜਟਾਣਾ ਵਾਸੀ ਰੁਪਿੰਦਰ ਪਾਲ ਸਿੰਘ ਰੂਬੀ ਨੇ ਕਿਹਾ ਕਿ ਕੰਪਨੀ ਦੇ ਅਧਿਕਾਰੀਆਂ ਨੇ ਦੂਤਾਵਾਸ ਨੂੰ ਕਿਹਾ ਸੀ ਕਿ ਤਿੰਨ ਫਰਵਰੀ ਤੱਕ ਸਾਰੇ ਭਾਰਤੀਆਂ ਦੀਆਂ 3-3 ਮਹੀਨਿਆਂ ਦੀ ਤਨਖਾਹ ਉਨ੍ਹਾਂ ਨੂੰ ਦੇ ਦਿਤੀ ਜਾਵੇਗੀ ਤੇ ਬਕਾਇਆ ਤਨਖ਼ਾਹ ਅਪਰੈਲ ਵਿਚ ਭੇਜ ਦਿੱਤੀ ਜਾਵੇਗੀ।

ਭਾਰਤੀ ਦੂਤਾਵਾਸ ਦੇ ਭਰੋਸੇ ਮਗਰੋਂ ਬੰਦੀ ਭਾਰਤੀਆਂ ਨੇ ਉਨ੍ਹਾਂ ਦੀ ਗੱਲ ਮੰਨ ਲਈ ਸੀ। ਤਿੰਨ ਫਰਵਰੀ ਨੂੰ ਜਦੋਂ ਸਾਰੇ ਭਾਰਤੀ ਆਪਣੀ ਤਨਖ਼ਾਹ ਲੈਣ ਲਈ ਗਏ ਤਾਂ ਫੈਕਟਰੀ ਮਾਲਕਾਂ ਨੇ ਕਿਹਾ ਕਿ ਹਾਲੇ ਬੈਂਕ ਵਿਚ ਪੈਸੇ ਨਹੀਂ ਆਏ ਹਨ। ਇਕ ਦੋ-ਦਿਨ ਵਿਚ ਜਦੋਂ ਪੈਸੇ ਆਉਣਗੇ ਤਾਂ ਉਨ੍ਹਾਂ ਨੂੰ ਦੇ ਦਿੱਤੇ ਜਾਣਗੇ।

Are You Tired Of All Treatments?
Try Homeopathic Natural Medicines (HNM)

Gurdip Singh Sandhu
Homeopathic Practitioner/Consultant
DHMS-Gold Medalist, BAMS, MDEh.- India
1188 E Santa Clara St., San Jose, CA 95116

Homeopathic natural medicines supply



Gurdip Singh Sandhu

Well Experienced as:
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577

EX Member:
The California Homeopathic Society
National Center For Homeopathy- USA

Ph:(408) 687-1899
(408) 729-6691
Fax:(408)292-6200

Email: Homeomdicine@yahoo.com
Website: www.Homeopathyatoz.com

Toll Free: 1-877-OK-HOMEO (1-877-654-6636)



ਪੰਜਾਬ ਟਾਈਮਜ਼

*ਸਨਿਚਰਵਾਰ, 14 ਫਰਵਰੀ 2015*

## ਦਿੱਲੀ ਵਿਚ 'ਆਪ' ਦਾ ਪ੍ਰਤਾਪ

ਦਿੱਲੀ ਵਿਧਾਨ ਸਭਾ ਚੋਣ ਦੇ ਇਤਿਹਾਸਕ ਨਤੀਜਿਆਂ ਵਿਚ ਆਮ ਆਦਮੀ ਪਾਰਟੀ (ਆਪ) ਨੇ ਕੁੱਲ 70 ਵਿਚੋਂ 67 ਸੀਟਾਂ ਉਤੇ ਵੱਡੀ ਅਤੇ ਰਿਕਾਰਡ ਜਿੱਤ ਤਾਂ ਹਾਸਲ ਕੀਤੀ ਹੀ ਹੈ, ਹੋਰ ਵੀ ਕਈ ਰਿਕਾਰਡ ਕਾਇਮ ਕੀਤੇ ਹਨ। ਪਹਿਲੀ ਵਾਰ ਭਾਰਤੀ ਜਨਤਾ ਪਾਰਟੀ (ਭਾਜਪਾ) ਇਕਹਿਰੇ ਅੰਕੜੇ ਤੱਕ ਸਿਮਟ ਗਈ ਹੈ ਅਤੇ ਇਸੇ ਤਰ੍ਹਾਂ ਕਾਂਗਰਸ ਪਹਿਲੀ ਵਾਰ ਆਪਣਾ ਖਾਤਾ ਖੋਲ੍ਹਣ ਵਿਚ ਵੀ ਨਾਕਾਮ ਰਹੀ ਹੈ। ਸਭ ਤੋਂ ਵੱਡੀ ਅਤੇ ਅਹਿਮ ਗੱਲ ਇਹ, ਕਿ ਇਨ੍ਹਾਂ ਨਤੀਜਿਆਂ ਨਾਲ ਭਾਰਤ ਦੀ ਸਿਆਸਤ ਵਿਚ ਇਕ ਨਵੀਂ ਕਿਸਮ ਦੀ ਸਿਆਸਤ ਅਰੰਭ ਹੋਣ ਲਈ ਰਾਹ ਮੋਕਲਾ ਹੋ ਗਿਆ ਹੈ। ਇਸ ਅਣਕਿਆਸੀ ਤੇ ਨਮੋਸ਼ੀ ਭਰੀ ਹਾਰ ਨਾਲ ਭਾਜਪਾ ਦਾ ਉਹ ਜੇਤੂ ਰੱਥ ਠੱਲ੍ਹਿਆ ਹੈ ਜਿਸ ਦੇ ਰਥਵਾਨ ਪਿਛਲੇ ਸਾਲ ਮਈ ਵਿਚ ਲੋਕ ਸਭਾ ਚੋਣਾਂ ਵਿਚ ਜਿੱਤ ਹਾਸਲ ਕਰ ਕੇ ਹੰਕਾਰੀ ਹੋ ਗਏ ਸਨ। ਲੋਕ ਸਭਾ ਚੋਣਾਂ ਤੋਂ ਬਾਅਦ ਹਰਿਆਣਾ, ਮਹਾਰਾਸ਼ਟਰ ਅਤੇ ਫਿਰ ਜੰਮੂ-ਕਸ਼ਮੀਰ ਵਿਚ ਵੱਡੀਆਂ ਜਿੱਤਾਂ ਨਾਲ ਇਸ ਹੰਕਾਰ ਵਿਚ ਚੋਖਾ ਵਾਧਾ ਹੋਇਆ ਸੀ। ਇਸੇ ਆਧਾਰ ਉਤੇ ਹੀ ਪਾਰਟੀ ਨੇ ਪੰਜਾਬ ਵਿਚ ਸਾਲ 2017 ਵਿਚ ਹੋ ਰਹੀਆਂ ਵਿਧਾਨ ਸਭਾ ਚੋਣਾਂ, ਇਕੱਲਿਆਂ ਲੜਨ ਦਾ ਮਨ ਬਣਾ ਲਿਆ ਸੀ ਅਤੇ ਇਸ ਮਾਮਲੇ ਵਿਚ ਐਨ ਤੀਰ ਨਿਸ਼ਾਨੇ 'ਤੇ ਰੱਖਦਿਆਂ, ਆਪਣੀ ਹੀ ਭਾਈਵਾਲ ਪਾਰਟੀ-ਸ਼੍ਰੋਮਣੀ ਅਕਾਲੀ ਦਲ, ਉਤੇ ਨਿਸ਼ਾਨਾ ਸਾਧ ਲਿਆ ਸੀ। ਇਨ੍ਹਾਂ ਸਾਰੀਆਂ ਜਿੱਤਾਂ ਦਾ ਸਿਹਰਾ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅਤੇ ਪਾਰਟੀ ਦੇ ਪ੍ਰਧਾਨ ਅਮਿਤ ਸ਼ਾਹ ਦੀ ਜੋੜੀ ਦੇ ਸਿਰ ਬੰਨ੍ਹਿਆ ਜਾ ਰਿਹਾ ਸੀ।

ਖੈਰ! ਦਿੱਲੀ ਵਿਚ 'ਆਪ' ਦੀ ਲਗਾਤਾਰ ਹੋ ਰਹੀ ਚੜ੍ਹਤ ਰੋਕਣ ਲਈ ਨਰੇਂਦਰ ਮੋਦੀ, ਅਮਿਤ ਸ਼ਾਹ ਅਤੇ ਭਾਜਪਾ ਨੇ ਹਰ ਹੀਲਾ ਕੀਤਾ, ਪਰ ਦਿੱਲੀ ਦੇ ਲੋਕ ਇਨ੍ਹਾਂ ਚੋਣਾਂ ਲਈ ਜੋ ਮਨ ਬਣਾ ਚੁੱਕੇ ਸਨ, ਉਹ ਤਾਂ ਖੁਦ 'ਆਪ' ਲੀਡਰਾਂ ਨੇ ਵੀ ਕਿਆਸ ਨਹੀਂ ਸੀ ਕੀਤਾ। ਵੱਖ-ਵੱਖ ਚੋਣ ਸਰਵੇਖਣ ਵੀ 'ਆਪ' ਦਾ ਹੱਥ ਭਾਜਪਾ ਤੋਂ ਕੁਝ ਕੁ ਉਪਰ ਦਿਖਾ ਰਹੇ ਸਨ, ਪਰ ਇਹ ਗੱਲ ਹਰ ਕਿਸੇ ਦੇ ਕਿਆਸ ਤੋਂ ਬਾਹਰ ਸੀ ਕਿ ਇਨ੍ਹਾਂ ਨਤੀਜਿਆਂ ਵਿਚ ਭਾਜਪਾ ਨੂੰ ਸਿਰਫ 3 ਸੀਟਾਂ ਉਤੇ ਹੀ ਸਬਰ ਕਰਨਾ ਪੈਣਾ ਹੈ। ਦਰਅਸਲ, ਚੋਣਾਂ ਦਾ ਐਲਾਨ ਹੁੰਦਿਆਂ ਸਾਰ ਭਾਜਪਾ ਨੂੰ ਆਪਣੇ ਅੰਦਰੂਨੀ ਸਰਵੇਖਣਾਂ ਤੋਂ ਇਹ ਭਿਣਕ ਭਲੀਭਾਂਤ ਪੈ ਗਈ ਸੀ ਕਿ ਪਾਰਟੀ ਚੋਣ ਪਿੜ ਵਿਚ ਪਛੜ ਰਹੀ ਹੈ, ਇਸੇ ਲਈ ਇਸ ਨੇ ਹਰ ਪਾਸੇ, ਵੱਡੇ ਪੱਧਰ ਉਤੇ ਹੀਲਾ-ਵਸੀਲਾ ਸ਼ੁਰੂ ਕਰ ਦਿੱਤਾ। ਪਾਰਟੀ ਕਿਸੇ ਵੀ ਸੂਰਤ ਵਿਚ ਇਹ ਚੋਣਾਂ ਹਾਰਨਾ ਨਹੀਂ ਸੀ ਚਾਹੁੰਦੀ ਪਰ ਆਏ ਦਿਨ ਪਾਰਟੀ ਦੇ ਆਗੂਆਂ ਨੇ ਜੋ ਵੀ ਪੈਂਤੜਾ ਮੱਲਿਆ ਅਤੇ ਦਿੱਲੀ ਦੇ ਵੋਟਰਾਂ ਨੂੰ ਭਰਮਾਉਣ ਲਈ ਜੋ ਵੀ ਕੋਸ਼ਿਸ਼ ਕੀਤੀ, ਉਹ ਉਲਟੀ ਪੈ ਗਈ। 'ਆਪ' ਮੁਖੀ ਅਰਵਿੰਦ ਕੇਜਰੀਵਾਲ ਦੀ ਧਾਰ ਖੁੰਢੀ ਕਰਨ ਲਈ 'ਅੰਨਾ ਹਜ਼ਾਰੇ ਲਹਿਰ' ਵੇਲੇ ਉਸ ਦੀ ਸਾਥੀ ਰਹੀ ਕਿਰਨ ਬੇਦੀ ਨੂੰ ਉਸ ਦੇ ਮੁਕਾਬਲੇ ਮੈਦਾਨ ਵਿਚ ਉਤਾਰਿਆ ਗਿਆ। ਪਾਰਟੀ ਦੇ ਸਵਾ ਸੌ ਸੰਸਦ ਮੈਂਬਰ ਚੋਣ ਪ੍ਰਚਾਰ ਵਿਚ ਝੋਕ ਦਿੱਤੇ ਅਤੇ ਤਕਰੀਬਨ ਸਾਰੇ ਵੱਡੇ ਕੇਂਦਰੀ ਮੰਤਰੀ ਵੀ ਰੈਲੀਆਂ-ਜਲਸਿਆਂ ਲਈ ਲਾ ਦਿੱਤੇ ਪਰ ਐਤਕੀਂ ਦਿੱਲੀ ਵਿਚ ਇਸ ਪਾਰਟੀ ਦਾ ਮੁਕਾਬਲਾ ਕਿਸੇ ਰਵਾਇਤੀ ਪਾਰਟੀ ਨਾਲ ਨਹੀਂ ਸੀ, ਸਗੋਂ ਉਸ ਪਾਰਟੀ (ਆਪ) ਨਾਲ ਸੀ ਜਿਸ ਨੇ ਲੱਖ ਖਾਮੀਆਂ ਦੇ ਬਾਵਜੂਦ ਦੇਸ਼ ਦੇ ਹਰ ਨਾਗਰਿਕ ਉਤੇ ਅਲੱਗ ਛਾਪ ਛੱਡੀ ਸੀ। ਲੋਕਾਂ ਦੇ ਮਨਾਂ ਉਤੇ ਇਹ ਤੱਥ ਬਹੁਤ ਗੂੜ੍ਹਾ ਲਿਖਿਆ ਸੀ ਕਿ 'ਆਪ' ਦੇ ਆਗੂਆਂ ਨੇ ਵੱਖ-ਵੱਖ ਮੁੱਦਿਆਂ ਉਤੇ ਗਲਤੀਆਂ ਤਾਂ ਭਾਵੇਂ ਕੀਤੀ ਹੋਣਗੀਆਂ ਪਰ ਇਹ ਆਗੂ ਕਿਸੇ ਵੀ ਮੁੱਦੇ ਉਤੇ ਕੋਈ ਸਿਆਸਤ ਨਹੀਂ ਖੇਡ ਰਹੇ। ਇਕ ਇਹੀ ਗੱਲ 'ਆਪ' ਦੇ ਹੱਕ ਵਿਚ ਗਈ। ਦੂਜੇ ਬੰਨੇ, ਲੋਕ ਸਭਾ ਚੋਣਾਂ ਤੋਂ ਬਾਅਦ ਮੁਲਕ ਭਰ ਵਿਚ ਭਾਜਪਾ ਦੀ ਜੋ ਕਾਰਗੁਜ਼ਾਰੀ ਰਹੀ, ਉਸ ਨੇ ਵੀ 'ਆਪ' ਦੀ ਇਸ ਇਤਿਹਾਸਕ ਜਿੱਤ ਲਈ ਰਾਹ ਪੱਧਰਾ ਕੀਤਾ। ਭਾਜਪਾ ਲੀਡਰਾਂ ਦੀ ਹਿੰਦੂਤਵ ਦੇ ਏਜੰਡੇ ਨੂੰ ਪਹਿਲ, ਘੱਟ-ਗਿਣਤੀਆਂ ਉਤੇ ਲਗਾਤਾਰ ਚੜ੍ਹਾਈ, ਘਰ ਵਾਪਸੀ ਤੇ ਧਰਮ ਬਦਲੀ ਅਤੇ ਹੋਰ ਅਜਿਹੇ ਕਈ ਮੁੱਦਿਆਂ ਨੇ ਲੋਕਾਂ ਨੂੰ ਭਾਜਪਾ ਤੋਂ ਪਰੇ ਹਟਣ ਲਈ ਮਜਬੂਰ ਕੀਤਾ। ਅਜੇ 9 ਮਹੀਨੇ ਪਹਿਲਾਂ ਹੀ ਤਾਂ ਲੋਕ ਸਭਾ ਚੋਣਾਂ ਮੌਕੇ ਦਿੱਲੀ ਦੇ ਕੁੱਲ 70 ਵਿਧਾਨ ਸਭਾ ਵਿਚੋਂ 60 ਉਤੇ ਭਾਜਪਾ ਨੇ ਲੀਡ ਲੈ ਕੇ, ਸੱਤ ਦੀਆਂ ਸੱਤ ਲੋਕ ਸਭਾ ਸੀਟਾਂ ਉਤੇ ਜਿੱਤ ਹਾਸਲ ਕੀਤੀ ਸੀ।

ਲੋਕ ਸਭਾ ਚੋਣਾਂ ਦੇ ਨਤੀਜਿਆਂ ਤੋਂ ਨੌਂ ਮਹੀਨਿਆਂ ਬਾਅਦ ਹੁਣ ਇਕ ਗੱਲ ਫਿਰ ਸਾਬਤ ਹੋ ਗਈ ਕਿ ਲੋਕ ਸਭਾ ਵਿਚ ਜਿੱਤ ਭਾਰਤੀ ਜਨਤਾ ਪਾਰਟੀ ਜਾਂ ਨਰੇਂਦਰ ਮੋਦੀ ਦੀ ਜਿੱਤ ਨਹੀਂ ਸੀ, ਸਗੋਂ ਭ੍ਰਿਸ਼ਟਾਚਾਰ ਵਿਚ ਗਲ-ਗਲ ਤੱਕ ਡੁੱਬੀ ਕਾਂਗਰਸ ਸਰਕਾਰ ਕਾਰਨ ਹੀ ਇਸ ਪਾਰਟੀ ਨੂੰ ਮਿਸਾਲੀ ਜਿੱਤ ਹਾਸਲ ਹੋਈ ਸੀ ਅਤੇ ਪੂਰੇ ਤਿੰਨ ਦਹਾਕਿਆਂ ਬਾਅਦ ਕਿਸੇ ਇਕ ਪਾਰਟੀ ਨੂੰ ਬਹੁਮਤ ਲਈ ਲੋੜੀਦੀਆਂ ਸੀਟਾਂ ਮਿਲ ਗਈਆਂ ਸਨ। ਹੁਣ ਦਿੱਲੀ ਦੇ ਚੋਣ ਨਤੀਜਿਆਂ ਨੇ ਭਾਜਪਾ ਨੂੰ ਆਣੇ ਵਾਲੀ ਥਾਂ 'ਤੇ ਲੈ ਆਂਦਾ ਹੈ। ਇਸ ਪਾਰਟੀ ਅਤੇ ਇਸ ਦੀ ਸਰਪ੍ਰਸਤ ਪਾਰਟੀ- ਰਾਸ਼ਟਰੀ ਸਵੈਮਸੇਵਕ ਸੰਘ (ਆਰ.ਐਸ.ਐਸ.) ਨੇ ਹਿੰਦੂਤਵ ਦੀ ਜਿਹੜੀ ਹਨ੍ਹੇਰੀ ਚਲਾਈ ਹੋਈ ਸੀ, ਉਹ ਇਕ ਵਾਰ ਤਾਂ ਠੱਲ੍ਹੀ ਗਈ ਹੈ। ਹੋਰ ਤਾਂ ਹੋਰ, ਭਾਜਪਾ ਦੀ ਪੰਜਾਬ ਵਿਚ ਭਾਈਵਾਲ ਪਾਰਟੀ-ਸ਼੍ਰੋਮਣੀ ਅਕਾਲੀ ਦਲ, ਨੂੰ ਵੀ ਚੰਗਾ ਸਬਕ ਮਿਲ ਗਿਆ ਹੈ। ਇਸ ਦੇ ਚਾਰੇ ਉਮੀਦਵਾਰਾਂ ਨੂੰ ਇਨ੍ਹਾਂ ਚੋਣਾਂ ਵਿਚ ਹਾਰ ਦਾ ਮੂੰਹ ਦੇਖਣਾ ਪਿਆ ਹੈ। ਐਤਕੀਂ ਇਹ ਵੀ ਸਾਬਤ ਹੋ ਗਿਆ ਹੈ ਕਿ ਸਿਰਫ ਪੈਸੇ ਅਤੇ ਤਾਕਤ ਨਾਲ ਹੀ ਚੋਣਾਂ ਨਹੀਂ ਜਿੱਤੀਆਂ ਜਾਂਦੀਆਂ, ਲੋਕਾਂ ਲਈ ਸਿਰ-ਧੜ ਦੀ ਬਾਜ਼ੀ ਲਾ ਕੇ ਵੀ ਅਜਿਹਾ ਕੀਤਾ ਜਾ ਸਕਦਾ ਹੈ। ਉਂਜ ਇਹ ਗੱਲ ਪੱਕੀ ਹੈ ਕਿ ਇਹ ਕ੍ਰਿਸ਼ਮਾ 'ਆਪ' ਵਰਗੀ ਵੱਖਰੀ ਦਿੱਖ ਤੇ ਪਹੁੰਚ ਵਾਲੀ ਪਾਰਟੀ ਨਾਲ ਹੀ ਸੰਭਵ ਹੋ ਸਕਿਆ ਹੈ। 'ਆਪ' ਦੀ ਇਸ ਜਿੱਤ ਵਿਚ ਪਰਵਾਸੀ ਭਾਰਤੀਆਂ ਦਾ ਵੀ ਬਹੁਤ ਵੱਡਾ ਯੋਗਦਾਨ ਰਿਹਾ ਹੈ। ਇਸ ਯੋਗਦਾਨ ਨੇ ਭਾਰਤ ਵਿਚ ਇਸ ਨਵੀਂ ਸਿਆਸੀ ਧਿਰ ਲਈ ਰਾਹ ਪੱਧਰਾ ਕੀਤਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਵਿਚਾਰਾ ਵਿਜੈ-ਰੱਥ!*

ਕੌਰਵ-ਸੈਨਾ ਨੇ ਪੱਬਾਂ ਦੇ ਭਾਰ ਹੋ ਕੇ, ਹੀਲੇ ਵਰਤ ਕੇ ਦੇਖ ਲਏ ਜੰਗ ਵਾਲੇ।
ਕੁਫਰ ਤੋਲਿਆ ਚੋਣ-ਪ੍ਰਚਾਰ ਕਹਿ ਕੇ, ਮਾਰੇ ਬੋਲ ਸੀ ਨਜ਼ਰੀਏ ਤੰਗ ਵਾਲੇ।
ਕਰੀਆਂ 'ਸ਼ਾਹਾਂ' ਨੇ ਖੂਬ ਮਨਮਰਜ਼ੀਆਂ ਜੀ, ਰਹਿ ਗਏ ਦੇਖਦੇ ਢੰਗ ਹੋ 'ਸੰਘ' ਵਾਲੇ।
ਆਮ ਆਦਮੀ ਛਾਤੀਆਂ ਤਾਣ ਖੜ੍ਹ ਗਏ, ਬਣ ਗਏ ਜੋਸ਼ ਵਿਚ ਤਿੱਖੇ ਜਿਹੇ ਡੰਗ ਵਾਲੇ।
ਫਿਰਕੇਦਾਰੀ ਦਾ ਹਨੇਰ ਸੀ ਪੈਣ ਲੱਗਾ, ਦਿੱਲੀ ਵਾਲਿਆਂ ਵੋਟਾਂ ਪਾ 'ਲੈਟ' ਕਰ'ਤੀ।
ਨਾਹਰੇ ਜਿੱਤ ਦੇ ਮਾਰਦਾ ਆ ਰਿਹਾ ਸੀ, 'ਵਿਜੈ-ਰੱਥ' ਦੀ 'ਵਿੰਬਰੀ ਟੈਟ' ਕਰ'ਤੀ!

# 'ਸੁਨਹਿਰੀ ਯੁੱਗ' ਤੇ 'ਅੰਤਿਮ ਸੱਚ' ਦੇ ਦਾਅਵੇ

***ਪੰਜਾਹ ਸਾਲਾਂ ਵਿਚ ਖ਼ਤਮ ਹੋਣ ਦੀ ਰਪਟ ਕਿਸੇ ਕੌਮਾਂਤਰੀ ਅਦਾਰੇ ਵਲੋਂ ਜਾਰੀ ਕੀਤੀ ਗਈ। ਕੋਈ ਕੌਮਾਂਤਰੀ ਅਦਾਰਾ ਅਜਿਹੀਆਂ ਰਪਟਾਂ ਖ਼ੁਫ਼ੀਆ ਤੌਰ 'ਤੇ ਨਹੀਂ ਛਾਪਦਾ ਪਰ ਰਪਟ ਕਿਸੇ ਨੂੰ ਨਹੀਂ ਲੱਭੀ। ਵਿਦਵਾਨ 'ਜੁਆਬ' ਵਿਚ ਮਣਾਮੂੰਹੀ ਕਾਗਜ਼ ਅਤੇ ਸਿਆਹੀ ਦੇ ਨਾਲ-ਨਾਲ 'ਅਣਮੁੱਲਾ' ਸਮਾਂ ਖ਼ਰਚ ਕਰਦੇ ਹਨ। ਅਖ਼ਬਾਰ ਸੰਪਾਦਕੀਆਂ ਲਿਖਦੇ ਹਨ। ਸਾਹਿਤਕ ਅਦਾਰੇ ਅਤੇ ਜਥੇਬੰਦੀਆਂ ਗੋਸ਼ਟੀਆਂ ਕਰਵਾਉਂਦੀਆਂ ਹਨ। ਧਾਰਮਿਕ ਗ੍ਰੰਥਾਂ ਦੇ 'ਅੰਤਿਮ ਸੱਚ' ਅਤੇ ਘੱਟ-ਗਿਣਤੀਆਂ ਦੀ 'ਮੰਦਹਾਲੀ' ਦੇ ਮਾਮਲੇ ਵਿਚ ਅਫ਼ਵਾਹ-ਤੰਤਰ ਜ਼ਿਆਦਾ ਹੀ ਸਰਗਰਮ ਰਹਿੰਦਾ ਹੈ। ਕਦੇ ਇੱਕ ਥਾਂ ਦੀਆਂ ਤਸਵੀਰਾਂ ਦੂਜੀ ਥਾਂ ਦੀਆਂ ਤਸਵੀਰਾਂ ਵਜੋਂ ਪੇਸ਼ ਕੀਤੀਆਂ ਜਾਂਦੀਆਂ ਹਨ।***

'ਹਿੰਦੋਸਤਾਨ ਟਾਈਮਜ਼' ਵਿਚ ਪਿਛਲੇ ਦਿਨੀਂ ਪੰਜਾਬ ਦੀ ਵਿੱਤੀ ਹਾਲਤ ਬਾਰੇ ਬਹਿਸ ਛਪੀ ਜਿਸ ਵਿਚ ਛਪੇ ਲੇਖਾਂ ਵਿਚ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਅਤੇ ਸਾਬਕਾ ਮੁੱਖ ਮੰਤਰੀ ਅਮਰਿੰਦਰ ਸਿੰਘ ਦੇ ਲੇਖ ਸਨ। ਇਨ੍ਹਾਂ ਵਿਚ ਅੰਕੜਿਆਂ ਨਾਲ ਦਲੀਲਾਂ ਦਿੱਤੀਆਂ ਗਈਆਂ ਕਿ ਉਨ੍ਹਾਂ ਦੀ ਸਰਕਾਰ ਵੇਲੇ ਪੰਜਾਬ ਵਿਚ ਸੁਨਹਿਰੀ ਯੁੱਗ ਸੀ, ਦੂਜੇ ਦੀਆਂ ਸਰਕਾਰਾਂ ਨੇ ਪੰਜਾਬ ਦਾ ਬੇੜਾ ਗਰਕ ਕਰ ਦਿੱਤਾ। ਇਨ੍ਹਾਂ ਦੇ ਕਿਸੇ ਅੰਕੜੇ ਉਤੇ ਕੋਈ ਸੁਆਲ ਕੀਤੇ ਬਿਨਾਂ ਕਈ ਨਿਚੋੜ ਕੱਢੇ ਜਾ ਸਕਦੇ ਹਨ ਜਿਨ੍ਹਾਂ ਦਾ ਰਾਬਤਾ ਸੂਬੇ ਦੀ ਵਿੱਤੀ ਹਾਲਾਤ ਤੋਂ ਵਡੇਰੇ ਰੁਝਾਨ ਨਾਲ ਹੈ। ਪਹਿਲੀ ਧਾਰਨਾ ਅੰਕੜਿਆਂ ਬਾਰੇ ਇਹ ਹੈ ਕਿ 'ਝੂਠ ਦੀਆਂ ਤਿੰਨ ਕਿਸਮਾਂ ਹਨ: ਝੂਠ, ਸਫ਼ੇਦ ਝੂਠ ਅਤੇ ਅੰਕੜੇ।' ਇਸ ਧਾਰਨਾ ਦੀ ਬੁਨਿਆਦ ਇਸ ਮਨੌਤ ਉਤੇ ਟਿਕੀ ਹੈ ਕਿ ਅੰਕੜਿਆਂ ਦੇ ਢੇਰ ਵਿਚੋਂ ਲੋੜ ਮੁਤਾਬਕ ਚੋਣ ਕਰ ਕੇ ਮਨਮਰਜ਼ੀ ਦੇ ਨਿਚੋੜ ਦਿੱਤੇ ਜਾ ਸਕਦੇ ਹਨ ਹਨ। ਦੂਜੀ ਧਾਰਨਾ ਅੰਕੜੇ ਪੈਦਾ ਕਰਨ ਦੀ 'ਬੌਧਿਕ ਸਨਅਤ' ਦੀ ਭਰੋਸੇਯੋਗਤਾ ਨਾਲ ਜੁੜੀ ਹੋਈ ਹੈ।



ਦਲਜੀਤ ਅਮੀ
ਫੋਨ: 91-97811-21873

ਸੁਖਬੀਰ ਬਾਦਲ ਦੇ ਲੇਖ ਵਿਚ ਦਾਅਵਾ ਹੈ ਕਿ ਪੰਜਾਬ ਦੀਆਂ ਸੜਕਾਂ ਬਹੁਤ ਵਧੀਆ ਹਾਲਤ ਵਿਚ ਹਨ। ਇਹ ਅੰਕੜਿਆਂ ਨਾਲ ਸਹੀ ਸਾਬਤ ਕੀਤਾ ਜਾ ਸਕਦਾ ਹੈ। ਦਲੀਲ ਮਜ਼ਬੂਤ ਕਰਨ ਲਈ ਦੂਜੇ ਸੂਬਿਆਂ ਜਾਂ ਮੁਲਕਾਂ ਦੀਆਂ ਮਿਸਾਲਾਂ ਦਿੱਤੀਆਂ ਜਾ ਸਕਦੀਆਂ ਹਨ। ਇਸੇ ਦਲੀਲ ਦਾ ਦੂਜਾ ਪਾਸਾ ਇਹ ਹੈ ਕਿ ਪੰਜਾਬ ਦੀਆਂ ਸੜਕਾਂ ਉਤੇ ਰੋਜ਼ਾਨਾ ਦਸ ਤੋਂ ਜ਼ਿਆਦਾ ਜਾਨਾਂ ਜਾਂਦੀਆਂ ਹਨ। ਇਹ ਸੜਕ ਹਾਦਸਿਆਂ ਵਿਚ ਮੌਕੇ ਉਤੇ ਹੋਈਆਂ ਮੌਤਾਂ ਹਨ। ਹਸਪਤਾਲ ਜਾ ਕੇ ਜਾਂ ਮਾਰੂ ਸੱਟਾਂ ਨਾਲ ਬਾਅਦ ਵਿਚ ਦਮ ਤੋੜਨ ਵਾਲੇ ਜੀਆਂ ਦੀ ਗਿਣਤੀ ਇਸ ਵਿਚ ਸ਼ਾਮਿਲ ਨਹੀਂ ਹੈ। ਇਸ ਅੰਕੜੇ ਨੂੰ ਵੀ ਵੱਧ ਹਾਦਸਿਆਂ ਵਾਲੀਆਂ ਮਿਸਾਲਾਂ ਨਾਲ ਛੋਟਾ ਜਾਂ ਘੱਟ ਹਾਦਸਿਆਂ ਵਾਲੀਆਂ ਮਿਸਾਲਾਂ ਨਾਲ ਵੱਡਾ ਬਣਾ ਕੇ ਪੇਸ਼ ਕੀਤਾ ਜਾ ਸਕਦਾ ਹੈ। ਇਸੇ ਲੇਖ ਦਾ ਦਾਅਵਾ ਹੈ ਕਿ ਪੰਜਾਬ ਵਿਚ ਈ.ਟੀ.ਟੀ. ਅਧਿਆਪਕਾਂ ਦੀ ਤਨਖ਼ਾਹ ਦੂਜੇ ਸੂਬਿਆਂ ਨਾਲੋਂ ਜ਼ਿਆਦਾ ਹੈ। ਕੁਝ ਸੂਬਿਆਂ ਦੇ ਨਾਮ ਦਿੱਤੇ ਗਏ ਹਨ।

ਇਸ ਦਾਅਵੇ ਦਾ ਦੂਜਾ ਪੱਖ ਪੰਜਾਬ ਵਿਚ ਅਧਿਆਪਕਾਂ ਦੀਆਂ ਖਾਲੀ ਪਈਆਂ ਅਸਾਮੀਆਂ ਹਨ; ਕਈ ਤਰ੍ਹਾਂ ਦੀਆਂ ਯੋਜਨਾਵਾਂ ਵਿਚ ਭਰਤੀ ਕੀਤੇ ਗਏ ਅਧਿਆਪਕ ਹਨ ਅਤੇ ਇੱਕੋ ਕੰਮ ਕਰਦੇ ਅਧਿਆਪਕਾਂ ਨੂੰ ਵੱਖ-ਵੱਖ ਯੋਜਨਾਵਾਂ ਤਹਿਤ ਮਿਲਦੀਆਂ ਵੱਖ-ਵੱਖ ਤਨਖ਼ਾਹਾਂ ਹਨ। ਇਸ ਮਾਮਲੇ ਵਿਚ ਢੁਕਵੀਆਂ ਮਿਸਾਲਾਂ ਦੇ ਕੇ ਦੋਵਾਂ ਪੱਖਾਂ ਦੀ ਦਲੀਲ ਉਸਾਰੀ ਜਾ ਸਕਦੀ ਹੈ। ਇਸੇ ਤਰ੍ਹਾਂ ਕੈਪਟਨ ਅਮਰਿੰਦਰ ਸਿੰਘ ਦਾ ਲੇਖ ਆਪਣੇ ਦੌਰ ਦੇ ਘਪਲਿਆਂ ਅਤੇ ਨਾਕਾਮਯਾਬੀਆਂ ਨੂੰ ਨਜ਼ਰਅੰਦਾਜ਼ ਕਰਦਾ ਹੈ।

ਇਸ ਲੇਖ ਦਾ ਮਕਸਦ ਇਨ੍ਹਾਂ ਦੋਵਾਂ ਲੇਖਾਂ ਦੀ ਪੜਚੋਲ ਕਰਨਾ ਨਹੀਂ ਸਗੋਂ ਇਨ੍ਹਾਂ ਦੇ ਪਿਛਲੀ ਸੁਨਹਿਰੀ ਯੁੱਗ ਦੀ ਮਿੱਥ ਬਾਰੇ ਵਿਚਾਰ ਕਰਨਾ ਹੈ। ਦੋਵਾਂ ਲੇਖਾਂ ਦੀ ਦਲੀਲ ਬੁਨਿਆਦੀ ਰੂਪ ਵਿਚ ਇੱਕ ਹੈ ਕਿ ਲੇਖਕ ਆਪਣੇ ਰਾਜ ਦੇ ਸੁਨਹਿਰੀ ਯੁੱਗ ਨੂੰ ਵਡਿਆ ਰਹੇ ਹਨ। ਕੈਪਟਨ ਅਮਰਿੰਦਰ ਸਿੰਘ ਪੰਜਾਬ ਨੂੰ 2002 ਤੋਂ 2007 ਦੇ 'ਸੁਨਹਿਰੀ ਯੁੱਗ' ਵਿਚ ਲਿਜਾਣਾ ਚਾਹੁੰਦੇ ਹਨ ਅਤੇ ਸੁਖਬੀਰ ਬਾਦਲ ਮੌਜੂਦਾ ਸਰਕਾਰ ਦੇ 'ਸੁਨਹਿਰੀ ਯੁੱਗ' ਨੂੰ ਕਾਇਮ ਰੱਖਣਾ ਚਾਹੁੰਦੇ ਹਨ। ਇਸ ਬੁਨਿਆਦੀ ਦਲੀਲ ਵਿਚ 'ਅੰਤਿਮ ਸੱਚ' ਹਾਸਲ ਕਰ ਲੈਣ ਵਰਗਾ ਦਾਅਵਾ ਹੈ। ਇਹੋ ਦਾਅਵਾ ਕੇਂਦਰ ਵਿਚ ਬਹੁਮਤ ਨਾਲ ਸਰਕਾਰ ਬਣਾਉਣ ਵਾਲੀ ਭਾਜਪਾ ਦਾ ਹੈ ਜੋ ਭਾਰਤ ਨੂੰ 'ਸੁਨਹਿਰੀ ਯੁੱਗ' ਵਿਚ ਵਾਪਸ ਲਿਜਾਣਾ ਚਾਹੁੰਦੀ ਹੈ। ਅੱਠ ਸੌ ਸਾਲਾਂ ਬਾਅਦ ਬਣੀ 'ਹਿੰਦੂ ਸਰਕਾਰ' ਹਿੰਦੋਸਤਾਨ ਦੇ 'ਸੁਨਹਿਰੀ ਯੁੱਗ' ਦੀ ਵਾਪਸੀ ਲਈ ਇਤਿਹਾਸ ਨੂੰ 'ਦਰੁਸਤ' ਕਰ ਕੇ ਲਿਖਣਾ ਚਾਹੁੰਦੀ ਹੈ। ਸਕੂਲਾਂ ਦੀ ਪੜ੍ਹਾਈ ਦਾ ਮੁਹਾਣ ਬਦਲਣਾ ਚਾਹੁੰਦੀ ਹੈ ਤਾਂ ਜੋ ਵਿਦਿਆਰਥੀਆਂ ਨੂੰ 'ਭਾਰਤੀ ਵਿਰਾਸਤ' ਨਾਲ ਜੋੜ ਕੇ 'ਅਖੰਡ ਭਾਰਤ' ਦੀ ਸਿਰਜਣਾ ਕੀਤੀ ਜਾ ਸਕੇ। ਵੱਖ-ਵੱਖ ਭਾਜਪਾਈ ਵਿਦਵਾਨਾਂ ਦਾ ਦਾਅਵਾ ਹੈ ਕਿ 'ਸੁਨਹਿਰੀ ਯੁੱਗ' ਵਿਚ ਗਿਆਨ, ਵਿਗਿਆਨ, ਫਲਸਫਾ ਅਤੇ ਤਕਨਾਲੋਜੀ ਮੌਜੂਦਾ ਦੌਰ ਨਾਲੋਂ ਬਿਹਤਰ ਸਨ। ਉਹ ਗਣੇਸ਼ ਨੂੰ ਉਸ ਵੇਲੇ ਦੀ 'ਸਰਜਰੀ' ਅਤੇ 'ਹਾਈਬ੍ਰਿਡ' (ਬੇਰੜਾ) ਦੀ ਮਿਸਾਲ ਵਜੋਂ ਪੇਸ਼ ਕਰਦੇ ਹਨ।

ਇਸ ਰੁਝਾਨ ਦੀਆਂ ਕੁਝ ਕੜੀਆਂ ਇੰਟਰਨੈਟ ਉਤੇ ਮਿਲਦੀਆਂ ਖ਼ਬਰਾਂ ਵਰਗੀਆਂ ਅਫ਼ਵਾਹਾਂ ਤੋਂ ਮਿਲਦੀਆਂ ਹਨ। ਇਹ 'ਖ਼ਬਰ' ਸੋਸ਼ਲ ਮੀਡੀਆ ਉਤੇ ਵਾਰ-ਵਾਰ ਫ਼ੈਲਦੀ ਹੈ ਕਿ ਖਗੋਲ ਵਿਗਿਆਨ ਦਾ ਅਮਰੀਕੀ ਅਦਾਰਾ (ਨਾਸਾ) ਗੁਰੂ ਗ੍ਰੰਥ ਸਾਹਿਬ ਤੋਂ ਸੇਧ ਲੈਂਦਾ ਹੈ। ਇਸ 'ਖ਼ਬਰ' ਉਤੇ ਕੀਰਤਨੀਆਂ ਨੇ ਕੀਰਤਨ ਕਰ ਦਿੱਤੇ ਤੇ ਕੀਰਤਨ ਦੀਆਂ ਆਵਾਜ਼ਾਂ ਉਤੇ ਇਹ 'ਜਾਣਕਾਰੀ' ਤਫ਼ਸੀਲ ਨਾਲ ਦਿੱਤੀ ਗਈ ਹੈ। ਅਜਿਹੇ ਕਈ ਵੀਡੀਓ ਇੰਟਰਨੈਟ ਉਤੇ ਮਿਲਦੇ ਹਨ। ਫੇਸਬੁੱਕ ਉਤੇ ਇੱਕ ਪੰਨਾ ਹੈ; ਨਾਸਾ ਟੇਕਸ ਹੈਲਪ ਫਰੌਮ ਗੁਰੂ ਗ੍ਰੰਥ ਸਾਹਿਬ। ਤਮਾਮ ਜਗਿਆਸੂਆਂ ਅਤੇ ਤਰਕਸ਼ੀਲਾਂ ਦੇ ਨਾਲ-ਨਾਲ ਰਸਮੀ ਰੂਪ ਵਿਚ ਨਾਸਾ ਵਲੋਂ ਰੱਦ ਕੀਤੇ ਜਾਣ ਦੇ ਬਾਵਜੂਦ ਇਸ 'ਖ਼ਬਰ' ਦੇ ਪਾਠਕ, ਸਰੋਤੇ ਅਤੇ ਦਰਸ਼ਕ ਹਨ।

ਪੰਜਾਬੀ ਦੇ ਪੰਜਾਹ ਸਾਲਾਂ ਵਿਚ ਖ਼ਤਮ ਹੋਣ ਦੀ ਰਪਟ ਕਿਸੇ ਕੌਮਾਂਤਰੀ ਅਦਾਰੇ ਵਲੋਂ ਜਾਰੀ ਕੀਤੀ ਗਈ। ਕੋਈ ਕੌਮਾਂਤਰੀ ਅਦਾਰਾ ਅਜਿਹੀਆਂ ਰਪਟਾਂ ਖ਼ੁਫ਼ੀਆ ਤੌਰ 'ਤੇ ਨਹੀਂ ਛਾਪਦਾ ਪਰ ਰਪਟ ਕਿਸੇ ਨੂੰ ਨਹੀਂ ਲੱਭੀ। ਵਿਦਵਾਨ 'ਜੁਆਬ' ਵਿਚ ਮਣਾਮੂੰਹੀ ਕਾਗਜ਼ ਅਤੇ ਸਿਆਹੀ ਦੇ ਨਾਲ-ਨਾਲ 'ਅਣਮੁੱਲਾ' ਸਮਾਂ ਖ਼ਰਚ ਕਰਦੇ ਹਨ। ਅਖ਼ਬਾਰ ਸੰਪਾਦਕੀਆਂ ਲਿਖਦੇ ਹਨ। ਸਾਹਿਤਕ ਅਦਾਰੇ ਅਤੇ ਜਥੇਬੰਦੀਆਂ ਗੋਸ਼ਟੀਆਂ ਕਰਵਾਉਂਦੀਆਂ ਹਨ।

ਧਾਰਮਿਕ ਗ੍ਰੰਥਾਂ ਦੇ 'ਅੰਤਿਮ ਸੱਚ' ਅਤੇ ਘੱਟ-ਗਿਣਤੀਆਂ ਦੀ 'ਮੰਦਹਾਲੀ' ਦੇ ਮਾਮਲੇ ਵਿਚ ਅਫ਼ਵਾਹ-ਤੰਤਰ ਜ਼ਿਆਦਾ ਹੀ ਸਰਗਰਮ ਰਹਿੰਦਾ ਹੈ। ਕਦੇ ਇੱਕ ਥਾਂ ਦੀਆਂ ਤਸਵੀਰਾਂ ਦੂਜੀ ਥਾਂ ਦੀਆਂ ਤਸਵੀਰਾਂ ਵਜੋਂ ਪੇਸ਼ ਕੀਤੀਆਂ ਜਾਂਦੀਆਂ ਹਨ। ਕਦੇ ਪੁਰਾਣੀਆਂ 'ਖ਼ਬਰਾਂ' ਨੂੰ ਨਵਾਂ ਰੁਝਾਨ ਬਣਾ ਕੇ ਪੇਸ਼ ਕੀਤਾ ਜਾਂਦਾ ਹੈ। ਇਹ 'ਖ਼ਬਰਾਂ' ਦੰਗੇ ਦਾ ਸਬੱਬ ਵੀ ਬਣਦੀਆਂ ਹਨ ਅਤੇ ਚੋਣਾਂ ਵੇਲੇ ਫ਼ਿਰਕੂ ਪਾਲਾਬੰਦੀ ਮਜ਼ਬੂਤ ਕਰਨ ਦਾ ਸੰਦ ਵੀ ਬਣਦੀਆਂ ਹਨ।

ਇਨ੍ਹਾਂ 'ਖ਼ਬਰਾਂ' ਅਤੇ 'ਸੁਨਹਿਰੀ ਯੁੱਗ' ਦੇ ਦਾਅਵੇ ਦਾ ਆਪਸ ਵਿਚ ਸਿੱਧਾ ਰਿਸ਼ਤਾ ਹੈ। 'ਖ਼ਬਰਾਂ' ਇਸ ਰੁਝਾਨ ਦਾ ਤਤਕਾਲੀ ਤੇ 'ਸੁਨਹਿਰੀ ਯੁੱਗ' ਚਿਰਕਾਲੀ ਪੱਖ ਹਨ। ਇਸੇ ਰੁਝਾਨ ਅੰਦਰ 'ਸ਼ਖ਼ਸੀਅਤ ਮੁਖੀ' ਸਿਆਸਤ ਅਹਿਮ ਹਿੱਸਾ ਹੋ ਗਈ ਹੈ। 'ਅਬ ਕੀ ਵਾਰ, ਮੋਦੀ ਸਰਕਾਰ' ਤੇ 'ਪਾਂਚ ਸਾਲ, ਕੇਜਰੀਵਾਲ' ਵਰਗੇ ਨਾਅਰੇ ਇਸੇ ਰੁਝਾਨ ਨੂੰ ਮਜ਼ਬੂਤ ਕਰਦੇ ਹਨ। ਜਦੋਂ ਨਰੇਂਦਰ ਮੋਦੀ, ਅਰਵਿੰਦ ਕੇਜਰੀਵਾਲ ਅਤੇ ਕਿਰਨ ਬੇਦੀ ਆਪਣਾ ਨਾਮ ਤੀਜੇ ਪੁਰਖ ਵਿਚ ਲੈਂਦੇ ਹੋਏ ਆਵਾਮ ਦੀ ਬੰਦਖ਼ਲਾਸੀ ਦੇ ਵਾਅਦੇ ਕਰਦੇ ਹਨ ਤਾਂ 'ਸ਼ਖ਼ਸੀਅਤ' ਅਤੇ 'ਬੰਦਖ਼ਲਾਸੀ' ਨੂੰ 'ਅੰਤਿਮ ਸੱਚ' ਵਜੋਂ ਬੰਨ੍ਹ ਦਿੰਦੇ ਹਨ। ਦੂਜੇ ਸ਼ਬਦਾਂ 'ਚ ਉਹ ਬੰਦਖ਼ਲਾਸੀ ਨੂੰ ਕਿਸੇ ਜ਼ਿੰਮੇਵਾਰੀ, ਹਕੂਕ ਜਾਂ ਜਮਹੂਰੀਅਤ ਦੇ ਘੇਰੇ ਵਿਚੋਂ ਬਾਹਰ ਕੱਢ ਦਿੰਦੇ ਹਨ। ਇਸੇ ਲੜੀ ਦੀ ਅਗਲੀ ਕੜੀ ਸੁਖਬੀਰ ਬਾਦਲ ਵਲੋਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਬਾਰੇ 'ਬਾਦਲ ਸਾਹਿਬ' ਅਤੇ ਉਤਰ ਪ੍ਰਦੇਸ਼ ਦੇ ਮੁੱਖ ਮੰਤਰੀ ਅਖਿਲੇਸ਼ ਯਾਦਵ ਵਲੋਂ ਮੁਲਾਇਮ ਸਿੰਘ ਯਾਦਵ ਬਾਰੇ 'ਨੇਤਾ ਜੀ' ਦੇ ਬੋਲਿਆਂ 'ਚੋਂ ਲੱਭੀ ਜਾ ਸਕਦੀ ਹੈ। ਦਸ ਸਾਲਾਂ ਦੇ ਰਾਜ ਦੌਰਾਨ ਕਾਂਗਰਸ ਇਹੋ 'ਅੰਤਿਮ ਸੱਚ' ਮਨਮੋਹਨ ਸਿੰਘ ਦੀ 'ਭਰੋਸੇਯੋਗਤਾ' ਵਿਚੋਂ ਪੇਸ਼ ਕਰਦੀ ਰਹੀ ਹੈ।

ਆਪਣੀ ਸ਼ਰਧਾ ਦੇ ਘੇਰੇ ਵਿਚ ਕੋਈ 'ਅੰਤਿਮ ਸੱਚ' ਜਾਂ 'ਸੁਨਹਿਰੀ ਯੁੱਗ' ਦਾ ਦਾਅਵਾ ਕਰੇ ਤਾਂ ਕਿਸੇ ਨੂੰ ਕੀ ਇਤਰਾਜ਼ ਹੋ ਸਕਦਾ ਹੈ? ਸੁਆਲ ਉਸ ਵੇਲੇ ਅਹਿਮ ਹੁੰਦਾ ਹੈ ਜਦੋਂ ਇਹ ਦਾਅਵੇ ਸਮਾਜ ਉਤੇ ਅਸਰਅੰਦਾਜ਼ ਹੁੰਦੇ ਹਨ, ਅਖ਼ਤਿਆਰ ਤੈਅ ਕਰਦੇ ਹਨ, ਗਿਆਨ-ਵਿਗਿਆਨ ਦਾ ਮੁਹਾਣ ਬਦਲਦੇ ਹਨ, ਫਲਸਫੇ ਤੇ ਮਨੁੱਖੀ ਸੋਚ ਨੂੰ 'ਕੁਫ਼ਰ' ਜਾਂ 'ਗ਼ੈਰ' ਦੇ ਘੇਰੇ ਵਿਚ ਪਾਉਂਦੇ ਹਨ, ਤੇ ਖੋਜ ਨੂੰ ਤੈਅ ਸਿੱਟਿਆਂ 'ਤੇ ਪਹੁੰਚਣ ਦਾ ਜ਼ਰੀਆ ਮੰਨਦੇ ਹਨ। ਆਖ਼ਰ ਬਾਦਲ-ਅਮਰਿੰਦਰ 'ਅੰਕੜਾ ਖੇਡ' ਧਾਰਨਾ ਪੱਖੋਂ ਦੀਨਾ ਨਾਥ ਬੱਤਰਾ ਦੀ ਇਤਿਹਾਸਕ ਸਮਝ ਨਾਲ ਜਾ ਮਿਲਦੇ ਹਨ।

ਮਨੁੱਖ ਦੀ ਸੱਚ ਦੀ ਭਾਲ ਅਜ਼ਲਾਂ ਤੋਂ ਸ਼ੁਰੂ ਹੋਈ ਹੈ ਅਤੇ ਇਸ ਦੇ ਅਜ਼ਲਾਂ ਤੱਕ ਚਲਦੇ ਰਹਿਣ ਦੀ ਸੰਭਾਵਨਾ ਜੱਗ-ਜ਼ਾਹਰ ਹੈ। ਇਸ ਦੌਰਾਨ ਰੱਬ, ਪੈਗ਼ੰਬਰਾਂ, ਧਾਰਮਿਕ ਗ੍ਰੰਥਾਂ, ਮੁਲਕਾਂ ਦੀ ਅਖੰਡਤਾ ਅਤੇ 'ਇਤਿਹਾਸ ਵਿਚ ਦਰਜ ਸੁਨਹਿਰੀ ਯੁੱਗ' ਦੇ ਹਵਾਲਿਆਂ ਨਾਲ ਅੰਤਿਮ ਸੱਚ ਦਾ ਦਾਅਵਾ ਹੁੰਦਾ ਰਿਹਾ ਹੈ। ਇਹ ਦਾਅਵਾ ਆਪਣੀ ਤਾਕਤ ਮੁਤਾਬਕ ਹਰ ਸੁਆਲ ਨੂੰ ਤਾਕਤ ਦੇ ਡਰ ਅਤੇ ਮਹਿਰੂਮੀਅਤ ਦੇ ਖ਼ੌਫ਼ ਨਾਲ ਚੁੱਪ ਕਰਵਾਉਂਦਾ ਆਇਆ ਹੈ। ਹਰ ਪੈਗ਼ੰਬਰ ਦੀ ਹੋਂਦ ਦੂਜੇ ਪੈਗ਼ੰਬਰ ਉਤੇ ਕੀਤੇ ਸੁਆਲਾਂ ਨਾਲ ਜੁੜੀ ਹੋਈ ਹੈ। ਹਰ ਪੈਗ਼ੰਬਰ ਦੇ ਪੈਰੋਕਾਰਾਂ ਦੀ ਤਾਕਤ ਸੁਆਲਾਂ ਨੂੰ ਰੱਦ ਕਰਨ ਵਿਚ ਪਈ ਹੈ। ਹੁਕਮਰਾਨ ਇਸੇ ਦਲੀਲ ਦੇ ਧਾਰਨੀ ਹਨ। ਚੋਣਵੇਂ ਤੱਥਾਂ ਦੀਆਂ ਦਾਅਵੇਦਾਰੀਆਂ ਨਾਲ ਜੁੜੇ 'ਸੁਨਹਿਰੀ ਯੁੱਗ' ਅਤੇ 'ਅੰਤਿਮ ਸੱਚ' ਮਨੁੱਖ ਨੂੰ ਹਾਲਾਤ ਨੂੰ 'ਜਿਉਂ ਦੀ ਤਿਉਂ ਕਾਇਮ ਰੱਖਣ' ਜਾਂ 'ਕਿਸੇ ਬੀਤ ਚੁੱਕੇ ਯੁੱਗ' ਵਿਚ ਖ਼ੁਸ਼ਹਾਲੀ ਦਾ ਵਾਅਦਾ ਕਰਦੇ ਹਨ। ਕਦੇ ਇਹੋ ਵਾਅਦਾ ਮੌਤ ਜਾਂ 'ਸ਼ਹਾਦਤ' ਤੋਂ ਬਾਅਦ ਹੂਰਾਂ ਅਤੇ ਜੰਨਤ ਦੀ ਪ੍ਰਾਪਤੀ ਬਾਰੇ ਕੀਤਾ ਜਾਂਦਾ ਹੈ।

ਜੇ ਸੱਚ ਨੂੰ ਜਾਣਨ ਦੀ ਮਨੁੱਖੀ ਅਚਵੀ ਨੂੰ ਸਦੀਵੀ ਮੰਨ ਲਿਆ ਜਾਵੇ ਤਾਂ ਇਹ ਮਸਲਾ ਕਿਸੇ ਵੀ ਜਗਿਆਸੂ ਜਾਂ ਵਿਗਿਆਨੀ ਲਈ ਤਾਂ ਸੁਲਝ ਜਾਵੇਗਾ ਪਰ 'ਸੁਨਹਿਰੀ ਯੁੱਗ' ਅਤੇ 'ਅੰਤਿਮ ਸੱਚ' ਦੀ ਦਾਅਵੇਦਾਰੀਆਂ ਲਈ ਮਹਿੰਗਾ ਸਾਬਤ ਹੋਵੇਗਾ। ਜਗਿਆਸਾ ਅਤੇ ਵਿਗਿਆਨ ਦੇ ਅਧਿਆਤਮਕ ਅਤੇ ਬੰਦਖ਼ਲਾਸੀ ਵਾਲੇ ਪੱਖਾਂ ਨੂੰ ਪ੍ਰਵਾਨ ਕਰ ਲੈਣ ਨਾਲ ਮਸਲਾ ਕਾਫ਼ੀ ਸੁਲਝ ਜਾਂਦਾ ਹੈ। ਆਖ਼ਰ ਮਨੁੱਖ ਦੀ ਭਾਲ ਬਿਹਤਰ ਸੱਚ ਦੀ ਬਣਦੀ ਹੈ। ਕੱਲ੍ਹ ਦਾ ਬਿਹਤਰ ਸੱਚ ਅੱਜ ਦੇ ਬਿਹਤਰ ਸੱਚ ਦਾ ਮੰਚ ਹੈ ਅਤੇ ਅੱਜ ਦੇ ਬਿਹਤਰ ਸੱਚ ਨੇ ਭਲਕ ਦੇ ਬਿਹਤਰ ਸੱਚ ਦਾ ਮੰਚ ਬਣਨਾ ਹੈ। 'ਅੰਤਿਮ ਸੱਚ' ਦੀ ਦਾਅਵੇਦਾਰੀ ਤਾਂ ਸੱਚ ਦੀ ਭਾਲ ਵਿਚ ਪਿਆ ਜੂੜ ਜਾਪਦੀ ਹੈ। 'ਸੁਨਹਿਰੀ ਯੁੱਗ' ਦੀ ਪ੍ਰਾਪਤੀ ਤਾਂ ਮਨੁੱਖੀ ਖੋਜ, ਖ਼ੁਸ਼ਹਾਲੀ ਅਤੇ ਬੰਦਖ਼ਲਾਸੀ ਦੀ ਤਮੰਨਾ ਨੂੰ ਬੰਨ੍ਹ ਲਗਾਉਣ ਦਾ ਉਪਰਾਲਾ ਮਾਤਰ ਜਾਪਦੀ ਹੈ।

ਬਿਹਤਰ ਸੱਚ ਦੀ ਭਾਲ ਇਤਿਹਾਸ ਤੋਂ ਮਿਲੇ ਸਬਕਾਂ ਜਾਂ ਮਨੁੱਖੀ ਤਜਰਬੇ ਨਾਲ ਅੱਗੇ ਵਧਦੀ ਹੈ। ਇਹ ਭਾਲ ਇਤਿਹਾਸ ਜਾਂ ਕਿਸੇ ਤਜਰਬੇ ਦੀ ਗ਼ੁਲਾਮ ਕਿਵੇਂ ਹੋ ਸਕਦੀ ਹੈ? ਮਨੁੱਖ ਇਸ ਭਾਲ ਦਾ ਇੱਕ ਬਚਨ ਵਜੋਂ ਹਿੱਸਾ ਰਿਹਾ ਹੈ ਅਤੇ ਬਹੁ-ਬਚਨ ਵਿਚ ਵੀ। ਇੱਕ ਬਚਨ ਕਿਵੇਂ ਨਾ ਕਿਵੇਂ ਬਹੁ-ਬਚਨ ਨੂੰ ਮੁਖ਼ਾਤਬ ਰਹੇਗਾ। ਇੱਕ ਬਚਨ ਅਤੇ ਬਹੁ-ਬਚਨ ਦਾ ਸੰਵਾਦ ਮਨੁੱਖੀ ਦਿਲਚਸਪੀ ਦਾ ਸਦੀਵੀ ਹਿੱਸਾ ਰਹੇਗਾ। ਪਹਿਲਾ ਪੁਰਖ ਹਮੇਸ਼ਾ ਵਾਂਗ ਦੂਜੇ ਤੇ ਤੀਜੇ ਪੁਰਖ ਨਾਲ ਸੰਵਾਦ 'ਚ ਰਹੇਗਾ।

**ਨਿਊ ਯਾਰਕ ਟਾਈਮਜ਼ ਦਾ ਸੰਪਾਦਕੀ**

# ਨਰੇਂਦਰ ਮੋਦੀ ਦੀ ਖਤਰਨਾਕ ਖਾਮੋਸ਼ੀ

*ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਵਲੋਂ ਹਿੰਦੁਸਤਾਨ ਵਿਚ ਧਾਰਮਿਕ ਅਸਹਿਣਸ਼ੀਲਤਾ ਦਾ ਮੁੱਦਾ ਚੁੱਕਣ ਤੋਂ ਬਾਅਦ ਹੁਣ 'ਦਿ ਨਿਊ ਯਾਰਕ ਟਾਈਮਜ਼' ਨੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਨੁਕਤਾਚੀਨੀ ਕਰਦਿਆਂ ਸੰਪਾਦਕੀ ਛਾਪਿਆ ਹੈ। ਇਸ ਵਿਚ ਫਿਰਕੂ ਘਟਨਾਵਾਂ ਦੇ ਸਿਲਸਿਲੇ ਬਾਰੇ 'ਖਤਰਨਾਕ ਖ਼ਾਮੋਸ਼ੀ' ਕਰਾਰ ਦਿੱਤਾ ਗਿਆ ਹੈ। ਲਿਖਿਆ ਗਿਆ ਹੈ ਕਿ 'ਪ੍ਰੇਸ਼ਾਨ ਕਰਨ ਵਾਲੀ ਅਸਹਿਣਸ਼ੀਲਤਾ ਬਾਰੇ ਮੋਦੀ ਦੀ ਖ਼ਾਮੋਸ਼ੀ ਤੋਂ ਇਹ ਪ੍ਰਭਾਵ ਮਿਲਦਾ ਹੈ ਕਿ ਜਾਂ ਤਾਂ ਉਹ ਹਿੰਦੂ ਰਾਸ਼ਟਰਵਾਦੀ ਸੱਜੇਪੱਖੀਆਂ 'ਤੇ ਕਾਬੂ ਪਾਉਣ ਤੋਂ ਅਸਮਰੱਥ ਹੈ ਜਾਂ ਕਾਬੂ ਪਾਉਣਾ ਹੀ ਨਹੀਂ ਚਾਹੁੰਦਾ।' ਇਸ ਸੰਪਾਦਕੀ ਦਾ ਤਰਜਮਾ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਕੀਤਾ ਹੈ।*

ਹਿੰਦੁਸਤਾਨ ਦੀਆਂ ਧਾਰਮਿਕ ਘੱਟ-ਗਿਣਤੀਆਂ ਖ਼ਿਲਾਫ਼ ਵਧ ਰਹੀ ਹਿੰਸਾ ਬਾਰੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਚੁੱਪ ਤੋੜਨ ਨੂੰ ਕਿਵੇਂ ਲਿਆ ਜਾਵੇ? ਜਿਸ ਬੰਦੇ ਨੂੰ ਹਿੰਦੁਸਤਾਨ ਦੇ ਸ਼ਹਿਰੀਆਂ ਦੀ ਨੁਮਾਇੰਦਗੀ ਕਰਨ ਅਤੇ ਉਨ੍ਹਾਂ ਦੀ ਸੁਰੱਖਿਆ ਕਰਨ ਲਈ ਚੁਣਿਆ ਗਿਆ ਸੀ, ਉਸ ਨੇ ਈਸਾਈ ਪੂਜਾ-ਸਥਾਨਾਂ ਉਪਰ ਹਮਲਿਆਂ ਬਾਰੇ ਕੋਈ ਪ੍ਰਤੀਕਰਮ ਹੀ ਨਹੀਂ ਦਿਖਾਇਆ। ਨਾ ਹੀ ਉਹ ਈਸਾਈਆਂ ਅਤੇ ਮੁਸਲਮਾਨਾਂ ਦੇ ਵੱਡੀ ਤਾਦਾਦ ਵਿਚ ਹਿੰਦੂਵਾਦ ਨੂੰ ਅਪਨਾਉਣ ਦੇ ਮਸਲੇ ਨੂੰ ਮੁਖ਼ਾਤਬ ਹੋਇਆ ਹੈ ਜਿਨ੍ਹਾਂ ਦੀ ਬਾਂਹ ਮਰੋੜ ਕੇ ਜਾਂ ਪੈਸੇ ਦਾ ਲਾਰਾ ਲਾ ਕੇ ਧਰਮ ਬਦਲਾਇਆ ਗਿਆ। ਐਸੀ ਪ੍ਰੇਸ਼ਾਨ ਕਰਨ ਵਾਲੀ ਅਸਹਿਣਸ਼ੀਲਤਾ ਬਾਰੇ ਸ੍ਰੀਮਾਨ ਮੋਦੀ ਦੀ ਲਗਾਤਾਰ ਖ਼ਾਮੋਸ਼ੀ ਤੋਂ ਇਹ ਪ੍ਰਭਾਵ ਮਿਲਦਾ ਹੈ ਕਿ ਜਾਂ ਤਾਂ ਉਹ ਹਿੰਦੂ ਰਾਸ਼ਟਰਵਾਦੀ ਸੱਜੇਪੱਖੀਆਂ 'ਤੇ ਕਾਬੂ ਪਾਉਣ ਤੋਂ ਅਸਮਰੱਥ ਹੈ, ਜਾਂ ਕਾਬੂ ਪਾਉਣਾ ਹੀ ਨਹੀਂ ਚਾਹੁੰਦਾ।

ਹੁਣੇ ਜਿਹੇ ਹਿੰਦੁਸਤਾਨ ਵਿਚ ਕਈ ਈਸਾਈ ਗਿਰਜਾਘਰਾਂ ਨੂੰ ਜਲਾਇਆ ਗਿਆ ਅਤੇ ਭੰਨ-ਤੋੜ ਕੀਤੀ ਗਈ ਹੈ। ਪਿਛਲੇ ਦਸੰਬਰ ਵਿਚ, ਪੂਰਬੀ ਦਿੱਲੀ ਦੇ ਸੇਂਟ ਸੈਬੇਸਟੀਅਨ ਗਿਰਜਾਘਰ ਨੂੰ ਅੱਗ ਲੱਗੀ ਸੀ। ਗਿਰਜਾਘਰ ਦੇ ਪਾਦਰੀ ਨੇ ਦੱਸਿਆ ਸੀ ਕਿ ਅੱਗ 'ਤੇ ਕਾਬੂ ਜਾਣ ਪਿੱਛੋਂ ਮਿੱਟੀ ਦੇ ਤੇਲ ਦੀ ਬਦਬੂ ਆਈ ਸੀ। ਸੋਮਵਾਰ ਨੂੰ, ਨਵੀਂ ਦਿੱਲੀ ਦੇ ਸੇਂਟ ਅਲਫੋਂਸਾ ਗਿਰਜਾਘਰ ਵਿਚ ਹੜਦੁੰਗ ਮਚਾਇਆ ਗਿਆ। ਅਜਿਹਾ ਕਰਨ ਵਾਲੇ ਉਥੋਂ ਰਸਮਾਂ ਲਈ ਇਸਤੇਮਾਲ ਕੀਤੇ ਜਾਣ ਵਾਲੇ ਬਰਤਨ ਚੁੱਕ ਕੇ ਲੈ ਗਏ, ਜਦਕਿ ਨਕਦੀ ਨਾਲ ਭਰੇ ਗੱਲਿਆਂ ਨੂੰ ਛੂਹਿਆ ਤਕ ਨਹੀਂ ਗਿਆ। ਹਮਲਿਆਂ ਤੋਂ ਚੁਕੰਨੇ ਹਿੰਦੁਸਤਾਨ ਦੇ ਕੈਥੋਲਿਕ ਬਿਸ਼ਪ ਸੰਮੇਲਨ ਨੇ ਹਕੂਮਤ ਨੂੰ ਹਿੰਦੁਸਤਾਨ ਦੇ ਧਰਮ ਨਿਰਪੱਖ ਖ਼ਾਸੇ ਨੂੰ ਬੁਲੰਦ ਕਰਨ ਅਤੇ ਇਥੋਂ ਦੇ ਈਸਾਈਆਂ ਨੂੰ ਇਹ ਯਕੀਨ ਦਿਵਾਉਣ ਲਈ ਜ਼ੋਰ ਪਾਇਆ ਹੈ ਕਿ ਆਪਣੇ ਹੀ ਮੁਲਕ ਵਿਚ ਉਹ 'ਸਹੀ ਸਲਾਮਤ ਅਤੇ ਮਹਿਫੂਜ਼' ਹਨ।

ਜਨਤਕ ਪੈਮਾਨੇ 'ਤੇ ਧਰਮ ਬਦਲੀਆਂ ਵੀ ਚਿੰਤਾ ਦਾ ਵਿਸ਼ਾ ਹੈ। ਪਿਛਲੇ ਦਸੰਬਰ ਵਿਚ, ਆਗਰਾ ਵਿਚ 200 ਦੇ ਕਰੀਬ ਮੁਸਲਮਾਨ ਧਰਮ ਬਦਲ ਕੇ ਹਿੰਦੂ ਧਰਮ ਵਿਚ ਸ਼ਾਮਲ ਹੋ ਗਏ ਸਨ। ਜਨਵਰੀ ਵਿਚ, ਪੱਛਮੀ ਬੰਗਾਲ ਵਿਚ 100 ਈਸਾਈਆਂ ਨੇ 'ਦੁਬਾਰਾ ਧਰਮ ਬਦਲ ਕੇ' ਹਿੰਦੂ ਧਰਮ ਨੂੰ ਅਪਨਾਇਆ। ਵਿਸ਼ਵ ਹਿੰਦੂ ਪ੍ਰੀਸ਼ਦ (ਵੀ.ਐਚ.ਪੀ.) ਅਤੇ ਰਾਸ਼ਟਰੀ ਸੋਇਮਸੇਵਕ ਸੰਘ (ਆਰ.ਐਸ.ਐਸ.) ਵਰਗੇ ਕੱਟੜਪੰਥੀ ਹਿੰਦੂ ਰਾਸ਼ਟਰਵਾਦੀ ਧੜਿਆਂ ਨੇ 'ਘਰ ਵਾਪਸੀ' ਦੀ ਉਸ ਮੁਹਿੰਮ ਨੂੰ ਹਮਾਇਤ ਦੇਣ ਵਿਚ ਕੋਈ ਲੁਕ-ਲਕੋਅ ਨਹੀਂ ਰੱਖਿਆ ਜੋ ਗ਼ੈਰ-ਹਿੰਦੂਆਂ ਨੂੰ ਆਪਣੇ ਘੇਰੇ ਵਿਚ 'ਦੁਬਾਰਾ ਮੋੜ ਲਿਆਉਣ' ਲਈ ਉਲੀਕੀ ਗਈ ਹੈ। 80 ਫ਼ੀਸਦੀ ਤੋਂ ਵੱਧ ਹਿੰਦੁਸਤਾਨੀ ਹਿੰਦੂ ਹਨ, ਪਰ ਵੀ.ਐਚ.ਪੀ. ਦਾ ਪ੍ਰਵੀਨ ਤੋਗੜੀਆ ਕਹਿ ਰਿਹਾ ਹੈ ਕਿ ਉਸ ਦੀ ਜਥੇਬੰਦੀ ਦਾ ਟੀਚਾ ਇਸ ਮੁਲਕ ਨੂੰ 100 ਫ਼ੀਸਦੀ ਹਿੰਦੂ ਬਣਾਉਣ ਦਾ ਹੈ। ਇਸ ਦਾ ਇਕੋ-ਇਕ ਤਰੀਕਾ ਇਹੀ ਹੈ ਕਿ ਧਾਰਮਿਕ ਘੱਟ-ਗਿਣਤੀਆਂ ਨੂੰ ਅਕੀਦੇ ਦੀ ਆਜ਼ਾਦੀ ਦੇਣ ਤੋਂ ਨਾਂਹ ਕਰ ਦਿੱਤੀ ਜਾਵੇ।

ਰਿਪੋਰਟਾਂ ਇਹ ਹਨ ਕਿ ਵੀ.ਐਚ.ਪੀ. ਇਸ ਮਹੀਨੇ ਅਯੁੱਧਿਆ ਵਿਚ 3000 ਮੁਸਲਮਾਨਾਂ ਦੀ ਜਨਤਕ ਪੈਮਾਨੇ 'ਤੇ ਧਰਮ ਬਦਲੀ ਕਰਾਉਣ ਦੀ ਵਿਉਂਤ ਬਣਾ ਰਹੀ ਹੈ। ਉਥੇ 1992 ਵਿਚ ਹਿੰਦੂ ਫ਼ਸਾਦੀਆਂ ਵਲੋਂ ਬਾਬਰੀ ਮਸਜਿਦ ਢਾਹੇ ਜਾਣ ਨੇ ਪੂਰੇ ਹਿੰਦੁਸਤਾਨ ਵਿਚ ਹਿੰਦੂਆਂ ਅਤੇ ਮੁਸਲਮਾਨਾਂ ਦਰਮਿਆਨ ਫਸਾਦ ਭੜਕਾ ਦਿੱਤੇ ਸਨ ਜਿਨ੍ਹਾਂ ਵਿਚ 2000 ਤੋਂ ਉਪਰ ਲੋਕਾਂ ਨੂੰ ਜਾਨਾਂ ਗੁਆਉਣੀਆਂ ਪਈਆਂ ਸਨ। ਵੀ.ਐਚ.ਪੀ. ਜਾਣਦੀ ਹੈ ਕਿ ਇਹ ਅੱਗ ਨਾਲ ਖੇਡ ਰਹੀ ਹੈ।

ਸ੍ਰੀਮਾਨ ਮੋਦੀ ਨੇ ਹਿੰਦੁਸਤਾਨ ਦੇ ਵਿਕਾਸ ਦੇ ਪ੍ਰਾਜੈਕਟ ਏਜੰਡੇ 'ਤੇ ਚੱਲਣ ਦਾ ਵਾਅਦਾ ਕੀਤਾ ਹੈ; ਪਰ ਜਿਵੇਂ ਪਿਛਲੇ ਮਹੀਨੇ ਰਾਸ਼ਟਰਪਤੀ ਓਬਾਮਾ ਨੇ ਨਵੀਂ ਦਿੱਲੀ ਵਿਚ ਆਪਣੀ ਤਕਰੀਰ ਵਿਚ ਕਿਹਾ ਸੀ: "ਜੇ ਹਿੰਦੁਸਤਾਨ ਧਾਰਮਿਕ ਅਕੀਦਿਆਂ ਦੇ ਆਧਾਰ 'ਤੇ ਟੁਕੜੇ-ਟੁਕੜੇ ਹੋਣ ਤੋਂ ਬਚਿਆ ਰਹਿੰਦਾ ਹੈ, ਫਿਰ ਹੀ ਇਹ ਕਾਮਯਾਬ ਹੋਵੇਗਾ।" ਸ੍ਰੀਮਾਨ ਮੋਦੀ ਨੂੰ ਧਾਰਮਿਕ ਅਸਹਿਣਸ਼ੀਲਤਾ ਬਾਰੇ ਆਪਣੀ ਬੋਲਿਆਂ ਵਾਲੀ ਖ਼ਾਮੋਸ਼ੀ ਤੋੜਨੀ ਚਾਹੀਦੀ ਹੈ।

# ਓਬਾਮਾ-ਮੋਦੀ 'ਦੋਸਤੀ' ਦੀਆਂ ਅਸਲ ਪਰਤਾਂ

ਬੂਟਾ ਸਿੰਘ
ਫੋਨ: +91-94634-74342

ਭਾਰਤ ਦੇ 66ਵੇਂ ਗਣਤੰਤਰ ਦਿਵਸ ਦੇ ਮੌਕੇ 'ਤੇ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਦੇ ਤਿੰਨ ਦਿਨਾ ਸਰਕਾਰੀ ਦੌਰੇ ਨੂੰ ਕਾਰਪੋਰੇਟ ਮੀਡੀਆ ਅਤੇ ਸੱਤਾਧਾਰੀ ਧਿਰ ਨੇ ਹਿੰਦੁਸਤਾਨ ਦੀ ਬਹੁਤ ਵੱਡੀ 'ਲਾਂਘਾ ਭੰਨ' ਕਾਮਯਾਬੀ ਬਣਾ ਕੇ ਪੇਸ਼ ਕੀਤਾ ਹੈ। ਮੁਲਕ ਦੇ ਪੜ੍ਹੇ-ਲਿਖੇ ਹਿੱਸਿਆਂ ਨੇ ਵੀ ਦੁਵੱਲੇ ਰਿਸ਼ਤੇ ਬਾਰੇ ਕੂੜ ਪ੍ਰਚਾਰ ਦਾ ਕਾਫ਼ੀ ਭਰਮਾਊ ਤੇ ਕੀਲਵਾਂ ਪ੍ਰਭਾਵ ਕਬੂਲਿਆ ਹੈ। ਜਿਹੜਾ ਅਮਰੀਕੀ ਨਿਜ਼ਾਮ ਪਹਿਲਾਂ ਫਾਸ਼ੀਵਾਦੀ ਨਰੇਂਦਰ ਮੋਦੀ ਨੂੰ ਵੀਜ਼ਾ ਦੇਣ ਤੋਂ ਇਨਕਾਰੀ ਸੀ ਉਸ ਦੇ ਰਾਜ ਪ੍ਰਮੁੱਖ ਵਲੋਂ ਉਸੇ ਮੋਦੀ ਨੂੰ ਆਪਣੇ ਉਂਗਲਾਂ 'ਤੇ ਗਿਣੇ ਜਾਣ ਵਾਲੇ ਜਿਗਰੀ ਯਾਰਾਂ 'ਚ ਸ਼ੁਮਾਰ ਕੀਤੇ ਜਾਣ ਤੋਂ ਜ਼ਾਹਿਰ ਹੈ ਕਿ ਦੋਵਾਂ ਹੁਕਮਰਾਨ ਤਾਕਤਾਂ ਦੇ ਦੁਵੱਲੇ ਹਿੱਤ ਬਹੁਤ ਜ਼ਿਆਦਾ ਸਾਂਝੇ ਹਨ। ਅਮਰੀਕੀ ਸਲਤਨਤ ਦੇ ਹਿੱਤਾਂ ਲਈ ਇਸ ਤੋਂ ਵੱਧ ਖ਼ੁਸ਼ਗਵਾਰ ਕੀ ਹੋ ਸਕਦਾ ਹੈ ਕਿ ਉਸ ਦੀ ਜੋ ਤਾਬਿਆਦਾਰੀ ਕਾਂਗਰਸ ਦੀ ਅਗਵਾਈ ਵਾਲੀ ਯੂ.ਪੀ.ਏ. ਹਕੂਮਤ ਥੋੜ੍ਹਾ ਸੰਕੋਚ ਨਾਲ ਕਰਦੀ ਰਹੀ ਸੀ, ਮੋਦੀ ਹਕੂਮਤ ਉਸੇ ਨੂੰ ਪੂਰੀ ਤਰ੍ਹਾਂ ਬੇਝਿਜਕ ਹੋ ਕੇ ਕਰਨ ਲਈ ਪਹਿਲੇ ਦਿਨ ਤੋਂ ਹੀ ਪੱਬਾਂ ਭਾਰ ਹੈ। ਦੋਵਾਂ ਨਿਜ਼ਾਮਾਂ ਦੇ ਦੁਵੱਲੀ ਬਰਾਬਰੀ ਦੇ ਹਾਲੀਆ ਨਾਟਕ ਅਤੇ ਸਾਂਝੇ ਬਿਆਨਾਂ ਦੇ ਸਾਰ-ਤੱਤ ਨੂੰ ਗ਼ੌਰ ਨਾਲ ਵਾਚਣ 'ਤੇ ਇਸ ਵਿਚੋਂ ਅਮਰੀਕਾ ਦੀ ਅਗਵਾਈ ਵਿਚ ਦੱਖਣ-ਪੱਛਮ ਏਸ਼ੀਆ ਅਤੇ ਹਿੰਦ ਮਹਾਂਸਾਗਰੀ ਖ਼ਿੱਤੇ ਵਿਚ ਪਿਛਾਖੜੀ ਧੁਰਾ ਬਣਾਏ ਜਾਣ ਅਤੇ ਅਮਰੀਕੀ ਫ਼ੌਜੀ ਸਮਾਨ ਲਈ ਮੰਡੀ ਦਾ ਘੇਰਾ ਵਧਾਉਣ ਦੀ ਦਿਸ਼ਾ 'ਚ ਮਨਹੂਸ ਪੇਸ਼ਕਦਮੀ ਸਾਫ਼ ਨਜ਼ਰ ਆਉਂਦੀ ਹੈ।

ਹਿੰਦੁਸਤਾਨੀ ਰਾਜ ਦੇ ਇਸ ਖੇਤਰੀ ਪਿਛਾਖੜੀ ਧੁਰੇ ਦਾ ਹਿੱਸਾ ਬਣਨ ਦੇ ਸੰਭਾਵੀ ਸਿੱਟਿਆਂ ਨੂੰ ਗੰਭੀਰਤਾ ਨਾਲ ਲੈਣਾ ਜ਼ਰੂਰੀ ਹੈ। ਕਿਉਂਕਿ ਖ਼ਾਸ ਕਰ ਕੇ ਪਿਛਲੇ ਡੇਢ ਦਹਾਕੇ ਤੋਂ ਦਹਿਸ਼ਤਗਰਦ ਅਮਰੀਕੀ ਸਟੇਟ ਵਲੋਂ ਆਪਣੇ ਸੌੜੇ ਸਵਾਰਥਾਂ ਲਈ ਬਹੁਤ ਸਾਰੇ ਮੁਸਲਿਮ ਮੁਲਕਾਂ ਨੂੰ ਅਮੁੱਕ ਖ਼ਾਨਾਜੰਗੀ ਦੇ ਮੂੰਹ ਧੱਕਣ ਦੇ ਮੱਦੇਨਜ਼ਰ ਇਸ ਨਾਲ ਜੋਟੀ ਪਾਉਣ ਦਾ ਮਤਲਬ ਹੈ, ਜੰਗਬਾਜ਼ ਅਮਰੀਕੀ ਨੀਤੀ ਦੀ ਧਿਰ ਬਣਨਾ ਅਤੇ ਖ਼ਾਸ ਕਰ ਕੇ ਏਸ਼ਿਆਈ ਪ੍ਰਸੰਗ 'ਚ ਆਪਣੇ ਗੁਆਂਢੀ ਮੁਲਕਾਂ ਚੀਨ, ਪਾਕਿਸਤਾਨ ਵਗ਼ੈਰਾ ਨਾਲ ਤਣਾਉਪੂਰਨ ਰਿਸ਼ਤਿਆਂ ਨੂੰ ਹੋਰ ਵਿਗਾੜ ਕੇ ਟਕਰਾਅ ਦੇ ਹਾਲਾਤ ਪੈਦਾ ਕਰਨਾ। ਬੇਸ਼ੱਕ, ਚੀਨ ਵੀ ਦੂਜੇ ਮੁਲਕਾਂ ਨੂੰ ਆਪਣੇ ਮੁਨਾਫ਼ਿਆਂ ਦੀ ਮੰਡੀ ਸਮਝਣ ਵਾਲਾ ਲੁਟੇਰਾ ਸਰਮਾਏਦਾਰ ਮੁਲਕ ਹੈ, ਪਰ ਇਨ੍ਹਾਂ ਮਹਾਂ-ਸ਼ਕਤੀਆਂ ਦੇ ਆਪੋ ਵਿਚ ਮੰਡੀਆਂ ਵੰਡਣ ਲਈ ਤਿੱਖੇ ਖਹਿ-ਭੇੜ ਦੀ ਹਕੀਕਤ ਵਿਚ ਲੋੜ ਤਾਂ ਇਹ ਉਭਰਦੀ ਸੀ/ਹੈ ਕਿ ਹਿੰਦੁਸਤਾਨ ਦੇ ਹੁਕਮਰਾਨ ਦੁਵੱਲੇ ਰਿਸ਼ਤਿਆਂ ਨੂੰ ਆਪਣੇ ਮੁਲਕ ਦੀ ਪ੍ਰਭੂਸੱਤਾ ਤੇ ਵਪਾਰਕ ਹਿੱਤਾਂ ਅਤੇ ਆਲਮੀ ਅਮਨ ਦੀ ਬੇਤਹਾਸ਼ਾ ਜ਼ਰੂਰਤ ਨੂੰ ਮੁੱਖ ਰੱਖ ਕੇ ਤੈਅ ਕਰਦੇ, ਪਰ ਹੁਕਮਰਾਨ ਜਮਾਤ ਦਾ ਸਾਮਰਾਜੀ ਤਾਬਿਆਦਾਰ ਖ਼ਾਸਾ ਉਨ੍ਹਾਂ ਨੂੰ ਆਪਣੇ ਸੌੜੇ ਸਵਾਰਥਾਂ ਲਈ ਬੇਅਸੂਲੇ ਗੱਠਜੋੜ ਬਣਾਉਣ ਅਤੇ ਮਹਾਂ ਤਾਕਤਾਂ ਦੀ ਅਧੀਨਗੀ ਕਬੂਲ ਕੇ ਮੁਲਕ ਦੇ ਹਿੱਤਾਂ ਨੂੰ ਗਹਿਣੇ ਧਰਨ ਲਈ ਲਗਾਤਾਰ ਉਕਸਾਉਂਦਾ ਰਹਿੰਦਾ ਹੈ।

ਓਬਾਮਾ-ਮੋਦੀ ਸਿਖਰ ਵਾਰਤਾ ਦੇ ਅਖ਼ੀਰ 'ਚ ਜਾਰੀ ਕੀਤੇ ਸਾਂਝੇ ਬਿਆਨਾਂ ਦੀ ਲਫ਼ਾਜ਼ੀ ਵੀ ਇਸ ਹਕੀਕਤ ਨੂੰ ਲੁਕੋਣ ਤੋਂ ਅਸਮਰੱਥ ਹੈ ਕਿ ਇਹ ਦੋ ਮੁਲਕਾਂ ਦੇ ਮੁਖੀਆਂ ਦੀ ਸਾਵੀਂ ਹੈਸੀਅਤ ਵਾਲੀ ਵਾਰਤਾ ਨਾ ਹੋ ਕੇ ਇਕ ਸਾਮਰਾਜੀ ਸੁਪਰ-ਪਾਵਰ ਅਤੇ ਇਕ ਨਵ-ਬਸਤੀਵਾਦੀ ਰਾਜ ਦੇ ਨੁਮਾਇੰਦਿਆਂ ਦੀ ਅਸਾਵੀਂ ਮਿਲਣੀ ਸੀ, ਜਿਸ ਵਿਚ ਮੋਦੀ ਦੀ ਭੂਮਿਕਾ ਅਮਰੀਕੀ ਸਾਮਰਾਜ ਦੀਆਂ ਕਾਰੋਬਾਰੀ ਤੇ ਯੁੱਧਨੀਤਕ ਤਜਵੀਜ਼ਾਂ ਨੂੰ ਥੋੜ੍ਹੀ ਹੀਲ-ਹੁੱਜਤ ਪਿੱਛੋਂ ਕਬੂਲਣ ਵਾਲੇ ਪਿਛਲੱਗ ਤਾਬਿਆਦਾਰ ਦੀ ਸੀ। 'ਸਾਂਝੀ ਯੁੱਧਨੀਤਕ ਦ੍ਰਿਸ਼ਟੀ' ਅਤੇ 'ਦੋਸਤੀ ਦਾ ਐਲਾਨਨਾਮਾ' ਦੋਹਾਂ ਅਹਿਦਨਾਮਿਆਂ ਦਾ ਨਿਚੋੜ ਇਹ ਹੈ ਕਿ ਹਿੰਦੁਸਤਾਨੀ ਰਾਜ ਨੂੰ ਅਮਰੀਕੀ ਸਾਮਰਾਜ ਦੇ ਫ਼ੌਜੀ-ਸਨਅਤੀ ਸਮੂਹ ਨਾਲ ਕੱਸ ਕੇ ਨਰੜ ਦਿੱਤਾ ਗਿਆ ਹੈ ਅਤੇ 'ਮੇਕ ਇਨ ਇੰਡੀਆ' ਦੇ ਨਾਂ ਹੇਠ ਦਰਅਸਲ ਇਸ ਮੁਲਕ ਨੂੰ 'ਮੇਡ ਇਨ ਯੂ.ਐਸ.ਏ.' ਦੀ ਮੰਡੀ ਬਣਾਏ ਜਾਣ ਦਾ ਰਾਹ ਪੱਧਰਾ ਕੀਤਾ ਗਿਆ ਹੈ।

ਓਬਾਮਾ ਦਾ ਜ਼ੋਰ ਅਮਰੀਕੀ ਫ਼ੌਜ ਦੀ 'ਪੂਰਬ ਨੂੰ ਧੁਰਾ' ਬਣਾਉਣ ਦੀ ਨੀਤੀ ਨੂੰ ਅੱਗੇ ਵਧਾਉਣ ਉਪਰ ਹੈ। ਇਸ ਤਹਿਤ ਉਸ ਵਲੋਂ ਹਿੰਦੁਸਤਾਨ ਨੂੰ ਖੇਤਰੀ ਥਾਣੇਦਾਰ ਥਾਪ ਕੇ ਆਪਣੇ ਹਿੱਤਾਂ ਲਈ ਇਸਤੇਮਾਲ ਕਰਨ ਦੀ ਭੂਮਿਕਾ ਮੋਦੀ ਹਕੂਮਤ ਨੇ ਸਵੀਕਾਰ ਕਰ ਲਈ ਹੈ ਜਿਸ ਦਾ ਇਕੋ-ਇਕ ਮਨੋਰਥ ਚੀਨ ਦੀ ਆਰਥਕ ਤੇ ਫ਼ੌਜੀ ਪੇਸ਼ਕਦਮੀ ਨੂੰ ਘੇਰਾ ਪਾਉਣਾ ਹੈ। ਦੱਖਣ ਅਤੇ ਦੱਖਣ-ਪੂਰਬ ਏਸ਼ੀਆ ਵਿਚ ਚੀਨ ਦੀ ਫ਼ੌਜੀ ਤੇ ਆਰਥਿਕ ਤਾਕਤ ਦਾ ਵਧਣਾ ਖ਼ੁਦ ਹਿੰਦੁਸਤਾਨੀ ਹੁਕਮਰਾਨ ਜਮਾਤ ਦੇ ਆਪਣੇ ਖੇਤਰੀ ਵਿਸਤਾਰਵਾਦੀ ਮਨਸੂਬਿਆਂ ਨੂੰ ਵੀ ਗਵਾਰਾ ਨਹੀਂ ਹੈ ਅਤੇ ਉਹ ਚੀਨ ਦੇ ਸ਼ਰੀਕ ਮੁਲਕਾਂ ਨਾਲ ਗੱਠਜੋੜ ਬਣਾ ਕੇ ਆਪਣੀ ਇਸ ਲਾਲਸਾ ਦੀ ਪੂਰਤੀ ਲਈ ਲਗਾਤਾਰ ਯਤਨਸ਼ੀਲ ਰਹਿੰਦੀ ਹੈ। ਕਾਂਗਰਸ ਹਕੂਮਤ ਦੀ 'ਪੂਰਬ ਉਪਰ ਧਿਆਨ' ਦੀ ਨੀਤੀ ਇਸੇ ਦਿਸ਼ਾ 'ਚ ਸੇਧਤ ਸੀ, ਜਿਸ ਨੂੰ ਹੋਰ ਅਸਰਦਾਇਕ ਬਣਾਉਣਾ ਮੋਦੀ ਹਕੂਮਤ ਦਾ ਤਰਜੀਹੀ ਕਾਰਜ ਹੈ। ਮੋਦੀ ਵਜ਼ਾਰਤ ਦੇ ਭੂਟਾਨ, ਨੇਪਾਲ, ਜਪਾਨ, ਮਿਆਂਮਾਰ ਅਤੇ ਵੀਅਤਨਾਮ ਦੇ ਉਪਰੋਥਲੀ ਦੌਰਿਆਂ ਪਿੱਛੇ ਅਸਲ ਮਨਸ਼ਾ ਇਨ੍ਹਾਂ ਮੁਲਕਾਂ ਨੂੰ ਚੀਨ ਦੇ ਵਿਰੁੱਧ ਅਮਰੀਕੀ ਧੁਰੇ ਦੇ ਪਿਛਲੱਗ ਹਿੱਸੇਦਾਰ ਵਜੋਂ ਆਪਣੇ ਨਾਲ ਜੋੜਨ ਦੀ ਸੀ। ਅਮਰੀਕੀ ਸਾਮਰਾਜ ਦੀ ਹਿੰਦੁਸਤਾਨੀ ਵਿਸਤਾਰਵਾਦ ਨੂੰ ਸ਼ਹਿ ਦੇ ਕੇ ਇਸ ਨੂੰ ਚੀਨ ਦਾ ਮੁਕਾਬਲਾ ਕਰਨ ਲਈ ਆਪਣੇ ਪਿਛਲੱਗ ਹਿੱਸੇਦਾਰ ਵਜੋਂ ਇਸਤੇਮਾਲ ਕਰਨ ਦੀ ਨੀਤੀ ਹਿੰਦੁਸਤਾਨੀ ਹੁਕਮਰਾਨ ਜਮਾਤ ਦੀ ਦੂਰਗਾਮੀ ਯੁੱਧਨੀਤਕ ਵਿਉਂਤ ਨੂੰ ਪੂਰੀ ਤਰ੍ਹਾਂ ਰਾਸ ਆਉਂਦੀ ਹੈ, ਜੋ ਖ਼ੁਦ ਦੱਖਣੀ ਅਤੇ ਦੱਖਣ-ਪੂਰਬ ਏਸ਼ਿਆਈ ਮੰਡੀਆਂ ਵਿਚ ਆਪਣੀ ਪਹੁੰਚ ਵਧਾਉਣ ਅਤੇ ਇਨ੍ਹਾਂ ਮੁਲਕਾਂ ਦੇ ਵਸੀਲਿਆਂ ਨੂੰ ਲੁੱਟਣ ਲਈ ਤਤਪਰ ਹੈ।

ਅਮਰੀਕਾ ਨੂੰ ਆਪਣਾ 'ਕੁਦਰਤੀ ਸੰਗੀ' ਬਣਾ ਕੇ ਇਸ ਨਾਲ ਆਪਣੇ ਅਧੀਨਗੀ ਵਾਲੇ



ਰਿਸ਼ਤੇ ਨੂੰ ਹੋਰ ਗੂੜ੍ਹਾ ਬਣਾਉਣਾ ਵੀ ਮੋਦੀ ਹਕੂਮਤ ਦੀ ਵਿਦੇਸ਼ ਨੀਤੀ ਦਾ ਅਹਿਮ ਹਿੱਸਾ ਹੈ ਜਿਸ ਪਿੱਛੇ ਇਸ ਰਿਸ਼ਤੇ ਦਾ ਲਾਹਾ ਮੋੜਵੇਂ ਰੂਪ 'ਚ ਪਾਕਿਸਤਾਨ ਉਪਰ ਦਬਾਅ ਪਾਉਣ ਅਤੇ ਯੂ.ਐਨ. ਸੁਰੱਖਿਆ ਕੌਂਸਲ ਦੀ ਸੀਟ ਹਾਸਲ ਕਰਨ ਦੀ ਲਾਲਸਾ ਦੀ ਪੂਰਤੀ ਲਈ ਲੈਣ ਦੀ ਸੋਚ ਕੰਮ ਕਰਦੀ ਹੈ। ਅਜਿਹੇ ਘਿਨਾਉਣੇ ਦੁਵੱਲੇ ਹਿੱਤਾਂ ਤਹਿਤ ਅਮਰੀਕਾ ਦੀ 'ਏਸ਼ੀਆ ਨੂੰ ਧੁਰਾ ਬਣਾਉਣ' ਦੀ ਯੁੱਧਨੀਤੀ ਅਤੇ ਮੋਦੀ ਦੀ 'ਐਕਟ ਏਸ਼ੀਆ' ਨੀਤੀ ਦੇ ਸੁਮੇਲ ਵਿਚੋਂ 'ਏਸ਼ੀਆ-ਪੈਸਿਫਿਕ ਤੇ ਹਿੰਦੁਸਤਾਨੀ ਸਮੁੰਦਰੀ ਖੇਤਰ ਬਾਰੇ ਸਾਂਝੀ ਯੁੱਧਨੀਤਕ ਦ੍ਰਿਸ਼ਟੀ' ਅਤੇ 'ਹਿੰਦ-ਅਮਰੀਕਾ ਦੋਸਤੀ ਦਾ ਦਿੱਲੀ ਐਲਾਨਨਾਮਾ' ਦੇ ਸਾਂਝੇ ਅਹਿਦ ਸਾਹਮਣੇ ਆਏ ਹਨ। ਸਾਂਝੇ ਬਿਆਨਾਂ ਵਿਚ ਦੱਖਣੀ ਚੀਨੀ ਸਮੁੰਦਰ ਅਤੇ ਅਮਰੀਕਾ, ਜਪਾਨ ਤੇ ਹਿੰਦੁਸਤਾਨ ਦੇ ਤਿੰਨ-ਧਿਰੀ ਗੱਠਜੋੜ ਦੇ ਹਵਾਲੇ ਦੋਵਾਂ ਦੀ ਸਾਂਝੀ ਫ਼ਿਕਰਮੰਦੀ ਦੀ ਦੱਸ ਪਾਉਂਦੇ ਹਨ। ਓਬਾਮਾ-ਮੋਦੀ ਦੀ ਪਹਿਲੇ ਦਿਨ ਦੀ ਤਿੰਨ ਘੰਟੇ ਦੀ ਵਾਰਤਾ ਵਿਚ ਪੌਣੇ ਘੰਟੇ ਤੱਕ ਚੀਨ ਚਰਚਾ ਦਾ ਮੁੱਦਾ ਬਣਿਆ ਰਿਹਾ। ਸਾਫ਼ ਹੈ ਕਿ ਇਸ ਮਜ਼ਬੂਤ ਤਾਕਤ ਨਾਲ ਦੁਵੱਲੇ ਵਪਾਰਕ ਰਿਸ਼ਤੇ ਬਰਕਰਾਰ ਰੱਖਦੇ ਹੋਏ ਚੀਨ ਨੂੰ ਆਪੋ ਆਪਣੇ ਹਿੱਤਾਂ ਦੇ ਵਧਾਰੇ-ਪਸਾਰੇ ਲਈ ਘੇਰਨ ਦੇ ਸਵਾਲ ਬਾਰੇ ਦੋਵੇਂ ਇਕਮੱਤ ਹਨ ਅਤੇ ਇਕ ਦੂਜੇ ਦਾ ਲਾਹਾ ਲੈਣਾ ਚਾਹੁੰਦੇ ਹਨ।

'ਅਮਰੀਕੀ-ਹਿੰਦੁਸਤਾਨ ਰੱਖਿਆ ਸਬੰਧਾਂ ਲਈ ਚੌਖਟਾ 2015' ਨਾਂ ਦਾ ਪੂਰੀ ਤਰ੍ਹਾਂ ਗੁਪਤ ਸਮਝੌਤਾ ਚੀਨ ਦੇ ਫੈਲਾਅ ਨੂੰ ਰੋਕਣ ਦਾ ਇਕ ਹੋਰ ਸੰਦ ਹੈ। ਜੋ ਉਸ ਦਸ ਸਾਲਾ ਸਮਝੌਤੇ 'ਡਿਫੈਂਸ ਚੌਖਟਾ 2005' ਦੀ ਥਾਂ ਲਵੇਗਾ ਜਿਸ ਦੀ ਮਿਆਦ ਇਸ ਸਾਲ ਦੇ ਅਖ਼ੀਰ 'ਚ ਮੁੱਕ ਰਹੀ ਹੈ। ਕਾਂਗਰਸ ਹਕੂਮਤ ਵਲੋਂ ਕੀਤੇ 2006 ਵਾਲੇ ਸਮਝੌਤੇ ਤਹਿਤ ਅਮਰੀਕੀ ਤੇ ਹਿੰਦੁਸਤਾਨੀ ਫ਼ੌਜਾਂ ਦੀਆਂ ਸਾਂਝੀਆਂ ਮਸ਼ਕਾਂ ਇਸ ਦਾ ਸਬੂਤ ਹਨ ਕਿ ਇਸ ਖ਼ਿੱਤੇ ਵਿਚ ਅਮਰੀਕੀ ਫ਼ੌਜੀ ਦਖ਼ਲ ਅਤੇ ਫ਼ੌਜੀ ਤਾਕਤਾਂ ਉਪਰ ਉਨ੍ਹਾਂ ਦਾ ਰਸੂਖ਼ ਕਿਸ ਕਦਰ ਵਧ ਚੁੱਕਾ ਹੈ। ਹਾਲੀਆ ਵਾਰਤਾ ਦਾ ਇਕ ਮਨੋਰਥ ਉਸ ਨੂੰ ਹੋਰ ਵਧਾਉਣਾ ਸੀ।

ਚੀਨ ਦੇ ਫੈਲਾਅ ਨੂੰ ਰੋਕਣ ਤਕ ਮਹਿਦੂਦ ਨਾ ਰਹਿ ਕੇ ਹਿੰਦੁਸਤਾਨੀ ਹੁਕਮਰਾਨ ਜਮਾਤ ਅਮਰੀਕਾ ਦੀ ਆਲਮੀ ਚੌਧਰ ਦੀ ਯੁੱਧਨੀਤੀ ਦੀ ਬੇਹਯਾ ਪੈਰੋਕਾਰ ਬਣ ਚੁੱਕੀ ਹੈ। ਇਹ ਰਿਪੋਰਟਾਂ ਵੀ ਹਨ ਕਿ ਮੋਦੀ ਹਕੂਮਤ ਜਪਾਨ ਨਾਲ ਫ਼ੌਜੀ ਧੁਰਾ ਬਣਾਉਣ ਤੋਂ ਵੀ ਅੱਗੇ ਜਾ ਕੇ ਪੱਛਮੀ ਏਸ਼ੀਆ ਅਤੇ ਅਫ਼ਰੀਕਾ ਵਿਚ ਅਮਰੀਕਾ ਦੀ 'ਦਹਿਸ਼ਤਵਾਦ ਵਿਰੁੱਧ ਜੰਗ' ਦਾ ਹਿੱਸੇਦਾਰ ਬਣਨ ਲਈ ਵੀ ਤਿਆਰ ਹੈ। ਹਾਲੀਆ ਵਾਰਤਾ 'ਚ ਇਹ ਮੋਦੀ ਹੀ ਸੀ ਜਿਸ ਨੇ ਅਮਰੀਕਾ, ਜਪਾਨ, ਆਸਟਰੇਲੀਆ ਅਤੇ ਹਿੰਦੁਸਤਾਨ ਦੇ ਚਾਰ-ਧਿਰੀ ਸੁਰੱਖਿਆ ਤਾਣੇ-ਬਾਣੇ ਨੂੰ ਮੁੜ-ਸੁਰਜੀਤ ਕਰਨ ਲਈ ਕੁਝ ਵਧੇਰੇ ਹੀ ਉਤਸੁਕਤਾ ਦਿਖਾਈ। 2006 'ਚ ਇਨ੍ਹਾਂ ਦੇ ਸਾਂਝੇ ਫ਼ੌਜੀ ਸੰਵਾਦ ਤਹਿਤ ਹਿੰਦ ਮਹਾਂਸਾਗਰ ਵਿਚ ਚਾਰ-ਧਿਰੀ ਫ਼ੌਜੀ ਮਸ਼ਕਾਂ ਕੀਤੀਆਂ ਗਈਆਂ ਸਨ। ਆਸਟਰੇਲੀਆ ਦੀ ਪਿਛਲੀ ਲੇਬਰ ਪਾਰਟੀ ਹਕੂਮਤ ਦੇ (ਚੀਨ ਦੇ ਵਿਰੋਧ ਨੂੰ ਦੇਖਦੇ ਹੋਏ) ਇਸ ਸਮਝੌਤੇ ਵਿਚੋਂ ਨਿਕਲ ਜਾਣ ਨਾਲ ਇਹ ਸਾਂਝ ਇਕ ਤਰ੍ਹਾਂ ਨਾਲ ਠੱਪ ਸੀ। ਪਿਛਲੇ ਸਾਲ ਮੋਦੀ ਦੇ ਸੱਤਾਧਾਰੀ ਹੋਣ ਅਤੇ ਜਪਾਨ ਵਿਚ ਅਮਰੀਕਾ ਝੁਕਾਅ ਵਾਲੇ ਸ਼ਿੰਜ਼ੋ ਐਬ ਦੇ ਦੁਬਾਰਾ ਸੱਤਾਧਾਰੀ ਹੋਣ ਅਤੇ ਆਸਟਰੇਲੀਆ ਵਿਚ ਯੁੱਧ-ਪਸੰਦ ਟੋਨੀ ਐਬੇਟ ਦੇ ਸੱਤਾ 'ਚ ਆਉਣ ਨਾਲ ਇਹ ਚਾਰ-ਧਿਰੀ ਫ਼ੌਜੀ ਧੁਰਾ ਮੁੜ-ਸੁਰਜੀਤ ਕੀਤੇ ਜਾਣ ਲਈ ਪੂਰੀ ਤਰ੍ਹਾਂ ਮੁਆਫ਼ਕ ਹਾਲਾਤ ਬਣ ਗਏ ਹਨ।

ਅਗਲੀ ਗੱਲ, ਜਿਸ ਪਰਮਾਣੂ ਸਮਝੌਤੇ ਨੂੰ ਬਹੁਤ ਵੱਡੀ ਪ੍ਰਾਪਤੀ ਬਣਾ ਕੇ ਪੇਸ਼ ਕੀਤਾ ਜਾ ਰਿਹਾ ਹੈ, ਉਸ ਨੇ ਭਾਵੇਂ ਅੰਤਮ ਰੂਪ ਅਜੇ ਲੈਣਾ ਹੈ ਪਰ ਓਬਾਮਾ ਨੇ ਅਮਰੀਕੀ ਕੰਪਨੀਆਂ ਦੀ ਪਰਮਾਣੂ ਤਕਨਾਲੋਜੀ ਵਰਤੇ ਜਾਣ ਦੀ ਸੂਰਤ ਵਿਚ ਉਨ੍ਹਾਂ ਨੂੰ 'ਪਰਮਾਣੂ ਜਵਾਬਦੇਹੀ ਕਾਨੂੰਨ' ਤਹਿਤ ਵੱਡੀ ਜਵਾਬਦੇਹੀ ਅਤੇ ਇਸ ਦਾ ਹਰਜਾਨਾ ਭਰਨ ਦੇ ਨੁਕਸਾਨ ਤੋਂ ਪੂਰੀ ਤਰ੍ਹਾਂ ਮੁਕਤ ਕਰਾ ਲੈਣ ਦੀ ਪੇਸ਼ਬੰਦੀ ਅਗੇਤੀ ਹੀ ਕਰਵਾ ਲਈ ਹੈ। ਅਮਰੀਕਾ ਨਾਲ ਇਕਰਾਰ ਇਹ ਕੀਤਾ ਗਿਆ ਹੈ ਕਿ ਹਿੰਦੁਸਤਾਨੀ ਅਟਾਰਨੀ ਜਨਰਲ ਇਹ ਯਕੀਨ ਦਿਵਾਏਗਾ ਕਿ ਅਜਿਹੇ ਹਾਦਸੇ ਦਾ ਕੋਈ ਪੀੜਤ ਅਮਰੀਕੀ ਕਾਰਪੋਰੇਸ਼ਨਾਂ ਦੇ ਖ਼ਿਲਾਫ਼ ਜਵਾਬਦੇਹੀ ਕਾਨੂੰਨ (ਮੱਦ-46) ਤਹਿਤ ਕਾਨੂੰਨੀ ਕਾਰਵਾਈ ਨਹੀਂ ਕਰੇਗਾ। ਫੂਕੂਸ਼ੀਮਾ (ਜਪਾਨ) ਭਿਆਨਕ ਪਰਮਾਣੂ ਹਾਦਸੇ ਵਰਗੇ ਹਾਦਸਿਆਂ ਦੀ ਸੂਰਤ 'ਚ ਪਰਮਾਣੂ ਮਸ਼ੀਨਰੀ ਨਿਰਮਾਤਾ ਕੰਪਨੀਆਂ ਵੱਡੇ ਮੁਆਵਜ਼ੇ ਦੇਣ ਦੀਆਂ ਪਾਬੰਦ ਨਹੀਂ ਹੋਣਗੀਆਂ। ਮੁਆਵਜ਼ੇ ਦਾ ਜ਼ਿਆਦਾਤਰ ਹਿੱਸਾ ਹਿੰਦੁਸਤਾਨੀ ਹਕੂਮਤ ਵਲੋਂ ਬਣਾਏ ਜਾਣ ਵਾਲੇ 1500 ਕਰੋੜ ਰੁਪਏ ਦੇ ਬੀਮਾ ਪੂਲ ਵਿਚੋਂ ਦਿੱਤਾ ਜਾਵੇਗਾ; ਭਾਵ ਨਾਕਸ ਮਸ਼ੀਨਰੀ ਵੇਚ ਕੇ ਭਾਰੀ ਮੁਨਾਫ਼ੇ ਤਾਂ ਅਮਰੀਕੀ ਕੰਪਨੀਆਂ ਕਮਾਉਣਗੀਆਂ, ਪਰ ਹਾਦਸਾ ਹੋਣ 'ਤੇ ਮੁਆਵਜ਼ੇ ਦਾ ਬੋਝ ਹਿੰਦੁਸਤਾਨ ਦਾ ਸਰਕਾਰੀ ਖ਼ਜ਼ਾਨਾ ਅਤੇ ਸਰਕਾਰੀ ਬੀਮਾ ਕੰਪਨੀਆਂ ਮਿਲ ਕੇ ਚੁੱਕਣਗੇ। ਚੇਤੇ ਰਹੇ ਕਿ ਸਿਵਲੀਅਨ ਪਰਮਾਣੂ ਜਵਾਬਦੇਹੀ ਬਿਲ ਪਾਸ ਕੀਤੇ ਜਾਣ ਸਮੇਂ ਮਨਮੋਹਨ ਸਿੰਘ ਹਕੂਮਤ ਵਿਰੋਧੀ-ਧਿਰ ਦੇ ਦਬਾਅ ਹੇਠ ਸਬੰਧਤ ਬਿਲ ਵਿਚ ਜਵਾਬਦੇਹੀ ਮੱਦ (17-ਬੀ) ਸ਼ੁਮਾਰ ਕਰਨ ਲਈ ਮਜਬੂਰ ਹੋਈ ਸੀ। ਇਹ ਦਬਾਅ ਪਾਉਣ ਵਾਲਿਆਂ 'ਚ ਭਾਜਪਾ ਵੀ ਸੀ। ਇਸ ਤੋਂ ਵੱਡਾ ਧੋਖਾ ਕੀ ਹੋ ਸਕਦਾ ਹੈ ਕਿ ਊਰਜਾ ਦੀ ਮੁਕਾਬਤਨ ਕਿਫ਼ਾਇਤੀ ਅਤੇ ਮੁਤਬਾਦਲ ਮਹਿਫੂਜ਼ ਤਕਨਾਲੋਜੀ ਨੂੰ ਦਰਕਿਨਾਰ ਕਰ ਕੇ ਤਿੰਨ ਗੁਣਾ ਮਹਿੰਗੀ ਬਿਜਲੀ ਪੈਦਾ ਕਰਨ ਵਾਲੀ ਅਤੇ ਭਿਆਨਕ ਜ਼ੋਖ਼ਮ ਵਾਲੀ ਪਰਮਾਣੂ ਊਰਜਾ ਤਕਨਾਲੋਜੀ ਨੂੰ 'ਵਾਤਾਵਰਣ ਬਚਾਊ ਤਕਨਾਲੋਜੀ' ਅਤੇ 'ਸਾਫ਼-ਸੁਥਰੀ ਊਰਜਾ' ਦੇ ਨਾਂ ਹੇਠ ਮੁਲਕ ਉਪਰ ਥੋਪਿਆ ਜਾਵੇਗਾ।

ਦਰਅਸਲ ਓਬਾਮਾ ਦਾ 4 ਅਰਬ ਡਾਲਰ 'ਇੰਡੀਆ ਪੈਕੇਜ' ਦਾ ਇਕਰਾਰ ਵੀ ਪੂਰੀ ਤਰ੍ਹਾਂ ਅਮਰੀਕੀ ਸਮਾਨ ਖ਼ਰੀਦਣ ਲਈ ਕਰਜ਼ਿਆਂ ਦੀ ਪੇਸ਼ਕਸ਼ ਹੈ ਜੋ ਆਪਣੇ ਸੰਕਟਗ੍ਰਸਤ ਫ਼ੌਜੀ-ਸਨਅਤੀ ਸਮੂਹ ਲਈ ਮੋਕਲੀ ਮੰਡੀ ਪੈਦਾ ਕਰ ਕੇ ਉਨ੍ਹਾਂ ਦਾ ਸੰਕਟ ਦੂਰ ਕਰਨ 'ਚ ਸਹਾਈ ਹੋਵੇਗਾ।

ਮੋਦੀ ਹਕੂਮਤ ਭਾਵੇਂ ਚੀਨ ਤੇ ਰੂਸ ਨਾਲ ਵੀ ਗੱਲਬਾਤ ਚਲਾ ਕੇ ਦੁਵੱਲੇ ਤੇ ਤਿੰਨ-ਧਿਰੀ ਸਮਝੌਤੇ ਕਰਨ ਲਈ ਗੱਲਬਾਤ ਚਲਾ ਰਹੀ ਹੈ ਪਰ ਸਮੁੱਚੇ ਤੌਰ 'ਤੇ ਹਾਲੀਆ ਦੁਵੱਲੇ ਇਕਰਾਰਾਂ ਦਾ ਅੰਜਾਮ ਮੋਦੀ ਹਕੂਮਤ ਵਲੋਂ ਹਿੰਦੁਸਤਾਨੀ ਮੰਡੀ ਅਤੇ ਵਸੀਲਿਆਂ ਨੂੰ ਅਮਰੀਕੀ ਸਰਮਾਏਦਾਰੀ ਦੇ ਹਵਾਲੇ ਕਰਨ ਦਾ ਰਾਹ ਪੱਧਰਾ ਕਰਨ ਅਤੇ ਇਕ ਪਾਸੇ ਹਿੰਦੁਸਤਾਨ ਦੀ ਅਮਰੀਕਾ ਉਪਰ ਬਹੁਪੱਖੀ ਨਿਰਭਰਤਾ ਵਧਾਉਣ ਤੇ ਦੂਜੇ ਪਾਸੇ ਚੀਨ ਨਾਲ ਰਿਸ਼ਤੇ ਨੂੰ ਵਿਗਾੜਨ ਤੋਂ ਬਿਨਾਂ ਕੁਝ ਨਹੀਂ ਹੋਵੇਗਾ।

## ਭੁੱਲ ਦੀ ਸੋਧ

*'ਪੰਜਾਬ ਟਾਈਮਜ਼' ਦੇ 7 ਫਰਵਰੀ ਵਾਲੇ ਪਿਛਲੇ ਅੰਕ (ਨੰਬਰ 6) ਵਿਚ ਸੰਪਾਦਕੀ ਸਫੇ ਉਤੇ ਛਪਿਆ ਲੇਖ 'ਮਰ ਕੇ ਵੀ ਜ਼ਿੰਦਾ ਹੈ ਲੇਖਕ' ਭਾਸ਼ਾ ਸਿੰਘ ਦਾ ਲਿਖਿਆ ਹੋਇਆ ਸੀ। ਇਸ ਲੇਖ ਦਾ ਸੰਖੇਪ ਰੂਪ ਤੇ ਤਰਜਮਾ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਤਿਆਰ ਕੀਤਾ ਸੀ। -ਸੰਪਾਦਕ*

# ਵਿਚਾਰ-ਪ੍ਰਗਟਾਵੇ ਦੀ ਆਜ਼ਾਦੀ ਅਤੇ ਸਮਾਜਕ ਸੀਮਾ

**ਅਜੋਕੀ ਗੱਲ**

ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਦਾ ਮੁੱਦਾ ਦੁਨੀਆਂ ਭਰ ਅੰਦਰ ਦੋ ਖੇਤਰਾਂ ਵਿਚ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਇਕ ਖੇਤਰ ਧਰਮ ਦਾ ਹੈ ਅਤੇ ਦੂਜਾ ਸਾਹਿਤ ਤੇ ਕਲਾ ਦਾ। ਅਨੇਕ ਸੂਰਤਾਂ ਵਿਚ ਇਹ ਦੋਵੇਂ ਖੇਤਰ ਮਿਲਾ ਕੇ ਇਕ ਕਰ ਲਏ ਜਾਂਦੇ ਹਨ ਕਿਉਂਕਿ ਹਮਲਾਵਰ ਧਿਰ ਵਿਚ ਅਕਸਰ ਅਜਿਹੇ ਸੂਝਵਾਨ ਲੋਕਾਂ ਦੀ ਘਾਟ ਹੁੰਦੀ ਹੈ ਜੋ ਇਤਰਾਜ਼ਯੋਗ ਰਚਨਾਵਾਂ ਦੀ ਕਾਟ ਕਲਮ ਅਤੇ ਕਲਾ ਦੇ ਹਥਿਆਰ ਵਰਤ ਕੇ ਕਰ ਸਕਣ। ਇਕ ਤਾਂ ਧਰਮ ਨੂੰ ਹਥਿਆਰ ਵਜੋਂ ਵਰਤਣਾ ਸੌਖਾ ਬੜਾ ਹੈ, ਦੂਜੇ ਧਰਮ ਦੇ ਪਰਚਮ ਹੇਠ ਮਰਨ-ਮਾਰਨ ਲਈ ਉਤਾਵਲੇ ਦਲ ਜੁਟਾਉਣੇ ਵੀ ਸੌਖੇ ਹੁੰਦੇ ਹਨ। ਨਿਰੋਲ ਧਾਰਮਿਕ ਖੇਤਰ ਵਿਚ ਹੋ ਰਹੇ ਸੰਸਾਰਵਿਆਪੀ ਵਿਚਾਰ-

**ਗੁਰਬਚਨ ਸਿੰਘ ਭੁੱਲਰ**
ਫੋਨ: 091-1142502364
bhullargs@gmail.com

ਯੁੱਧ ਦੇ ਫ਼ੈਲਵੇਂ ਵਿਸ਼ੇ ਨੂੰ ਲਾਂਭੇ ਛਡਦਿਆਂ ਧਰਮ ਅਤੇ ਸਾਹਿਤ ਤੇ ਕਲਾ ਦੇ ਟਕਰਾਅ ਬਾਰੇ ਕੁਝ ਵਿਚਾਰ ਸਾਂਝੇ ਕਰਨੇ ਵਧੀਕ ਅਰਥਪੂਰਨ ਰਹਿਣਗੇ।

ਇਥੇ ਇਹ ਤੱਥ ਚੇਤੇ ਰਖਣਾ ਜ਼ਰੂਰੀ ਹੈ ਕਿ ਵਿਚਾਰ-ਪ੍ਰਗਟਾਵੇ ਦਾ ਮੁੱਦਾ ਮਨੁੱਖ ਦੀ ਸੋਚਣ ਦੀ ਸਮਰੱਥਾ ਦੀ ਸਰਘੀ ਦੇ ਸਮੇਂ ਹੀ ਉਭਰ ਖਲੋਤਾ ਸੀ। ਕਬੀਲਿਆਂ ਤੋਂ ਲੈ ਕੇ ਭੂਪਸ਼ਾਹੀ ਤੱਕ ਇਤਿਹਾਸ ਦੇ ਬਹੁਤ ਲੰਮੇ ਸਮੇਂ ਦੌਰਾਨ ਕਿਸੇ ਲਿਖਤੀ ਨੇਮ-ਕਾਨੂੰਨ ਦੀ ਕੋਈ ਲੋੜ ਨਾ ਸਮਝੇ ਜਾਣ ਕਾਰਨ, ਇਕੋ ਮਨੁੱਖ ਦੀ ਸੋਚ ਤੇ ਇੱਛਾ ਵਿਚਾਰਾਂ ਦੇ ਪ੍ਰਗਟਾਵੇ ਦੀਆਂ ਸੀਮਾਵਾਂ ਮਿਥਦੀ ਸੀ। ਆਧੁਨਿਕ ਕਾਲ ਵਿਚ ਬਾਦਸ਼ਾਹਤਾਂ ਦੇ ਇਕ-ਇਕ ਕਰ ਕੇ ਢਹਿਣ ਨਾਲ ਲੋਕਰਾਜਾਂ ਦਾ ਉਦੈ ਹੋਇਆ ਤਾਂ ਨਾਲ ਹੀ ਸਮਾਜਕ ਪ੍ਰਬੰਧ ਨੂੰ ਚਲਾਉਣ ਖ਼ਾਤਰ ਨੇਮ-ਕਾਨੂੰਨ ਬਣਨ ਲੱਗੇ ਜਿਨ੍ਹਾਂ ਵਿਚ ਮਨੁੱਖ ਦੇ ਕਰਨ ਤੇ ਨਾ-ਕਰਨ ਵਾਲੀਆਂ ਗੱਲਾਂ ਵੀ ਸੂਚੀਬੱਧ ਕੀਤੀਆਂ ਜਾਣ ਲੱਗੀਆਂ। ਇਸ ਨਾਲ ਇਕ ਅਹਿਮ ਨੁਕਤਾ ਹੋਰ ਜੁੜਿਆ ਹੋਇਆ ਹੈ। ਇਕ ਦੂਜੇ ਦਾ ਸਹਾਰਾ ਬਣਦਿਆਂ ਆਪਸੀ ਹਿਤਾਂ ਦੀ ਪੂਰਤੀ ਵਾਸਤੇ ਤਖ਼ਤ ਤੇ ਧਰਮ ਦਾ ਗੱਠਜੋੜ ਹੋਂਦ ਵਿਚ ਆਇਆ। ਇਸ ਗੱਠਜੋੜ ਵਿਚ ਤਖ਼ਤ ਭਾਵੇਂ ਅਕਸਰ ਵਧੀਕ ਸ਼ਕਤੀਸ਼ਾਲੀ ਸਿੱਧ ਹੁੰਦਾ ਸੀ ਪਰ ਧਰਮ ਵਧੀਕ ਹੰਢਣਸਾਰ ਸਿੱਧ ਹੋਇਆ। ਤਖ਼ਤ-ਤਾਜ ਮਿਟ ਗਏ ਪਰ 'ਰੱਬ' ਦਾ ਸਵੈਥਾਪਿਆ ਪ੍ਰਤੀਨਿਧ ਹੋਣ ਕਾਰਨ ਸ਼ਰਧਾਲੂਆਂ ਦੀ ਸੋਚ ਉਤੇ ਧਰਮ ਦੀ ਪਕੜ ਬਣੀ ਰਹੀ। ਦੂਹਰੀਆਂ ਪਾਬੰਦੀਆਂ ਵਿਚ ਬੱਝੇ ਮਨੁੱਖ ਨੂੰ ਰਾਜਾਸ਼ਾਹੀ ਦੀ ਥਾਂ ਲੋਕਸ਼ਾਹੀ ਦੀ ਆਉਂਦ ਨਾਲ ਰਾਜਨੀਤੀ ਨੇ ਤਾਂ ਵਿਚਾਰ ਪ੍ਰਗਟਾਉਣ ਦੀ ਘੱਟ-ਵੱਧ ਸੰਭਾਵਨਾ ਦੇ ਦਿੱਤੀ ਪਰ ਧਰਮ ਨੇ ਇਹ ਸੀਮਾਵਾਂ ਬੇਲਚਕ ਹੀ ਨਹੀਂ ਬਣਾਈ ਰਖੀਆਂ ਸਗੋਂ ਪਹਿਲਾਂ ਤੋਂ ਵੀ ਸੌੜੀਆਂ ਕਰ ਲਈਆਂ। ਭਾਰਤ ਵਿਚ ਧਰਮ ਦੇ ਅੰਦਰ ਜਾਤਾਂ ਦੀ ਅਤੇ ਜਾਤਾਂ ਦੇ ਅੰਦਰ ਗੋਤਾਂ ਦੀ ਹੋਂਦ ਨੇ ਗੱਲ ਹੋਰ ਉਲਝਾਈ ਹੋਈ ਹੈ ਜਿਥੇ ਜਾਤਾਂ ਤੇ ਗੋਤਾਂ ਦੀਆਂ ਆਪਣੀਆਂ ਪੰਚਾਇਤਾਂ ਹਨ ਜੋ ਮੌਤ ਦੀ ਸਜ਼ਾ ਦੇਣ ਤੱਕ ਆਪਣੇ ਹੀ ਫ਼ਰਮਾਨ ਜਾਰੀ ਕਰਦੀਆਂ ਰਹਿੰਦੀਆਂ ਹਨ।

7 ਜਨਵਰੀ ਨੂੰ ਪੈਰਿਸ ਦੇ ਕਾਰਟੂਨੀ ਸਪਤਾਹਿਕ 'ਸ਼ਾਰਲੀ ਏਬਦੋ' ਦੇ ਸੰਪਾਦਕੀ ਅਮਲੇ ਦੇ ਬਾਰਾਂ ਜਣਿਆਂ ਦੇ ਕਤਲੇਆਮ ਨੇ ਵਿਚਾਰਾਂ ਦੇ ਪ੍ਰਗਟਾਵੇ ਦੀ ਬਹਿਸ ਸਿਖ਼ਰ ਉਤੇ ਪੁਚਾ ਦਿੱਤੀ ਹੈ। ਇਸ ਦੇ ਕੁਝ ਕਾਰਨ ਤੇ ਸਬੱਬ ਹਨ। ਇਕ ਤਾਂ ਫ਼ਰਾਂਸ ਅਜੇ ਆਤੰਕਵਾਦੀ ਸਰਗਰਮੀਆਂ ਦਾ ਪਿੜ ਨਹੀਂ ਸੀ ਬਣਿਆ। ਦੂਜੇ, ਦਹਿਸ਼ਤਵਾਦੀਆਂ ਦੀ ਯੁੱਧਚਾਲ ਆਮ ਕਰਕੇ ਮਾਰੋ-ਤੇ-ਭੱਜੋ ਹੁੰਦੀ ਹੈ। ਨਿਊ ਯਾਰਕ ਦਾ 9/11, ਮੁੰਬਈ ਦਾ 26/11 ਅਤੇ ਪਿਸ਼ਾਵਰ ਦੇ ਸਕੂਲੀ ਬੱਚਿਆਂ ਦਾ ਕਤਲੇਆਮ ਇਹਦੀਆਂ ਕੁਝ ਵੱਡੀਆਂ ਮਿਸਾਲਾਂ ਹਨ। ਪਰ ਪੈਰਿਸ ਵਿਚ ਉਹ ਤਿੰਨ ਦਿਨ ਵੱਖ ਵੱਖ ਥਾਂਈਂ ਆਪਣੀ ਹੋਂਦ ਜਤਾਉਂਦੇ ਰਹੇ। ਤੀਜੀ ਗੱਲ, ਪੈਰਿਸ ਦੁਨੀਆਂ ਭਰ ਵਿਚ ਸਾਹਿਤਕਾਰਾਂ, ਕਲਾਕਾਰਾਂ ਤੇ ਕਲਾ-ਗੈਲਰੀਆਂ ਲਈ ਜਾਣਿਆ ਜਾਂਦਾ ਹੈ। ਕੁਦਰਤੀ ਸੀ ਉਥੇ ਦਹਿਸ਼ਤੀ ਹਮਲੇ ਨੇ ਵੱਧ ਧਿਆਨ ਖਿੱਚਿਆ। ਇਹ ਸਿਰਫ਼ ਇਸ ਘਟਨਾ ਮਗਰੋਂ ਹੀ ਪਹਿਲੀ ਵਾਰ ਹੋਇਆ ਕਿ ਚਾਲੀ ਦੇਸ਼ਾਂ ਦੇ ਰਾਜਸੀ ਆਗੂ ਅਤੇ ਲੱਖਾਂ ਲੋਕ ਸ਼ਹਿਰ ਦੀਆਂ ਸੜਕਾਂ ਉਤੇ ਜਲੂਸ ਬਣਾ ਕੇ ਤੁਰੇ। ਉਹ ਮਗਰੋਂ ਦੁਨੀਆਂ ਭਰ ਵਿਚ ਪੁੱਜਿਆ ਨਾਅਰਾ "ਮੈਂ ਵੀ ਸ਼ਾਰਲੀ" ਲਾ ਰਹੇ ਸਨ। ਇਹ ਨਾਅਰਾ ਮੈਨੂੰ ਅਮਰੀਕਾ ਦੀ ਹਮਲਾਵਰ ਜੰਗ ਵੇਲੇ ਵੀਅਤਨਾਮ ਦੇ ਸੰਗਰਾਮੀਆਂ ਦੇ ਪੱਖ ਵਿਚ ਭਾਰਤ ਦੇ ਨਗਰ-ਨਗਰ ਲਗਦੇ ਨਾਅਰੇ "ਤੇਰਾ ਨਾਮ, ਮੇਰਾ ਨਾਮ, ਵੀਅਤਨਾਮ, ਵੀਅਤਨਾਮ" ਦਾ ਚੇਤਾ ਕਰਵਾ ਰਿਹਾ ਸੀ। ਪਰ ਦੋਵਾਂ ਨਾਅਰਿਆਂ ਵਿਚ ਇਕ ਬੁਨਿਆਦੀ ਫ਼ਰਕ ਸੀ। ਵੀਅਤਨਾਮ ਵਾਲਾ ਨਾਅਰਾ ਹੱਕ-ਸੱਚ ਦੇ ਪੱਖ ਵਿਚ ਖਲੋਂਦਾ ਸੀ, ਸ਼ਾਰਲੀ ਵਾਲਾ ਨਾਅਰਾ ਇਸ ਕਸਵੱਟੀ ਉਤੇ ਖਰਾ ਨਹੀਂ ਸੀ ਉਤਰ ਸਕਦਾ।

ਐਨ ਇਨ੍ਹੀਂ ਹੀ ਦਿਨੀਂ ਪ੍ਰਸਿੱਧ ਤਮਿਲ ਲੇਖਕ ਪੇਰੂਮਲ ਮੁਰੂਗਨ ਦਾ ਮਾਮਲਾ ਚਰਚਾ ਵਿਚ ਆ ਗਿਆ। ਉਹਦੇ ਇਕ ਨਾਵਲ ਦੇ ਬਹਾਨੇ ਧਾਰਮਿਕ ਤੇ ਜਾਤਪਾਤੀ ਹੁੱਲੜਬਾਜ਼ਾਂ ਨੇ ਉਹਨੂੰ ਅਜਿਹਾ ਘੇਰਿਆ ਕਿ ਉਹਨੇ ਲੇਖਕ ਵਜੋਂ ਆਪਣੀ ਮੌਤ ਦਾ ਐਲਾਨ ਕਰ ਕੇ ਕਲਮ ਪਰੇ ਵਗਾਹ ਮਾਰੀ। ਇਹ ਮਾਮਲਾ ਆਪਣੇ ਆਪ ਵਿਚ ਹੀ ਬਹੁਤ ਧਿਆਨ ਖਿੱਚਣ ਵਾਲਾ ਸੀ, ਉਸੇ ਸਮੇਂ ਸਬੱਬ



ਪੇਰੂਮਲ ਮੁਰੂਗਨ

ਨਾਲ ਜੈਪੁਰ ਸਾਹਿਤਕ ਮੇਲਾ ਆ ਗਿਆ ਜਿਸ ਸਦਕਾ ਇਹ ਹੋਰ ਵੀ ਬਹੁਤਾ ਚਰਚਾ ਵਿਚ ਆ ਗਿਆ।

ਜੇ ਇਨ੍ਹਾਂ ਦੋਵਾਂ ਘਟਨਾਵਾਂ ਨੂੰ ਨਾਲੋ-ਨਾਲ ਰੱਖ ਕੇ ਦੇਖਿਆ ਜਾਵੇ, ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਦੇ ਮਸਲੇ ਦੇ ਦੋਵੇਂ ਮਹੱਤਵਪਰਨ ਪੱਖ ਉਜਾਗਰ ਹੋ ਜਾਂਦੇ ਹਨ। ਇਕ ਪਾਸੇ ਪ੍ਰਗਟਾਏ ਗਏ ਵਿਚਾਰਾਂ ਦਾ ਸਮਾਜਕ-ਸਦਾਚਾਰਕ ਪੱਖੋਂ ਵਾਜਬ-ਨਾਵਾਜਬ ਹੋਣਾ ਅਤੇ ਦੂਜੇ ਪਾਸੇ ਵਿਰੋਧ ਦਾ ਜਾਇਜ਼-ਨਾਜਾਇਜ਼ ਹੋਣਾ।

ਇਨ੍ਹਾਂ ਦੋਵਾਂ ਵਿਰੋਧੀ ਸੂਰਤਾਂ ਵਿਚ ਵੀ ਇਕ ਬੜੀ ਦਿਲਚਸਪ ਸਾਂਝ ਹੈ। ਕਿਸੇ ਪ੍ਰਗਟਾਏ ਗਏ ਵਿਚਾਰ ਦਾ ਵਿਰੋਧ ਕਰਨ ਵਾਲਿਆਂ ਦੇ ਬਹੁਤ ਵੱਡੇ ਹਿੱਸੇ ਨੇ ਉਹਨੂੰ ਆਪ ਦੇਖਣ-ਪੜ੍ਹਨ ਦੀ ਕੋਈ ਲੋੜ ਹੀ ਨਹੀਂ ਸਮਝੀ ਹੁੰਦੀ। ਇਸ ਤੱਥ ਦੀ ਇਕ ਵਧੀਆ ਮਿਸਾਲ ਪਿੱਛੇ ਜਿਹੇ ਆਈ ਫ਼ਿਲਮ 'ਪੀ ਕੇ' ਹੈ। ਹਿੰਦੂ ਧਰਮ ਦੇ ਸਵੈਥਾਪੇ ਰਖਵਾਲਿਆਂ ਨੇ ਉਹਦਾ ਇਹ ਆਖ ਕੇ ਥਾਂ-ਥਾਂ ਵਿਰੋਧ ਕੀਤਾ, ਸਿਨਮਾਘਰਾਂ ਦੇ ਸ਼ੀਸ਼ੇ ਤੋੜੇ ਤੇ ਪੋਸਟਰ ਪਾੜੇ ਕਿ ਉਸ ਵਿਚ ਸਾਡੇ ਦੇਵੀ-ਦੇਵਤਿਆਂ ਦੀ ਨਿਰਾਦਰੀ ਕੀਤੀ ਗਈ ਹੈ। ਜਦੋਂ ਟੀ.ਵੀ. ਪੱਤਰਕਾਰ ਪੁਛਦੇ ਸਨ ਕਿ ਤੁਹਾਨੂੰ ਫ਼ਿਲਮ ਦਾ ਕਿਹੜਾ ਦ੍ਰਿਸ਼ ਇਤਰਾਜਯੋਗ ਲੱਗਿਆ, ਉਨ੍ਹਾਂ ਦਾ ਜਵਾਬ ਹੁੰਦਾ ਸੀ, ਕਿਉਂਕਿ ਫ਼ਿਲਮ ਧਰਮ-ਵਿਰੋਧੀ ਹੈ, ਮੈਂ ਦੇਖਣ ਕਿਉਂ ਜਾਵਾਂ!

ਇਹ ਫ਼ਿਲਮ ਹਿੰਦੂ ਧਰਮ ਦੇ ਕਿੰਨੀ ਕੁ ਵਿਰੁਧ ਹੈ, ਇਸ ਦਾ ਅੰਦਾਜ਼ਾ ਇਥੋਂ ਲਾਇਆ ਜਾ ਸਕਦਾ ਹੈ ਕਿ ਮੌਲਿਕ ਰਥ-ਯਾਤਰੀ ਸ੍ਰੀ ਲਾਲ ਕ੍ਰਿਸ਼ਨ ਅਡਵਾਨੀ, ਜਿਨ੍ਹਾਂ ਦੇ ਹਿੰਦੂਤਵ ਬਾਰੇ ਰੀਣ ਜਿੰਨਾ ਵੀ ਸ਼ੰਕਾ ਸੰਭਵ ਨਹੀਂ, ਨੇ ਦੇਖਣ ਮਗਰੋਂ ਉਹਨੂੰ 'ਕਮਾਲ ਦੀ ਫ਼ਿਲਮ' ਆਖ ਕੇ ਲੋਕਾਂ ਨੂੰ ਦੇਖਣ ਲਈ ਪ੍ਰੇਰਿਆ। ਬੀ.ਜੇ.ਪੀ. ਦੇ ਹੀ ਇਕ ਹੋਰ ਵੱਡੇ ਆਗੂ, ਬਿਹਾਰ ਦੇ ਸਾਬਕਾ ਉਪ ਮੁੱਖ ਮੰਤਰੀ ਸੁਸ਼ੀਲ ਕੁਮਾਰ ਮੋਦੀ ਨੇ ਵੀ ਫ਼ਿਲਮ ਨੂੰ 'ਬਹੁਤ ਹੀ ਵਧੀਆ' ਕਹਿੰਦਿਆਂ ਲੋਕਾਂ ਨੂੰ ਇਹਦੀ ਸਿਫ਼ਾਰਸ਼ ਕੀਤੀ।

ਕਿਸੇ ਰਚਨਾ ਦੇ ਵਿਰੋਧ ਦੀ ਇਸ ਨਾਵਾਜਬੀ ਵਾਂਗ ਵਿਚਾਰ-ਪ੍ਰਗਟਾਵੇ ਦੀ ਨਾਵਾਜਬੀ ਦੀਆਂ ਮਿਸਾਲਾਂ ਵੀ ਕੋਈ ਘੱਟ ਨਹੀਂ ਮਿਲਦੀਆਂ। 'ਸ਼ਾਰਲੀ ਏਬਦੋ' ਦਾ ਮਾਮਲਾ ਹੀ ਇਹਦੀ ਮੂੰਹ-ਬੋਲਦੀ ਮਿਸਾਲ ਹੈ। 1789 ਦੇ ਇਨਕਲਾਬ ਤੋਂ ਪਹਿਲਾਂ ਫ਼ਰਾਂਸ ਵਿਚ ਵਿਚਾਰ-ਪ੍ਰਗਟਾਵੇ ਬਾਰੇ ਕਾਨੂੰਨ ਬੜੇ ਸਖ਼ਤ, ਸਗੋਂ ਸਾਹ-ਘੋਟੂ ਸਨ। ਜੇ ਪੀਂਘ ਨੂੰ ਬਹੁਤ ਉਚੀ ਚੜ੍ਹਾ ਲਈਏ, ਜਦੋਂ ਉਹ ਦੂਜੇ ਪਾਸੇ ਜਾਂਦੀ ਹੈ, ਓਨੀ ਹੀ ਉਚੀ ਓਧਰ ਚੜ੍ਹ ਜਾਂਦੀ ਹੈ। ਫ਼ਰਾਂਸ ਵਿਚ ਵੀ ਇਹੋ ਹੋਇਆ। 1789 ਦੇ ਇਨਕਲਾਬ ਮਗਰੋਂ ਹੌਲੀ-ਹੌਲੀ ਵਿਚਾਰ-ਪ੍ਰਗਟਾਵੇ ਦੀਆਂ ਸਭ ਸਾਹ-ਘੋਟੂ ਹੱਦਾਂ ਕਾਨੂੰਨਨ ਤੋੜ ਦਿੱਤੀਆਂ ਗਈਆਂ। 'ਸ਼ਾਰਲੀ ਏਬਦੋ' ਇਸੇ ਖੁੱਲ੍ਹ ਦੀ ਉਪਜ ਹੈ। ਉਸ ਵਿਚ ਅਕਸਰ ਹੀ ਵੱਖ ਵੱਖ ਧਰਮਾਂ ਦੇ ਮੋਢੀਆਂ ਬਾਰੇ ਕਾਰਟੂਨ ਛਾਪੇ ਜਾਂਦੇ ਹਨ ਜੋ ਆਮ ਕਰਕੇ ਬਹੁਤ ਹੀ ਇਤਰਾਜ਼ਯੋਗ ਹੁੰਦੇ ਹਨ। ਮੈਂ ਤਾਂ ਮੁਸਲਮਾਨ ਨਹੀਂ; ਇਸ ਤੋਂ ਵੀ ਵਧ ਕੇ ਮੈਂ ਧਰਮ-ਵਿਸ਼ਵਾਸੀ ਵੀ ਨਹੀਂ, ਤਾਂ ਵੀ ਜਦੋਂ ਮੈਂ ਉਸ ਵਿਚ ਛਪੇ ਹੋਏ ਕੁਝ ਕਾਰਟੂਨ ਦੇਖੇ, ਮੇਰਾ ਮਨ ਗਿਲਾਨੀ, ਬੇਚੈਨੀ ਤੇ ਪ੍ਰੇਸ਼ਾਨੀ ਨਾਲ ਨੱਕੋ-ਨੱਕ ਭਰ ਗਿਆ। ਇਕਦਮ ਸਵਾਲ ਜਾਗਿਆ, ਇਹ ਕੇਹੀ ਕਲਾ ਹੈ ਤੇ ਇਹ ਕੇਹੀ ਵਿਚਾਰ-ਪ੍ਰਗਟਾਵੇ ਦੀ ਆਜ਼ਾਦੀ ਹੈ! ਇਹ ਤਾਂ ਗਾਲਾਂ ਵੀ ਨਹੀਂ, ਗਾਲਾਂ ਤੋਂ ਅੱਗੇ ਦਾ ਕੁਝ ਹੈ!

ਕਾਰਟੂਨ ਉਹ ਹੁੰਦਾ ਹੈ ਜੋ ਉਸ ਦਾ ਨਿਸ਼ਾਨਾ ਬਣੇ ਵਿਅਕਤੀ ਸਮੇਤ ਦੇਖਣ ਵਾਲੇ ਦੇ ਚਿਹਰੇ ਉਤੇ ਆਪਮੁਹਾਰੀ ਮੁਸਕਰਾਹਟ ਲਿਆ ਦੇਵੇ; ਉਹ ਨਹੀਂ ਜੋ ਦੇਖਣ ਵਾਲੇ ਦੇ ਸੀਨੇ ਵਿਚ ਕਰੋਧ ਦੀ ਅਗਨੀ ਬਾਲ ਦੇਵੇ। ਪਿਛਲੇ ਦਿਨੀਂ ਗੁਜ਼ਰੇ ਆਰ. ਕੇ. ਲਕਸ਼ਮਣ ਬਹੁਤ ਸਾਲਾਂ ਤੋਂ ਇਕ ਅੰਗਰੇਜ਼ੀ ਅਖ਼ਬਾਰ ਲਈ ਕਾਰਟੂਨ ਬਣਾਉਂਦੇ ਸਨ। ਇਹ ਇਕ ਪ੍ਰਵਾਨਿਤ ਸੱਚ ਹੈ ਕਿ ਪਾਠਕ ਅਖ਼ਬਾਰ ਪੜ੍ਹਨਾ ਸ਼ੁਰੂ ਕਰਨ ਤੋਂ ਵੀ ਪਹਿਲਾਂ ਸਮਕਾਲੀ ਹਾਲਤ ਉਤੇ ਕਾਟਵਾਂ ਵਿਅੰਗ ਕਰਦਾ ਉਨ੍ਹਾਂ ਦਾ ਬਣਾਇਆ ਕਾਰਟੂਨ ਹੀ ਦੇਖਦੇ-ਮਾਣਦੇ ਸਨ। ਨਹਿਰੂ ਤਾਂ ਕਾਰਟੂਨਾਂ ਬਾਰੇ ਉਨ੍ਹਾਂ ਨਾਲ ਆਪਣੀ ਰਾਇ ਵੀ ਅਕਸਰ ਸਾਂਝੀ ਕਰ ਲੈਂਦੇ ਸਨ। ਇਹ ਉਨ੍ਹਾਂ ਦੀ ਕਾਰਟੂਨੀ ਕਲਾ ਦੇ ਉਚੇ-ਸੁੱਚੇ ਮਿਆਰ ਸਦਕਾ ਹੀ ਸੀ ਕਿ ਉਹ ਹਰ ਤਬਕੇ ਦਾ ਸਤਿਕਾਰ ਜਿੱਤ ਸਕੇ। ਰਾਸ਼ਟਰਪਤੀ ਦੀ ਅਗਵਾਈ ਵਿਚ ਸਮੁੱਚੇ ਦੇਸ਼ ਨੇ ਸ਼ਰਧਾ ਭੇਟ ਕੀਤੀ ਅਤੇ ਸਰਕਾਰੀ ਸਨਮਾਨਾਂ ਨਾਲ ਉਨ੍ਹਾਂ ਦਾ ਸਸਕਾਰ ਕੀਤਾ ਗਿਆ।

ਉਨ੍ਹਾਂ ਦਾ ਇਕ ਕਾਰਟੂਨ ਚੇਤੇ ਆਉਂਦਾ ਹੈ ਜਿਸ ਵਿਚ ਕੈਬਨਿਟ ਦੀ ਮੀਟਿੰਗ ਵਾਲੇ ਵੱਡੇ ਮੇਜ਼ ਦੇ ਇਕ ਸਿਰੇ ਉਤੇ ਇੰਦਰਾ ਗਾਂਧੀ ਪੂਰੇ ਜਲੌਅ ਨਾਲ ਬੈਠੀ ਹੈ ਅਤੇ ਬਾਕੀ ਸਭ ਮੰਤਰੀ ਮੇਜ਼ ਦੇ ਉਪਰ ਰੱਖੀਆਂ ਨਿੱਕੀਆਂ-ਨਿੱਕੀਆਂ ਕੁਰਸੀਆਂ ਉਤੇ ਛੋਟੇ ਛੋਟੇ ਖਿਡੌਣਿਆਂ ਵਾਂਗ ਬੈਠੇ ਹਨ। ਜਾਂ ਅਬੂ ਅਬਰਾਹਮ ਦਾ ਉਹ ਕਾਰਟੂਨ ਜਿਸ ਵਿਚ ਰਾਸ਼ਟਰਪਤੀ ਫ਼ਖ਼ਰੁਦੀਨ ਅਲੀ ਅਹਿਮਦ ਗ਼ੁਸਲਖਾਨੇ ਦੇ ਦਰਵਾਜ਼ੇ ਦੀ ਵਿਰਲ ਵਿਚੋਂ ਬਾਂਹ ਬਾਹਰ ਕੱਢ ਕੇ ਐਮਰਜੈਂਸੀ ਲਾਉਣ ਦੇ ਐਲਾਨ ਉਤੇ ਦਸਤਖ਼ਤ ਕਰਦੇ ਹਨ।

'ਸ਼ਾਰਲੀ ਏਬਦੋ' ਦੇ ਬਹੁਤੇ ਕਾਰਟੂਨ ਅਜਿਹੇ ਹੁੰਦੇ ਹਨ ਜਿਨ੍ਹਾਂ ਨੂੰ ਦੁਨੀਆਂ ਦਾ ਸ਼ਾਇਦ ਹੀ ਕੋਈ ਹੋਰ ਦੇਸ਼ ਛਾਪਣ ਦੀ ਆਗਿਆ ਦੇਵੇ। ਇਕ ਕਾਰਟੂਨ ਵਿਚ ਕੂਹਣੀਆਂ ਅਤੇ ਗੋਡਿਆਂ ਭਾਰ ਹੋਏ ਅਲਫ਼ ਨੰਗੇ ਹਜ਼ਰਤ ਮੁਹੰਮਦ ਸਾਹਿਬ ਦਾ ਪਿੱਛਾ ਪਾਠਕ-ਦਰਸ਼ਕ ਵੱਲ ਹੈ। ਇਕੱਲੇ ਇਸਲਾਮ ਬਾਰੇ ਹੀ ਨਹੀਂ, ਇਸਾਈ ਮੱਤ ਸਮੇਤ ਹੋਰ ਧਰਮਾਂ ਬਾਰੇ ਵੀ ਅਜਿਹੇ ਸਗੋਂ ਇਸ ਨਾਲੋਂ ਭੈੜੇ ਕਾਰਟੂਨ ਉਸ ਵਿਚ ਆਮ ਹੀ ਛਪਦੇ ਰਹਿੰਦੇ ਹਨ। ਕਾਰਟੂਨਿਸਟਾਂ ਦਾ ਕਤਲ ਕਿਸੇ ਤਰ੍ਹਾਂ ਵੀ ਕਾਰਟੂਨਾਂ ਨੂੰ ਪ੍ਰਵਾਨਗੀਯੋਗ ਨਹੀਂ ਬਣਾ ਦਿੰਦਾ। ਉਹ ਅਸ਼ਲੀਲ ਦੇ ਅਸ਼ਲੀਲ ਹੀ ਰਹਿਣਗੇ ਪਰ ਅਜਿਹਾ ਉਪੱਦਰ ਵੀ ਕਿਸੇ ਨੂੰ ਇਹ ਅਧਿਕਾਰ ਨਹੀਂ ਦਿੰਦਾ ਕਿ ਦਿਲ ਦੁਖਾਉਣ ਵਾਲੇ ਨੂੰ ਉਹ ਆਪ ਹੀ ਮੌਤ ਦੀ ਸਜ਼ਾ ਦੇਣ ਤੁਰ ਪਵੇ। ਇਸੇ ਕਰਕੇ ਪੈਰਿਸ ਦੀ ਡਰੈਂਸੀ ਮਸਜਿਦ ਦੇ ਇਮਾਮ ਹਸਨ ਚਲਗ਼ੂਮੀ ਨੇ ਕਾਤਲਾਂ ਬਾਰੇ ਕਿਹਾ, "ਉਹ ਅਪਰਾਧੀ ਹਨ, ਵਹਿਸ਼ੀ ਹਨ ਜਿਨ੍ਹਾਂ ਨੇ ਆਪਣੀਆਂ ਰੂਹਾਂ ਜਹੰਨਮ ਦੇ ਹਵਾਲੇ ਕਰ ਦਿੱਤੀਆਂ ਹਨ।"

ਪੇਰੂਮਲ ਮੁਰੂਗਨ ਦਾ ਮਾਮਲਾ ਇਸ ਤੋਂ ਉਲਟਾ ਹੈ। ਉਸ ਦੇ ਨਾਵਲ ਵਿਚ ਕੁਝ ਵੀ ਅਜਿਹਾ




'ਸ਼ਾਰਲੀ ਏਬਦੋ' ਦਾ ਦਫਤਰ ਅਤੇ ਇਸ ਦਾ ਸੰਪਾਦਕ

ਨਹੀਂ ਜਿਸ ਨਾਲ ਪਾਠਕ ਧਾਰਮਿਕ ਜਾਂ ਜਾਤਪਾਤੀ ਨਿਰਾਦਰੀ ਮਹਿਸੂਸ ਕਰੇ। ਪਿਛਲੀ ਸਦੀ ਦੇ ਸ਼ੁਰੂ ਤਕ ਉਥੋਂ ਦੇ ਇਕ ਮੰਦਿਰ ਦੇ ਮੇਲੇ ਦੀ ਪਰੰਪਰਾ ਰਹੀ ਹੈ ਕਿ ਪਤੀ ਤੋਂ ਸੰਤਾਨ ਲੈਣ ਤੋਂ ਅਸਮਰੱਥ ਰਹੀ ਇਸਤਰੀ ਨੂੰ ਉਥੇ ਲਿਜਾ ਕੇ ਉਹਦੇ ਪਰਿਵਾਰ ਵਾਲੇ ਬੱਚੇ ਖ਼ਾਤਰ ਕਿਸੇ ਅਜਨਬੀ ਨਾਲ ਸੰਗ





ਕਰਨ ਲਈ ਜ਼ੋਰ ਪਾਉਂਦੇ ਸਨ। ਅਜਿਹੀਆਂ ਰੀਤਾਂ ਦਾ ਜ਼ਿਕਰ ਪੁਰਾਤਨ ਤਮਿਲ ਸਾਹਿਤ ਵਿਚ ਵੀ ਆਮ ਹੈ। ਮੁਰੂਗਨ ਨੇ ਨਾਵਲ ਵਿਚ ਇਸ ਹਾਲਤ ਵਿਚੋਂ ਲੰਘੀ ਇਕ ਇਸਤਰੀ ਦੇ ਮਨ ਨੂੰ ਫਰੋਲਣ ਦਾ ਯਤਨ ਕੀਤਾ ਹੈ। ਕੁਝ ਧਾਰਮਿਕ ਤੇ ਜਾਤਪਾਤੀ ਸੰਗਠਨਾਂ ਨੇ ਉਹਦਾ ਅਜਿਹਾ ਨੱਕ ਵਿਚ ਦਮ ਕੀਤਾ ਕਿ ਉਹਨੇ ਆਪਣੀ ਸਾਹਿਤਕ ਮੌਤ ਦਾ ਬਿਆਨ ਦੇ ਕੇ ਲਿਖਣ ਤੋਂ ਹੀ ਤੋਬਾ ਕਰ ਲਈ। ਇਹ ਉਸੇ ਕਿਸਮ ਦੀ ਗੱਲ ਹੈ ਜਿਵੇਂ ਪ੍ਰਸਿੱਧ ਫ਼ਿਲਮਸਾਜ਼ ਦੀਪਾ ਮਹਿਤਾ ਨੂੰ ਮਥਰਾ-ਬ੍ਰਿੰਦਾਵਣ ਵਿਚ ਰਹਿੰਦੀਆਂ ਵਿਧਵਾਵਾਂ ਬਾਰੇ ਫ਼ਿਲਮ ਨਹੀਂ ਸੀ ਬਣਾਉਣ ਦਿੱਤੀ ਗਈ। ਅਜੀਬ ਦਲੀਲ ਸੀ ਕਿ ਮੰਦਹਾਲ ਵਿਧਵਾਵਾਂ ਹਨ ਤਾਂ ਸਹੀ ਜੋ ਭਿਖਾਰਨਾਂ ਤੇ ਚਰਿਤਰਹੀਣਾਂ ਦਾ ਜੀਵਨ ਜਿਉਣ ਲਈ ਮਜਬੂਰ ਹਨ ਪਰ ਉਹ ਅਸੀਂ ਦਿਖਾਉਣ ਨਹੀਂ ਦੇਣੀਆਂ। ਭਾਵ ਧਰਮੀ ਲੋਕਾਂ ਨੂੰ ਉਨ੍ਹਾਂ ਮੰਦਭਾਗੀਆਂ ਦੇ ਨਰਕੀ ਜੀਵਨ ਦਾ ਦਰਦ ਨਹੀਂ ਤੇ ਉਨ੍ਹਾਂ ਨੂੰ ਉਸ ਦਲਦਲ ਵਿਚੋਂ ਕੱਢਣ ਦੀ ਕੋਈ ਲੋੜ ਜਾਂ ਇੱਛਾ ਨਹੀਂ, ਬੱਸ ਉਨ੍ਹਾਂ ਦਾ ਵੱਡੀ ਗਿਣਤੀ ਵਿਚ ਫ਼ਿਲਮ-ਦਰਸ਼ਕਾਂ ਨੂੰ ਪਤਾ ਨਹੀਂ ਲੱਗਣਾ ਚਾਹੀਦਾ!

ਸਾਡੇ ਦੇਸ਼ ਵਿਚ ਆਮ ਕਰਕੇ ਅਜਿਹੀਆਂ ਗੱਲਾਂ ਕਾਰਨ ਰੌਲਾ ਪਾਇਆ ਜਾਂਦਾ ਹੈ ਜਿਨ੍ਹਾਂ ਨੂੰ ਨਿਰਾਦਰੀ ਵਾਲੀਆਂ ਨਹੀਂ ਕਿਹਾ ਜਾ ਸਕਦਾ। ਇਸੇ ਕਰਕੇ ਅਦਾਲਤ ਦਾ ਕੁੰਡਾ ਖੜਕਾਉਣ ਦੀ ਥਾਂ ਤੋੜ-ਭੰਨ ਤੇ ਸਾੜ-ਫੂਕ ਦਾ ਸਹਾਰਾ ਲਿਆ ਜਾਂਦਾ ਹੈ। ਇਸ ਦੀ ਇਕ ਬਿਲਕੁਲ ਤਰਕਹੀਣ ਮਿਸਾਲ ਸ਼ਿਵਾਜੀ ਮਰਹੱਟਾ ਦੇ ਭਗਤਾਂ ਵਲੋਂ ਪੂਣੇ ਦੀ ਲਾਇਬਰੇਰੀ ਵਿਚ ਜਾ ਕੇ ਦੁਰਲੱਭ ਕਿਤਾਬਾਂ ਅਤੇ ਪੁਰਾਤਨ ਖਰੜਿਆਂ ਦੀ ਕੀਤੀ ਗਈ ਸਾੜ-ਫੂਕ ਸੀ। ਉਨ੍ਹਾਂ ਦਾ ਕਹਿਣਾ ਸੀ ਕਿ ਇਸ ਲਾਇਬਰੇਰੀ ਵਿਚ ਬੈਠ ਕੇ ਕੀਤੀ ਖੋਜ ਨਾਲ ਇਕ ਬਦੇਸੀ ਲੇਖਕ ਨੇ ਸ਼ਿਵਾਜੀ ਬਾਰੇ ਉਹ ਪੁਸਤਕ ਲਿਖੀ ਸੀ ਜੋ ਉਨ੍ਹਾਂ ਨੂੰ ਚੰਗੀ ਨਹੀਂ ਲੱਗੀ। ਉਨ੍ਹਾਂ ਦਾ ਇਹ ਵੀ ਕਹਿਣਾ ਸੀ ਕਿ ਤੱਥ ਇਤਿਹਾਸਕ ਪੱਖੋਂ ਸਹੀ ਹੋ ਸਕਦੇ ਹਨ ਪਰ ਉਹ ਲਿਖੇ ਨਹੀਂ ਜਾਣੇ ਚਾਹੀਦੇ ਕਿਉਂਕਿ ਲੋਕਾਂ ਦੇ ਮਨਾਂ ਵਿਚ ਬਣੇ ਹੋਏ ਸ਼ਿਵਾਜੀ ਮਹਾਰਾਜ ਦੇ ਉਜਲੇ ਚਿੱਤਰ ਉਤੇ ਕੋਈ ਬਦਰੰਗ ਟੇਪਾ ਨਹੀਂ ਡਿੱਗਣਾ ਚਾਹੀਦਾ। ਇਹ ਬਘਿਆੜ ਵਲੋਂ ਨਦੀ ਦੇ ਹੇਠਲੇ ਪਾਸੇ ਖਲੋਤੇ ਮੇਮਣੇ ਨੂੰ ਪਾਣੀ ਜੂਠਾ ਕਰਨ ਦਾ ਦੋਸ਼ ਦੇਣ ਵਾਂਗ ਸੀ।

ਇਉਂ ਵਿਚਾਰ-ਪ੍ਰਗਟਾਵੇ ਦੀ ਆਜ਼ਾਦੀ ਤੇ ਸੀਮਾ ਦਾ ਮਸਲਾ ਨਾਵਾਜਬ ਪ੍ਰਗਟਾਵਿਆਂ ਤੇ ਨਾਜਾਇਜ਼ ਪ੍ਰਤੀਕਰਮਾਂ ਦੇ ਦੋ ਪੁੜਾਂ ਵਿਚਕਾਰ ਫਸਿਆ ਹੋਇਆ ਹੈ। ਠੀਕ ਰਾਹ ਇਹੋ ਹੈ ਕਿ ਵਿਚਾਰ ਪ੍ਰਗਟ ਕਰਨ ਸਮੇਂ ਵਿਅਕਤੀ ਦੂਜੇ ਲੋਕਾਂ ਦੀਆਂ ਧਾਰਮਿਕ ਤੇ ਸਭਿਆਚਾਰਕ ਭਾਵਨਾਵਾਂ ਦਾ ਖਿਆਲ ਰੱਖੇ। ਉਹਨੂੰ ਇਹ ਸੱਚ ਕਦੀ ਵੀ ਅੱਖੋਂ ਓਹਲੇ ਨਹੀਂ ਕਰਨਾ ਚਾਹੀਦਾ ਕਿ ਵਿਚਾਰ-ਪ੍ਰਗਟਾਵੇ ਦੀ ਪਰਮਪੂਰਨ ਆਜ਼ਾਦੀ ਜਿਹੀ ਕੋਈ ਚੀਜ਼ ਨਹੀਂ ਹੁੰਦੀ। ਹਰ ਆਜ਼ਾਦੀ ਆਪਣੇ ਨਾਲ ਸੀਮਾ ਤੇ ਜ਼ਿੰਮੇਵਾਰੀ ਲੈ ਕੇ ਆਉਂਦੀ ਹੈ। ਦੂਜੇ ਪਾਸੇ, ਜੇ ਫੇਰ ਵੀ ਕਿਸੇ ਨੂੰ ਕਿਸੇ ਲਿਖਤ, ਫ਼ਿਲਮ ਜਾਂ ਕਾਰਟੂਨ ਬਾਰੇ ਇਤਰਾਜ਼ ਹੋਵੇ, ਉਹਦੇ ਲਈ ਠੀਕ ਰਾਹ ਹੱਥ ਵਿਚ ਡਾਂਗ ਜਾਂ ਚੁਆਤੀ ਫੜ੍ਹਨਾ ਨਹੀਂ ਸਗੋਂ ਅਦਾਲਤ ਦਾ ਕੁੰਡਾ ਖੜਕਾਉਣਾ ਹੈ।

ਵਿਚਾਰ-ਪ੍ਰਗਟਾਵੇ ਦੀ ਖਰੀ ਆਜ਼ਾਦੀ ਦਾ ਮਾਹੌਲ ਤਦ ਹੀ ਬਣ ਸਕਦਾ ਹੈ ਜੇ ਇਹ ਆਜ਼ਾਦੀ ਇਕ ਪਾਸੇ ਇਸ ਦਾ ਲਾਹਾ ਲੈ ਕੇ ਆਪਣੇ ਅੰਦਰਲੇ ਗੰਦਮੰਦ ਦੀ ਉਲਟੀ ਕਰਨ ਵਾਲਿਆਂ ਤੋਂ ਅਤੇ ਦੂਜੇ ਪਾਸੇ ਧਰਮ ਤੇ ਸਦਾਚਾਰ ਦੇ ਸਵੈਥਾਪੇ ਚੌਧਰੀਆਂ ਤੋਂ ਮੁਕਤ ਹੋ ਸਕੇ!




ਕਾਰਟੂਨਿਸਟ ਆਰ ਕੇ ਲਕਸ਼ਮਣ ਦਾ ਬਣਾਇਆ ਇਕ ਕਾਰਟੂਨ

*1789 ਦੇ ਇਨਕਲਾਬ ਤੋਂ ਪਹਿਲਾਂ ਫ਼ਰਾਂਸ ਵਿਚ ਵਿਚਾਰ-ਪ੍ਰਗਟਾਵੇ ਬਾਰੇ ਕਾਨੂੰਨ ਬੜੇ ਸਖ਼ਤ, ਸਗੋਂ ਸਾਹ-ਘੋਟੂ ਸਨ। ਜੇ ਪੀਂਘ ਨੂੰ ਬਹੁਤ ਉਚੀ ਚੜ੍ਹਾ ਲਈਏ, ਜਦੋਂ ਉਹ ਦੂਜੇ ਪਾਸੇ ਜਾਂਦੀ ਹੈ, ਓਨੀ ਹੀ ਉਚੀ ਓਧਰ ਚੜ੍ਹ ਜਾਂਦੀ ਹੈ। ਫ਼ਰਾਂਸ ਵਿਚ ਵੀ ਇਹੋ ਹੋਇਆ। 1789 ਦੇ ਇਨਕਲਾਬ ਮਗਰੋਂ ਹੌਲੀ-ਹੌਲੀ ਵਿਚਾਰ-ਪ੍ਰਗਟਾਵੇ ਦੀਆਂ ਸਭ ਸਾਹ-ਘੋਟੂ ਹੱਦਾਂ ਕਾਨੂੰਨਨ ਤੋੜ ਦਿੱਤੀਆਂ ਗਈਆਂ। 'ਸ਼ਾਰਲੀ ਏਬਦੋ' ਇਸੇ ਖੁੱਲ੍ਹ ਦੀ ਉਪਜ ਹੈ। ਉਸ ਵਿਚ ਅਕਸਰ ਹੀ ਵੱਖ ਵੱਖ ਧਰਮਾਂ ਦੇ ਮੋਢੀਆਂ ਬਾਰੇ ਕਾਰਟੂਨ ਛਾਪੇ ਜਾਂਦੇ ਹਨ ਜੋ ਆਮ ਕਰਕੇ ਬਹੁਤ ਹੀ ਇਤਰਾਜ਼ਯੋਗ ਹੁੰਦੇ ਹਨ।*

# ਨਸ਼ਿਆਂ 'ਚ ਡੁਬ ਰਿਹੈ ਦੁੱਲਿਆਂ, ਦਾਰਿਆਂ, ਮਿਲਖਿਆਂ ਦਾ ਪੰਜਾਬ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਇਸ ਲਿਖਤ ਦਾ ਸਬੰਧ ਰਾਜਨੀਤੀ ਨਾਲ ਬਿਲਕੁਲ ਨਹੀਂ, ਤੇ ਇਸ ਨੂੰ ਰਾਜਨੀਤੀ ਨਾਲ ਜੋੜਨ ਦੀ ਲੋੜ ਵੀ ਨਹੀਂ। ਇਹ ਲਿਖਤ ਤਬਾਹ ਹੁੰਦੀ ਜਾਂਦੀ ਪੰਜਾਬੀਅਤ ਬਾਰੇ ਹੈ ਤੇ ਸਿਰਫ ਇਸੇ ਇੱਕ ਮੁੱਦੇ ਬਾਰੇ। ਕਦੀ ਅੰਮ੍ਰਿਤਾ ਪ੍ਰੀਤਮ ਨੇ ਵਾਰਸ ਸ਼ਾਹ ਦੇ ਨਾਂ ਲਿਖਦਿਆਂ ਪੰਜਾਬ ਦੀ ਉਦੋਂ ਦੀ ਹਾਲਤ ਬਾਰੇ ਕਿਹਾ ਸੀ ਕਿ 'ਵਿਹੁ ਵਲਿੱਸੀ ਵਾਅ ਫਿਰੀ, ਵਣ-ਵਣ ਵਗੀ ਜਾ, ਇਸ ਨੇ ਹਰ ਇੱਕ ਬਾਂਸ ਦੀ ਵੰਝਲੀ, ਸੂ ਦਿੱਤੀ ਨਾਗ ਬਣਾ'। ਵਿਹੁ-ਵਲਿੱਸੀ ਵਾਅ ਅੱਜ ਵੀ ਵਗਦੀ ਜਾਪ ਰਹੀ ਹੈ, ਇਹ ਵੰਝਲੀ ਵਾਲਿਆਂ ਨੂੰ ਫਿਰ ਨਾਗ ਬਣਾਈ ਜਾਂਦੀ ਹੈ ਅਤੇ ਘਰੋ-ਘਰੀ ਜਵਾਨੀ ਦੇ ਹੱਡਾਂ ਵਿਚ ਉਹ ਜ਼ਹਿਰ ਭਰੀ ਜਾ ਰਹੀ ਹੈ, ਜਿਹੜਾ ਉਨ੍ਹਾਂ ਤੋਂ ਕੁਝ ਵੀ ਕਰਵਾ ਸਕਦਾ ਹੈ, ਕੁਝ ਵੀ।

ਨਸ਼ਿਆਂ ਦੇ ਕਹਿਰ ਬਾਰੇ ਐਚ ਐਮ ਵੀ ਕਾਲਜ ਵਲੋਂ ਕਰਵਾਏ ਗਏ ਇੱਕ ਸੈਮੀਨਾਰ ਵਿਚ ਕੁਝ ਹੋਰ ਲੋਕਾਂ ਨਾਲ ਸਾਨੂੰ ਵੀ ਸ਼ਾਮਲ ਹੋਣ ਦਾ ਮੌਕਾ ਮਿਲਿਆ ਸੀ। ਸਿਹਤ ਠੀਕ ਨਾ ਹੋਣ ਦੇ ਬਾਵਜੂਦ ਮੈਂ ਗਿਆ ਸਾਂ, ਪਰ ਸਰੀਰਕ ਤੋਂ ਵੱਧ ਮਾਨਸਿਕ ਤਕਲੀਫ ਲੈ ਕੇ ਮੁੜਿਆ ਸਾਂ। ਓਥੇ ਕੁਝ ਇਹੋ ਜਿਹੇ ਬੱਚਿਆਂ ਨੂੰ ਮਿਲਣਾ ਪਿਆ, ਜਿਹੜੇ ਨਸ਼ੀਲੇ ਪਦਾਰਥਾਂ ਦੇ ਆਦੀ ਹੋ ਕੇ ਬੜੀ ਦੂਰ ਜਾ ਕੇ ਮੁੜੇ ਸਨ, ਤੇ ਇਨ੍ਹਾਂ ਵਿਚੋਂ ਇੱਕ ਬੱਚਾ ਮਸਾਂ ਬਾਰਾਂ ਸਾਲ ਦਾ ਸੀ। ਉਸ ਦੀ ਕਹਾਣੀ ਦੁੱਖ ਦੇਣ ਵਾਲੀ ਸੀ। ਕਹਿਣ ਲੱਗਾ ਕਿ ਏਡੀ ਛੋਟੀ ਉਮਰ ਵਿਚ ਹੀ ਉਹ ਰੋਜ਼ ਤਿੰਨ ਗਰਾਮ ਹੈਰੋਇਨ ਲੈਣ ਦਾ ਆਦੀ ਹੋ ਗਿਆ, ਤੇ ਤਿੰਨ ਹਜ਼ਾਰ ਰੁਪਏ ਦੀ ਇੱਕ ਗਰਾਮ ਦੇ ਭਾਅ ਵਾਲੀ ਤਿੰਨ ਗਰਾਮ ਹੈਰੋਇਨ ਦਾ ਮਤਲਬ ਹੈ ਕਿ ਉਹ ਰੋਜ਼ ਦੇ ਨੌਂ ਹਜ਼ਾਰ ਰੁਪਏ ਦੇ ਨਸ਼ੇ ਦਾ ਮੁਥਾਜ ਹੋ ਗਿਆ ਸੀ। ਬੱਚੇ ਨੇ ਦੱਸਿਆ ਕਿ ਮਾੜੀ ਸੰਗਤ ਦੇ ਕੁਝ ਬੱਚਿਆਂ ਨੇ ਉਸ ਨੂੰ ਨਸ਼ੇ ਦੇ ਵਪਾਰੀਆਂ ਨਾਲ ਮਿਲਾ ਦਿੱਤਾ, ਜਿਹੜੇ ਨਸ਼ੇ ਦੀਆਂ ਪੁੜੀਆਂ ਸਪਲਾਈ ਕਰਵਾਉਂਦੇ ਸਨ ਤੇ ਵੀਹ ਕੁ ਪੁੜੀਆਂ ਸਪਲਾਈ ਕਰਾਉਣ ਪਿੱਛੇ ਤਿੰਨ ਗਰਾਮ ਮੁਫਤ ਦੇ ਕੇ ਇਸ ਨਾਲ ਨਸ਼ੱਈ ਕਰ ਰੱਖਦੇ ਸਨ। ਉਸ ਮੁਤਾਬਕ ਉਸ ਦੇ ਆਪਣੇ ਸ਼ਹਿਰ ਵਿਚ ਹੀ ਇਹੋ ਜਿਹੇ ਪਤਾ ਨਹੀਂ ਕਿੰਨੇ ਬੱਚੇ ਹਨ।

ਇਹ ਤਸਵੀਰ ਦਾ ਇੱਕ ਪਾਸਾ ਹੈ। ਦੂਸਰਾ ਪਾਸਾ ਪਿਛਲੇ ਦਿਨਾਂ ਦੀਆਂ ਉਹ ਘਟਨਾਵਾਂ ਹਨ, ਜਿਹੜੀਆਂ ਸਾਡੇ ਵਿਚੋਂ ਬਹੁਤ ਸਾਰਿਆਂ ਨੇ ਪੜ੍ਹੀਆਂ ਹੋਣਗੀਆਂ ਅਤੇ ਪੜ੍ਹ ਕੇ ਅਖਬਾਰ ਪਰੇ ਧੱਕ ਦਿੱਤਾ ਹੋਵੇਗਾ।

ਨਵਾਂ ਸਾਲ ਚੜ੍ਹਨ ਤੋਂ ਬਾਅਦ ਸਾਡੇ ਹਿਸਾਬ ਨਾਲ ਚਾਰ ਕਤਲ ਇਹੋ ਜਿਹੇ ਹੋਏ ਹਨ, ਜਿੱਥੇ ਪੁੱਤਰ ਨੇ ਆਪਣੀ ਮਾਂ ਜਾਂ ਆਪਣੇ ਬਾਪ ਦਾ ਕਤਲ ਨਸ਼ੇ ਲਈ ਕੀਤਾ ਹੈ। ਇਨ੍ਹਾਂ ਵਿਚ ਅਸੀਂ ਉਹ ਕੇਸ ਨਹੀਂ ਗਿਣਦੇ, ਜਿਹੜੇ ਜਾਇਦਾਦ ਦੀ ਵੰਡ-ਵੰਡਾਈ ਲਈ ਪਿਓ-ਪੁੱਤਰ ਵਿਚ ਹੋਏ ਝਗੜੇ ਕਾਰਨ ਗੁੱਸੇ ਵਿਚ ਆ ਕੇ ਕਰ ਦਿੱਤੇ ਗਏ ਸਨ, ਭਾਵੇਂ ਉਹ ਵੀ ਗੰਭੀਰ ਮਾਮਲਾ ਹਨ। ਅਸੀਂ ਉਨ੍ਹਾਂ ਦੀ ਗੱਲ ਕਰ ਰਹੇ ਹਾਂ, ਜਿਹੜੇ ਇਸ ਲਈ ਕੀਤੇ ਗਏ ਕਿ ਮੁੰਡੇ ਨੂੰ ਨਸ਼ੀਲਾ ਪਦਾਰਥ ਖਰੀਦਣ ਲਈ ਪੈਸੇ ਚਾਹੀਦੇ ਸਨ। ਇੱਕ ਕੇਸ ਵਿਚ ਮੁੰਡੇ ਨੇ ਮਾਂ ਇਸ ਲਈ ਮਾਰ ਦਿੱਤੀ ਕਿ ਮਾਂ ਨੇ ਆਪਣੇ ਕੰਨ ਦੀ ਇੱਕ ਵਾਲੀ ਵੇਚ ਚੁੱਕੇ ਪੁੱਤਰ ਨੂੰ ਦੂਸਰੀ ਵਾਲੀ ਵੇਚਣ ਤੋਂ ਰੋਕਿਆ ਸੀ। ਤਿੰਨ ਥਾਂਈਂ ਪੁੱਤਾਂ ਦੇ ਹੱਥੋਂ ਬਾਪ ਦੇ ਕਤਲ ਦੀ ਕਹਾਣੀ ਸੀ ਅਤੇ ਉਹ ਵੀ ਏਸੇ ਲਈ ਕਿ ਬਾਪ ਨੇ ਨਸ਼ੇ ਲਈ ਹੋਰ ਪੈਸੇ ਦੇਣ ਤੋਂ ਨਾਂਹ ਕੀਤੀ ਤਾਂ ਨਸ਼ੇ ਦੀ ਤੋਟ ਵਿਚ ਪਾਗਲ ਹੋਇਆ ਪੁੱਤਰ ਸਹਾਰ ਨਹੀਂ ਸੀ ਸਕਿਆ। ਜਿਹੜੀ ਖਬਰ ਕੁਝ ਹਫਤੇ ਪਹਿਲਾਂ ਆਈ, ਤੇ ਅਸਲੋਂ ਹਿਲਾ ਦੇਣ ਵਾਲੀ ਹੈ, ਉਹ ਇਹ ਕਿ ਇੱਕ ਬਜ਼ੁਰਗ ਜੋੜੇ ਨੇ ਆਪ ਥਾਣੇ ਪੇਸ਼ ਵਿਚ ਹੋ ਕੇ ਇਹ ਦੱਸਿਆ ਕਿ ਅਸੀਂ ਆਪਣਾ ਪੁੱਤਰ ਮਾਰ ਆਏ ਹਾਂ। ਲੋਕ ਔਲਾਦ ਲੈਣ ਲਈ ਡਾਕਟਰਾਂ, ਹਕੀਮਾਂ, ਵੈਦਾਂ ਕੋਲ ਵੀ ਜਾਂਦੇ ਹਨ ਤੇ ਮੜ੍ਹੀਆਂ-ਮਸਾਣਾਂ ਉਤੇ ਮੱਥੇ ਟੇਕਣ ਵੀ ਜਾਂਦੇ ਹਨ, ਪਰ ਉਹ ਬਜ਼ੁਰਗ ਜੋੜਾ ਆਪਣੇ ਪੁੱਤਰ ਨੂੰ ਮਾਰ ਕੇ ਪੁਲਿਸ ਕੋਲ ਜਾ ਪੁੱਜਾ ਸੀ। ਕਹਾਣੀ ਇਹ ਸੀ ਕਿ ਉਹ ਮੁੰਡਾ ਨਸ਼ੇ ਖਾਤਰ ਸਾਰਾ ਕੁਝ ਵੇਚ ਕੇ ਖਾ ਗਿਆ। ਜਦੋਂ ਰਹਿੰਦ-ਖੂੰਹਦ ਵੇਚਣ ਲੱਗਾ ਤਾਂ ਉਨ੍ਹਾਂ ਨੇ ਰੋਕਿਆ ਸੀ। ਉਨ੍ਹਾਂ ਨੂੰ ਮਾਰਨ ਪੈ ਗਿਆ। ਆਪਣਾ ਬਚਾਅ ਕਰਦਿਆਂ ਉਨ੍ਹਾਂ ਦੇ ਹੱਥੋਂ ਪੁੱਤਰ ਦਾ ਕਤਲ ਹੋ ਗਿਆ। ਪੁੱਤਰ ਨੂੰ ਮਾਰ ਕੇ ਉਹ ਆਪ ਵੀ ਨਾ ਜਿਉਂਦਿਆਂ ਵਿਚ ਰਹੇ, ਨਾ ਮਰ ਗਿਆਂ ਵਿਚ।

ਜਦੋਂ ਆਹ ਨਵਾਂ ਸਾਲ ਚੜ੍ਹਨ ਵਾਲਾ ਸੀ, ਉਦੋਂ ਇੱਕ ਦਿਨ ਇੱਕ ਵਿਆਹ ਦੀ ਅਜੀਬ ਜਿਹੀ ਖਬਰ ਆਈ ਸੀ। ਹੋਇਆ ਇਹ ਕਿ ਮਿਲਣੀ ਤੋਂ ਪਹਿਲਾਂ ਅਰਦਾਸ ਵੇਲੇ ਵਿਆਹ ਵਾਲਾ ਮੁੰਡਾ ਇੱਕਦਮ ਚੱਕਰ ਖਾ ਕੇ ਡਿੱਗ ਪਿਆ। ਫਟਾਫਟ ਡਾਕਟਰ ਸੱਦਿਆ ਗਿਆ ਤਾਂ ਪਤਾ ਲੱਗਾ ਕਿ ਨਸ਼ਾ ਵੱਧ ਕਰ ਲਿਆ ਹੈ। ਪਿੱਛੋਂ ਇਹ ਭੇਦ ਖੁੱਲ੍ਹਾ ਕਿ ਬਰਾਤ ਵਿਚ ਜਾਂਦਿਆਂ ਰਸਤੇ ਵਿਚ ਉਹ ਆਪਣੇ ਕੁਝ ਨੇੜਲੇ ਦੋਸਤਾਂ ਨਾਲ ਕਾਰ ਵਿਚ ਬੈਠਾ ਉਨ੍ਹਾਂ ਤੋਂ ਲੈ ਕੇ ਇੱਕੋ ਵਾਰ ਏਨਾ ਨਸ਼ਾ ਕਰ ਗਿਆ ਕਿ ਸਾਰਾ ਦਿਨ ਕੁਝ ਲੈਣਾ ਨਾ ਪਵੇ। ਆਮ ਤੋਂ ਦੁੱਗਣੀ ਖੁਰਾਕ ਨੇ ਉਸ ਨੂੰ ਖੜੋਣ ਜੋਗਾ ਵੀ ਨਾ ਰਹਿਣ ਦਿੱਤਾ। ਕੁੜੀ ਇਸ ਵਿਆਹ ਤੋਂ ਸਿਰ ਫੇਰ ਗਈ ਅਤੇ ਬਰਾਤ ਬੇਰੰਗ ਮੁੜ ਆਈ।



*ਜਦੋਂ ਆਹ ਨਵਾਂ ਸਾਲ ਚੜ੍ਹਨ ਵਾਲਾ ਸੀ, ਉਦੋਂ ਇੱਕ ਦਿਨ ਇੱਕ ਵਿਆਹ ਦੀ ਅਜੀਬ ਜਿਹੀ ਖਬਰ ਆਈ ਸੀ। ਹੋਇਆ ਇਹ ਕਿ ਮਿਲਣੀ ਤੋਂ ਪਹਿਲਾਂ ਅਰਦਾਸ ਵੇਲੇ ਵਿਆਹ ਵਾਲਾ ਮੁੰਡਾ ਇੱਕਦਮ ਚੱਕਰ ਖਾ ਕੇ ਡਿੱਗ ਪਿਆ। ਫਟਾਫਟ ਡਾਕਟਰ ਸੱਦਿਆ ਗਿਆ ਤਾਂ ਪਤਾ ਲੱਗਾ ਕਿ ਨਸ਼ਾ ਵੱਧ ਕਰ ਲਿਆ ਹੈ। ਪਿੱਛੋਂ ਇਹ ਭੇਦ ਖੁੱਲ੍ਹਾ ਕਿ ਬਰਾਤ ਵਿਚ ਜਾਂਦਿਆਂ ਰਸਤੇ ਵਿਚ ਉਹ ਆਪਣੇ ਕੁਝ ਨੇੜਲੇ ਦੋਸਤਾਂ ਨਾਲ ਕਾਰ ਵਿਚ ਬੈਠਾ ਉਨ੍ਹਾਂ ਤੋਂ ਲੈ ਕੇ ਇੱਕੋ ਵਾਰ ਏਨਾ ਨਸ਼ਾ ਕਰ ਗਿਆ ਕਿ ਸਾਰਾ ਦਿਨ ਕੁਝ ਲੈਣਾ ਨਾ ਪਵੇ। ਆਮ ਤੋਂ ਦੁੱਗਣੀ ਖੁਰਾਕ ਨੇ ਉਸ ਨੂੰ ਖੜੋਣ ਜੋਗਾ ਵੀ ਨਾ ਰਹਿਣ ਦਿੱਤਾ।*

ਜ਼ਿੰਦਗੀ ਵਿਚ ਤਣਾਓ ਬਹੁਤ ਹੈ, ਇਸ ਗੱਲੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਤਣਾਓ ਸਾਰਿਆਂ ਨੂੰ ਹੈ ਅਤੇ ਪੰਜਾਬ ਵਿਚ ਹੀ ਨਹੀਂ, ਸਾਰੇ ਭਾਰਤ ਦੀ ਜਵਾਨੀ ਇਸ ਤਣਾਓ ਦਾ ਸਾਹਮਣਾ ਕਰ ਰਹੀ ਹੈ। ਬਾਕੀ ਰਾਜਾਂ ਵਿਚ ਇਸ ਤਰ੍ਹਾਂ ਦੇ ਤਣਾਓ ਵਿਚ ਜਵਾਨੀ ਨਸ਼ਿਆਂ ਦਾ ਸਹਾਰਾ ਉਸ ਹੱਦ ਤੱਕ ਨਹੀਂ ਲੈਂਦੀ, ਜਿਸ ਤਰ੍ਹਾਂ ਪੰਜਾਬ ਦੀ ਜਵਾਨੀ ਹੁਣ ਕਰਨ ਲੱਗ ਪਈ ਹੈ। ਤਣਾਓ ਸਾਡੇ ਵੱਡਿਆਂ ਨੇ ਵੀ ਬੜੇ ਸਹਾਰੇ ਹੋਏ ਸਨ। ਕਦੀ ਪੰਜਾਬ ਉਤੇ ਹਰ ਵਕਤ ਅਬਦਾਲੀ ਦੀ ਧਾੜ ਦੇ ਹੱਲੇ ਦਾ ਡਰ ਰਹਿੰਦਾ ਸੀ, ਜਿਹੜੀ ਲੁੱਟਦੀ ਵੀ ਸੀ ਅਤੇ ਜਿਹੜਾ ਅੱਗੋਂ ਸਿਰ ਚੁੱਕਦਾ ਸੀ, ਉਸ ਦੀ ਜਾਨ ਵੀ ਲੈ ਲੈਂਦੀ ਸੀ। ਜਿਹੜੇ ਚਾਰ ਦਾਣੇ ਕਮਾਏ ਹੁੰਦੇ ਸਨ, ਉਹ ਖੋਹ ਕੇ ਲੈ ਜਾਂਦੀ ਸੀ ਅਤੇ ਜਿਨ੍ਹਾਂ ਨੇ ਮਿਹਨਤ ਕਰ ਕੇ ਰਿਜ਼ਕ ਕਮਾਇਆ ਹੁੰਦਾ ਸੀ, ਉਹ ਫਿਰ ਖਾਲੀ ਹੱਥ ਹੋ ਜਾਂਦੇ ਸਨ। ਤਣਾਓ ਤਾਂ ਉਸ ਹਾਲਤ ਵਿਚ ਵੀ ਹੋਵੇਗਾ। ਸਾਡੇ ਉਸ ਦੌਰ ਦੇ ਵੱਡਿਆਂ ਨੇ ਜ਼ਿੰਦਗੀ ਅੱਗੇ ਹਾਰ ਮੰਨਣ ਦੀ ਥਾਂ ਆਪਣੀ ਜ਼ਿੰਦਗੀ ਨੂੰ ਜ਼ਿੰਦਾਦਿਲੀ ਦੀ ਥੰਮ੍ਹੀ ਦੇਣ ਲਈ ਆਪਣੇ ਮਤਲਬ ਦਾ ਮੁਹਾਵਰਾ ਘੜ ਲਿਆ ਸੀ; 'ਖਾਧਾ-ਪੀਤਾ ਲਾਹੇ ਦਾ, ਬਾਕੀ ਅਹਿਮਦ ਸ਼ਾਹੇ ਦਾ'। ਇਹ ਅਹਿਮਦ ਸ਼ਾਹ ਅਬਦਾਲੀ ਦੀ ਧਾੜ ਦੇ ਦਿੱਤੇ ਤਣਾਓ ਦੇ ਮੁਕਾਬਲੇ ਲਈ ਇੱਕ ਹਿੰਮਤ ਬਖਸ਼ਣ ਵਾਲਾ ਰਾਹ ਸੀ।

ਹੁਣ ਪੰਜਾਬੀਅਤ ਹਿੰਮਤ ਹਾਰਦੀ ਲੱਗਦੀ ਹੈ। ਅੱਜ ਤੋਂ ਪੰਝੀ ਸਾਲ ਪਹਿਲਾਂ ਤੱਕ ਪੰਜਾਬ ਦੀਆਂ ਮੁੱਖ ਸਿਆਸੀ ਪਾਰਟੀਆਂ ਇਹ ਮੰਗ ਕਰਦੀਆਂ ਸਨ ਕਿ ਫੌਜ ਦੀ ਭਰਤੀ ਰਾਜਾਂ ਅਤੇ ਧਰਮਾਂ ਜਾਂ ਜਾਤਾਂ ਦੇ ਕੋਟੇ ਵੱਲ ਵੇਖ ਕੇ ਨਹੀਂ, ਯੋਗਤਾ ਦੇ ਆਧਾਰ ਉਤੇ ਕੀਤੀ ਜਾਵੇ। ਉਨ੍ਹਾਂ ਦਾ ਯਕੀਨ ਸੀ ਕਿ ਇਸ ਤਰ੍ਹਾਂ ਯੋਗਤਾ ਦੇ ਆਧਾਰ ਉਤੇ ਭਰਤੀ ਕੀਤੀ ਗਈ ਤਾਂ ਪੰਜਾਬ ਦੇ ਗੱਭਰੂ ਵੱਧ ਭਰਤੀ ਹੋ ਸਕਦੇ ਹਨ। ਹੁਣ ਹਾਲਤ ਬਦਲ ਗਈ ਹੈ। ਪਿਛਲੇ ਕੁਝ ਸਾਲਾਂ ਤੋਂ ਫੌਜ ਦੇ ਅਫਸਰ ਇਹ ਅਪੀਲਾਂ ਪੰਜਾਬ ਦੇ ਗੱਭਰੂਆਂ ਨੂੰ ਪ੍ਰੈਸ ਰਾਹੀਂ ਕਰ ਰਹੇ ਹਨ ਕਿ ਪੰਜਾਬ ਦਾ ਕੋਟਾ ਪੂਰਾ ਨਹੀਂ ਹੁੰਦਾ, ਉਹ ਭਰਤੀ ਲਈ ਅੱਗੇ ਆਉਣ। ਕੋਟਾ ਫਿਰ ਵੀ ਪੂਰਾ ਨਹੀਂ ਹੁੰਦਾ। ਇੱਕ ਥਾਂ ਭਰਤੀ ਤੋਂ ਪਹਿਲਾਂ ਜਦੋਂ ਦੌੜ ਲਵਾਈ ਗਈ, ਅੱਧੇ ਤੋਂ ਵੱਧ ਮੁੰਡੇ ਗਰਾਊਂਡ ਦਾ ਚੱਕਰ ਪੂਰਾ ਕੀਤੇ ਬਿਨਾਂ ਘਰਕਦੇ ਹੋਏ ਬਾਹਰ ਨਿਕਲ ਗਏ। ਜਿਹੜੇ ਸਿਰੇ ਤੱਕ ਜਾ ਪਹੁੰਚੇ, ਉਨ੍ਹਾਂ ਵਿਚੋਂ ਇੱਕ ਮੁੰਡਾ ਲਾਈਨ ਉਤੇ ਜਾ ਕੇ ਡਿੱਗ ਪਿਆ। ਡਾਕਟਰ ਬੁਲਾਏ ਗਏ ਤਾਂ ਮਾਮਲਾ ਉਸ ਦਾ ਵੀ ਇਹੋ ਨਿਕਲਿਆ ਕਿ ਭਰਤੀ ਹੋਣ ਲਈ ਲੋੜ ਤੋਂ ਵੱਧ ਨਸ਼ਾ ਵਰਤ ਬੈਠਾ ਸੀ, ਤਾਂ ਕਿ ਸਰੀਰਕ ਮੁਕਾਬਲੇ ਵਿਚ ਬਾਕੀ ਮੁੰਡਿਆਂ ਤੋਂ ਅੱਗੇ ਲੰਘ ਸਕੇ ਅਤੇ ਕਿਸੇ ਤਰ੍ਹਾਂ ਭਰਤੀ ਹੋ ਜਾਵੇ। ਉਸ ਦੇ ਕੇਸ ਪਿੱਛੋਂ ਇਹ ਪਤਾ ਲੱਗਾ ਕਿ ਫੌਜੀ ਭਰਤੀ ਵਿਚ ਪੰਜਾਬ ਦੇ ਮੁੰਡਿਆਂ ਦੇ ਡੋਪ ਟੈਸਟ ਦੀ ਸ਼ਰਤ ਲਾਈ ਜਾਣ ਲੱਗੀ ਹੈ। ਅਜੇ ਸ਼ਰਤ ਲੱਗੀ ਨਹੀਂ ਸੀ, ਸਾਡੇ ਲੀਡਰਾਂ ਨੇ ਇਸ ਦਾ ਵਿਰੋਧ ਕੀਤਾ ਕਿ ਜਦੋਂ ਬਾਕੀ ਰਾਜਾਂ ਦੇ ਮੁੰਡਿਆਂ ਦੇ ਇਹ ਟੈਸਟ ਨਹੀਂ ਲਏ ਜਾਂਦੇ ਤਾਂ ਸਿਰਫ ਪੰਜਾਬੀ ਨੌਜਵਾਨਾਂ ਦੇ ਕਿਉਂ ਲਏ ਜਾਣਗੇ? ਬਾਕੀ ਥਾਂਵਾਂ ਤੋਂ ਜਦੋਂ ਇਹੋ ਜਿਹੇ ਕੇਸ ਸਾਹਮਣੇ ਨਹੀਂ ਆਏ ਅਤੇ ਸਿਰਫ ਪੰਜਾਬ ਦੇ ਸਾਹਮਣੇ ਆਏ ਹਨ, ਜਿੱਥੋਂ ਦੇ ਜਵਾਨਾਂ ਦੇ ਜੁੱਸੇ ਕਦੇ ਮਸ਼ਹੂਰ ਹੁੰਦੇ ਸਨ ਤਾਂ ਟੈਸਟ ਪੰਜਾਬ ਵਾਲਿਆਂ ਦੇ ਹੀ ਹੋਣਗੇ। ਸਿਰਫ ਫੌਜ ਦੀ ਭਰਤੀ ਵਿਚ ਨਹੀਂ, ਏਦਾਂ ਦੇ ਹਾਦਸੇ ਸਾਡੇ ਪੰਜਾਬ ਵਿਚ ਪੁਲਿਸ ਦੀ ਭਰਤੀ ਦੌਰਾਨ ਵੀ ਵਾਪਰ ਚੁੱਕੇ ਹਨ ਤੇ ਇਨ੍ਹਾਂ ਤੋਂ ਕੁਝ ਸਬਕ ਲੈਣ ਦੀ ਲੋੜ ਹੈ, ਪਰ ਲਏ ਨਹੀਂ ਜਾ ਰਹੇ।

ਫਿਰ ਕਹਿ ਦੇਈਏ ਕਿ ਇਹ ਲਿਖਤ ਰਾਜਨੀਤੀ ਤੋਂ ਹਟ ਕੇ ਇੱਕ ਖਤਰੇ ਵੱਲ ਧਿਆਨ ਦਿਵਾਉਣ ਵਾਸਤੇ ਹੈ, ਪਰ ਇੱਕ ਰਾਜਸੀ ਘਟਨਾ ਦਾ ਜ਼ਿਕਰ ਕਰਨਾ ਮਜਬੂਰੀ ਹੈ। ਢਾਈ ਕੁ ਸਾਲ ਪਹਿਲਾਂ ਚੰਡੀਗੜ੍ਹ ਆਏ ਰਾਹੁਲ ਗਾਂਧੀ ਨੇ ਇਹ ਜ਼ਿਕਰ ਕੀਤਾ ਕਿ ਪੰਜਾਬ ਦੇ ਸੱਤਰ ਫੀਸਦੀ ਤੋਂ ਵੱਧ ਨੌਜਵਾਨ ਨਸ਼ੀਲੇ ਪਦਾਰਥਾਂ ਦੇ ਆਦੀ ਹੋ ਗਏ ਹਨ। ਉਦੋਂ ਅਕਾਲੀ ਦਲ ਅਤੇ ਭਾਜਪਾ ਦੇ ਆਗੂਆਂ ਨੇ ਸਾਂਝੇ ਤੌਰ ਉਤੇ ਇਸ ਦਾ ਵਿਰੋਧ ਕੀਤਾ ਸੀ। ਸਿਰਫ ਦੋ ਸਾਲ ਪਿੱਛੋਂ ਲੋਕ ਸਭਾ ਚੋਣਾਂ ਮਗਰੋਂ ਭਾਜਪਾ ਆਗੂ ਉਹੋ ਕੁਝ ਕਹੀ ਜਾਂਦੇ ਸਨ, ਜੋ ਉਦੋਂ ਰਾਹੁਲ ਗਾਂਧੀ ਨੇ ਕਿਹਾ ਸੀ। ਅਕਾਲੀ ਉਦੋਂ ਨਹੀਂ ਸੀ ਮੰਨਦੇ ਤੇ ਹੁਣ ਵੀ ਨਹੀਂ ਮੰਨੇ। ਰਾਜਸੀ ਕਾਰਨਾਂ ਕਰ ਕੇ ਉਨ੍ਹਾਂ ਨੂੰ ਨਾ ਮੰਨਣ ਦਾ ਹੱਕ ਦੇਣ ਦੇ ਬਾਅਦ ਅਸੀਂ ਉਹ ਦਸਤਾਵੇਜ਼ ਫੋਲ ਸਕਦੇ ਹਾਂ, ਜਿਹੜਾ ਢਾਈ ਸਾਲ ਪਹਿਲਾਂ ਰਾਹੁਲ ਗਾਂਧੀ ਦੀ ਉਸ ਤਕਰੀਰ ਹੋਣ ਤੋਂ ਵੀ ਪਹਿਲਾਂ ਪੰਜਾਬ ਸਰਕਾਰ ਨੇ ਆਪ ਤਿਆਰ ਕੀਤਾ ਸੀ। ਪੰਜਾਬ ਸਰਕਾਰ ਦੇ ਉਸ 'ਡਿਸਾਸਟਰ ਮੈਨੇਜਮੈਂਟ ਪਲਾਨ' ਦਸਤਾਵੇਜ਼ ਵਿਚ ਸਾਫ ਲਿਖਿਆ ਹੈ ਕਿ 'ਪੰਜਾਬ ਵਿਚ ਨਸ਼ੀਲੇ ਪਦਾਰਥਾਂ ਦੀ ਗੰਭੀਰ ਸਮੱਸਿਆ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਲੋਂ ਪੰਜਾਬ ਦੇ ਹਿੱਤ ਵਿਚ ਹੁਣੇ ਤਿਆਰ ਕੀਤੀ ਉਸ ਰਿਪੋਰਟ ਤੋਂ ਜ਼ਾਹਰ ਹੋ ਜਾਂਦੀ ਹੈ, ਜਿਸ ਵਿਚ ਦਰਜ ਹੈ ਕਿ ਪੰਜਾਬ ਦੇ ਸੋਲਾਂ ਤੋਂ ਪੈਂਤੀ ਸਾਲ ਦੇ ਨੌਜਵਾਨਾਂ ਵਿਚੋਂ 73.5 ਫੀਸਦੀ ਨਸ਼ਿਆਂ ਦੇ ਆਦੀ ਸਾਬਤ ਹੋ ਚੁੱਕੇ ਹਨ।' ਸਾਡੇ ਪੰਜਾਬ ਦੀ ਸਰਕਾਰ ਦੀ ਉਸ ਰਿਪੋਰਟ ਤੋਂ ਬਾਅਦ ਦੇ ਇਨ੍ਹਾਂ ਢਾਈ ਸਾਲਾਂ ਦੇ ਸਮੇਂ ਵਿਚ ਇਹ ਮਰਜ਼ ਵਧਿਆ ਹੀ ਹੈ, ਘਟਣ ਵਾਲੀ ਕੋਈ ਗੱਲ ਨਹੀਂ ਸੀ। ਇੱਕ ਰਿਪੋਰਟ ਪਿਛਲੇ ਦਿਨੀਂ ਪੰਜਾਬ ਦੇ ਇੱਕ ਹਸਪਤਾਲ ਤੇ ਮੈਡੀਕਲ ਕਾਲਜ ਦੇ ਮਨੋ-ਵਿਗਿਆਨ ਦੇ ਵਿਦਿਆਰਥੀਆਂ ਨੇ ਤਿਆਰ ਕੀਤੀ ਹੈ, ਜਿਸ ਮੁਤਾਬਕ ਸਰਕਾਰੀ ਤੇ ਗੈਰ-ਸਰਕਾਰੀ ਕੇਂਦਰਾਂ ਵਿਚ ਨਸ਼ਾ ਛੁਡਾਉਣ ਆਏ ਨੌਜਵਾਨਾਂ ਵਿਚੋਂ ਨੱਬੇ ਫੀਸਦੀ ਤੋਂ ਵੱਧ ਸਿਰਫ ਸਿੰਥੈਟਿਕ ਡਰੱਗ ਲੈਣ ਦੇ ਆਦੀ ਨਿਕਲੇ ਹਨ। ਇਹ ਹਨ ਉਹ ਹਾਲਾਤ, ਜਿਨ੍ਹਾਂ ਕਾਰਨ ਪੰਜਾਬੀਅਤ ਉਨ੍ਹਾਂ ਘਟਨਾਵਾਂ ਤੱਕ ਜਾ ਪਹੁੰਚੀ ਹੈ, ਜਿਨ੍ਹਾਂ ਦਾ ਜ਼ਿਕਰ ਅਸੀਂ ਲੇਖ ਦੇ ਮੁੱਢ ਵਿਚ ਕੀਤਾ ਹੈ। ਕੀ ਇਸ ਤੋਂ ਕੰਨ ਖੜੇ ਨਹੀਂ ਹੁੰਦੇ?

ਵੀਹ ਸਾਲ ਪਹਿਲਾਂ ਜਨੇਵਾ ਦੇ ਇੱਕ ਅੰਤਰ-ਰਾਸ਼ਟਰੀ ਸੈਮੀਨਾਰ ਵਿਚ ਇੱਕ ਯੂਰਪੀ ਦੇਸ਼ ਦੇ ਰਾਜਦੂਤ ਨੇ ਕੌੜ ਨਾਲ ਕਿਹਾ ਸੀ ਕਿ ਸੰਵਿਧਾਨਕ ਢੰਗ ਨਾਲ ਚੱਲਦੇ ਦੇਸ਼ਾਂ ਨੂੰ ਤਬਾਹ ਕਰਨ ਲਈ ਹੁਣ ਟੈਂਕ ਅਤੇ ਤੋਪਾਂ ਜਾਂ ਫੌਜਾਂ ਦੀ ਲੋੜ ਨਹੀਂ ਰਹੀ, ਨਵਾਂ ਤਰੀਕਾ ਆ ਗਿਆ ਹੈ। ਇਸ ਨਵੇਂ ਫਾਰਮੂਲੇ ਦੇ ਦੋ ਰੰਗ ਹਨ। ਪਹਿਲਾ ਇਹ ਕਿ ਉਸ ਦੇਸ਼ ਨੂੰ ਅਤਿਵਾਦ ਦੇ ਰਸਤੇ ਪੈਣ ਲਈ ਉਕਸਾਇਆ ਜਾਵੇ ਤੇ ਫਿਰ ਉਸ ਦੇਸ਼ ਵਿਚ ਲੋਕ ਆਪੋ ਵਿਚ ਲੜ-ਲੜ ਕੇ ਮਰਦੇ ਰਹਿੰਦੇ ਹਨ। ਦੂਸਰਾ ਇਹ ਕਿ ਉਥੋਂ ਦੀਆਂ ਸਰਕਾਰਾਂ ਵਿਚਲੇ ਕੁਝ ਲੋਕਾਂ ਨੂੰ ਸੌਖੀ ਕਮਾਈ ਦਾ ਚਸਕਾ ਲਾ ਕੇ ਉਸ ਸਮਾਜ ਵਿਚ ਨਸ਼ੀਲੇ ਪਦਾਰਥਾਂ ਦਾ ਹੜ੍ਹ ਲਿਆ ਦਿੱਤਾ ਜਾਵੇ। ਲੋਕ ਕੋਈ ਕੰਮ ਕਰ ਸਕਣ ਜੋਗੇ ਨਹੀਂ ਰਹਿ ਜਾਣਗੇ। ਸਾਡੇ ਗਵਾਂਢ ਪਾਕਿਸਤਾਨ ਵਿਚ ਇਹ ਦੋਵੇਂ ਰੰਗ ਵੇਖੇ ਜਾ ਸਕਦੇ ਹਨ, ਅਤੇ ਇਸ ਨਾਲ ਅਸੀਂ ਖੁਸ਼ ਨਹੀਂ ਹੋ ਸਕਦੇ, ਸਗੋਂ ਇਸ ਤੋਂ ਜਿਹੜੇ ਸਬਕ ਲੈ ਸਕਦੇ ਸਾਂ, ਅਸੀਂ ਉਹ ਵੀ ਨਹੀਂ ਲੈ ਸਕੇ। ਦੁੱਲਿਆਂ, ਦਾਰਿਆਂ ਤੇ ਮਿਲਖਾ ਸਿੰਘਾਂ ਦੇ ਪੰਜਾਬ ਵਿਚ ਜੇ ਹੁਣ ਨੌਜਵਾਨਾਂ ਦੀ ਉਹ ਨਸਲ ਪੈਦਾ ਹੋਣ ਲੱਗੀ ਹੈ, ਜਿਹੜੀ ਨਸ਼ੇ ਲਈ ਮਾਂ-ਬਾਪ ਨੂੰ ਮਾਰ ਸਕਦੀ ਹੈ ਜਾਂ ਜਿਸ ਤੋਂ ਤੰਗ ਆ ਕੇ ਮਾਂ-ਬਾਪ ਉਸ ਨੂੰ ਮਾਰ ਸਕਦੇ ਹਨ ਤਾਂ ਇਸ ਵਿਹੁ-ਵਲਿੱਸੀ ਵਾਅ ਨੂੰ ਰੋਕਣਾ ਕਿਸ ਨੇ ਹੈ? ਰਾਜਨੀਤੀ ਦੀ ਲੜਾਈ ਲੜਨ ਵਾਲੇ ਬਥੇਰੇ ਹਨ, ਉਨ੍ਹਾਂ ਨੂੰ ਕੁੱਕੜ-ਖੇਹ ਉਡਾਉਂਦੇ ਛੱਡ ਕੇ ਜਾਗ੍ਰਿਤੀ ਦੀ ਇੱਕ ਨਵੀਂ ਲਹਿਰ ਪੰਜਾਬ ਦੇ ਹਰ ਪਿੰਡ ਅਤੇ ਹਰ ਸੱਥ ਤੱਕ ਪੁਚਾਉਣ ਦੀ ਲੋੜ ਹੈ, ਲੋਕਾਂ ਦੇ ਗਰਕਦੇ ਜਾਂਦੇ ਪੁੱਤਰ ਅਤੇ ਪਰਿਵਾਰ ਬਚਾਉਣ ਦੀ ਲੋੜ ਹੈ। ਜੇ ਉਹ ਇਸ ਪੱਖੋਂ ਜਾਗ੍ਰਿਤ ਹੋ ਗਏ ਤਾਂ ਨਸ਼ੀਲੇ ਪਦਾਰਥਾਂ ਦੇ ਵਪਾਰੀ ਤੇ ਉਨ੍ਹਾਂ ਦੇ ਸਰਪ੍ਰਸਤ ਕਿੰਨੇ ਵੀ ਵੱਡੇ ਮੁਰਾਤਬੇ ਵਾਲੇ ਹੋਣ, ਪਿੰਡਾਂ ਦੇ ਲੋਕ ਪਾਥੀਆਂ ਮਾਰ-ਮਾਰ ਕੇ ਭਜਾ ਦੇਣਗੇ।



ਪੰਜਾਬ ਟਾਈਮਜ਼ ਦਾ ਨਾਂ ਲਓ
ਅਤੇ 50 ਮਿੰਟ ਮੁਫਤ ਲਓ

10 ਸਾਲਾਂ ਤੋਂ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ
AMANTEL.COM
$25 ਵਿਚ 2600 ਮਿੰਟ (43.5 ਘੰਟੇ)
ਘਰ ਦੇ ਫੋਨ ਅਤੇ ਸੈਲ ਫੋਨ ਲਈ ਇਕੋ ਰੇਟ
ਵਧੀਆ ਅਤੇ ਭਰੋਸੇਮੰਦ ਸਰਵਿਸ, ਜਿੰਨੀ ਕਾਲ ਕਰੋਗੇ ਓਨੇ ਹੀ ਮਿੰਟ ਕੱਟੇ ਜਾਣਗੇ।
ਆਪਣੇ ਪਿਆਰਿਆਂ ਨਾਲ ਫੋਨ 'ਤੇ ਲੰਮੀਆਂ ਅਤੇ ਢੇਰ ਸਾਰੀਆਂ ਗੱਲਾਂ ਕਰੋ।
24/7 Customer Service Available
Same rate for lanline and mobile.
ਟੌਲ ਫਰੀ ਨੰਬਰ 1-888-652-6268
732-983-4332/4333


# ਈ.ਡੀ. ਹੁਣ ਐਨ.ਆਰ.ਆਈ. ਨਸ਼ਾ ਤਸਕਰਾਂ ਨੂੰ ਪਾਏਗੀ ਘੇਰਾ

**ਚੰਡੀਗੜ੍ਹ:** ਪੰਜਾਬ ਵਿਚ 6000 ਕਰੋੜ ਦੀ ਨਸ਼ਾ ਤਸਕਰੀ ਬਾਰੇ ਜਾਂਚ ਕਰ ਰਹੇ ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਦੇ ਅਧਿਕਾਰੀਆਂ ਵਲੋਂ ਇਸ ਜਾਂਚ ਦਾ ਘੇਰਾ ਵਿਦੇਸ਼ਾਂ ਤੱਕ ਵਧਾਉਣ ਦੀ ਤਿਆਰੀ ਕਰ ਲਈ ਗਈ ਹੈ। ਪੰਜਾਬ ਦੇ ਬਹੁਕਰੋੜੀ ਨਸ਼ਾ ਕੇਸ ਦੀ 'ਪ੍ਰੀਵੈਨਸ਼ਨ ਆਫ ਮਨੀ ਲਾਂਡਰਿੰਗ ਐਕਟ' (ਪੀ.ਐਮ.ਐਨ.ਏ) ਤਹਿਤ ਜਾਂਚ ਕਰ ਰਹੀ ਇਸ ਏਜੰਸੀ ਦੀ ਅੱਖ ਹੁਣ ਇਸ ਮਾਮਲੇ ਵਿਚ ਸਾਹਮਣੇ ਆਏ ਪਰਵਾਸੀ ਭਾਰਤੀਆਂ (ਐਨ.ਆਰ.ਆਈ.) ਉਤੇ ਹੈ। ਭਰੋਸੇਯੋਗ ਸੂਤਰਾਂ ਮੁਤਾਬਕ ਏਜੰਸੀ ਨੂੰ ਕੁਝ ਪਰਵਾਸੀ ਭਾਰਤੀਆਂ ਦੇ ਸੰਪਰਕਾਂ ਬਾਰੇ ਵੀ ਪਤਾ ਲੱਗ ਚੁੱਕਾ ਹੈ।

ਇਨ੍ਹਾਂ ਦੀ ਸਪੁਰਦਗੀ ਜਾਂ ਫ਼ਿਰ ਕਿਸੇ ਵੀ ਸੂਰਤ ਵਿਚ ਪੁੱਛਗਿੱਛ ਸੰਭਵ ਬਣਾਉਣ ਹਿੱਤ ਛੇਤੀ ਹੀ ਵਿਦੇਸ਼ੀ ਅਦਾਲਤਾਂ ਦੀ ਮਦਦ ਵੀ ਲਈ ਜਾ ਰਹੀ ਹੈ। ਇਹ ਵੀ ਪਤਾ ਲੱਗਾ ਹੈ ਕਿ ਇਸ ਬਾਰੇ 'ਰੋਗੇਟ੍ਰੀ ਲੈਟਰ' (ਆਰ.ਐਲ.) ਜਾਰੀ ਕਰਾਉਣ ਲਈ ਪੀ.ਐਮ.ਐਲ.ਏ. ਵਿਸ਼ੇਸ ਅਦਾਲਤ ਪਟਿਆਲਾ ਵਿਚ ਜਲਦ ਹੀ ਦਾਇਰ ਕੀਤੀ ਜਾਵੇਗੀ। ਇਸ ਦਾ ਮਕਸਦ ਹਾਈਕੋਰਟ ਵਲੋਂ ਨਾਮਜ਼ਦ ਉਕਤ ਵਿਸ਼ੇਸ਼ ਅਦਾਲਤ ਰਾਹੀਂ ਵਿਦੇਸ਼ੀ ਏਜੰਸੀਆਂ ਨੂੰ ਜੁਡੀਸ਼ੀਅਲ ਸਹਾਇਤਾ ਹਿੱਤ ਅਪੀਲ ਕਰਨਾ ਹੋਏਗਾ। ਜਿਸ ਤਹਿਤ ਵਿਦੇਸ਼ਾਂ ਵਿਚ ਬੈਠੇ ਕੁਝ ਉਨ੍ਹਾਂ ਨਸ਼ਾ ਤਸਕਰਾਂ ਦੀ ਸਪੁਰਦਗੀ ਲੈਣ ਦੀ ਮੰਗ ਕੀਤੀ ਜਾਵੇਗੀ ਜਿਨ੍ਹਾਂ ਤਸਕਰਾਂ ਦੇ ਨਾਂ ਜਗਦੀਸ਼ ਭੋਲਾ, ਮਨਜਿੰਦਰ ਸਿੰਘ ਬਿੱਟੂ ਔਲਖ, ਜਗਜੀਤ ਚਾਹਲ ਤੇ ਖਾਸਕਰ ਬਿੱਟੂ ਔਲਖ ਦੇ ਪਿਤਾ ਪ੍ਰਤਾਪ ਸਿੰਘ ਔਲਖ ਤੇ ਬਿੱਟੂ ਦੀ ਪਤਨੀ ਜਗਮਿੰਦਰ ਕੌਰ ਕੋਲੋਂ ਕੀਤੀ ਗਈ ਪੁੱਛਗਿੱਛ ਦੌਰਾਨ ਸਾਹਮਣੇ ਆਏ ਹਨ। ਇਨ੍ਹਾਂ ਵਿਚੋਂ ਕੁਝ ਨਾਂਵਾਂ ਦੀ ਤਸਦੀਕ ਬੀਤੇ ਮਹੀਨੇ ਹੀ ਸੀਨੀਅਰ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਤੇ ਉਸ ਤੋਂ ਪਹਿਲਾਂ ਕੁਝ ਹੋਰਨਾਂ ਵੱਡੇ ਸਿਆਸਤਦਾਨਾਂ ਦੇ ਕਲਮਬਧ ਕੀਤੇ ਗਏ ਬਿਆਨਾਂ ਵਿਚ ਵੀ ਕਿਤੇ ਨਾ ਕਿਤੇ ਹੋ ਚੁੱਕੀ ਦੱਸੀ ਜਾ ਰਹੀ ਹੈ।

ਦੱਸਿਆ ਜਾ ਰਿਹਾ ਹੈ ਕਿ ਇਸ ਵੇਲੇ ਨਸ਼ਾ ਤਸਕਰੀ ਖਾਸ ਕਰ ਹਵਾਲਾ ਰਾਹੀਂ ਪੈਸੇ ਦੇ ਲੈਣ-ਦੇਣ ਬਾਬਤ ਵਿਦੇਸ਼ਾਂ ਨਾਲ ਜੁੜੇ ਲਿੰਕ ਤੇ ਉਥੇ ਸਰਗਰਮ ਪੰਜਾਬੀ ਮੂਲ ਦੇ ਨਾਮੀ ਤਸਕਰਾਂ ਬਾਰੇ ਦੋਵਾਂ ਧਿਰਾਂ (ਜੇਲ੍ਹਾਂ ਵਿਚ ਬੰਦ ਭੋਲਾ ਤੇ ਹੋਰਨਾਂ ਸਹਿ ਦੋਸ਼ੀਆਂ ਤੇ ਉਨ੍ਹਾਂ ਵਲੋਂ 'ਸਰਪ੍ਰਸਤ' ਦੱਸੇ ਗਏ ਸਿਆਸੀ ਆਗੂਆਂ) ਦੇ ਹਵਾਲਿਆਂ ਦਾ ਮਿਲਾਣ ਕਰਨ ਦੀ ਕਾਰਵਾਈ ਜਾਂਚ ਏਜੰਸੀ ਵਲੋਂ ਕੀਤੀ ਜਾ ਰਹੀ ਹੈ। ਇਸ ਤਹਿਤ ਐਨ.ਆਰ.ਆਈ. ਤਸਕਰਾਂ ਦੀ ਇਕ ਸਾਂਝੀ ਸੂਚੀ ਵੀ ਬਣ ਕੇ ਸਾਹਮਣੇ ਆ ਰਹੀ ਹੈ, ਜਿਸ ਦਾ ਸਬੰਧ ਦੋਵੇਂ ਧਿਰਾਂ ਤੋਂ ਹੋਈ ਪੁੱਛਗਿੱਛ ਨਾਲ ਕਿਤੇ ਨਾ ਕਿਤੇ ਜੁੜਿਆ ਪਾਇਆ ਗਿਆ ਹੈ। ਸੂਤਰਾਂ ਮੁਤਾਬਕ ਏਜੰਸੀ ਦੀ ਕੋਸ਼ਿਸ਼ ਐਨ.ਆਰ.ਆਈ. ਤਸਕਰਾਂ ਨੂੰ ਭਾਰਤ ਮੰਗਵਾਉਣ ਦੀ ਹੋਵੇਗੀ। ਭਾਰਤ ਦੀ ਕਈ ਮੁਲਕਾਂ ਨਾਲ ਕੌਮਾਂਤਰੀ ਸੰਧੀ ਅਧੀਨ ਜਿਥੇ ਵੀ ਇਨ੍ਹਾਂ ਐਨ.ਆਰ.ਆਈ. ਨਸ਼ਾ ਤਸਕਰਾਂ ਦੇ ਹੋਣ ਤੇ ਖਾਸ ਕਰਕੇ ਇਨ੍ਹਾਂ ਦੀਆਂ ਜਾਇਦਾਦਾਂ ਦੇ ਸਬੂਤ ਹੱਥ ਲੱਗੇ ਹਨ, ਉਨ੍ਹਾਂ ਸੰਪਤੀਆਂ ਨੂੰ ਵਿਦੇਸ਼ੀ ਅਦਾਲਤਾਂ ਦੀ ਸਹਾਇਤਾ ਰਾਹੀਂ ਕੁਰਕ ਵੀ ਕਰਵਾਇਆ ਜਾ ਸਕਦਾ ਹੈ। ਦੱਸਿਆ ਜਾ ਰਿਹਾ ਹੈ ਕਿ ਏਜੰਸੀ ਵਲੋਂ ਵਿਦੇਸ਼ਾਂ ਵਿਚਲੀਆਂ ਇਨ੍ਹਾਂ ਤਸਕਰਾਂ ਦੀਆਂ ਜਾਇਦਾਦਾਂ ਜ਼ਬਤ ਕਰਾ ਕੇ ਪੈਸਾ ਭਾਰਤ ਮੰਗਵਾ ਸਕਣ ਦੀਆਂ ਸੰਭਾਵਨਾਵਾਂ ਵੀ ਵਿਚਾਰ ਅਧੀਨ ਰੱਖੀਆਂ ਗਈਆਂ ਹਨ।

ਦੱਸਣਯੋਗ ਹੈ ਕਿ ਅਨੂਪ ਕਾਹਲੋਂ, ਜਗਦੀਸ਼ ਭੋਲਾ, ਔਲਖ, ਚਾਹਲ, ਵਰਿੰਦਰ ਰਾਜਾ ਆਦਿ ਦੀਆਂ ਗ੍ਰਿਫ਼ਤਾਰੀਆਂ ਮਗਰੋਂ ਕੀਤੀ ਗਈ ਪੁੱਛਗਿੱਛ ਦੌਰਾਨ ਹੀ ਕੈਨੇਡਾ ਦੇ ਐਡਮਿੰਟਨ ਆਧਾਰਤ ਸਤਪ੍ਰੀਤ ਸਿੰਘ ਸੱਤਾ, ਅਮਰਿੰਦਰ ਸਿੰਘ ਲਾਡੀ ਤੇ ਪਰਮਿੰਦਰ ਸਿੰਘ ਪਿੰਦੀ ਦੇ ਨਾਂ ਸਾਹਮਣੇ ਆ ਚੁੱਕੇ ਹਨ। ਇਨ੍ਹਾਂ ਵਿਚੋਂ ਲਾਡੀ ਦਾ ਨਾਂ ਤਾਂ ਪਹਿਲਾਂ ਹੀ ਫਤਿਹਗੜ੍ਹ ਸਾਹਿਬ ਥਾਣੇ ਵਿਚ ਨਸ਼ਾ ਕੇਸ ਤਹਿਤ ਦਾਇਰ ਇਕ ਐਫ.ਆਈ.ਆਰ. ਵਿਚ ਵੀ ਸ਼ਾਮਲ ਕੀਤਾ ਜਾ ਚੁੱਕਾ ਹੈ। ਇਨ੍ਹਾਂ ਨੂੰ ਵੱਖ-ਵੱਖ ਪੱਧਰਾਂ 'ਤੇ ਮਜੀਠੀਆ ਦੇ ਕਰੀਬੀ ਰਹਿ ਚੁੱਕੇ ਹੋਣ ਦੇ ਦਾਅਵੇ ਵੀ ਏਜੰਸੀ ਰਿਕਾਰਡ ਵਿਚ ਹੋ ਚੁੱਕੇ ਹਨ। ਦਾਅਵਾ ਹੈ ਕਿ ਭਾਰਤ ਸਰਕਾਰ ਰਾਹੀਂ ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਦੇ ਇੰਟਰਪੋਲ ਕੋਲ ਇਹ ਮਾਮਲਾ ਚੁੱਕਦੇ ਹੋਏ 11 ਸਮੱਗਲਰਾਂ ਦੀ ਵਿਦੇਸ਼ਾਂ ਵਿਚੋਂ ਸਪੁਰਦਗੀ ਲੈਣ ਹਿਤ ਕੰਮ ਸ਼ੁਰੂ ਵੀ ਕੀਤਾ ਜਾ ਚੁੱਕਾ ਹੈ ਤੇ ਇਨ੍ਹਾਂ ਨੂੰ ਭਗੌੜੇ ਐਲਾਨਣ ਵਜੋਂ ਸਬੰਧਤ ਅਦਾਲਤਾਂ ਕੋਲੋਂ ਇਨ੍ਹਾਂ ਦੇ ਖੁੱਲ੍ਹੇ ਗ੍ਰਿਫਤਾਰੀ ਵਾਰੰਟ ਵੀ ਹਾਸਲ ਕਰ ਲਏ ਗਏ ਹਨ। ਪੁਲਿਸ ਵਲੋਂ ਇਨ੍ਹਾਂ 11 ਨਸ਼ਾ ਤਸਕਰਾਂ/ਭਗੌੜੇ ਅਪਰਾਧੀਆਂ ਵਿਚ ਲਹਿੰਬਰ ਸਿੰਘ, ਦਾਰਾ ਸਿੰਘ, ਹਰਬੰਸ ਸਿੰਘ ਸਿੱਧੂ, ਮਦਨ ਲਾਲ, ਗੁਰਸੇਵਕ ਸਿੰਘ, ਪ੍ਰਦੀਪ ਸਿੰਘ ਧਾਲੀਵਾਲ, ਅਮਰਜੀਤ ਸਿੰਘ ਕੂਨਰ, ਸਰਬਜੀਤ ਸਿੰਘ, ਨਿਰੰਕਾਰ ਸਿੰਘ ਢਿੱਲੋਂ, ਪ੍ਰਮੋਦ ਸ਼ਰਮਾ ਤੇ ਮਹਿੰਦਰ ਸਿੰਘ ਛੀਨਾ ਸ਼ਾਮਲ ਦੱਸੇ ਜਾ ਰਹੇ ਹਨ। ਪਟਿਆਲਾ ਅਦਾਲਤ ਵਿਚ ਕੇਸ ਦੀ ਸੁਣਵਾਈ ਆਉਂਦੀ 21 ਫਰਵਰੀ ਨੂੰ ਹੈ।



ਈ.ਡੀ. ਅਫਸਰ ਨਿਰੰਜਣ ਸਿੰਘ

## ਬਿੱਟੂ ਔਲਖ ਤੇ ਹੋਰਨਾਂ ਨੂੰ 20 ਤੱਕ ਜੇਲ੍ਹ ਭੇਜਿਆ

**ਪਟਿਆਲਾ:** ਨਸ਼ੀਲੇ ਪਦਾਰਥਾਂ ਦੀ ਅੰਤਰਰਾਸ਼ਟਰੀ ਤਸਕਰੀ ਦੇ ਮਾਮਲੇ ਵਿਚ ਮੁਲਜ਼ਮ ਮਨਜਿੰਦਰ ਸਿੰਘ ਬਿੱਟੂ ਔਲਖ, ਵਰਿੰਦਰ ਰਾਜਾ, ਸੁਖਜੀਤ ਸੁੱਖਾ ਨੂੰ ਸੁਰੱਖਿਆ ਪ੍ਰਬੰਧਾਂ ਹੇਠ ਅਦਾਲਤ ਵਿਚ ਪੇਸ਼ ਕੀਤਾ ਗਿਆ। ਅਦਾਲਤ ਨੇ ਸਾਰਿਆਂ ਦੀ 20 ਫਰਵਰੀ ਤੱਕ ਨਿਆਇਕ ਹਿਰਾਸਤ ਵਧਾ ਦਿੱਤੀ ਹੈ। ਅਦਾਲਤ ਵਿਚ ਪੇਸ਼ ਹੋਣ ਮੌਕੇ ਬਿੱਟੂ ਔਲਖ ਨੇ ਆਖਿਆ ਕਿ ਉਨ੍ਹਾਂ ਨੂੰ ਪੁਲਿਸ ਨੇ ਜਾਣਬੁੱਝ ਕੇ ਫਸਾਇਆ ਹੈ। ਇਸ ਮਾਮਲੇ ਵਿਚ ਸਹੀ ਤਸਵੀਰ ਸਾਹਮਣੇ ਲਿਆਉਣ ਲਈ ਮਾਮਲੇ ਦੀ ਜਾਂਚ ਸੀ.ਬੀ.ਆਈ. ਤੋਂ ਕਰਵਾਉਣੀ ਚਾਹੀਦੀ ਹੈ।

## ਮਜੀਠੀਆ ਨੂੰ 'ਕਲੀਨ ਚਿੱਟ' ਬਾਰੇ ਜਵਾਬ ਦੇਣਾ ਔਖਾ ਹੋਇਆ

**ਜਲੰਧਰ:** ਸਿੰਥੈਟਿਕ ਡਰੱਗ ਦੇ ਮਾਮਲੇ ਵਿਚ ਘਿਰੇ ਮਾਲ ਮੰਤਰੀ ਬਿਕਰਮ ਸਿੰਘ ਮਜੀਠੀਆ ਨੂੰ ਈ.ਡੀ. ਵਲੋਂ 'ਕਲੀਨ ਚਿੱਟ' ਦਿੱਤੇ ਜਾਣ ਦੀ ਅਫ਼ਵਾਹ ਦੌਰਾਨ ਪੰਜਾਬ ਦੇ ਮੰਤਰੀਆਂ ਵਲੋਂ ਕੀਤੀਆਂ ਗਈਆਂ ਟਿੱਪਣੀਆਂ ਕਾਰਨ ਸਰਕਾਰ ਨੂੰ ਨਮੋਸ਼ੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਮੰਤਰੀਆਂ ਵਲੋਂ ਮਜੀਠੀਆ ਨੂੰ ਕਲੀਨ ਚਿੱਟ ਦੇਣ ਬਾਰੇ ਇਕ-ਦੂਜੇ ਤੋਂ ਮੂਹਰੇ ਹੋ ਕੇ ਟਿੱਪਣੀਆਂ ਤਾਂ ਕਰ ਦਿੱਤੀਆਂ ਗਈਆਂ ਸਨ ਪਰ ਜਦੋਂ ਈ.ਡੀ. ਨੇ ਹੀ ਇਸ ਮਾਮਲੇ ਵਿਚ ਆਪਣਾ ਪੱਲਾ ਝਾੜ ਲਿਆ ਤਾਂ ਬਿਆਨਬਾਜ਼ੀ ਕਰਨ ਵਾਲੇ ਮੰਤਰੀਆਂ ਨੂੰ ਜਵਾਬ ਦੇਣਾ ਔਖਾ ਹੋ ਗਿਆ।



ਪੰਜਾਬ ਦੇ ਮੰਤਰੀਆਂ- ਤੋਤਾ ਸਿੰਘ, ਸਿਕੰਦਰ ਸਿੰਘ ਮਲੂਕਾ, ਸੋਹਣ ਸਿੰਘ ਠੰਡਲ ਤੇ ਮੁੱਖ ਸੰਸਦੀ ਸਕੱਤਰ ਵਿਰਸਾ ਸਿੰਘ ਵਲਟੋਹਾ ਨੇ ਇਕ-ਦੂਜੇ ਤੋਂ ਮੂਹਰੇ ਹੁੰਦਿਆਂ ਇਹ ਬਿਆਨ ਦਾਗੇ ਸਨ ਕਿ ਈ.ਡੀ. ਦੀ ਕਲੀਨ ਚਿੱਟ ਨਾਲ ਕਾਂਗਰਸ ਵਲੋਂ ਮਜੀਠੀਆ ਨੂੰ ਬਦਨਾਮ ਕਰਨ ਦਾ ਸੱਚ ਸਾਹਮਣੇ ਆ ਗਿਆ ਹੈ। ਇਸ ਮਾਮਲੇ ਦੀ ਜਾਂਚ ਕਰ ਰਹੇ ਈ.ਡੀ. ਦੇ ਅਸਿਸਟੈਂਟ ਡਾਇਰੈਕਟਰ ਨਿਰੰਜਣ ਸਿੰਘ ਨੇ ਹੀ ਕਹਿ ਦਿੱਤਾ ਸੀ ਕਿ ਕਿਸੇ ਨੂੰ ਕੋਈ ਕਲੀਨ ਚਿੱਟ ਨਹੀਂ ਦਿੱਤੀ ਗਈ।

ਕੈਬਨਿਟ ਮੰਤਰੀ ਸਿਕੰਦਰ ਸਿੰਘ ਮਲੂਕਾ ਨੂੰ ਜਦੋਂ ਇਸ ਬਾਰੇ ਪੁੱਛਿਆ ਗਿਆ ਕਿ ਉਨ੍ਹਾਂ ਨੇ ਕਿਵੇਂ ਮਜੀਠੀਆ ਨੂੰ ਕਲੀਨ ਚਿੱਟ ਦੇਣ ਵਾਲੀ ਗੱਲ 'ਤੇ ਬਿਆਨਬਾਜ਼ੀ ਕੀਤੀ ਹੈ ਤੇ ਇਸ ਗੱਲ ਦਾ ਸਰੋਤ ਕੀ ਸੀ ਤਾਂ ਉਨ੍ਹਾਂ ਕਿਹਾ ਕਿ ਮੀਡੀਆ ਵਿਚ ਆਈਆਂ ਖ਼ਬਰਾਂ ਤੋਂ ਹੀ ਉਨ੍ਹਾਂ ਨੇ ਇਹ ਟਿੱਪਣੀ ਕੀਤੀ ਸੀ। ਜ਼ਿਲ੍ਹਾ ਕਾਂਗਰਸ ਦਿਹਾਤੀ ਦੇ ਪ੍ਰਧਾਨ ਜਗਬੀਰ ਸਿੰਘ ਬਰਾੜ ਨੇ ਇਸ ਮਾਮਲੇ ਬਾਰੇ ਕਿਹਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਵਲੋਂ ਰਚੀ ਗਈ ਸਾਜ਼ਿਸ਼ ਲੋਕਾਂ ਸਾਹਮਣੇ ਆ ਗਈ ਹੈ ਕਿ ਕਿਵੇਂ ਆਪਣੇ ਹੀ ਅਧਿਕਾਰ ਵਾਲੇ ਚਲਾਏ ਜਾ ਰਹੇ ਟੀ.ਵੀ. ਚੈਨਲ ਨੂੰ ਆਪਣੇ ਰਾਜਸੀ ਮੁਫਾਦ ਲਈ ਵਰਤਿਆ ਜਾ ਰਿਹਾ ਹੈ।

ਉਨ੍ਹਾਂ ਦਾਅਵਾ ਕੀਤਾ ਕਿ ਈ.ਡੀ. ਵਲੋਂ ਮਜੀਠੀਆ ਨੂੰ ਕਲੀਨ ਚਿੱਟ ਦੇਣ ਬਾਰੇ ਜੋ ਖਬਰਾਂ ਉਡਾਈਆਂ ਗਈਆਂ ਸਨ, ਅਸਲ ਵਿਚ ਸ਼੍ਰੋਮਣੀ ਅਕਾਲੀ ਦਲ ਦਿੱਲੀ ਵਿਚ ਆਪਣਾ ਡੈਮੇਜ ਕੰਟਰੋਲ ਕਰ ਰਿਹਾ ਸੀ ਕਿਉਂਕਿ ਉਥੇ ਵਿਧਾਨ ਸਭਾ ਚੋਣਾਂ ਵਿਚ ਪੰਜਾਬ ਦੇ ਨਸ਼ਿਆਂ ਦਾ ਮੁੱਦਾ ਲੋਕਾਂ ਨੂੰ ਪ੍ਰਭਾਵਿਤ ਕਰ ਰਿਹਾ ਹੈ।

ਦੱਸਣਯੋਗ ਹੈ ਕਿ ਦਿੱਲੀ ਵਿਧਾਨ ਸਭਾ ਲਈ ਵੋਟਾਂ ਪੈਣ ਤੋਂ ਐਨ ਦੋ ਦਿਨ ਪਹਿਲਾਂ ਇਹ ਖਬਰ ਪੰਜਾਬ ਵਿਚ ਜੰਗਲ ਦੀ ਅੱਗ ਵਾਂਗ ਫੈਲ ਗਈ ਕਿ ਈ.ਡੀ. ਨੇ 6000 ਕਰੋੜ ਰੁਪਏ ਦੇ ਸਿੰਥੈਟਿਕ ਡਰੱਗਜ਼ ਮਾਮਲੇ ਵਿਚ ਮਾਲ ਮੰਤਰੀ ਬਿਕਰਮ ਸਿੰਘ ਮਜੀਠੀਆ ਨੂੰ ਕਲੀਨ ਚਿੱਟ ਦੇ ਦਿੱਤੀ ਹੈ। ਇਹ ਖ਼ਬਰ ਕਈ ਚੈਨਲਾਂ 'ਤੇ ਬ੍ਰੇਕਿੰਗ ਨਿਊਜ਼ ਵਜੋਂ ਚਲਾਈ ਵੀ ਗਈ ਪਰ ਬਾਅਦ ਵਿਚ ਇਸ ਨੂੰ ਹਟਾ ਦਿੱਤਾ ਗਿਆ।

ਸ੍ਰੀ ਮਜੀਠੀਆ ਨੂੰ ਈ.ਡੀ. ਵਲੋਂ ਕਲੀਨ ਚਿੱਟ ਦਿੱਤੇ ਜਾਣ ਦਾ ਸ਼੍ਰੋਮਣੀ ਅਕਾਲੀ ਦਲ ਦੇ ਦੋ ਮੰਤਰੀਆਂ ਤੋਤਾ ਸਿੰਘ ਤੇ ਸਿਕੰਦਰ ਸਿੰਘ ਮਲੂਕਾ ਨੇ ਸਵਾਗਤ ਕਰਦਿਆਂ ਬਾਕਾਇਦਾ ਬਿਆਨ ਵੀ ਜਾਰੀ ਕੀਤੇ ਹਨ। ਇਨ੍ਹਾਂ ਬਿਆਨਾਂ ਵਿਚ ਉਨ੍ਹਾਂ ਕਿਹਾ ਹੈ ਕਿ ਕਾਂਗਰਸ ਵਲੋਂ ਪੰਜਾਬ ਤੇ ਸ੍ਰੀ ਮਜੀਠੀਆ ਨੂੰ ਬਦਨਾਮ ਕਰਨ ਦੀ ਸਾਜ਼ਿਸ਼ ਘੜੀ ਗਈ ਸੀ। ਇਨ੍ਹਾਂ ਮੰਤਰੀਆਂ ਨੇ ਕਾਂਗਰਸ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੂੰ ਮੁਆਫ਼ੀ ਮੰਗਣ ਲਈ ਵੀ ਕਿਹਾ ਹੈ।

## ਪਾਣੀਆਂ ਦੇ ਮੁੱਦੇ 'ਤੇ ਪੰਜਾਬ ਵਲੋਂ ਵੀ ਸੁਪਰੀਮ ਕੋਰਟ ਕੋਲ ਪਹੁੰਚ

**ਚੰਡੀਗੜ੍ਹ:** ਪੰਜਾਬ ਸਰਕਾਰ ਪਾਣੀਆਂ ਦੀ ਅੰਤਰਰਾਜੀ ਵੰਡ ਦੇ ਮੁੱਦੇ ਉਤੇ ਫੈਸਲਾਕੁਨ ਅਦਾਲਤੀ ਲੜਾਈ ਲੜਨ ਦੇ ਰੌਂਅ ਵਿਚ ਆ ਗਈ ਹੈ। ਭਾਈਵਾਲ ਪਾਰਟੀ ਭਾਜਪਾ ਦੀ ਹਰਿਆਣਾ ਵਿਚ ਬਣੀ ਨਵੀਂ ਸਰਕਾਰ ਵਲੋਂ ਕੈਪਟਨ ਅਮਰਿੰਦਰ ਸਿੰਘ ਵੇਲੇ ਪੰਜਾਬ ਵਿਧਾਨ ਸਭਾ ਵਲੋਂ ਪਾਸ ਕੀਤੇ ਸਮਝੌਤੇ ਰੱਦ ਕਰਨ ਵਾਲੇ ਕਾਨੂੰਨ (ਟਰਮੀਨੇਸ਼ਨ ਆਫ ਐਗਰੀਮੈਂਟਸ ਐਕਟ) ਨੂੰ ਰੱਦ ਕਰਵਾਉਣ ਲਈ ਸੁਪਰੀਮ ਕੋਰਟ ਦਾ ਦਰਵਾਜ਼ਾ ਖੜਕਾਉਣ ਦੇ ਐਲਾਨ ਪਿੱਛੋਂ ਪੰਜਾਬ ਸਰਕਾਰ ਵੀ ਸੁਪਰੀਮ ਕੋਰਟ ਪਹੁੰਚ ਗਈ ਹੈ।

ਦਿਲਚਸਪ ਗੱਲ ਇਹ ਹੈ ਕਿ ਐਸ.ਵਾਈ.ਐਲ. (ਸਤਲੁਜ-ਯਮੁਨਾ ਲਿੰਕ ਨਹਿਰ) ਦੇ ਰੂਪ ਵਿਚ ਪਾਣੀਆਂ ਉਤੇ ਹਾਲੇ ਵੀ ਆਪਣਾ ਬਰਾਬਰ ਹੱਕ ਜਤਾ ਰਹੀ ਖੱਟਰ ਸਰਕਾਰ ਦੇ ਰਿਪੇਰੀਅਨ ਸੂਬਾ ਹੋਣ ਬਾਰੇ ਹੀ ਪੰਜਾਬ ਨੇ ਸਵਾਲੀਆ ਨਿਸ਼ਾਨ ਖੜ੍ਹੇ ਕਰ ਦਿੱਤੇ ਹਨ। ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਬੀਤੇ ਦਿਨੀਂ ਚੰਡੀਗੜ੍ਹ ਵਿਚ ਦਾਅਵਾ ਕੀਤਾ ਕਿ ਪੰਜਾਬ ਟਰਮੀਨੇਸ਼ਨ ਆਫ਼ ਐਗਰੀਮੈਂਟਸ ਐਕਟ ਦੀ ਵੈਧਤਾ ਬਾਰੇ ਉਨ੍ਹਾਂ ਦੀ ਸਰਕਾਰ ਰਾਸ਼ਟਰਪਤੀ ਹਵਾਲੇ ਦੀ ਛੇਤੀ ਸੁਣਵਾਈ ਦੀ ਮੰਗ ਕਰਨ ਜਾ ਰਹੀ ਹੈ, ਉਥੇ ਹੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਹੁਕਮਾਂ 'ਤੇ ਪੰਜਾਬ ਸਰਕਾਰ ਨੇ ਸੁਪਰੀਮ ਕੋਰਟ ਵਿਚ ਭਾਰਤੀ ਸੰਵਿਧਾਨ ਦੀ ਧਾਰਾ 131 ਤਹਿਤ ਕੇਸ ਦਾਇਰ ਕਰ ਹਰਿਆਣਾ ਤੇ ਰਾਜਸਥਾਨ ਦੇ ਰਿਪੇਰੀਅਨ ਸੂਬਾ ਹੋਣ ਜਾਂ ਨਾ ਹੋਣ ਬਾਰੇ ਹੀ ਫੈਸਲਾ ਕਰਨ ਦੀ ਮੰਗ ਰੱਖ ਦਿੱਤੀ ਹੈ।

## ਅੰਮ੍ਰਿਤਸਰ ਘੁਟਾਲਾ ਕੇਸ ਵਿਚ ਕੈਪਟਨ ਅਦਾਲਤ ਵਿਚ ਨਾ ਹੋਏ ਪੇਸ਼

**ਮੁਹਾਲੀ:** ਪੰਜਾਬ ਵਿਜੀਲੈਂਸ ਬਿਊਰੋ ਵਲੋਂ ਅੰਮ੍ਰਿਤਸਰ ਨਗਰ ਸੁਧਾਰ ਟਰੱਸਟ ਦੇ ਬਹੁ-ਚਰਚਿਤ ਜ਼ਮੀਨ ਘੁਟਾਲੇ ਦੇ ਮਾਮਲੇ ਵਿਚ ਨਾਮਜ਼ਦ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਦਾਲਤ ਵਿਚ ਪੇਸ਼ ਨਾ ਹੋਏ, ਜਿਸ ਕਾਰਨ ਅਦਾਲਤ ਨੇ ਮਾਮਲੇ ਦੀ ਅਗਲੀ ਸੁਣਵਾਈ 20 ਫਰਵਰੀ 'ਤੇ ਪਾ ਦਿੱਤੀ ਹੈ।



ਕੇਸ ਦੀ ਸੁਣਵਾਈ ਮੌਕੇ ਕੈਪਟਨ ਅਮਰਿੰਦਰ ਸਿੰਘ ਸਮੇਤ ਸੇਵਾਮੁਕਤ ਬ੍ਰਿਗੇਡੀਅਰ ਗੁਰਚਰਨ ਸਿੰਘ ਖਾਰਾ, ਸੁਭਾਸ਼ ਸ਼ਰਮਾ ਤੇ ਰੋਹਿਤ ਸ਼ਰਮਾ ਅਦਾਲਤ ਵਿਚ ਪੇਸ਼ ਨਹੀਂ ਹੋਏ ਜਦਕਿ ਬਾਕੀ ਨਾਮਜ਼ਦ ਮੁਲਜ਼ਮ ਸਾਬਕਾ ਮੰਤਰੀ ਚੌਧਰੀ ਜਗਜੀਤ ਸਿੰਘ, ਅੰਮ੍ਰਿਤਸਰ ਨਗਰ ਸੁਧਾਰ ਟਰੱਸਟ ਦੇ ਸਾਬਕਾ ਚੇਅਰਮੈਨ ਜੁਗਲ ਕਿਸ਼ੋਰ ਸ਼ਰਮਾ, ਰਜਿੰਦਰ ਸ਼ਰਮਾ, ਪਰਮਿੰਦਰ ਸਿੰਘ ਤੁੰਗ, ਬਲਜੀਤ ਸਿੰਘ, ਵਿੱਕੀ ਸ਼ਰਮਾ ਅਦਾਲਤ ਵਿਚ ਪੇਸ਼ ਹੋਏ।

ਇਸੇ ਦੌਰਾਨ ਕੈਪਟਨ ਅਮਰਿੰਦਰ ਸਿੰਘ ਨੇ ਆਪਣੇ ਵਕੀਲ ਰਾਹੀਂ ਅਦਾਲਤ ਵਿਚ ਅਰਜ਼ੀ ਦਾਇਰ ਕਰਕੇ ਨਿਜੀ ਪੇਸ਼ੀ ਤੋਂ ਛੋਟ ਮੰਗੀ ਸੀ, ਜਿਸ 'ਤੇ ਅਦਾਲਤ ਨੇ ਕੈਪਟਨ ਸਣੇ ਕੁਝ ਹੋਰ ਮੁਲਜ਼ਮਾਂ ਨੂੰ ਪੇਸ਼ੀ ਤੋਂ ਛੋਟ ਦੇ ਦਿੱਤੀ।

## ਸਵਾਈਨ ਫਲੂ ਦਾ ਹੁਣ ਪੰਜਾਬ ਵਿਚ ਵੀ ਹੱਲਾ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਵਿਚ ਸਵਾਈਨ ਫਲੂ ਨਾਲ ਹੁਣ ਤੱਕ 24 ਵਿਅਕਤੀਆਂ ਦੀ ਮੌਤ ਹੋ ਚੁੱਕੀ ਹੈ। ਪੰਜਾਬ ਸਰਕਾਰ ਨੇ ਦਾਅਵਾ ਕੀਤਾ ਹੈ ਕਿ ਸੂਬੇ ਵਿਚ ਹੁਣ ਤੱਕ ਸਵਾਈਨ ਫਲੂ ਨਾਲ 13 ਲੋਕਾਂ ਦੀ ਮੌਤ ਹੋਈ ਹੈ ਤੇ 82 ਸ਼ੱਕੀ ਮਰੀਜ਼ਾਂ ਵਿਚੋਂ 34 ਨੂੰ ਸਵਾਈਨ ਫਲੂ ਹੋਣ ਦੀ ਪੁਸ਼ਟੀ ਕੀਤੀ ਗਈ ਹੈ। ਸਵਾਈਨ ਫਲੂ ਨਾਲ ਲਗਾਤਾਰ ਹੋ ਰਹੀਆਂ ਮੌਤਾਂ ਦੇ ਬਾਵਜੂਦ ਸਰਕਾਰ ਇਹ ਦਾਅਵੇ ਕਰ ਰਹੀ ਹੈ ਕਿ ਹਾਲਾਤ ਕਾਬੂ ਹੇਠ ਹਨ। ਸਰਕਾਰ ਸਵਾਈਨ ਫਲੂ ਦੇ ਉਨ੍ਹਾਂ ਸ਼ੱਕੀ ਮਰੀਜ਼ਾਂ ਬਾਰੇ ਕੁਝ ਨਹੀਂ ਦੱਸ ਰਹੀ ਜਿਨ੍ਹਾਂ ਦੀ ਨਿੱਜੀ ਹਸਪਤਾਲਾਂ ਵਿਚ ਮੌਤ ਹੋਈ ਹੈ। ਜਲੰਧਰ ਜ਼ਿਲ੍ਹੇ ਵਿਚ ਹੁਣ ਤੱਕ ਸਵਾਈਨ ਫਲੂ ਨਾਲ ਛੇ ਮੌਤਾਂ ਹੋ ਚੁੱਕੀਆਂ ਹਨ ਪਰ ਸਰਕਾਰੀ ਅੰਕੜਿਆਂ ਅਨੁਸਾਰ ਜ਼ਿਲ੍ਹੇ ਵਿਚ ਅਜੇ ਤਿੰਨ ਹੀ ਮੌਤਾਂ ਹੋਈਆਂ ਹਨ ਤੇ ਇਹੋ ਹਾਲ ਹੋਰ ਜ਼ਿਲ੍ਹਿਆਂ ਦਾ ਵੀ ਹੈ।



ਜਲੰਧਰ ਦੇ ਵਾਰਡ ਨੰਬਰ 9 ਵਿਚ ਸੰਗਮ ਵਿਹਾਰ ਦੀ ਰਹਿਣ ਵਾਲੀ ਸੁਮਨ ਦੀ ਲੁਧਿਆਣੇ ਦੇ ਨਿੱਜੀ ਹਸਪਤਾਲ ਵਿਚ ਮੌਤ ਹੋ ਗਈ। ਉਸ ਨੂੰ ਸ਼ੱਕੀ ਮਰੀਜ਼ਾਂ ਵਿਚ ਰੱਖਿਆ ਗਿਆ ਸੀ। ਉਸ ਨੂੰ ਸਿੱਧਾ ਹੀ ਹਸਪਤਾਲ ਤੋਂ ਸ਼ਮਸ਼ਾਨਘਾਟ ਲਿਆਂਦਾ ਗਿਆ ਜਿਥੇ ਦੇਰ ਸ਼ਾਮ ਉਸ ਦਾ ਸਸਕਾਰ ਕੀਤਾ ਗਿਆ। ਸੂਬੇ ਦੇ ਲਾਏ ਗਏ ਨੋਡਲ ਅਫ਼ਸਰ ਡਾ. ਦੀਪਕ ਭਾਟੀਆ ਦਾ ਕਹਿਣਾ ਹੈ ਕਿ ਸਵਾਈਨ ਫਲੂ ਨਾਲ ਮਰਨ ਵਾਲਿਆਂ ਵਿਚ ਤਿੰਨ ਜਲੰਧਰ, ਤਿੰਨ ਅੰਮ੍ਰਿਤਸਰ, ਤਿੰਨ ਮੁਹਾਲੀ ਤੇ ਇਕ-ਇਕ ਫਰੀਦਕੋਟ, ਹੁਸ਼ਿਆਰਪੁਰ, ਪਟਿਆਲਾ ਤੇ ਕਪੂਰਥਲਾ ਦੇ ਰਹਿਣ ਵਾਲੇ ਸਨ। ਸਵਾਈਨ ਫਲੂ ਨੂੰ ਲੈ ਕੇ ਸਭ ਤੋਂ ਜ਼ਿਆਦਾ ਗੰਭੀਰ ਸਥਿਤੀ ਜਲੰਧਰ ਜ਼ਿਲ੍ਹੇ ਦੀ ਬਣੀ ਹੋਈ ਹੈ। ਇਥੇ ਸਭ ਤੋਂ ਵੱਧ ਛੇ ਮੌਤਾਂ ਹੋ ਚੁੱਕੀਆਂ ਹਨ ਪਰ ਸਰਕਾਰੀ ਅੰਕੜੇ ਸਿਰਫ਼ ਤਿੰਨ ਮੌਤਾਂ ਦੱਸ ਰਹੇ ਹਨ। ਰਾਜ ਵਿਚ 'ਬੀ' ਕੈਟਾਗਿਰੀ ਦੇ 20 ਮਾਮਲੇ ਸਾਹਮਣੇ ਆਏ ਹਨ ਜਿਨ੍ਹਾਂ ਵਿਚੋਂ 11 ਮਾਮਲੇ ਇਕੱਲੇ ਜਲੰਧਰ ਜ਼ਿਲ੍ਹੇ ਨਾਲ ਸਬੰਧਤ ਹਨ। ਸਰਕਾਰ ਵਲੋਂ ਸਿਰਫ 'ਸੀ' ਸ਼੍ਰੇਣੀ ਦੇ ਮਰੀਜ਼ਾਂ ਦੇ ਸੈਂਪਲ ਹੀ ਜਾਂਚ ਲਈ ਭੇਜੇ ਜਾਂਦੇ ਹਨ। 'ਬੀ' ਤੇ 'ਏ' ਸ਼੍ਰੇਣੀ ਦੇ ਮਰੀਜ਼ਾਂ ਦੇ ਟੈਸਟ ਨਹੀਂ ਲਏ ਜਾਂਦੇ। ਨੋਡਲ ਅਫ਼ਸਰ ਤੋਂ ਜਦੋਂ ਸੈਂਪਲ ਪਹਿਲਾਂ ਨਾ ਲੈਣ ਬਾਰੇ ਸਵਾਲ ਪੁੱਛਿਆ ਗਿਆ ਤਾਂ ਉਨ੍ਹਾਂ ਨੂੰ ਇਸ ਦਾ ਜਵਾਬ ਦੇਣ ਲੱਗਿਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ।

ਸ੍ਰੀ ਭਾਟੀਆ ਨੇ ਦੱਸਿਆ ਕਿ ਉਨ੍ਹਾਂ ਵਲੋਂ 'ਸੀ' ਕੈਟਾਗਿਰੀ ਦੇ ਮਰੀਜ਼ਾਂ ਦਾ ਟੈਸਟ ਕੀਤਾ ਜਾਂਦਾ ਹੈ ਤੇ ਹੁਣ ਤੱਕ 'ਸੀ' ਕੈਟਾਗਿਰੀ ਦੇ ਅੱਠ ਵਿਚੋਂ ਪੰਜ ਮਰੀਜ਼ਾਂ ਦੀ ਮੌਤ ਹੋ ਚੁੱਕੀ ਹੈ। ਜਿਨ੍ਹਾਂ ਮਰੀਜ਼ਾਂ ਦੀ ਮੌਤ ਹੋਈ ਹੈ ਉਨ੍ਹਾਂ ਵਿਚੋਂ ਬਹੁਤੇ ਪਹਿਲਾਂ ਵੀ ਕਈ ਬਿਮਾਰੀਆਂ ਦੇ ਸ਼ਿਕਾਰ ਸਨ। ਉਨ੍ਹਾਂ ਕਿਹਾ ਕਿ ਸਵਾਈਨ ਫਲੂ ਦੇ ਸ਼ੱਕੀ ਮਰੀਜ਼ਾਂ ਦੇ ਇਲਾਜ ਲਈ ਟੈਸਟ ਕਿੱਟਾਂ ਦੀ ਕੋਈ ਘਾਟ ਨਹੀਂ ਹੈ ਤੇ ਸਾਰੇ ਸ਼ੱਕੀ ਮਰੀਜ਼ਾਂ ਦੇ ਟੈਸਟ ਪੀ.ਜੀ.ਆਈ. ਚੰਡੀਗੜ੍ਹ ਵਲੋਂ ਕੀਤੇ ਜਾ ਰਹੇ ਹਨ। ਜਲੰਧਰ ਵਿਚ ਸਵਾਈਨ ਫਲੂ ਦੀ ਸਥਿਤੀ ਬਾਰੇ ਜਾਣਕਾਰੀ ਦਿੰਦਿਆਂ ਉਨ੍ਹਾਂ ਦੱਸਿਆ ਕਿ ਹੁਣ ਤੱਕ 11 ਸ਼ੱਕੀ ਮਾਮਲੇ ਸਾਹਮਣੇ ਆਏ ਹਨ ਜਿਨ੍ਹਾਂ ਵਿਚੋਂ ਪੰਜ ਮਾਮਲੇ ਪਾਜ਼ੇਟਿਵ ਪਾਏ ਗਏ ਜਦਕਿ ਚਾਰ ਨੈਗੇਟਿਵ ਤੇ ਦੋ ਮਾਮਲਿਆਂ ਦੀ ਰਿਪੋਰਟ ਹਾਲੇ ਨਹੀਂ ਆਈ ਹੈ।

ਅੰਮ੍ਰਿਤਸਰ ਦੇ ਮੈਡੀਕਲ ਕਾਲਜ ਵਿਚ ਸਵਾਈਨ ਫਲੂ ਦੇ ਨਮੂਨੇ ਟੈਸਟ ਕਰਨ ਲਈ ਲੈਬਾਰਟਰੀ ਤਿਆਰ ਹੋ ਚੁੱਕੀ ਹੈ ਜਿਥੇ ਟ੍ਰਾਇਲ ਟੈਸਟ ਸ਼ੁਰੂ ਹੋ ਚੁੱਕੇ ਹਨ ਤੇ ਉਨ੍ਹਾਂ ਨੂੰ ਉਮੀਦ ਹੈ ਕਿ ਇਸੇ ਮਹੀਨੇ ਹੀ ਇਹ ਲੈਬ ਮੁਕੰਮਲ ਤੌਰ 'ਤੇ ਕੰਮ ਕਰਨਾ ਸ਼ੁਰੂ ਕਰ ਦੇਵੇਗੀ।

# ਵਿੱਦਿਆ ਤੇ ਧਰਮ ਦੇ ਖੇਤਰ ਵਿਚ ਮੱਲਾਂ ਮਾਰ ਰਹੀਆਂ ਤਿੰਨ ਭੈਣਾਂ

**ਲੈਂਗ਼ੀ, ਕੈਲੀਫੋਰਨੀਆ (ਕੁਲਵੀਰ ਸਿੰਘ ਹੇਅਰ):** ਇਥੇ ਰਹਿੰਦੇ ਸ. ਬਲਜੀਤ ਸਿੰਘ ਖਾਲਸਾ ਅਤੇ ਬੀਬੀ ਸੁਰਿੰਦਰ ਕੌਰ ਨੂੰ ਇਹ ਮਾਣ ਹੈ ਕਿ ਉਨ੍ਹਾਂ ਦੇ ਘਰ ਜੰਮੀਆਂ ਤਿੰਨ ਧੀਆਂ- ਇਕਓਂਕਾਰ ਕੌਰ ਖਾਲਸਾ, ਕੀਰਤਨ ਕੌਰ ਖਾਲਸਾ ਅਤੇ ਗੁਰਪ੍ਰਸਾਦਿ ਕੌਰ ਖਾਲਸਾ ਵਿੱਦਿਅਕ ਅਤੇ ਧਾਰਮਿਕ ਖੇਤਰ ਵਿਚ ਮੱਲਾਂ ਮਾਰ ਕੇ ਪਰਿਵਾਰ ਅਤੇ ਪੰਜਾਬੀ ਖਾਸਕਰ ਸਿੱਖ ਭਾਈਚਾਰੇ ਦਾ ਨਾਮ ਰੌਸ਼ਨ ਕਰ ਰਹੀਆਂ ਹਨ। ਇਹ ਤਿੰਨੇ ਭੈਣਾਂ ਇਥੋਂ ਦੇ ਵਾਸ਼ਿੰਗਟਨ ਐਲੀਮੈਂਟਰੀ ਸਕੂਲ ਵਿਚ ਪੜ੍ਹ ਰਹੀਆਂ ਹਨ।

ਇਕਓਂਕਾਰ ਕੌਰ ਖਾਲਸਾ ਸਪੈਲਿੰਗ ਬੀ ਦੇ ਮੁਕਾਬਲੇ ਵਿਚ ਤਿੰਨ ਵਾਰ ਸਕੂਲ ਵਿਚੋਂ ਪਹਿਲੇ ਨੰਬਰ 'ਤੇ ਰਹਿ ਚੁੱਕੀ ਹੈ ਅਤੇ ਇਕ ਵਾਰ ਉਹ ਟੁਲੇਰੀ ਕਾਉਂਟੀ ਵਿਚੋਂ ਦੂਜਾ ਸਥਾਨ ਹਾਸਲ ਕਰ ਚੁੱਕੀ ਹੈ। ਕੀਰਤਨ ਕੌਰ ਖਾਲਸਾ 8ਵੀਂ ਜਮਾਤ ਵਿਚ ਪੜ੍ਹਦੀ ਹੈ ਅਤੇ ਉਹ ਤੀਜੀ ਵਾਰ ਸਪੈਲਿੰਗ ਬੀ 'ਚੋਂ ਸਾਰੇ ਸਕੂਲ ਵਿਚੋਂ ਪਹਿਲੇ ਸਥਾਨ 'ਤੇ ਆਈ ਹੈ ਅਤੇ ਇਸ ਮਹੀਨੇ ਦੇ ਆਖਰ ਵਿਚ ਟੁਲੇਰੀ ਵਿਚ ਕਰਵਾਏ ਜਾ ਰਹੇ ਮੁਕਾਬਲਿਆਂ ਲਈ ਚੁਣੀ ਗਈ ਹੈ। ਜ਼ਿਕਰਯੋਗ ਹੈ, ਕਾਉਂਟੀ ਵਿਚੋਂ ਜੋ ਵਿਦਿਆਰਥੀ ਪਹਿਲੇ ਸਥਾਨ 'ਤੇ ਆਉਂਦਾ ਹੈ, ਉਹ ਵਾਸ਼ਿੰਗਟਨ ਮੁੱਖ ਮੁਕਾਬਲੇ ਵਿਚ ਭਾਗ ਲੈਂਦਾ ਹੈ। ਇਕਓਂਕਾਰ ਕੌਰ ਖਾਲਸਾ ਅਤੇ ਕੀਰਤਨ ਕੌਰ ਖਾਲਸਾ ਦੱਸਦੀਆਂ ਹਨ ਕਿ ਉਨ੍ਹਾਂ ਦੀ ਪ੍ਰਿੰਸੀਪਲ ਮੈਡਮ ਸ਼ੈਉਸੈਲਾ ਉਨ੍ਹਾਂ ਨੂੰ ਬਹੁਤ ਹੀ ਪਿਆਰ ਕਰਦੀ ਹੈ ਅਤੇ ਉਨ੍ਹਾਂ ਦੀ ਹਰ ਪੱਖੋਂ ਮਦਦ ਕਰਦੀ ਹੈ।

ਤਿੰਨੋ ਭੈਣਾਂ ਸਿੱਖ ਧਰਮ ਨੂੰ ਪੂਰੀ ਤਰ੍ਹਾਂ ਸਮਰਪਿਤ ਹਨ ਅਤੇ ਗੁਰਬਾਣੀ ਕੀਰਤਨ ਸੰਥਿਆ ਹਾਸਲ ਕਰਕੇ ਸੰਪੂਰਨ ਰਾਗਾਂ ਵਿਚ ਗੁਰਬਾਣੀ ਕੀਰਤਨ ਕਰਕੇ ਸੰਗਤਾਂ ਨੂੰ ਗੁਰੂ ਗ੍ਰੰਥ ਸਾਹਿਬ ਨਾਲ ਜੋੜਨ ਲਈ ਯਤਨਸ਼ੀਲ ਹਨ। ਤਿੰਨਾਂ ਭੈਣਾਂ ਨੇ ਕਈ ਧਾਰਮਿਕ ਪ੍ਰੀਖਿਆਵਾਂ ਵਿਚ ਹਿੱਸਾ ਲੈ ਕੇ ਕਈ ਇਨਾਮ ਵੀ ਹਾਸਲ ਕੀਤੇ ਹਨ। ਗੁਰਬਾਣੀ ਦਾ ਸ਼ੁੱਧ ਉਚਾਰਨ ਉਨ੍ਹਾਂ ਦੀ ਖਾਸੀਅਤ ਹੈ ਤੇ ਪਾਠ ਕਰਨ ਉਪਰੰਤ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬੈਠ ਹੁਕਮਨਾਮਾ ਆਪ ਲੈ ਕੇ ਉਨ੍ਹਾਂ ਨੂੰ ਵੱਖਰਾ ਸਕੂਨ ਪ੍ਰਾਪਤ ਹੁੰਦਾ ਹੈ।



*ਕਿਰਤਨ ਕਰ ਰਹੀਆਂ ਤਿੰਨੋਂ ਭੈਣਾਂ*

# ਸ਼ਹੀਦ ਸਰਾਭਾ ਨੂੰ ਸਮਰਪਿਤ ਮੇਲੇ ਬਾਰੇ ਤਿਆਰੀ ਮੀਟਿੰਗ

**ਫਰਿਜ਼ਨੋ (ਬਿਊਰੋ):** ਸਥਾਨਕ ਸੰਸਥਾ ਇੰਡੋ ਅਮੈਰਿਕਨ ਹੈਰੀਟੇਜ ਫੋਰਮ ਵਲੋਂ ਸ਼ਹੀਦ ਕਰਤਾਰ ਸਿੰਘ ਸਰਾਭਾ ਨੂੰ ਸਮਰਪਿਤ ਕਰਵਾਏ ਜਾਣ ਵਾਲੇ ਮੇਲੇ ਬਾਰੇ ਸੰਸਥਾ ਦੇ ਅਹੁਦੇਦਾਰਾਂ ਅਤੇ ਸਹਿਯੋਗੀਆਂ ਦੀ ਇਕ ਅਹਿਮ ਮੀਟਿੰਗ ਸੰਸਥਾ ਦੇ ਪ੍ਰਧਾਨ ਸ. ਗੁਰਦੀਪ ਸਿੰਘ ਗਿੱਲ ਘੋਲੀਆਂ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿਚ ਮੇਲੇ ਦੀਆਂ ਤਿਆਰੀਆਂ ਸਬੰਧੀ ਵਿਚਾਰਾਂ ਹੋਈਆਂ ਅਤੇ ਪ੍ਰਬੰਧਾਂ ਦੀਆਂ ਵੱਖ ਵੱਖ ਜ਼ਿੰਮੇਵਾਰੀਆਂ ਸੌਂਪੀਆਂ ਗਈਆਂ।

ਸੰਸਥਾ ਵਲੋਂ ਜਾਰੀ ਬਿਆਨ ਅਨੁਸਾਰ ਸੰਸਥਾ ਦਾ 15ਵਾਂ ਮੇਲਾ ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਉਨ੍ਹਾਂ ਦੇ ਸਾਥੀਆਂ ਦੀ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਹੋਵੇਗਾ ਅਤੇ ਮੇਲਾ ਰੀਜੈਂਸੀ ਪੈਲੇਸ ਕੋਲੰਬਸ (ਫਰਿਜ਼ਨੋ) ਵਿਖੇ 29 ਮਾਰਚ, ਦਿਨ ਐਤਵਾਰ ਨੂੰ ਦੁਪਹਿਰ 12 ਵਜੇ ਤੋਂ ਸ਼ਾਮ 7 ਵਜੇ ਤੱਕ ਹੋਵੇਗਾ। ਇਸ ਮੌਕੇ ਬੁਲਾਰੇ ਅਤੇ ਬੁੱਧੀਜੀਵੀ ਆਪਣੇ ਵਿਚਾਰ ਪੇਸ਼ ਕਰਨਗੇ, ਲੋਕ ਗਾਇਕ ਸ਼ਹੀਦਾਂ ਦੀ ਸ਼ਹਾਦਤ ਦਾ ਬਿਰਤਾਂਤ ਸੰਗੀਤਕ ਵੰਨਗੀਆਂ ਵਿਚ ਪੇਸ਼ ਕਰਨਗੇ। ਬੱਚਿਆਂ ਵਲੋਂ ਗਿੱਧਾ, ਭੰਗੜਾ ਆਦਿ ਦਾ ਪ੍ਰੋਗਰਾਮ ਪੇਸ਼ ਹੋਵੇਗਾ। ਮੇਲੇ ਦੇ ਮੁੱਖ ਮਹਿਮਾਨ ਅਖਬਾਰ 'ਨਵਾਂ ਜ਼ਮਾਨਾ' ਦੇ ਸੰਯੁਕਤ ਸੰਪਾਦਕ ਸ੍ਰੀ ਜਤਿੰਦਰ ਪੰਨੂੰ ਹੋਣਗੇ।

ਪ੍ਰਬੰਧਕਾਂ ਅਨੁਸਾਰ ਮਹਾਨ ਗਦਰੀ ਬਾਬਾ ਜਵਾਲਾ ਸਿੰਘ ਠੱਠੀਆਂ ਦੀਆਂ ਹੱਥ ਲਿਖਤਾਂ ਦੇ ਸੰਗ੍ਰਿਹ ਦੀ ਕਿਤਾਬ ਜੋ ਸੰਸਥਾ ਦੇ ਸਹਿਯੋਗ ਨਾਲ ਸ੍ਰੀ ਚਰੰਜੀ ਲਾਲ ਵਲੋਂ ਸੰਪਾਦਿਤ ਕੀਤੀ ਗਈ ਹੈ, ਵੀ ਮੇਲੇ ਦੌਰਾਨ ਲੋਕ ਅਰਪਿਤ ਕੀਤੀ ਜਾਵੇਗੀ। ਮੇਲੇ ਵਾਲੇ ਦਿਨ ਦੁਪਹਿਰ 12 ਵਜੇ ਤੋਂ ਇਕ ਵਜੇ ਤੱਕ ਬੱਚਿਆਂ ਵਲੋਂ ਖਾਸ ਪ੍ਰੋਗਰਾਮ ਹੋਵੇਗਾ ਜਿਸ ਦੌਰਾਨ ਕੋਈ ਵੀ ਬੱਚਾ ਹਿੱਸਾ ਲੈ ਸਕਦਾ ਹੈ।



# ਕੀਨੀਆਈ ਸੰਸਦ ਮੈਂਬਰ ਦੀ ਹੱਤਿਆ

**ਨੈਰੋਬੀ:** ਕੀਨੀਆ ਦੀ ਸੱਤਾਧਾਰੀ ਜੁਬਲੀ ਕੁਲੀਸ਼ਨ ਦੇ ਸੰਸਦ ਮੈਂਬਰ ਜਾਰਜ ਮੁਸ਼ਈ ਦੀ ਹੱਤਿਆ ਕਰ ਦਿੱਤੀ ਗਈ।

ਇਸ ਹਮਲੇ ਵਿਚ ਉਨ੍ਹਾਂ ਦੇ ਦੋ ਬਾਡੀਗਾਰਡ ਤੇ ਡਰਾਈਵਰ ਵੀ ਮਾਰਿਆ ਗਿਆ। ਹਮਲੇ ਵੇਲੇ ਉਹ ਆਪਣੇ ਪਰਿਵਾਰ ਦੇ ਕੁਝ ਮੈਂਬਰਾਂ ਨੂੰ ਇਕ ਰੈਸਟੋਰੈਂਟ ਵਿਚ ਮਿਲ ਕੇ ਆ ਰਿਹਾ ਸੀ।


DHOL RADIO

WEBSITE - DHOLRADIO.CO

DHOL RADIO

ਪਿੰਡ ਤੋਂ ਚੱਲਣ ਵਾਲਾ ਦੁਨੀਆਂ ਦਾ ਪਹਿਲਾ ਪੰਜਾਬੀ ਰੇਡੀਓ

REQUEST SONG
MUSIC 24/7
LISTEN ON PHONE

ਹੁਣ ਸ਼ਿਕਾਗੋ ਤੋਂ

Application For Android and iPhone - Dhol Radio

LIVE CALLS ➡ USA 951-824-6365

skype - DHOLRADIO.ORG

LISTEN BY CALL ➡ USA 702-489-0211

Sukhpal Gill
10 pm to 12 am (IST)

Puran singh waraich
2:30 pm to 4 pm (IST)



## The Anu Attorney Immigration Law Firm
## Law offices of Anu Peshawaria

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



**Anu Peshawaria**
*Attorney at Law*
*Licensed to practice Immigration & Bankruptcy in all 50 states.*
More than 20 year experience in US immigration & Indian law

US IMMIGRATION
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

FAMILY LAW
*Divorce *Annulment
*International Custody

INCORPORATIONS
*International Contracts, Mergers
*Attorney Supreme Court of India
*Bankruptcy Consultation & Filing

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801, Pine Street, # 24 C, Seattle, Washington 98101
Offices: Seattle, WA *Fremont, CA *UK *Canada *India

Weekends & Evening Appointments Available



## GLOBAL FREIGHT EXPERTS



1950 E Miner Ave. Stockton, CA

ਡਰਾਈਵਰਾਂ ਅਤੇ Owner Operators ਦੀ ਲੋੜ ਹੈ। ਡਰਾਈਵਰਾਂ ਨੂੰ Dry VAN ਲਈ ਘੱਟੋ ਘੱਟ ਤਨਖ਼ਾਹ 38cents/mile

- ਹੁੱਕ ਡਰਾਪ ਅਤੇ ਲਾਈਵ ਲੋਡ
- ਸਮੇਂ ਸਿਰ ਅਦਾਇਗੀ
- Fuel Advance
- ਤੁਸੀਂ ਸਾਡੇ ਟਰੇਲਰ ਵੀ Pull ਕਰ ਸਕਦੇ ਹੋ
- CA ਤੋਂ AB, BC, OR ਅਤੇ WA ਅਤੇ ਵਾਪਸ CA
- ਸੌਖਾ ਕੰਮ ਤੇ ਚੰਗੇ ਪੈਸੇ

ਸੰਪਰਕ ਕਰੋ
ਰਾਜ
(209) 547-9210
ਲਖਵੀਰ
(209) 922-9696

GLOBAL FREIGHT EXPERTS INC
Email : raj@gfbontime.com, Web : www.gfbontime.com

# ਸ਼ਹਿਰੀ ਸੰਸਥਾਵਾਂ ਦੇ ਚੋਣ ਬਿਗਲ ਪਿੱਛੋਂ ਸਿਆਸੀ ਸਰਗਰਮੀ ਭਖੀ

**ਚੰਡੀਗੜ੍ਹ:** ਪੰਜਾਬ ਵਿਚ ਮਿਉਂਸਿਪਲ ਕਮੇਟੀਆਂ ਤੇ ਨਗਰ ਨਿਗਮ ਚੋਣਾਂ ਦਾ ਬਿਗਲ ਵੱਜਦੇ ਹੀ ਸਿਆਸੀ ਸਰਗਰਮੀਆਂ ਨੇ ਜ਼ੋਰ ਫੜ ਲਿਆ ਹੈ। ਹਾਕਮ ਪਾਰਟੀਆਂ ਸਮੇਤ ਸਮੁੱਚੀਆਂ ਰਾਜਸੀ ਧਿਰਾਂ ਨੇ ਜ਼ੋਰ-ਅਜ਼ਮਾਈ ਸ਼ੁਰੂ ਕਰ ਦਿੱਤੀ ਹੈ। ਕਾਂਗਰਸ ਵਲੋਂ ਜਿਥੇ ਆਪਣੇ ਖੁੱਸੇ ਆਧਾਰ ਨੂੰ ਕਾਇਮ ਕਰਨ ਲਈ ਇਨ੍ਹਾਂ ਚੋਣਾਂ ਨੂੰ ਇਕ ਸਿਆਸੀ ਮੌਕੇ ਵਜੋਂ ਵੇਖਿਆ ਜਾ ਰਿਹਾ ਹੈ, ਉਥੇ ਹੀ ਭਾਰਤੀ ਜਨਤਾ ਪਾਰਟੀ ਨੇ ਲੋਕ ਸਭਾ ਚੋਣਾਂ ਮਗਰੋਂ ਵਧੇ ਹੋਏ ਆਧਾਰ ਨੂੰ ਪਰਖਣ ਲਈ ਸ਼ਹਿਰੀ ਸੰਸਥਾਵਾਂ ਦੀਆਂ ਚੋਣਾਂ ਵੱਕਾਰ ਦਾ ਸਵਾਲ ਬਣਾ ਲਈਆਂ ਹਨ। ਹਾਕਮ ਪਾਰਟੀਆਂ ਲਈ ਵੱਡੀ ਚੁਣੌਤੀ ਇਹ ਹੈ ਕਿ ਸ਼ਹਿਰਾਂ ਵਿਚ ਸ਼੍ਰੋਮਣੀ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਦੇ ਵਰਕਰ ਆਹਮੋ-ਸਾਹਮਣੇ ਹਨ।




ਮਿਉਂਸਿਪਲ ਕਮੇਟੀਆਂ ਦੀਆਂ 25 ਫਰਵਰੀ ਨੂੰ ਹੋਣ ਵਾਲੀਆਂ ਚੋਣਾਂ ਲਈ 13 ਫਰਵਰੀ ਤੱਕ ਕਾਗਜ਼ ਭਰੇ ਜਾਣਗੇ, 14 ਫਰਵਰੀ ਨੂੰ ਕਾਗਜ਼ਾਂ ਦੀ ਪੜਤਾਲ ਹੋਵੇਗੀ ਤੇ 16 ਫਰਵਰੀ ਨੂੰ ਚੋਣ ਨਿਸ਼ਾਨ ਅਲਾਟ ਕਰ ਦਿੱਤੇ ਜਾਣਗੇ। ਸੂਬੇ ਦੇ ਛੇ ਸ਼ਹਿਰਾਂ- ਬਠਿੰਡਾ, ਮੁਹਾਲੀ, ਪਠਾਨਕੋਟ, ਮੋਗਾ, ਫਗਵਾੜਾ ਤੇ ਹੁਸ਼ਿਆਰਪੁਰ ਦੇ ਕੌਂਸਲਰਾਂ ਦੀ ਚੋਣ ਲਈ ਵੋਟਾਂ 22 ਫਰਵਰੀ ਨੂੰ ਪੈਣਗੀਆਂ ਤੇ ਵੋਟਾਂ ਦੀ ਗਿਣਤੀ 26 ਫਰਵਰੀ ਨੂੰ ਹੋਵੇਗੀ। ਸ਼ਹਿਰਾਂ ਵਿਚ ਵਾਰਡਾਂ ਦੀ ਵੰਡ ਦੇ ਮਾਮਲੇ 'ਤੇ ਸ਼੍ਰੋਮਣੀ ਅਕਾਲੀ ਦਲ ਨੇ ਦੋ ਦਹਾਕੇ ਪੁਰਾਣੇ ਫਾਰਮੂਲੇ ਨੂੰ ਆਧਾਰ ਬਣਾ ਕੇ ਭਾਜਪਾ ਨੂੰ ਸੀਟਾਂ ਛੱਡਣ ਦਾ ਫੈਸਲਾ ਲਿਆ ਹੈ ਪਰ ਭਾਜਪਾ ਵਲੋਂ 'ਦਿਲ ਮਾਂਗੇ ਮੋਰ' ਵਾਲੀ ਲੀਹ ਉਤੇ ਚਲਦਿਆਂ ਭਾਈਵਾਲਾਂ ਨਾਲ ਹੀ ਲਕੀਰਾਂ ਖਿੱਚੀਆਂ ਜਾ ਰਹੀਆਂ ਹਨ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਭਾਜਪਾ ਦੇ ਸੂਬਾ ਪ੍ਰਧਾਨ ਕਮਲ ਸ਼ਰਮਾ ਸ਼ਹਿਰੀ ਸੰਸਥਾਵਾਂ ਦੀਆਂ ਚੋਣਾਂ ਦੇ ਮੁੱਦੇ 'ਤੇ ਦੋਹਾਂ ਪਾਰਟੀਆਂ ਵਿਚਕਾਰ ਕੋਈ ਮੱਤਭੇਦ ਨਾ ਹੋਣ ਦਾ ਦਾਅਵਾ ਕਰ ਰਹੇ ਹਨ ਪਰ ਜ਼ਮੀਨੀ ਹਕੀਕਤਾਂ ਕੁਝ ਹੋਰ ਹੀ ਬਿਆਨ ਕਰ ਰਹੀਆਂ ਹਨ।

ਸ਼੍ਰੋਮਣੀ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਵਿਚਕਾਰ ਚੱਲ ਰਹੀ ਖਿੱਚੋਤਾਣ ਕਾਰਨ ਸ਼ਹਿਰਾਂ ਵਿਚ ਹਾਲਾਤ ਅਜਿਹੇ ਬਣ ਗਏ ਹਨ ਕਿ ਬਹੁਗਿਣਤੀ ਸ਼ਹਿਰਾਂ ਵਿਚ ਦੋਹਾਂ ਪਾਰਟੀਆਂ ਨੇ ਸਮੁੱਚੇ ਵਾਰਡਾਂ 'ਤੇ ਆਪੋ ਆਪਣੇ ਉਮੀਦਵਾਰ ਖੜ੍ਹੇ ਕਰਨ ਦਾ ਫੈਸਲਾ ਲੈ ਲਿਆ ਹੈ। ਦੁਆਬੇ ਦੇ ਕਈ ਸ਼ਹਿਰਾਂ ਵਿਚ ਭਾਜਪਾ ਵਲੋਂ ਜ਼ਿਆਦਾ ਆਧਾਰ ਹੋਣ ਦਾ ਦਾਅਵਾ ਕੀਤੇ ਜਾਣ ਕਾਰਨ ਵਾਰਡਾਂ ਵਿਚ ਵੱਧ ਹਿੱਸਾ ਮਿਲ ਜਾਂਦਾ ਸੀ ਪਰ ਮਾਲਵੇ ਵਿਚ ਸਥਿਤੀ ਵੱਖਰੀ ਹੈ। ਸੂਬੇ ਦੇ ਇਸ ਖਿੱਤੇ ਨਾਲ ਸਬੰਧਿਤ ਕਈ ਜ਼ਿਲ੍ਹਿਆਂ- ਮੁਹਾਲੀ, ਪਟਿਆਲਾ, ਸੰਗਰੂਰ, ਬਰਨਾਲਾ, ਫਤਹਿਗੜ੍ਹ ਸਾਹਿਬ, ਮਾਨਸਾ, ਸੰਗਰੂਰ, ਮੋਗਾ, ਫਰੀਦਕੋਟ ਤੇ ਮੁਕਤਸਰ ਵਿਚ ਭਾਜਪਾ ਵਲੋਂ ਕੋਈ ਵਿਧਾਇਕ ਖੜ੍ਹਾ ਨਹੀਂ ਕੀਤਾ ਜਾਂਦਾ। ਇਸ ਲਈ ਇਸ ਖੇਤਰ ਵਿਚ ਭਗਵਾਂ ਪਾਰਟੀ ਦਾ ਅਧਾਰ ਘੱਟ ਮੰਨਿਆ ਜਾਂਦਾ ਹੈ। ਲੋਕ ਸਭਾ ਚੋਣਾਂ ਮਗਰੋਂ ਭਾਜਪਾ ਨੇ ਮਾਲਵਾ ਵਿਚ ਪੈਰਾਂ ਸਿਰ ਹੋਣ ਦੇ ਦਾਅਵੇ ਕਰਦਿਆਂ ਸ਼ਹਿਰੀ ਸੰਸਥਾਵਾਂ ਦੀਆਂ ਚੋਣਾਂ ਦੌਰਾਨ ਜ਼ੋਰ-ਅਜ਼ਮਾਈ ਕਰਨ ਦਾ ਫੈਸਲਾ ਲਿਆ ਹੈ।

## ਭਾਜਪਾ ਨਾਲ ਮੁਕੰਮਲ ਸਮਝੌਤਾ: ਬਾਦਲ



**ਸੰਗਰੂਰ:** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਦਾਅਵਾ ਕੀਤਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਤੇ ਭਾਜਪਾ ਵਿਚਕਾਰ ਨਗਰ ਨਿਗਮ ਤੇ ਨਗਰ ਕੌਂਸਲ ਚੋਣਾਂ ਬਾਰੇ 90 ਫੀਸਦੀ ਸਮਝੌਤਾ ਹੋ ਚੁੱਕਾ ਹੈ ਤੇ ਦੋਵੇਂ ਪਾਰਟੀਆਂ ਪਹਿਲੇ ਫਾਰਮੂਲੇ ਦੇ ਆਧਾਰ 'ਤੇ ਹੀ ਸਾਂਝੇ ਤੌਰ ਉਤੇ ਚੋਣਾਂ ਲੜਨਗੀਆਂ। ਧੂਰੀ ਹਲਕੇ ਦੇ ਪਿੰਡ ਮੂਲੋਵਾਲ ਵਿਖੇ ਸੰਗਤ ਦਰਸ਼ਨ ਦੌਰਾਨ ਸ. ਬਾਦਲ ਨੇ ਕਿਹਾ ਕਿ ਦੋਵੇਂ ਪਾਰਟੀਆਂ ਆਪੋ ਆਪਣੇ ਚੋਣ ਨਿਸ਼ਾਨ 'ਤੇ ਮੈਦਾਨ ਵਿਚ ਉਤਰਨਗੀਆਂ।


ਪਾਰਟੀ ਦੇ ਬਾਗੀ ਉਮੀਦਵਾਰਾਂ ਨੂੰ ਸੂਬਾਈ ਲੀਡਰਸ਼ਿਪ ਵਲੋਂ ਖੁੱਲ੍ਹਮ ਖੁੱਲ੍ਹੀ ਸ਼ਹਿ ਦਿੱਤੀ ਜਾ ਰਹੀ ਹੈ। ਉਧਰ ਅਕਾਲੀ ਦਲ ਦੇ ਸੂਤਰਾਂ ਅਨੁਸਾਰ ਪਾਰਟੀ ਦੇ ਸੀਨੀਅਰ ਆਗੂਆਂ ਨੇ ਵੀ ਦਲ ਦੇ ਜ਼ਿਲ੍ਹਾ ਪ੍ਰਧਾਨਾਂ ਨੂੰ ਭਾਈਵਾਲ ਪਾਰਟੀ ਅੱਗੇ ਲੋੜੋਂ ਵੱਧ ਨਾ ਝੁਕਣ ਦੀਆਂ ਹਦਾਇਤਾਂ ਦਿੱਤੀਆਂ ਹਨ। ਨਵੀਂ ਦਿੱਲੀ ਵਿਧਾਨ ਸਭਾ ਚੋਣਾਂ ਕਾਰਨ ਦੋਹਾਂ ਪਾਰਟੀਆਂ ਦਰਮਿਆਨ ਚੱਲ ਰਹੀ ਖਿੱਚੋਤਾਣ ਨੂੰ ਇਕ ਵਾਰੀ ਬਰੇਕਾਂ ਲੱਗ ਗਈਆਂ ਸਨ ਪਰ ਸ਼ਹਿਰੀ ਸੰਸਥਾਵਾਂ ਦੀਆਂ ਚੋਣਾਂ ਦਾ ਮਾਹੌਲ ਗਰਮ ਹੁੰਦਿਆਂ ਹੀ ਭਾਜਪਾ ਨੇ ਪਰ ਤੋਲਣੇ ਸ਼ੁਰੂ ਕਰ ਦਿੱਤੇ ਹਨ। ਦੁਆਬੇ ਤੇ ਮਾਝੇ ਦੇ ਕਈ ਸ਼ਹਿਰਾਂ ਵਿਚ ਵੀ ਅਕਾਲੀ, ਭਾਜਪਾਈ ਆਹਮੋ-ਸਾਹਮਣੇ ਹਨ।

ਭਾਜਪਾ ਦੇ ਇਕ ਮੰਤਰੀ ਨੇ ਆਪਣਾ ਨਾਂ ਗੁਪਤ ਰੱਖਦਿਆਂ ਕਿਹਾ ਕਿ ਲੋਕ ਸਭਾ ਚੋਣਾਂ ਮਗਰੋਂ ਜਿਸ ਤਰ੍ਹਾਂ ਪਾਰਟੀ ਕੌਮੀ ਪੱਧਰ 'ਤੇ ਮਜ਼ਬੂਤ ਹੋ ਕੇ ਉਭਰੀ ਹੈ, ਉਸ ਦਾ ਅਸਰ ਪੰਜਾਬ ਵਿਚ ਵੀ ਹੋਇਆ ਹੈ। ਇਸ ਲਈ ਲੋਕ ਸਭਾ ਚੋਣਾਂ ਪਿੱਛੋਂ ਪਹਿਲੀ ਵਾਰ ਪਾਰਟੀ ਦੇ ਵਿਸਥਾਰ ਦਾ ਮੌਕਾ ਮਿਲਿਆ ਹੈ। ਸ਼ਹਿਰੀ ਸੰਸਥਾਵਾਂ ਦੀਆਂ ਚੋਣਾਂ ਪਾਰਟੀ ਦੇ ਵਿਸਥਾਰ ਲਈ ਅਹਿਮ ਮੌਕਾ ਹਨ। ਇਸ ਲਈ ਭਾਜਪਾ ਇਹ ਮੌਕਾ ਖੁੰਝਾਉਣਾ ਨਹੀਂ ਚਾਹੁੰਦੀ। ਸ਼੍ਰੋਮਣੀ ਅਕਾਲੀ ਦਲ ਦੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਦੋਹਾਂ ਪਾਰਟੀਆਂ ਨੇ ਹੇਠਲੇ ਪੱਧਰ 'ਤੇ ਸਪਸ਼ਟ ਹਦਾਇਤਾਂ ਦਿੱਤੀਆਂ ਹਨ ਕਿ ਪੁਰਾਣੇ ਫਾਰਮੂਲੇ ਤਹਿਤ ਉਮੀਦਵਾਰ ਖੜ੍ਹੇ ਕੀਤੇ ਜਾਣ। ਉਨ੍ਹਾਂ ਕਿਹਾ ਕਿ ਮਿਉਂਸਿਪਲ ਚੋਣਾਂ ਦਾ ਅਮਲ ਅਜੇ ਸ਼ੁਰੂ ਹੀ ਹੋਇਆ ਹੈ, ਜਿਥੇ ਕਿਤੇ ਸਮੱਸਿਆ ਹੈ ਉਸ ਨੂੰ ਹੱਲ ਕਰ ਲਿਆ ਜਾਵੇਗਾ। ਡਾ. ਚੀਮਾ ਨੇ ਕਿਹਾ ਕਿ ਇਨ੍ਹਾਂ ਚੋਣਾਂ ਬਾਰੇ ਦੋਹਾਂ ਭਾਈਵਾਲ ਪਾਰਟੀਆਂ ਦੇ ਆਗੂਆਂ ਦੀ ਤਾਲਮੇਲ ਕਮੇਟੀ ਵੀ ਬਣਾਈ ਗਈ ਹੈ।

# ਖਾਨਾਪੂਰਤੀ ਤੋਂ ਵੱਧ ਕੁਝ ਨਹੀਂ ਮਿਉਂਸਿਪਲ ਕਮੇਟੀਆਂ ਦੀਆਂ ਚੋਣਾਂ

**ਚੰਡੀਗੜ੍ਹ:** ਪੰਜਾਬ ਵਿਚ ਸ਼ਹਿਰੀ ਸੰਸਥਾਵਾਂ ਦੀਆਂ ਚੋਣਾਂ ਮਹਿਜ਼ ਵਿਧਾਨਕ ਖਾਨਾਪੂਰਤੀ ਬਣ ਕੇ ਰਹਿ ਗਈਆਂ ਹਨ। ਸਰਕਾਰ ਵਲੋਂ ਵਿੱਤ ਕਮਿਸ਼ਨ ਦੀਆਂ ਸਿਫਾਰਸ਼ਾਂ ਮੁਤਾਬਕ ਇਨ੍ਹਾਂ ਸੰਸਥਾਵਾਂ ਨੂੰ ਗਰਾਂਟਾਂ ਨਹੀਂ ਦਿੱਤੀਆਂ ਜਾਂਦੀਆਂ ਤੇ ਸੰਵਿਧਾਨ ਦੀ 73ਵੀਂ ਸੋਧ ਨਾਲ ਮਿਲੀਆਂ ਸ਼ਕਤੀਆਂ ਵੀ ਵਾਪਸ ਲੈ ਲਈਆਂ ਹਨ। ਸੂਬੇ ਦੇ ਪਿੰਡਾਂ ਵਿਚੋਂ ਹਰ ਸਾਲ ਇਕ ਫ਼ੀਸਦੀ ਵਸੋਂ ਸ਼ਹਿਰਾਂ ਵਿਚ ਆ ਕੇ ਵਸ ਰਹੀ ਹੈ ਪਰ ਯੋਜਨਾਬੰਦੀ ਦੀ ਭਾਰੀ ਘਾਟ ਕਾਰਨ ਸ਼ਹਿਰ ਵਧ ਰਹੀ ਆਬਾਦੀ ਦਾ ਬੋਝ ਝੱਲਣ ਦੇ ਅਸਮਰੱਥ ਹਨ।

ਸੂਬੇ ਵਿਚ ਇਨ੍ਹਾਂ ਚੋਣਾਂ ਲਈ ਮਾਹੌਲ ਇਕ ਵਾਰੀ ਫਿਰ ਗਰਮ ਹੋ ਗਿਆ ਹੈ। ਸਰਕਾਰ ਵਲੋਂ 129 ਸ਼ਹਿਰੀ ਸੰਸਥਾਵਾਂ ਦੀਆਂ ਚੋਣਾਂ ਕਰਾਈਆਂ ਜਾ ਰਹੀਆਂ ਹਨ। ਇਨ੍ਹਾਂ ਚੋਣਾਂ ਨੂੰ ਲੈ ਕੇ ਸਰਕਾਰ ਦਾ ਵਤੀਰਾ ਕੁਝ ਇਸ ਤਰ੍ਹਾਂ ਦਾ ਹੈ ਜਿਵੇਂ ਗਲ ਪਿਆ ਢੋਲ ਵਜਾਉਣਾ ਪੈ ਰਿਹਾ ਹੋਵੇ। ਅਕਾਲੀ-ਭਾਜਪਾ ਸਰਕਾਰ ਨੇ ਜੁਲਾਈ 2013 ਵਿਚ ਚੁਣੇ ਨੁਮਾਇੰਦਿਆਂ ਦੀ ਥਾਂ ਅਫ਼ਸਰਸ਼ਾਹੀ ਨੂੰ ਨਗਰ ਪਾਲਿਕਾਵਾਂ ਦਾ ਕੰਟਰੋਲ ਦੇ ਦਿੱਤਾ ਸੀ। ਵਿਧਾਨਕ ਤੌਰ ਉਤੇ ਪੰਜ ਸਾਲ ਦੀ ਮਿਆਦ ਖ਼ਤਮ ਹੋਣ ਤੋਂ ਪਹਿਲਾਂ ਚੋਣਾਂ ਕਰਾਈਆਂ ਜਾਣੀਆਂ ਚਾਹੀਦੀਆਂ ਸਨ ਪਰ ਹਾਕਮ ਪਾਰਟੀਆਂ ਦੀਆਂ ਗਿਣਤੀਆਂ-ਮਿਣਤੀਆਂ ਨੇ ਜਮਹੂਰੀਅਤ ਦੀ ਨੀਂਹ ਮੰਨੀਆਂ



ਜਾਂਦੀਆਂ ਇਨ੍ਹਾਂ ਸੰਸਥਾਵਾਂ ਨੂੰ ਚੁਣੇ ਨੁਮਾਇੰਦਿਆਂ ਤੋਂ ਡੇਢ ਸਾਲ ਦੇ ਸਮੇਂ ਤੱਕ ਦੂਰ ਰੱਖਿਆ। ਸਰਕਾਰ ਨੂੰ ਪੰਜਾਬ ਤੇ ਹਰਿਆਣਾ ਹਾਈਕੋਰਟ ਦੀ ਘੁਰਕੀ ਕਾਰਨ ਮਿਉਂਸਿਪਲ ਤੇ ਨਗਰ ਨਿਗਮ ਚੋਣਾਂ ਕਰਾਉਣ ਦਾ ਅੱਕ ਚੱਬਣਾ ਪਿਆ ਹੈ। ਰਾਜ ਦੇ ਸ਼ਹਿਰਾਂ ਦੀ ਹਾਲਤ ਕਿਸੇ ਤੋਂ ਲੁਕੀ ਹੋਈ ਨਹੀਂ ਹੈ। ਸੜਕਾਂ, ਸੀਵਰੇਜ, ਪੀਣ ਵਾਲੇ ਸ਼ੁੱਧ ਪਾਣੀ, ਸੜਕੀ ਰੌਸ਼ਨੀ ਤੇ ਹੋਰਨਾਂ ਬੁਨਿਆਦੀ ਸਹੂਲਤਾਂ ਨਾਲ ਸੂਬੇ ਦੀ ਸ਼ਹਿਰੀ ਵਸੋਂ ਨੂੰ ਵੀ ਦੋ ਚਾਰ ਹੋਣਾ ਪੈ ਰਿਹਾ ਹੈ। ਸ਼ਹਿਰਾਂ ਦੀ 40 ਫੀਸਦੀ ਆਬਾਦੀ ਨੂੰ ਸੀਵਰੇਜ ਦੀ ਸਹੂਲਤ ਨਹੀਂ ਮਿਲੀ ਤੇ 12 ਫੀਸਦੀ ਆਬਾਦੀ ਨੂੰ ਪੀਣ ਵਾਲਾ ਪਾਣੀ ਨਹੀਂ ਮਿਲ ਰਿਹਾ। ਇਸੇ ਤਰ੍ਹਾਂ 50 ਫੀਸਦੀ ਸ਼ਹਿਰਾਂ ਵਿਚ ਅੱਗ ਬੁਝਾਊ ਯੰਤਰ ਫੇਲ੍ਹ ਹਨ। ਰਾਜ ਸਰਕਾਰ ਵਲੋਂ ਸ਼ਹਿਰੀ ਖੇਤਰਾਂ ਵਿਚ ਚੁੰਗੀ ਮੁਆਫ਼ ਕਰਨ ਤੋਂ ਬਾਅਦ ਵੈਟ ਦੀ ਵਸੂਲੀ ਦਾ 11 ਫੀਸਦੀ ਹਿੱਸਾ ਸ਼ਹਿਰੀ ਸੰਸਥਾਵਾਂ ਨੂੰ ਦੇਣ ਦੀ ਵਿਵਸਥਾ ਕਾਇਮ ਕੀਤੀ ਗਈ ਸੀ।

ਇਕ ਅੰਦਾਜ਼ੇ ਮੁਤਾਬਕ ਸ਼ਹਿਰੀ ਸੰਸਥਾਵਾਂ ਨੂੰ ਸਰਕਾਰ ਵਲੋਂ 1300 ਕਰੋੜ ਰੁਪਏ ਦੇ ਕਰੀਬ ਦੀ ਵਿੱਤੀ ਮਦਦ ਵੈਟ ਦੀ ਵਸੂਲੀ ਵਿਚੋਂ ਚਲੰਤ ਮਾਲੀ ਸਾਲ ਦੌਰਾਨ ਦਿੱਤੀ ਗਈ। ਸਰਕਾਰ ਵਲੋਂ ਲਾਏ ਗਏ ਪ੍ਰਾਪਰਟੀ ਟੈਕਸ ਤੋਂ ਮਿਉਂਸਿਪਲ ਕਮੇਟੀਆਂ ਨੂੰ 300 ਕਰੋੜ ਰੁਪਏ ਦੇ ਕਰੀਬ ਦਾ ਮਾਲੀਆ ਆਉਣ ਦੀ ਉਮੀਦ ਹੈ। ਇਸ ਪੈਸੇ ਨਾਲ ਮੁਲਾਜ਼ਮਾਂ ਦੀਆਂ ਤਨਖਾਹਾਂ ਵੀ ਅਦਾ ਨਹੀਂ ਕੀਤੀਆਂ ਜਾ ਰਹੀਆਂ, ਵਿਕਾਸ ਕਾਰਜ ਤਾਂ ਦੂਰ ਦੀ ਗੱਲ ਹਨ। ਕਾਰਜ ਸਾਧਕ ਅਫ਼ਸਰਾਂ ਵਲੋਂ ਸੇਵਾਮੁਕਤੀ ਦੇ ਸਮੇਂ ਕਮਾਈ ਵਾਲੀ ਮਿਉਂਸਿਪਲ ਕਮੇਟੀ ਵਿਚ ਬਦਲੀ ਕਰਵਾ ਲਈ ਜਾਂਦੀ ਹੈ ਤਾਂ ਜੋ ਸੇਵਾਮੁਕਤੀ ਲਾਭ ਤੇ ਪੈਨਸ਼ਨ ਆਦਿ ਲੈ ਸਕਣ। ਮਿਉਂਸਿਪਲ ਕਮੇਟੀਆਂ ਸੇਵਾਮੁਕਤੀ ਲਾਭ ਦੇਣ ਜੋਗੀਆਂ ਵੀ ਨਹੀਂ। ਪੀਣ ਵਾਲੇ ਪਾਣੀ ਤੇ ਸੀਵਰੇਜ ਤੋਂ ਵਸੂਲੀ ਕੁੱਲ ਖਰਚ ਦਾ ਮਸਾਂ 25 ਫੀਸਦੀ ਹੀ ਹੁੰਦੀ ਹੈ।

ਰਾਜ ਸਰਕਾਰ ਵਲੋਂ ਵੱਡੇ ਸ਼ਹਿਰਾਂ ਲਈ ਜਵਾਹਰ ਲਾਲ ਨਹਿਰੂ ਅਰਬਨ ਰਿਨਿਊਲ ਮਿਸ਼ਨ ਤਹਿਤ ਗਰਾਂਟਾਂ ਨਾ ਲੈਣ ਕਾਰਨ ਵੱਡੀ ਮਾਰ ਝੱਲਣੀ ਪਈ। ਸਰਕਾਰ ਨੇ ਇਸ ਮਿਸ਼ਨ ਤਹਿਤ 500 ਕਰੋੜ ਰੁਪਏ ਦੀ ਗਰਾਂਟ ਦਾ ਘਾਟਾ ਝੱਲ ਕੇ ਹੁਡਕੋ ਤੋਂ 1800 ਕਰੋੜ ਰੁਪਏ ਦਾ ਕਰਜ਼ਾ ਲੈ ਲਿਆ। ਸ਼ਹਿਰਾਂ ਵਿਚ ਫਾਇਰ ਬ੍ਰਿਗੇਡ ਸਿਸਟਮ ਤਹਿਸ-ਨਹਿਸ ਹੋਇਆ ਪਿਆ ਹੈ। ਸਿਆਸੀ ਪਾਰਟੀਆਂ ਦੀ ਛਤਰ ਛਾਇਆ ਹੇਠ ਗ਼ੈਰਕਾਨੂੰਨੀ ਕਾਲੋਨੀਆਂ ਦੀ ਫਸਲ ਹਰ ਇਕ ਸ਼ਹਿਰ ਵਿਚ ਦੇਖੀ ਜਾ ਸਕਦੀ ਹੈ। ਇਕ ਅੰਦਾਜ਼ੇ ਮੁਤਾਬਕ ਸ਼ਹਿਰਾਂ ਵਿਚ ਦੋ ਹਜ਼ਾਰ ਦੇ ਕਰੀਬ ਨਾਜਾਇਜ਼ ਕਾਲੋਨੀਆਂ ਹਨ ਜਿਥੇ ਮੁਢਲੀਆਂ ਸਹੂਲਤਾਂ ਵੀ ਨਹੀਂ।

## ਪਾਰਟੀਆਂ ਆਪਣੇ ਚੋਣ ਨਿਸ਼ਾਨ 'ਤੇ ਲੜਨਗੀਆਂ ਮਿਉਂਸਿਪਲ ਚੋਣਾਂ

**ਚੰਡੀਗੜ੍ਹ:** ਪੰਜਾਬ ਵਿਚ ਕਾਂਗਰਸ, ਭਾਰਤੀ ਜਨਤਾ ਪਾਰਟੀ (ਭਾਜਪਾ) ਤੇ ਸ਼੍ਰੋਮਣੀ ਅਕਾਲੀ ਦਲ ਨੇ ਇਸ ਵਾਰ ਨਗਰ ਨਿਗਮ, ਨਗਰ ਕੌਂਸਲ ਤੇ ਨਗਰ ਪੰਚਾਇਤ ਚੋਣਾਂ ਆਪੋ-ਆਪਣੀਆਂ ਪਾਰਟੀਆਂ ਦੇ ਚੋਣ ਨਿਸ਼ਾਨ ਉਪਰ ਲੜਨ ਦਾ ਫ਼ੈਸਲਾ ਕੀਤਾ ਹੈ। ਤਿੰਨ ਮੁੱਖ ਪਾਰਟੀਆਂ ਦੇ ਇਸ ਕਦਮ ਨਾਲ ਵਿਧਾਨ ਸਭਾ ਚੋਣਾਂ ਤੋਂ ਦੋ ਵਰ੍ਹੇ ਪਹਿਲਾਂ ਹੀ ਰਾਜ ਵਿਚ ਵਿਆਪਕ ਪੱਧਰ 'ਤੇ ਸਿਆਸੀ ਸਫ਼ਬੰਦੀ ਬਣਨ ਦੇ ਆਸਾਰ ਪੈਦਾ ਹੋ ਗਏ ਹਨ।

ਜ਼ਿਕਰਯੋਗ ਹੈ ਕਿ ਪਹਿਲਾਂ ਪਾਰਟੀਆਂ ਅਕਸਰ ਨਗਰ ਨਿਗਮ ਚੋਣਾਂ ਹੀ ਆਪਣੇ ਚੋਣ ਨਿਸ਼ਾਨ ਉਪਰ ਲੜਦੀਆਂ ਸਨ ਜਦਕਿ ਨਗਰ ਕੌਂਸਲ ਤੇ ਨਗਰ ਪੰਚਾਇਤ ਚੋਣਾਂ ਆਜ਼ਾਦ ਤੌਰ 'ਤੇ ਲੜੀਆਂ ਜਾਂਦੀਆਂ ਸਨ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਪਾਰਟੀ ਦੇ ਉਮੀਦਵਾਰ ਨਗਰ ਨਿਗਮ, ਨਗਰ ਕੌਂਸਲ ਤੇ ਨਗਰ ਪੰਚਾਇਤ ਚੋਣਾਂ ਮੁਕੰਮਲ ਰੂਪ ਵਿਚ ਪਾਰਟੀ ਦੇ ਚੋਣ ਨਿਸ਼ਾਨ 'ਤੇ ਹੀ ਲੜਨਗੇ।

## ਮਾਨ ਦਲ ਵਲੋਂ ਮਿਉਂਸਿਪਲ ਚੋਣਾਂ ਲੜਨ ਦਾ ਐਲਾਨ

**ਫਤਹਿਗੜ੍ਹ ਸਾਹਿਬ:** ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਪਾਰਟੀ ਦੀ ਸੀਨੀਅਰ ਲੀਡਰਸ਼ਿਪ, ਜ਼ਿਲ੍ਹਾ ਜਥੇਦਾਰ, ਅਗਜ਼ੈਕਟਿਵ ਮੈਂਬਰਾਂ ਤੇ ਬੀਤੇ ਸਮੇਂ ਵਿਚ ਗੁਰਦੁਆਰਾ ਚੋਣਾਂ ਵਿਚ ਪਾਰਟੀ ਵਲੋਂ ਖੜ੍ਹੇ ਕੀਤੇ ਗਏ ਸਮੁੱਚੇ ਉਮੀਦਵਾਰਾਂ ਦੀ ਮੀਟਿੰਗ ਹੋਈ ਜਿਸ ਵਿਚ 22 ਤੇ 25 ਫਰਵਰੀ ਨੂੰ ਮਿਉਂਸਪਲ ਚੋਣਾਂ ਵਿਚ ਪਾਰਟੀ ਵਲੋਂ ਕਿਸੇ ਨਾਲ ਵੀ ਗੱਠਜੋੜ ਨਾ ਕਰਕੇ ਆਪਣੇ ਬਲਬੂਤੇ 'ਤੇ ਚੋਣਾਂ ਲੜਨ ਦਾ ਐਲਾਨ ਕੀਤਾ ਗਿਆ ਹੈ।



ਮੀਟਿੰਗ ਵਿਚ ਵਿਸ਼ੇਸ਼ ਤੌਰ 'ਤੇ ਪਹੁੰਚੇ ਪਾਰਟੀ ਦੇ ਕੌਮੀ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਕਿਹਾ ਕਿ ਪਾਰਟੀ ਉੱਚੇ-ਸੁੱਚੇ ਇਖ਼ਲਾਕ ਵਾਲੇ ਉਮੀਦਵਾਰਾਂ ਨੂੰ ਇਨ੍ਹਾਂ ਚੋਣਾਂ ਵਿਚ ਉਤਾਰੇਗੀ ਤੇ ਆਪਣੇ ਤੌਰ 'ਤੇ ਇਹ ਚੋਣਾਂ ਲੜੇਗੀ।

# ਨਗਮ ਚੋਣਾਂ 'ਚ ਸਰਕਾਰ ਨੂੰ ਸਬਕ ਸਿਖਾਉਣ ਦੀ ਤਿਆਰੀ

**ਚੰਡੀਗੜ੍ਹ:** ਕਾਰਪੋਰੇਸ਼ਨ ਚੋਣਾਂ ਦੌਰਾਨ ਅਕਾਲੀ ਦਲ-ਭਾਜਪਾ ਗਠਜੋੜ ਲਈ ਨਵੀਂ ਚੁਣੌਤੀ ਪੈਦਾ ਹੋ ਗਈ ਹੈ। ਪੰਜਾਬ ਵਿਚ ਸ਼ਹਿਰੀ ਸੰਸਥਾਵਾਂ ਦੀਆਂ ਚੋਣਾਂ ਦੇ ਐਲਾਨ ਪਿੱਛੋਂ ਸੂਬੇ ਦੀਆਂ ਵੱਖ-ਵੱਖ ਮੁਲਾਜ਼ਮ ਜਥੇਬੰਦੀਆਂ ਤੇ ਤਿੰਨ ਲੱਖ ਪੈਨਸ਼ਨਰਾਂ ਨੇ ਸਰਕਾਰ ਨੂੰ ਘੇਰਨ ਦੀ ਤਿਆਰੀ ਕਰ ਲਈ ਹੈ। ਪੰਜਾਬ ਤੇ ਯੂ.ਟੀ. ਮੁਲਾਜ਼ਮ ਸੰਘਰਸ਼ ਕਮੇਟੀ ਵਲੋਂ ਤਰਨਤਾਰਨ, ਅੰਮ੍ਰਿਤਸਰ, ਗੁਰਦਾਸਪੁਰ, ਪਠਾਨਕੋਟ, ਹੁਸ਼ਿਆਰਪੁਰ, ਜਲੰਧਰ ਤੇ ਕਪੂਰਥਲਾ ਜ਼ਿਲ੍ਹਿਆਂ ਵਿਚ ਡਿਪਟੀ ਕਮਿਸ਼ਨਰਾਂ ਦੇ ਦਫਤਰਾਂ ਮੂਹਰੇ ਚਿਤਾਵਨੀ ਰੈਲੀਆਂ ਕਰਕੇ ਪੰਜਾਬ ਸਰਕਾਰ ਨੂੰ ਧਮਕੀ ਦਿੱਤੀ ਕਿ ਜੇਕਰ ਮੰਗਾਂ ਤੁਰੰਤ ਪ੍ਰਵਾਨ ਨਾ ਕੀਤੀਆਂ ਤਾਂ ਨਿਗਮ ਤੇ ਮਿਉਂਸਪਲ ਚੋਣਾਂ ਦੌਰਾਨ ਹੁਕਮਰਾਨ ਗੱਠਜੋੜ ਨੂੰ ਸਬਕ ਸਿਖਾਉਣ ਲਈ ਹਰ ਹੀਲਾ ਵਰਤਿਆ ਜਾਵੇਗਾ।

ਪੰਜਾਬ ਸਰਕਾਰ ਦੀ ਠੇਕਾ ਆਧਾਰਤ ਨੀਤੀ ਖਿਲਾਫ ਹਜ਼ਾਰਾਂ ਮੁਲਾਜ਼ਮਾਂ ਨੇ ਕਾਰਪੋਰੇਸ਼ਨ ਚੋਣਾਂ ਦੌਰਾਨ ਸਰਕਾਰ ਵਿਰੁਧ 'ਮਹਿੰਗੀਆਂ ਪੜ੍ਹਾਈਆਂ ਬੇਕਾਰ ਸਰਕਾਰ ਦੇਵੇ ਠੇਕੇ 'ਤੇ ਰੁਜ਼ਗਾਰ' ਦਾ ਨਾਅਰਾ ਗੁੰਜਾਉਣ ਦਾ ਸੰਘਰਸ਼ ਵਿੱਢਿਆ ਹੈ। ਸਰਕਾਰ ਦੀ ਠੇਕਾ ਨੀਤੀ ਦੇ ਨੁੜੇ ਮੁਲਾਜ਼ਮ ਸੰਘਰਸ਼ ਦੀ ਸ਼ੁਰੂਆਤ 14 ਫਰਵਰੀ ਨੂੰ ਹੁਸ਼ਿਆਰਪੁਰ ਵਿਚ ਅਕਾਲੀ-ਭਾਜਪਾ ਸਰਕਾਰ ਵਿਰੁਧ ਥਾਲੀਆਂ ਖੜਕਾ ਕੇ ਕਰਨਗੇ। ਮੁਹਾਲੀ

## ਮੁਲਾਜ਼ਮ ਜਥੇਬੰਦੀਆਂ ਤੇ ਪੈਨਸ਼ਨਰਾਂ ਵਲੋਂ ਵਿਆਪਕ ਸੰਘਰਸ਼ ਦਾ ਐਲਾਨ




ਮਿਉਂਸਿਪਲ ਕਾਰਪੋਰੇਸ਼ਨ ਦੇ ਮੁਲਾਜ਼ਮਾਂ ਨੇ 10 ਫਰਵਰੀ ਤੋਂ ਅਣਮਿਥੇ ਸਮੇਂ ਦੀ ਹੜਤਾਲ 'ਤੇ ਜਾਣ ਤੇ ਸਰਕਾਰੀ ਡਰਾਈਵਰਾਂ ਨੇ 20 ਫਰਵਰੀ ਨੂੰ ਅਫ਼ਸਰਾਂ ਦੀਆਂ ਕਾਰਾਂ ਦਾ ਚੱਕਾ ਜਾਮ ਕਰਨ ਦਾ ਫ਼ੈਸਲਾ ਲਿਆ ਹੈ। ਸੰਘਰਸ਼ ਕਮੇਟੀ ਨੇ ਜਿਥੇ ਅਗਲੇ ਪੜਾਅ ਵਿਚ ਪੰਜਾਬ ਵਿਧਾਨ ਸਭਾ ਦੇ ਬਜਟ ਸੈਸ਼ਨ ਦੌਰਾਨ ਚੰਡੀਗੜ੍ਹ ਵਿਖੇ ਸੂਬਾਈ ਪੱਧਰੀ ਰੋਸ ਮਾਰਚ ਕਰਨ ਦਾ ਫੈਸਲਾ ਲੈ ਲਿਆ ਹੈ, ਉਥੇ ਵਿਧਾਨ ਸਭਾ ਹਲਕਾ ਧੂਰੀ ਦੀ ਉਪ ਚੋਣ ਦੌਰਾਨ ਸਿੱਧੇ ਰੂਪ ਵਿਚ ਅਕਾਲੀ ਉਮੀਦਵਾਰ ਨੂੰ ਹਰਾਉਣ ਦੀ ਰਣਨੀਤੀ ਵੀ ਬਣਾ ਲਈ ਹੈ।

ਦਰਅਸਲ ਲੋਕ ਸਭਾ ਚੋਣਾਂ ਦੌਰਾਨ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਸੰਘਰਸ਼ ਕਰ ਰਹੀ ਮੁਲਾਜ਼ਮ ਸੰਘਰਸ਼ ਕਮੇਟੀ ਦੇ ਆਗੂਆਂ ਨਾਲ ਮੀਟਿੰਗਾਂ ਦਾ ਦੌਰ ਚਲਾ ਕੇ ਕਈ ਵੱਡੇ ਵਾਅਦੇ ਕੀਤੇ ਸਨ। ਉਸ ਵੇਲੇ ਸੰਘਰਸ਼ ਕਮੇਟੀ ਦੇ ਆਗੂਆਂ ਨੇ ਸਰਕਾਰ ਉਪਰ ਵਿਸ਼ਵਾਸ ਕਰਕੇ ਆਪਣਾ ਸੰਘਰਸ਼ ਠੰਢਾ ਕਰ ਲਿਆ ਸੀ ਪਰ ਬਾਅਦ ਵਿਚ ਸਰਕਾਰ ਵਲੋਂ 'ਅੰਗੂਠਾ ਦਿਖਾਉਣ' ਕਾਰਨ ਰਾਜ ਦੇ ਮੁਲਾਜ਼ਮਾਂ ਵਿਚ ਨਿਰੰਤਰ ਰੋਹ ਪੈਦਾ ਹੋ ਰਿਹਾ ਸੀ। ਹੁਣ ਨਿਗਮ ਤੇ ਮਿਉਂਸਿਪਲ ਚੋਣਾਂ ਦੌਰਾਨ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੇ ਆਪਣੀ ਭੜਾਸ ਕੱਢਣ ਦਾ ਮਨ ਬਣਾ ਲਿਆ। ਪੰਜਾਬ ਸਰਕਾਰ ਨੇ ਉਸ ਵੇਲੇ ਛੇਵੇਂ ਪੰਜਾਬ ਤਨਖਾਹ ਕਮਿਸ਼ਨ ਦਾ ਗਠਨ ਕਰਨ ਸਮੇਤ ਜਿਥੇ ਜੁਲਾਈ 2014 ਤੋਂ 7 ਫੀਸਦੀ ਡੀ.ਏ. ਦੀ ਕਿਸ਼ਤ ਦੇਣ ਦਾ ਵਾਅਦਾ ਕੀਤਾ ਸੀ, ਉਥੇ ਜਨਵਰੀ 2014 ਤੋਂ ਸਤੰਬਰ 2014 ਤੱਕ 9 ਮਹੀਨਿਆਂ ਦਾ 10 ਫੀਸਦ ਡੀ.ਏ. ਦੀ ਕਿਸ਼ਤ ਦਾ ਬਕਾਇਆ ਦੇਣ ਦਾ ਵੀ ਵਾਅਦਾ ਕੀਤਾ ਸੀ।

ਇਸ ਤੋਂ ਇਲਾਵਾ ਦਿਹਾੜੀਦਾਰ ਤੇ ਠੇਕੇ 'ਤੇ ਕੰਮ ਕਰਦੇ ਮੁਲਾਜ਼ਮਾਂ ਨੂੰ ਤਿੰਨ ਸਾਲ ਦੀ ਸੇਵਾ ਪੂਰੀ ਹੋਣ 'ਤੇ ਰੈਗੂਲਰ ਕਰਨ ਦੇ ਵਾਅਦੇ ਵੀ ਕੀਤੇ ਸਨ। ਉਸ ਵੇਲੇ ਆਫੀਸਰਜ਼ ਕਮੇਟੀ ਨੇ 4,9 ਤੇ 14 ਸਾਲਾ ਏਸੀਪੀ ਲਾਭ ਵੀ ਠੀਕ ਭਾਵਨਾ ਨਾਲ ਦੇਣ ਦੇ ਵੱਡੇ ਲਾਰੇ ਲਾਏ ਸਨ। ਇਸੇ ਤਰ੍ਹਾਂ ਐਕਸਗ੍ਰੇਸ਼ੀਆ ਸਹੂਲਤ ਬੰਦ ਕਰਨ ਤੇ ਕੈਸ਼ਲੈਸ ਹੈਲਥ ਸਕੀਮ ਲਾਗੂ ਨਾ ਕਰਨ ਕਾਰਨ ਵੀ ਮੁਲਾਜ਼ਮ ਵਰਗ ਸਰਕਾਰ ਉਪਰ ਔਖਾ ਹੈ। ਪੰਜਾਬ ਸਰਕਾਰ ਵਲੋਂ ਕੇਂਦਰੀ ਪੈਟਰਨ 'ਤੇ ਆਪਣਾ ਤਨਖਾਹ ਕਮਿਸ਼ਨ ਸਥਾਪਤ ਨਾ ਕਰਨ ਕਾਰਨ ਅੱਠ ਲੱਖ ਮੁਲਾਜ਼ਮਾਂ ਤੇ ਪੈਨਸ਼ਨਰਾਂ ਵਿਚ ਤੌਖਲੇ ਪੈਦਾ ਹੋ ਰਹੇ ਹਨ ਕਿ ਸਰਕਾਰ ਕੇਂਦਰੀ ਤਨਖਾਹ ਕਮਿਸ਼ਨ ਨਾਲ ਨੂੜਨ ਦੀ ਤਾਕ ਵਿਚ ਹੈ। ਸੁਪਰੀਮ ਕੋਰਟ ਦੇ ਫੈਸਲੇ ਦੇ ਉਲਟ ਕੰਟਰੀਬਿਊਟਰੀ ਪੈਨਸ਼ਨ ਸਕੀਮ ਲਾਗੂ ਕਰਨ ਕਾਰਨ ਵੀ ਮੁਲਾਜ਼ਮਾਂ ਵਿਚ ਰੋਹ ਵਧਦਾ ਜਾ ਰਿਹਾ ਹੈ।

# ਪੰਜਾਬ ਦੀਆਂ ਜਲਗਾਹਾਂ ਸਰਕਾਰੀ ਬੇਰੁਖੀ ਦਾ ਸ਼ਿਕਾਰ

**ਜਲੰਧਰ:** ਪੰਜਾਬ ਵਿਚ ਹਰੀਕੇ ਪੱਤਣ, ਕਾਂਝਲੀ ਤੇ ਰੋਪੜ ਦੀਆਂ ਜਲਗਾਹਾਂ ਨੂੰ ਕੌਮਾਂਤਰੀ ਪੱਧਰ ਦਾ ਰੁਤਬਾ ਹਾਸਲ ਹੈ ਪਰ ਇਨ੍ਹਾਂ ਦੀ ਹਾਲਤ ਦਿਨ-ਬ-ਦਿਨ ਤਰਸਯੋਗ ਹੁੰਦੀ ਜਾ ਰਹੀ ਹੈ। ਇਨ੍ਹਾਂ ਜਲਗਾਹਾਂ ਦਾ ਜਿਥੇ ਰਕਬਾ ਸੁੰਗੜਦਾ ਜਾ ਰਿਹਾ ਹੈ, ਉਥੇ ਨਾਜਾਇਜ਼ ਕਬਜ਼ਿਆਂ ਦੀ ਭਰਮਾਰ ਵੀ ਹੁੰਦੀ ਜਾ ਰਹੀ ਹੈ। ਨਾਜਾਇਜ਼ ਕਬਜ਼ੇ ਕਰਨ ਵਾਲਿਆਂ ਵਿਚ ਸੱਤਾਧਾਰੀ ਧਿਰ ਦੇ ਰਸੂਖਦਾਰ ਬੰਦੇ ਵੀ ਹਨ ਜਿਨ੍ਹਾਂ ਵਿਰੁਧ ਕੋਈ ਵੀ ਪ੍ਰਸ਼ਾਸਨਿਕ ਅਧਿਕਾਰੀ ਕਾਰਵਾਈ ਕਰਨ ਦੀ ਹਿੰਮਤ ਨਹੀਂ ਜੁਟਾ ਰਿਹਾ।

ਇਰਾਨ ਵਿਚ 1972 ਨੂੰ ਹੋਈ ਰਾਮਸਰ ਸੰਧੀ ਵਿਚ ਪੰਜਾਬ ਦੀਆਂ ਇਨ੍ਹਾਂ ਤਿੰਨੋਂ ਜਲਗਾਹਾਂ ਨੂੰ ਕੌਮਾਂਤਰੀ ਪੱਧਰ ਦੀਆਂ ਜਲਗਾਹਾਂ ਐਲਾਨਿਆ ਗਿਆ ਸੀ। ਸੂਬਾ ਸਰਕਾਰਾਂ ਨੇ ਕਦੇ ਵੀ ਇਨ੍ਹਾਂ ਜਲਗਾਹਾਂ ਵੱਲ ਲੋੜੀਂਦਾ ਧਿਆਨ ਨਹੀਂ ਦਿੱਤਾ। ਸਰਕਾਰੀ ਬੇਰੁਖੀ ਕਾਰਨ ਜਲਗਾਹਾਂ ਦੀ ਹੋਂਦ ਹੀ ਸੰਕਟ ਵਿਚ ਦੱਸੀ ਜਾ ਰਹੀ ਹੈ। ਹਰੀਕੇ ਪੱਤਣ ਦੇ 85 ਕਿਲੋਮੀਟਰ ਵਰਗ ਇਲਾਕੇ ਵਿਚ ਪਾਣੀ ਹੋਣਾ ਚਾਹੀਦਾ ਸੀ ਪਰ ਇਹ ਝੀਲ ਲਗਾਤਾਰ ਸੁੰਗੜਦੀ ਜਾ ਰਹੀ ਹੈ। ਇਸ ਝੀਲ ਦੇ ਰਕਬੇ 'ਤੇ ਸਭ ਤੋਂ ਵੱਧ ਨਾਜਾਇਜ਼ ਕਬਜ਼ੇ ਕੀਤੇ ਹੋਏ ਹਨ। ਪਿਛਲੇ ਤਿੰਨ-ਚਾਰ ਸਾਲ ਪਹਿਲਾਂ ਇਸ ਝੀਲ 'ਤੇ 500 ਏਕੜ ਦੇ ਵੱਡੇ ਰਕਬੇ 'ਤੇ ਨਾਜ਼ਾਇਜ ਕਬਜ਼ਾ ਹੋ ਗਿਆ ਸੀ ਪਰ ਇਸ ਦੀ ਸ਼ਿਕਾਇਤ ਹੋਣ ਦੇ ਬਾਵਜੂਦ ਕਿਸੇ ਵੀ ਅਧਿਕਾਰੀ ਨੇ ਕੋਈ ਕਾਰਵਾਈ ਨਹੀਂ ਕੀਤੀ।

ਹਰੀਕੇ ਪੱਤਣ ਦੀ ਝੀਲ ਸਤਲੁਜ ਤੇ ਬਿਆਸ ਦਰਿਆਵਾਂ ਦੇ ਸੰਗਮ ਨਾਲ ਬਣਦੀ ਹੈ। ਸਤਲੁਜ ਦਰਿਆ ਦਾ ਪਾਣੀ ਕਾਲੇ ਰੰਗ ਦਾ ਜ਼ਹਿਰੀਲਾ ਪਾਣੀ, ਬਿਆਸ ਦੇ ਸਾਫ-ਸੁਥਰੇ ਪਾਣੀ ਵਿਚ ਰਲਦਾ ਹੈ ਤਾਂ ਉਹ ਬਿਆਸ ਦਰਿਆ ਦੇ ਪਾਣੀ ਵਿਚਲੇ ਜਲਚਰ ਜੀਵਾਂ ਨੂੰ ਵੀ ਮਾਰ ਮੁਕਾਉਂਦਾ ਹੈ। ਸਤਲੁਜ ਦਰਿਆ ਵਿਚ ਜਲੰਧਰ, ਲੁਧਿਆਣਾ, ਫਗਵਾੜਾ ਆਦਿ ਸ਼ਹਿਰਾਂ ਦਾ ਜ਼ਹਿਰੀਲਾ ਪਾਣੀ ਪੈਂਦਾ ਹੈ ਜੋ ਇਸ ਜਲਗਾਹ ਦੀ ਹੋਂਦ ਲਈ ਖਤਰਾ ਪੈਦਾ ਕਰਦਾ ਜਾ ਰਿਹਾ ਹੈ। ਸਤਲੁਜ ਦਰਿਆ ਵਿਚ ਪਹਿਲਾਂ ਕਈ ਪ੍ਰਕਾਰ ਦੇ ਦੁਰਲੱਭ ਜਲਚਰ ਜੀਵ ਸਨ ਜਿਨ੍ਹਾਂ ਦੀਆਂ ਪ੍ਰਜਾਤੀਆਂ ਜ਼ਹਿਰੀਲੇ ਪਾਣੀਆਂ ਕਾਰਨ ਖਤਮ ਹੋ ਗਈਆਂ ਹਨ। ਹਰੀਕੇ ਪੱਤਣ 'ਤੇ ਪਰਵਾਸੀ ਪੰਛੀ ਤਾਂ ਆਉਂਦੇ ਹਨ ਪਰ ਉਨ੍ਹਾਂ ਦੇ ਹੋ ਰਹੇ ਨਾਜਾਇਜ਼ ਸ਼ਿਕਾਰ ਨੇ ਪੰਛੀਆਂ ਦੀਆਂ ਆਉਣ ਵਾਲੀਆਂ ਕਿਸਮਾਂ ਵਿਚ ਕਮੀ ਲਿਆਂਦੀ ਹੈ।



ਕਾਂਜਲੀ ਜਲਗਾਹ ਦਾ ਵੀ ਮਾੜਾ ਹਾਲ ਹੋਇਆ ਪਿਆ ਹੈ। ਇਸ ਸਾਲ ਇਥੇ ਪਰਵਾਸੀ ਪੰਛੀਆਂ ਦੀ ਸਿਰਫ ਇਕੋ ਹੀ ਕਿਸਮ ਆਈ ਹੈ ਜਦਕਿ ਪਿਛਲੇ ਸਾਲ ਇਥੇ ਇਨ੍ਹਾਂ ਪੰਛੀਆਂ ਦੀਆਂ ਦੋ ਕਿਸਮਾਂ ਆਈਆਂ ਸਨ ਤੇ ਉਸ ਤੋਂ ਪਿਛਲੇ ਸਾਲ ਦੋ ਤੋਂ ਵੱਧ ਪਰਵਾਸੀ ਪੰਛੀਆਂ ਦੀਆਂ ਕਿਸਮਾਂ ਨੇ ਇਸ ਜਲਗਾਹ ਦਾ ਅਨੰਦ ਮਾਣਿਆ ਸੀ। ਕਾਂਝਲੀ ਹੱਦੋਂ ਵੱਧ ਹਾਈਸੈਂਥ ਬੂਟੀ ਨਾਲ ਭਰੀ ਪਈ ਹੈ। ਅੰਧ-ਵਿਸ਼ਵਾਸੀ ਲੋਕ ਇਸ ਵਿਚ ਅੰਨੇਵਾਹ ਪੂਜਾ ਦੀ ਸਮੱਗਰੀ ਤੇ ਪਲਾਸਟਿਕ ਦੇ ਲਿਫਾਫੇ ਸੁੱਟ ਰਹੇ ਹਨ। ਵਹਿਮਾਂ ਦੇ ਮਾਰੇ ਲੋਕ ਮੰਗਲਵਾਰ, ਵੀਰਵਾਰ ਤੇ ਸਨਿਚਰਵਾਰ ਨੂੰ ਸਭ ਤੋਂ ਵੱਧ ਗੰਦ ਕਾਂਝਲੀ ਵਿਚ ਪਾ ਕੇ ਜਾਂਦੇ ਹਨ।

ਹਰੀਕੇ ਪੱਤਣ ਤੇ ਕਾਂਝਲੀ ਜਲਗਾਹਾਂ 'ਤੇ ਨਜ਼ਰਸਾਨੀ ਕਰਨ ਵਾਲੇ ਵਾਤਾਵਰਨ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਦਾ ਕਹਿਣਾ ਹੈ ਕਿ ਜਦੋਂ ਤੱਕ ਜ਼ਹਿਰੀਲੇ ਪਾਣੀਆਂ ਦਾ ਪੱਕਾ ਪ੍ਰਬੰਧ ਨਹੀਂ ਕੀਤਾ ਜਾਂਦਾ, ਉਦੋਂ ਤੱਕ ਇਨ੍ਹਾਂ ਜਲਗਾਹਾਂ ਦੇ ਜਲਚਰ ਜੀਵਾਂ ਨੂੰ ਬਚਾਉਣਾ ਮੁਸ਼ਕਿਲ ਹੈ। ਉਨ੍ਹਾਂ ਕਿਹਾ ਕਿ ਸਰਕਾਰ ਹਰੀਕੇ ਪੱਤਣ ਵਿਚ ਮਗਰਮੱਛ ਛੱਡਣ ਬਾਰੇ ਤਾਂ ਸੋਚ ਰਹੀ ਹੈ ਪਰ ਜ਼ਹਿਰੀਲੇ ਪਾਣੀਆਂ ਬਾਰੇ ਅਧਿਕਾਰੀਆਂ ਨੇ ਅੱਖਾਂ ਮੀਟੀਆਂ ਹੋਈਆਂ ਹਨ।

## 'ਆਪ' ਦੀ ਹੂੰਝਾਫੇਰੂ ਜਿੱਤ 'ਤੇ ਖੁਸ਼ੀ ਦਾ ਪ੍ਰਗਟਾਵਾ

**ਫਰੀਮਾਂਟ (ਬਿਊਰੋ):** ਦਿੱਲੀ ਵਿਧਾਨ ਸਭਾ ਚੋਣਾਂ ਵਿਚ ਆਮ ਆਦਮੀ ਪਾਰਟੀ (ਆਪ) ਦੀ ਹੂੰਝਾਫੇਰੂ ਜਿੱਤ ਉਤੇ ਯੁਨਾਈਟਿਡ ਸਪੋਰਟਸ ਕਲੱਬ-ਕੈਲੀਫੋਰਨੀਆ ਦੇ ਜਨਰਲ ਸਕੱਤਰ ਗੁਰਦਾਵਰ ਸਿੰਘ ਮਹੇੜੂ ਨੇ ਖੁਸ਼ੀ ਜਾਹਿਰ ਕਰਦਿਆਂ ਕਿਹਾ ਹੈ ਕਿ ਇਹ ਨਤੀਜਾ ਆਮ ਆਦਮੀ ਦਾ ਮੌਕੇ ਦੀਆਂ ਸਰਕਾਰਾਂ ਪ੍ਰਤੀ ਗੁੱਸੇ ਦਾ ਨਤੀਜਾ ਹੈ ਜੋ ਲੋਕਾਂ ਨੇ ਖੁੱਲ੍ਹ ਕੇ ਦਿਖਾ ਦਿੱਤਾ ਹੈ।



ਸ. ਮਹੇੜੂ ਨੇ ਕਿਹਾ ਕਿ ਲੋਕਤੰਤਰ ਵਿਚ ਚੋਣਾਂ ਇਕ ਅਹਿਮ ਸਾਧਨ ਹਨ ਜਿਸ ਰਾਹੀਂ ਕੋਈ ਵੀ ਕ੍ਰਾਂਤੀ ਸ਼ਾਂਤਮਈ ਤਰੀਕੇ ਨਾਲ ਲਿਆਂਦੀ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਦਿੱਲੀ ਚੋਣਾਂ ਨੇ ਇਹ ਵੀ ਦਰਸਾ ਦਿੱਤਾ ਹੈ ਕਿ ਮੌਕਾਪ੍ਰਸਤ ਸਰਕਾਰਾਂ ਲੋਕਾਂ ਨੂੰ ਲੰਮਾ ਸਮਾਂ ਬੁੱਧੂ ਨਹੀਂ ਬਣਾ ਸਕਦੀਆਂ ਅਤੇ ਜਦੋਂ ਆਮ ਵੋਟਰ ਦੀ ਜਮੀਰ ਜਾਗਦੀ ਹੈ ਤਾਂ ਉਹ ਨਸ਼ੇ, ਪੈਸਿਆਂ ਜਾਂ ਹੋਰ ਲਾਲਚਾਂ ਵੱਟੇ ਬੱਚਿਆਂ ਦਾ ਭਵਿੱਖ ਨਹੀਂ ਵੇਚਦੇ।

ਸ. ਮੇਹੜੂ ਨੇ ਆਸ ਪ੍ਰਗਟਾਈ ਕਿ ਦਿੱਲੀ ਚੋਣ ਨਤੀਜਿਆਂ ਦੇ ਸਿੱਟੇ ਵਜੋਂ ਪੰਜਾਬ ਵਿਚ ਵੀ ਚੋਣਾਂ ਵਿਚ ਵੱਡਾ ਫੇਰਬਦਲ ਹੋਵੇਗਾ ਕਿਉਂਕਿ ਪੰਜਾਬ ਦੇ ਲੋਕ ਭ੍ਰਿਸ਼ਟਾਚਾਰ, ਮਹਿੰਗਾਈ, ਨਸ਼ਿਆਂ, ਲੁੱਟਾਂ-ਖੋਹਾਂ ਅਤੇ ਬੁਨਿਆਦੀ ਸਹੂਲਤਾਂ ਦੀ ਘਾਟ ਕਾਰਨ ਅੱਕੇ ਪਏ ਹਨ।

# ਪੰਜਾਬ ਵਲੋਂ ਕਸ਼ਮੀਰੀ ਬੱਚਿਆਂ ਦਾ ਖਰਚਾ ਚੁੱਕਣ ਤੋਂ ਹੱਥ ਖੜ੍ਹੇ

**ਮੁਹਾਲੀ:** ਪੰਜਾਬ ਦੇ ਤਕਨੀਕੀ ਕਾਲਜਾਂ ਵਿਚ ਪੜ੍ਹਦੇ ਜੰਮੂ-ਕਸ਼ਮੀਰ ਦੇ ਹਜ਼ਾਰਾਂ ਵਿਦਿਆਰਥੀਆਂ ਦਾ ਭਵਿੱਖ ਖਤਰੇ ਵਿਚ ਪੈ ਗਿਆ ਹੈ। ਇਹ ਉਹ ਗਰੀਬ ਵਿਦਿਆਰਥੀ ਹਨ ਜਿਨ੍ਹਾਂ ਨੂੰ ਮਨਿਸਟਰੀ ਆਫ ਹਿਊਮਨ ਰਿਸੋਰਸ ਐਂਡ ਡਿਵੈਲਪਮੈਂਟ (ਐਮ.ਐਚ.ਆਰ.ਡੀ.) ਤਹਿਤ ਸਪੈਸ਼ਲ ਸਕਾਲਰਸ਼ਿਪ ਸਕੀਮ ਅਧੀਨ ਇੰਜੀਨੀਅਰਿੰਗ ਦੀ ਪੜ੍ਹਾਈ ਲਈ ਪ੍ਰਾਈਵੇਟ ਕਾਲਜਾਂ ਵਿਚ ਦਾਖਲੇ ਦਿੱਤੇ ਗਏ ਸਨ ਪਰ ਹੁਣ ਕੇਂਦਰ ਸਰਕਾਰ ਨੇ ਇਨ੍ਹਾਂ ਗਰੀਬ ਬੱਚਿਆਂ ਦੀ ਪੜ੍ਹਾਈ ਦਾ ਖ਼ਰਚਾ ਚੁੱਕਣ ਤੋਂ ਹੱਥ ਖੜ੍ਹੇ ਕਰ ਦਿੱਤੇ ਹਨ।

ਕੇਂਦਰ ਸਰਕਾਰ ਦੀ ਇਸ ਬੇਰੁਖੀ ਕਾਰਨ ਜੰਮੂ-ਕਸ਼ਮੀਰ ਨਾਲ ਸਬੰਧਿਤ ਜ਼ਿਲ੍ਹਾ ਮੁਹਾਲੀ ਸਮੇਤ ਨਾਰਥ ਰੀਜ਼ਨ ਵਿਚ ਤਕਰੀਬਨ ਪੰਜ ਹਜ਼ਾਰ ਵਿਦਿਆਰਥੀਆਂ ਦਾ ਭਵਿੱਖ ਦਾਅ 'ਤੇ ਲੱਗ ਗਿਆ ਹੈ। ਜਿਥੇ ਭਾਰਤ ਸਰਕਾਰ ਦੇ ਜੰਮੂ-ਕਸ਼ਮੀਰ ਸੈਲ ਨੇ ਸਕਾਲਰਸ਼ਿਪ ਅਧੀਨ ਇਨ੍ਹਾਂ ਵਿਦਿਆਰਥੀਆਂ ਦੀਆਂ ਫੀਸਾਂ ਨਹੀਂ ਭੇਜੀਆਂ, ਉਥੇ ਹੁਣ ਪ੍ਰਾਈਵੇਟ ਕਾਲਜਾਂ ਨੇ ਵੀ ਚੌਥੇ ਸਮੈਸਟਰ ਦੇ ਸ਼ੁਰੂ ਵਿਚ ਵਿਦਿਆਰਥੀਆਂ ਨੂੰ ਆਪਣੇ ਨਿੱਜੀ ਵਸੀਲਿਆਂ ਰਾਹੀਂ ਫ਼ੀਸ ਦਾ ਜੁਗਾੜ ਕਰਨ ਲਈ ਕਹਿ ਦਿੱਤਾ ਹੈ।

ਜ਼ਿਕਰਯੋਗ ਹੈ ਕਿ ਡਾ. ਮਨਮੋਹਨ ਸਿੰਘ ਦੀ ਅਗਵਾਈ ਵਾਲੀ ਤਤਕਾਲੀ ਕਾਂਗਰਸ ਵਜ਼ਾਰਤ ਵੇਲੇ ਕਾਂਗਰਸ ਦੇ ਮੀਤ ਪ੍ਰਧਾਨ ਰਾਹੁਲ ਗਾਂਧੀ ਨੇ ਜੰਮੂ-ਕਸ਼ਮੀਰ ਦੇ ਦੌਰੇ ਦੌਰਾਨ ਉਥੋਂ ਦੇ ਬਾਰ੍ਹਵੀਂ ਪਾਸ ਵਿਦਿਆਰਥੀਆਂ ਨੂੰ ਪ੍ਰਾਈਵੇਟ ਕਾਲਜਾਂ ਵਿਚ ਇੰਜੀਨੀਅਰਿੰਗ ਦੀ ਮੁਫ਼ਤ ਸਿੱਖਿਆ ਪ੍ਰਦਾਨ ਕਰਨ ਦਾ ਐਲਾਨ ਕੀਤਾ ਸੀ।

ਭਾਰਤ ਸਰਕਾਰ ਨੇ ਸਾਲ 2010 ਵਿਚ ਛੇ ਲੱਖ ਰੁਪਏ ਤੋਂ ਘੱਟ ਸਾਲਾਨਾ ਆਮਦਨ ਵਾਲੇ ਗ਼ਰੀਬ ਬੱਚਿਆਂ ਲਈ ਸਪੈਸ਼ਲ ਸਕਾਲਰਸ਼ਿਪ ਸਕੀਮ ਸ਼ੁਰੂ ਕੀਤੀ ਸੀ ਤੇ ਇਸ ਸਕੀਮ ਤਹਿਤ ਵਿਦਿਆਰਥੀਆਂ ਦੀ ਪੜ੍ਹਾਈ 'ਤੇ 1200 ਕਰੋੜ ਰੁਪਏ ਖ਼ਰਚਣ ਦਾ ਦਾਅਵਾ ਕੀਤਾ ਸੀ ਪਰ ਮਗਰੋਂ ਸਰਕਾਰ ਨੇ ਕੁਝ ਬੱਚਿਆਂ ਦੀ ਸਕਾਲਰਸ਼ਿਪ ਫ਼ੀਸ ਜਾਰੀ ਕਰਕੇ ਬਾਕੀ ਬੱਚਿਆਂ ਦੀ ਫੀਸ ਦੇਣ ਤੋਂ ਤੌਬਾ ਕਰ ਦਿੱਤੀ। ਤਕਨੀਕੀ ਸਿੱਖਿਆ ਵਿਭਾਗ ਦੇ ਸੂਤਰਾਂ ਅਨੁਸਾਰ ਫੰਡਾਂ ਦੀ ਘਾਟ ਕਾਰਨ ਇਨ੍ਹਾਂ ਬੱਚਿਆਂ ਦੀ ਫੀਸ ਨਹੀਂ ਆ ਰਹੀ ਹੈ।

ਜਾਣਕਾਰੀ ਅਨੁਸਾਰ ਮੁਹਾਲੀ ਦੇ ਇੰਡੋ ਗਲੋਬਲ ਕਾਲਜ ਵਿਚ ਇਸ ਸਕੀਮ ਅਧੀਨ ਜੰਮੂ-ਕਸ਼ਮੀਰ ਦੇ 80 ਵਿਦਿਆਰਥੀਆਂ ਨੂੰ ਇੰਜੀਨੀਅਰਿੰਗ ਦੀ ਮੁਫਤ ਪੜ੍ਹਾਈ ਲਈ ਦਾਖਲ ਕੀਤਾ ਗਿਆ ਸੀ ਪਰ ਭਾਰਤ ਸਰਕਾਰ ਵਲੋਂ ਸਿਰਫ 30 ਬੱਚਿਆਂ ਦੀ ਸਕਾਲਰਸ਼ਿਪ ਫੀਸ ਭੇਜੀ ਗਈ ਜਦੋਂਕਿ 50 ਵਿਦਿਆਰਥੀਆਂ ਦੀਆਂ ਫੀਸਾਂ ਬਾਰੇ ਸਰਕਾਰ ਨੇ ਸਥਿਤੀ ਕਲੀਅਰ ਨਹੀਂ ਕੀਤੀ। ਪਿਛਲੇ ਦੋ ਸਾਲਾਂ ਤੋਂ ਕਾਲਜ ਵਿਚ ਮੁਫਤ ਸਿੱਖਿਆ ਹਾਸਲ ਕਰ ਰਹੇ ਇਨ੍ਹਾਂ ਵਿਦਿਆਰਥੀਆਂ ਨੂੰ ਹੁਣ ਪ੍ਰਬੰਧਕਾਂ ਨੇ ਕਹਿ ਦਿੱਤਾ ਹੈ ਕਿ ਸਰਕਾਰ ਵਲੋਂ ਉਨ੍ਹਾਂ ਦੀ ਸਕਾਲਰਸ਼ਿਪ ਫੀਸ ਨਹੀਂ ਆ ਰਹੀ ਹੈ। ਕਾਫੀ ਵਿਦਿਆਰਥੀ ਨਵੀਂ ਦਿੱਲੀ ਸਥਿਤ ਜੰਮੂ-ਕਸ਼ਮੀਰ ਸਕਾਲਰਸ਼ਿਪ ਸੈਲ ਵਿਚ ਖੱਜਲ-ਖੁਆਰ ਹੋ ਰਹੇ ਹਨ ਪਰ ਕੋਈ ਵੀ ਅਧਿਕਾਰੀ ਉਨ੍ਹਾਂ ਦੀ ਗੱਲ ਸੁਣਨ ਨੂੰ ਤਿਆਰ ਨਹੀਂ ਹੈ।

ਇੰਡੋ ਗਲੋਬਲ ਕਾਲਜ ਅਭੀਪੁਰ (ਮੁਹਾਲੀ) ਦੇ ਸੀ.ਈ.ਓ. ਮਾਨਵ ਸਿੰਗਲਾ ਨੇ ਕਿਹਾ ਕਿ ਸਰਕਾਰ ਵਲੋਂ 50 ਵਿਦਿਆਰਥੀਆਂ ਦੀ ਫੀਸ ਜਮ੍ਹਾਂ ਨਹੀਂ ਕਰਵਾਈ ਗਈ। ਸ੍ਰੀ ਸਿੰਗਲਾ ਨੇ ਸਪੱਸ਼ਟ ਕੀਤਾ ਕਿ ਉਨ੍ਹਾਂ ਜੰਮੂ-ਕਸ਼ਮੀਰ ਦੇ ਕਿਸੇ ਵਿਦਿਆਰਥੀ ਨੂੰ ਪੜ੍ਹਾਈ ਤੋਂ ਜਵਾਬ ਨਹੀਂ ਦਿੱਤਾ ਹੈ। ਸਿਰਫ ਇਹ ਗੱਲ ਆਖੀ ਹੈ ਕਿ ਸਰਕਾਰ ਵਲੋਂ ਉਨ੍ਹਾਂ ਦੀ ਪੜ੍ਹਾਈ ਬਾਰੇ ਫੀਸ ਨਹੀਂ ਆਈ ਹੈ। ਇਨ੍ਹਾਂ ਵਿਦਿਆਰਥੀਆਂ ਨੂੰ ਕਾਲਜ ਵਿਚ ਦਾਖਲਾ ਦੇਣ ਤੋਂ ਪਹਿਲਾਂ ਉਨ੍ਹਾਂ ਤੋਂ ਤਸਦੀਕਸ਼ੁਦਾ ਹਲਫਨਾਮਾ ਲਿਆ ਗਿਆ ਸੀ। ਜਿਸ ਵਿਚ ਇਹ ਸਮਝੌਤਾ ਹੋਇਆ ਸੀ ਕਿ ਜੇਕਰ ਕਿਸੇ ਕਾਰਨ ਸਰਕਾਰ ਫੀਸ ਜਮ੍ਹਾਂ ਨਹੀਂ ਕਰਵਾਉਂਦੀ ਹੈ ਤਾਂ ਬੱਚਿਆਂ ਵਲੋਂ ਫੀਸ ਦਿੱਤੀ ਜਾਵੇਗੀ।

## ਜਪਾਨ 'ਚ ਵੋਟ ਪਾਉਣ ਦੀ ਉਮਰ ਘਟੇਗੀ


**ਟੋਕੀਓ:** ਜਪਾਨ ਵਿਚ ਵੋਟਾਂ ਪਾਉਣ ਦੀ ਉਮਰ 20 ਸਾਲ ਤੋਂ ਘਟਾ ਕੇ 18 ਸਾਲ ਕਰਨ ਬਾਰੇ ਵਿਚਾਰਾਂ ਚੱਲ ਰਹੀਆਂ ਹਨ।

ਛੇ ਸੱਤਾਧਾਰੀ ਤੇ ਵਿਰੋਧੀ ਧਿਰ ਵਾਲੀਆਂ ਪਾਰਟੀਆਂ ਨੇ ਇਸ ਬਾਰੇ ਸਹਿਮਤੀ ਦੇ ਦਿੱਤੀ ਹੈ ਤੇ ਇਸ ਬਾਰੇ ਬਿੱਲ ਛੇਤੀ ਹੀ ਸੰਸਦ ਵਿਚ ਪੇਸ਼ ਕੀਤਾ ਜਾ ਸਕਦਾ ਹੈ। ਇਸ ਫੈਸਲੇ ਨਾਲ 24 ਲੱਖ ਨਵੇਂ ਵੋਟਰ ਬਣਨਗੇ।

Jammu Chiropractic

ਕੀ ਤੁਹਾਨੂੰ ਲਗਾਤਾਰ ਕਮਰ, ਗਰਦਨ, ਗੋਡਿਆਂ, ਸਿਰ ਦਰਦ ਜਾਂ ਕਿਸੇ ਵੀ ਕਿਸਮ ਦੇ ਜੋੜਾਂ ਦੇ ਦਰਦ ਜਾਂ ਪੱਠਿਆਂ ਦੇ ਦਰਦ ਨੇ ਸਤਾਇਆ ਹੋਇਆ ਹੈ?

ਅਸੀਂ ਤੁਹਾਨੂੰ ਇਸ ਦਰਦ ਤੋਂ ਛੁਟਕਾਰਾ ਦਿਵਾ ਸਕਦੇ ਹਾਂ।



*We Accept Personal Injury (PI) Cases*

Medicare & Most Private Insurances Accepted



*Contact:* Dr. Baljit Jammu

*Doctor of Chiropractic*

Ph: 510-940-8236


1090 La Playa Dr., Hayward CA 94545

H K TRANSPORT INC

*Division of HK Incorporated*

1401 West Ray St, Indianapolis, IN 46221

Ph: 317-408-3211, web: www.hktransportinc.com



ਓਨਰ ਅਪਰੇਟਰਾਂ ਅਤੇ ਡਰਾਈਵਰਾਂ ਦੀ ਲੋੜ ਹੈ

ਸਾਰੀਆਂ 48 ਸਟੇਟਾਂ ਲਈ, ਡਰਾਈ ਫਰੇਟ, 100% ਨੋ ਟੱਚ, ਬਰੈਂਡ ਨਿਊ ਟਰੱਕ/ਟਰੇਲਰ, ਡਾਇਰੈਕਟ ਡਿਪੋਜ਼ਿਟ, ਮੈਡੀਕਲ ਸਹੂਲਤਾਂ ਅਤੇ 5000 ਡਾਲਰ ਸਾਈਨ-ਇਨ ਬੋਨਸ

| ਓਨਰ ਅਪਰੇਟਰਾਂ ਲਈ | ਡਰਾਈਵਰਾਂ ਲਈ |
|---|---|
| *92% ਫਲੈਟ ਡਿਸਪੈਚ | *48 ਸੈਂਟ ਤੱਕ ਪ੍ਰਤੀ ਮੀਲ |
| *30 ਸੈਂਟ/ਗੈਲਨ ਤੱਕ ਫਿਊਲ ਡਿਸਕਾਊਂਟ | *95% ਲੋਡ ਯਾਰਡ 'ਚ ਹੁੱਕ ਐਂਡ ਡਰਾਪ |
| *ਬਰੈਂਡ ਨਿਊ ਟਰੇਲਰ | *ਵਧੀਆ ਅਤੇ ਸਾਫ ਸੁਥਰੇ ਟਰੱਕ |
| *ਨੈਸ਼ਨਲ ਟਾਇਰ ਰਿਬੇਟ ਪ੍ਰੋਗਰਾਮ | |

ਡਰਾਈਵਰਾਂ ਅਤੇ ਓਨਰ ਅਪਰੇਟਰਾਂ ਲਈ ਡਾਇਰੈਕਟ ਡਿਪਾਜ਼ਿਟ ਅਤੇ ਵੀਕਲੀ ਪੇਅ

ਲੋੜੀਂਦੀ ਯੋਗਤਾ:

■ਕਲਾਸ ਏ ਸੀ ਡੀ ਐਲ ਅਤੇ ਸਾਫ-ਸੁਥਰਾ ਰਿਕਾਰਡ ਹੋਵੇ ■ਉਮਰ ਘੱਟੋ ਘੱਟ 23 ਸਾਲ

■ਘੱਟੋ ਘੱਟ 2 ਸਾਲ ਦਾ ਓ ਟੀ ਆਰ ਅਤੇ ਕੁਲ 5 ਸਾਲ ਦਾ ਤਸਦੀਕਯੋਗ ਤਜ਼ਰਬਾ ਹੋਵੇ।


ਤੁਸੀਂ ਸਾਡੇ 'ਲੀਜ਼ ਟੂ ਬਾਈ' ਪ੍ਰੋਗਰਾਮ ਦਾ ਲਾਭ ਵੀ ਉਠਾ ਸਕਦੇ ਹੋ

ਡਾਇਰੈਕਟ ਡਿਪਾਜ਼ਿਟ ਅਤੇ ਪੰਪ 'ਤੇ ਫਿਊਲ ਰਿਬੇਟ

ਸੰਪਰਕ ਕਰੋ: ਫੋਨ 317-408-3211

ਜਾਂ ਵੈਬ ਸਾਈਟ www.hktransportinc.com 'ਤੇ ਅਰਜੀ ਭਰੋ

## ਗਿਆਨਪੀਠ ਇਨਾਮ ਜੇਤੂ



# ਇਤਿਹਾਸ ਕਥਾ


## ਭਾਲਚੰਦ੍ਰ ਨੇਮਾੜੇ


*ਸਾਹਿਤ ਦਾ ਵੱਕਾਰੀ ਗਿਆਨਪੀਠ ਪੁਰਸਕਾਰ ਇਸ ਵਾਰ ਮਰਾਠੀ ਲੇਖਕ ਭਾਲਚੰਦ੍ਰ ਵਣਜੀ ਨੇਮਾੜੇ ਨੂੰ ਦਿੱਤਾ ਗਿਆ ਹੈ। ਨੇਮਾੜੇ ਨੇ ਆਪਣੀਆਂ ਲਿਖਤਾਂ ਵਿਚ ਇਤਿਹਾਸ ਉਤੇ ਝਾਤੀ ਮਾਰਨ ਵੇਲੇ ਮਰਾਠੀ ਭਾਸ਼ਾ ਦਾ ਜੋ ਠੁੱਕ ਬੰਨ੍ਹਿਆ ਹੈ, ਉਹ ਸਿੰਘ-ਅਵਲੋਕਨ ਤੋਂ ਕੋਈ ਘੱਟ ਨਹੀਂ; ਭਾਵ ਜਿਸ ਤਰ੍ਹਾਂ ਸ਼ਿਕਾਰ ਤੋਂ ਬਾਅਦ ਪਿਛਾਂਹ ਮੁੜਦਾ ਸ਼ੇਰ ਆਪਣੀ ਜੇਤੂ ਤੱਕਣੀ ਸੁੱਟਦਾ ਹੈ...*

**ਕਲਾ ਪਰਿਕਰਮਾ**

ਭਾਰਤੀ ਸਾਹਿਤ ਦੇ ਪਿੜ ਵਿਚ ਗਿਆਨਪੀਠ ਪੁਰਸਕਾਰ ਦਾ ਬੜਾ ਉਚਾ ਮੁਕਾਮ ਹੈ। ਇਸ ਪੁਰਸਕਾਰ ਨਾਲ ਸਮੇਂ-ਸਮੇਂ ਭਾਵੇਂ ਕਈ ਵਿਵਾਦ ਵੀ ਜੁੜਦੇ ਰਹੇ ਹਨ ਪਰ ਇਕ ਗੱਲ 'ਤੇ ਸਭ ਸਹਿਮਤ ਹਨ ਕਿ ਇਹ ਪੁਰਸਕਾਰ ਹਾਸਲ ਕਰਨ ਵਾਲੀ ਹਸਤੀ ਆਮ ਨਾਲੋਂ ਵਧ ਕੇ ਹੀ ਹੁੰਦੀ ਹੈ। ਇਹ ਵੱਕਾਰੀ ਪੁਰਸਕਾਰ ਭਾਵੇਂ 1961 ਵਿਚ ਸ਼ੁਰੂ ਕੀਤਾ ਗਿਆ ਸੀ ਪਰ ਪਹਿਲਾ ਇਨਾਮ 1965 ਵਿਚ ਮਲਿਆਲਮ ਲੇਖਕ ਜੀ. ਸ਼ੰਕਰ ਕੁਰੁਪ ਨੂੰ ਮਿਲਿਆ ਸੀ। ਉਂਜ ਤਾਂ ਇਹ ਇਨਾਮ ਪੁਸਤਕ ਨੂੰ ਆਧਾਰ ਬਣਾ ਕੇ ਦਿੱਤਾ ਜਾਂਦਾ ਹੈ ਪਰ ਇਸ ਵਿਚ ਲੇਖਕ ਦੀਆਂ ਸਮੁੱਚੀਆਂ ਲਿਖਤਾਂ ਦਾ ਬਾਕਾਇਦਾ ਮੁੱਲ ਪੈਂਦਾ ਹੈ। ਇਸ ਇਨਾਮ ਵਿਚ 11 ਲੱਖ ਰੁਪਿਆ ਦਿੱਤਾ ਜਾਂਦਾ ਹੈ।

ਮਰਾਠੀ ਲੇਖਕ ਭਾਲਚੰਦ੍ਰ ਵਣਜੀ ਨੇਮਾੜੇ ਨੂੰ ਇਹ ਪੁਰਸਕਾਰ ਉਸ ਦੇ ਨਾਵਲ 'ਹਿੰਦੂ' ਲਈ ਦਿੱਤਾ ਗਿਆ ਹੈ। ਇਹ ਨਾਵਲ 2010 ਵਿਚ ਛਪਿਆ ਸੀ ਅਤੇ ਇਸ ਵਿਚ ਸਿੰਧੂ ਘਾਟੀ ਦੀ ਸਭਿਅਤਾ ਦਾ ਬਿਰਤਾਂਤ ਹੈ। ਨੇਮਾੜੇ ਦਾ ਪਹਿਲਾ ਨਾਵਲ 'ਕੋਸਲਾ' (ਛੱਲੀ) 1963 ਵਿਚ ਛਪਿਆ ਸੀ ਅਤੇ ਬੜਾ ਮਸ਼ਹੂਰ ਹੋਇਆ ਸੀ। ਉਸ ਵੇਲੇ ਇਸ ਨਾਵਲ ਨੇ ਮਰਾਠੀ ਸਾਹਿਤ ਵਿਚ ਨਵਾਂ ਰੁਝਾਨ ਸ਼ੁਰੂ ਕੀਤਾ ਸੀ। ਇਹ ਨਾਵਲ ਤਕਨੀਕ ਪੱਖੋਂ ਵੀ ਬੜਾ ਜ਼ੋਰਦਾਰ ਸੀ। ਦਰਅਸਲ 'ਕੋਸਲਾ' ਅਤੇ 'ਹਿੰਦੂ' ਇਕੋ ਲੜੀ ਦੇ ਨਾਵਲ ਹਨ। 'ਕੋਸਲਾ' ਦਾ ਨੌਜਵਾਨ ਨਾਇਕ ਪਿੰਡ ਤੋਂ ਉਠ ਕੇ ਪੁਣੇ ਪੜ੍ਹਨ ਜਾਂਦਾ ਹੈ ਅਤੇ ਦੁਨੀਆਂ ਨੂੰ ਆਪਣੀ ਅੱਖ ਨਾਲ ਦੇਖਦਾ ਹੈ। ਡਾਇਰੀ ਦੇ ਰੂਪ ਵਿਚ ਲਿਖੇ ਇਸ ਨਾਵਲ ਦਾ ਬਿਰਤਾਂਤ ਬੇਜੋੜ ਹੈ। ਇਹ ਨਾਵਲ ਨੈਸ਼ਨਲ ਬੁੱਕ ਟਰੱਸਟ ਵਲੋਂ ਪੰਜਾਬੀ ਵਿਚ ਵੀ ਛਾਪਿਆ ਗਿਆ ਹੈ। ਇਸੇ ਤਰ੍ਹਾਂ 'ਹਿੰਦੂ' ਨਾਵਲ ਦਾ ਨਾਇਕ ਉਮਰ ਹੰਢਾਅ ਚੁੱਕਾ ਸ਼ਖਸ ਹੈ। ਇਨ੍ਹਾਂ ਦੋਵਾਂ ਨਾਇਕਾਂ ਵਿਚ ਬਹੁਤ ਸਾਰੀਆਂ ਸਾਂਝਾਂ ਦੇ ਬਾਵਜੂਦ ਜ਼ਮੀਨ-ਆਸਮਾਨ ਦਾ ਫਰਕ ਹੈ। 'ਕੋਸਲਾ' ਦਾ ਨਾਇਕ ਜੇ ਛੋਹਲਾ ਤੇ ਫੁਰਤੀਲਾ ਵਧੇਰੇ ਹੈ ਤਾਂ 'ਹਿੰਦੂ' ਦਾ ਨਾਇਕ ਹਕੀਕਤ ਦੇ ਵੱਧ ਨੇੜੇ ਹੈ। 'ਕੋਸਾਲਾ' ਨਾਵਲ ਬਾਰੇ ਦਾਅਵਾ ਕੀਤਾ ਜਾਂਦਾ ਹੈ ਕਿ ਇਹ ਸਿਰਫ 16 ਦਿਨ ਵਿਚ ਮੁਕੰਮਲ ਕਰ ਲਿਆ ਸੀ। ਇਨ੍ਹਾਂ ਦੋਵਾਂ ਨਾਵਲਾਂ ਵਿਚ ਨੇਮਾੜੇ ਨੇ ਸਿੰਧੂ ਘਾਟੀ ਦੀ ਸੱਭਿਅਤਾ ਦੇ ਇਤਿਹਾਸ ਤੋਂ ਲੈ ਕੇ 20ਵੀਂ ਸਦੀ ਤੱਕ ਦੇ ਵਕਤ ਦਾ ਜ਼ਿਕਰ ਛੇੜਿਆ ਹੈ। ਇਨ੍ਹਾਂ ਦੋ ਨਾਵਲਾਂ ਤੋਂ ਇਲਾਵਾ ਨੇਮਾੜੇ ਨੇ 'ਬਿਦਰ', 'ਹੂਲ', 'ਜਰੀਲਾ' ਤੇ 'ਝੂਲ' ਨਾਵਲ ਲਿਖੇ ਹਨ। ਨਾਲ ਹੀ ਉਸ ਦੇ ਦੋ ਕਵਿਤਾ ਸੰਗ੍ਰਿਹ ਅਤੇ ਆਲੋਚਨਾ ਦੀਆਂ 6 ਕਿਤਾਬਾਂ ਛਪੀਆਂ ਹਨ।




*ਭਾਲਚੰਦ੍ਰ ਨੇਮਾੜੇ ਦੇ ਨਾਵਲ 'ਕੋਸਲਾ' ਅਤੇ 'ਹਿੰਦੂ' ਦੇ ਟਾਈਟਲ।*

ਨੇਮਾੜੇ ਦਾ ਜਨਮ 27 ਮਈ 1938 ਨੂੰ ਮਹਾਰਾਸ਼ਟਰ ਵਿਚ ਹੋਇਆ ਸੀ ਅਤੇ ਉਹ ਇਸ ਤੋਂ ਪਹਿਲਾਂ ਸਾਹਿਤ ਅਕੈਡਮੀ ਦਾ ਇਨਾਮ ਜਿੱਤ ਚੁੱਕੇ ਹਨ। ਸਾਲ 2011 ਵਿਚ ਉਨ੍ਹਾਂ ਨੂੰ ਪਦਮਸ੍ਰੀ ਨਾਲ ਵੀ ਨਿਵਾਜਿਆ ਗਿਆ ਸੀ। ਨੇਮਾੜੇ ਨੇ 1960ਵਿਆਂ ਦੌਰਾਨ ਸਾਹਿਤਕ ਅੰਦੋਲਨ ਭਖਾਉਣ ਵਿਚ ਬੜੀ ਅਹਿਮ ਭੂਮਿਕਾ ਨਿਭਾਈ ਸੀ। ਮਰਾਠੀ ਸਾਹਿਤ ਵਿਚ ਉਨ੍ਹਾਂ ਦੇ ਨਾਵਲਾਂ ਦਾ ਬੜਾ ਮਾਣ-ਸਤਿਕਾਰ ਹੈ। ਉਹ ਖੁਸ਼ ਹੈ ਕਿ ਮਹਾਰਾਸ਼ਟਰ ਦੇ ਲੋਕਾਂ ਨੇ ਹੀ ਨਹੀਂ, ਸਗੋਂ ਭਾਰਤ ਭਰ ਦੇ ਸਾਹਿਤ ਪ੍ਰੇਮੀਆਂ ਨੇ ਉਸ ਦੀਆਂ 'ਤੁੱਛ ਜਿਹੀਆਂ' ਰਚਨਾਵਾਂ ਨੂੰ ਭਰਵਾਂ ਹੁੰਗਾਰਾ ਭਰਿਆ ਹੈ।

**-ਸਿਮਰਨ ਕੌਰ ਸਿਮਰ**

## ਅੰਮ੍ਰਿਤਾ, ਗੁਰਦਿਆਲ ਤੇ ਗਿਆਨਪੀਠ

*ਪੰਜਾਬੀ ਵਿਚ ਗਿਆਨਪੀਠ ਪੁਰਸਕਾਰ ਹੁਣ ਤੱਕ ਦੋ ਲੇਖਕਾਂ- ਅੰਮ੍ਰਿਤਾ ਪ੍ਰੀਤਮ ਤੇ ਗੁਰਦਿਆਲ ਸਿੰਘ ਨੂੰ ਮਿਲਿਆ ਹੈ। ਅੰਮ੍ਰਿਤਾ ਦੀ ਕਵਿਤਾ 'ਅੱਜ ਆਖਾਂ ਵਾਰਿਸ ਸ਼ਾਹ ਨੂੰ' ਦਾ ਸਾਹਿਤ ਦੇ ਖੇਤਰ ਵਿਚ ਬਹੁਤ ਉਚਾ ਸਥਾਨ ਹੈ। ਇਹ ਕਵਿਤਾ ਉਸ ਨੇ 1947 ਦੀ ਵੰਡ ਦੇ ਦਰਦ ਬਾਰੇ ਲਿਖੀ ਸੀ। ਇਸ ਕਵਿਤਾ ਵਿਚ ਧੀਆਂ ਦੇ ਦਰਦ ਨੂੰ ਉਸ ਨੇ ਇਸ ਰੰਗ ਵਿਚ ਪੇਸ਼ ਕੀਤਾ ਕਿ ਇਹ ਕਵਿਤਾ ਅਮਰ ਹੋ ਗਈ। ਕਵਿਤਾ ਤੋਂ ਇਲਾਵਾ ਉਸ ਨੇ ਕਹਾਣੀ ਅਤੇ ਨਾਵਲ ਦੇ ਖੇਤਰ ਵਿਚ ਵੀ ਖੂਬਸੂਰਤ ਰਚਨਾਵਾਂ ਪੰਜਾਬੀ ਸਾਹਿਤ ਨੂੰ ਦਿੱਤੀਆਂ। ਗੁਰਦਿਆਲ ਸਿੰਘ ਨੇ ਆਪਣੇ ਪਹਿਲੇ ਹੀ ਨਾਵਲ 'ਮੜ੍ਹੀ ਦਾ ਦੀਵਾ' ਵਿਚ ਜਗਸੀਰ ਨਾਂ ਦੇ ਦਲਿਤ ਪਾਤਰ ਨੂੰ ਜਿਸ ਢੰਗ ਨਾਲ ਬਿਆਨ ਕੀਤਾ, ਇਹ ਪੰਜਾਬੀ ਸਾਹਿਤ ਦੀ ਅਮਰ ਰਚਨਾ ਹੋ ਨਿਬੜਿਆ। ਇਸ ਤੋਂ ਬਾਅਦ ਉਹਨੇ 'ਅਣਹੋਏ' ਅਤੇ 'ਪਰਸਾ' ਵਰਗੇ ਨਾਵਲਾਂ ਵਿਚ ਆਪਣਾ ਇਹੀ ਰੰਗ ਦਿਖਾਇਆ।*






## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 21 ਫਰਵਰੀ 2015 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-156




*ਇਸ ਬੋਤੇ ਦੇ ਉਤੇ ਬਹਿ ਕੇ ਜਾਂਦੀ ਸੀ ਕਦੇ ਡੋਲੀ।*
*ਇਸ ਬੋਤੇ ਨੇ ਥਲ ਵਿਚ ਸੱਸੀ ਪੁਨੂੰ ਹਥੋਂ ਰੋਲੀ।*
*ਇਸ ਮਸ਼ੀਨੀ ਯੁੱਗ ਅੰਦਰ ਸਭ ਬਦਲ ਗਏ ਨੇ ਰੂਟ।*
*ਕਿਸੇ ਮੇਲੇ ਵਿਚ ਦਿਸਦਾ ਮਿੱਤਰੋ ਇਓਂ ਸ਼ਿੰਗਾਰਿਆ ਊਠ।*
*ਬਹੁਤ ਲਕੋ ਲਏ ਢਿੱਡ ਵਿਚ ਸੱਚੀਂ ਕਾਹਲੇ ਵਕਤ ਨੇ ਰਾਜ।*
*ਕਿਤੇ ਕਿਤੇ ਇਹ ਮਾਰੂਥਲ ਵਿਚ ਅੱਜ ਕੱਲ੍ਹ ਦਿਸੇ ਜਹਾਜ।*

### ਕੈਪਸ਼ਨ ਮੁਕਾਬਲਾ-154



ਭਲੇ ਸਮੇਂ ਦੀ ਗੱਲ ਹੋਈ ਜਦੋਂ
ਸਾਈਕਲ ਸੀ ਸੜਕਾਂ ਦਾ ਰਾਜਾ।
ਬਿਨਾਂ ਤੇਲ ਤੋਂ ਧੂੜਾਂ ਪੱਟਦਾ
ਨਾਲੇ ਰੱਖਦਾ ਸਿਹਤ ਨੂੰ ਤਾਜ਼ਾ।
ਖੇਤਾਂ ਨੂੰ ਚੱਲਿਆ ਸੀ ਬਾਬਾ
ਅੱਜ ਬਿਜਲੀ ਦੀ ਸੀ ਵਾਰੀ।
ਚੜ੍ਹ ਸਾਈਕਲ 'ਤੇ ਜਦੋਂ ਪੈਡਲ ਮਾਰੇ
ਚੇਨ ਫਸ ਗਈ ਵਿਚ ਗਰਾਰੀ।
'ਜਵਾਨਾ ਆ ਕੇ ਹੱਥ ਵਟਾ
ਇਹ ਮੈਥੋਂ ਲੋਟ ਨਾ ਆਵੇ।'
ਲਗਦਾ ਹੈ ਬਿਨਾਂ ਪੇਚਕਸ ਤੋਂ
ਹੁਣ ਦੋਵਾਂ ਦੀ ਪੇਸ਼ ਨਾ ਜਾਵੇ।

**-ਸੇਵਾ ਸਿੰਘ ਨੂਰਪੁਰੀ**
**ਸੈਨ ਹੋਜ਼ੇ, ਕੈਲੀਫੋਰਨੀਆ।**

---

ਕਦੇ ਤਾਂ ਕੁੱਤੇ ਫ਼ੇਲ੍ਹ ਹੋ ਜਾਵਣ,
ਇਨ੍ਹਾਂ ਨੂੰ ਫਿਰ ਪਾਸ ਕਰਾਈਏ।
ਤੁਰੇ ਜਾਂਦੇ ਦੀ ਚੇਨ ਲਹਿ ਜਾਏ,
ਫਸੀ ਹੋਈ ਨੂੰ ਕੱਢ ਚੜ੍ਹਾਈਏ।
ਜ਼ਿੰਦਗੀ ਸਾਡੀ ਪੈਂਚਰ ਹੋ ਗਈ,
ਧੂਹ ਘੜੀਸ ਨਾਲ ਡੰਗ ਟਪਾਈਏ।

**-ਜਗਮੀਤ ਸਿੰਘ ਪੰਧੇਰ**
**ਫੋਨ: 91-98783-37222**

ਮਹਿੰਗਾ ਰੋਵੇ ਇਕ ਵਾਰ
ਸਸਤਾ ਰੋਵੇ ਵਾਰ ਵਾਰ।
ਪੁਰਾਣਾ ਸਾਈਕਲ ਅਸਾਂ ਨੇ
ਲੈ ਲਿਆ ਮਜਬੂਰੀਵੱਸ
ਕਦੇ ਚੇਨ ਉਤਰੇ, ਕਦੇ ਕੁੱਤੇ ਫੇਲ੍ਹ।
ਕਦੇ ਗਰਾਰੀ ਟੁੱਟੀ, ਕਦੇ ਪੰਚਰ।
ਧੁੱਪ ਕੜਾਕੀ, ਫਸ ਗਿਆ ਕੱਚੇ ਰਾਹੇ
ਬੇਟ ਦਾ ਇਲਾਕਾ,
ਸੁੰਨ-ਮਸਾਨ, ਬੀਆਬਾਨ।
ਬੜੇ ਓਹੜ ਪੋਹੜ ਕੀਤੇ
ਸਭ ਹੀਲੇ ਬੇਅਰਥ।
ਢਿੱਲੀ ਹੋ ਗਈ ਚੇਨ,
ਜੋ ਉਤਰੇ ਵਾਰ ਵਾਰ।

**-ਦਰਸ਼ਨ ਪਾਲ ਦੋਸਾਂਝ**
darshanpaldo@oal.com

---

ਦੋ ਸਵਾਰੀਆਂ ਸਾਈਕਲ ਉਤੇ
ਜਾਂਦੀਆਂ ਸਨ ਮੰਜ਼ਿਲ ਵੱਲੇ।
ਫਸ ਗਈ ਚੇਨ ਰਾਹ ਦੇ ਵਿਚ
ਪਈ ਖੱਜਲ-ਖੁਆਰੀ ਪੱਲੇ।

**-ਹਰਮੀਕ ਸਿੰਘ ਵਿੱਕੀ**
**ਸਟਾਕਟਨ, ਕੈਲੀਫੋਰਨੀਆ।**

### ਕੈਪਸ਼ਨ ਮੁਕਾਬਲਾ-153

ਅੱਧ ਅਸਮਾਨੀ ਏਰੀਅਲ ਟੰਗਣੇ
ਰੇਡੀਓ ਹੁੰਦੇ ਸਨ ਨਿਰੇ ਡੱਬੇ।
ਭਾਂਤ-ਭਾਂਤ ਦੇ ਪ੍ਰੋਗਰਾਮ ਸੁਣਾਵੇ
ਅੰਗੀਠੀ ਤੇ ਪਿਆ ਮੂਲੋਂ ਨਾ ਫੱਬੇ।
ਫਿਰ ਰੇਡੀਓ ਨੇ ਰੂਪ ਬਦਲਿਆ
ਬਣ ਗਏ ਐਨਟੀਨੇ ਤੇ ਟੀ ਵੀ।
ਨਿੱਕੀ ਜਿਹੀ ਡੱਬੀ ਵਿਚ ਕੈਦ ਹੁਣ
ਰੇਡੀਓ, ਫੋਨ, ਕੰਪਿਊਟਰ ਤੇ ਟੀ ਵੀ।

**-ਸੇਵਾ ਸਿੰਘ ਨੂਰਪੁਰੀ**

# ਸੈਂਕੜੇ ਕਿਸਾਨਾਂ ਨੂੰ ਬੇ-ਜ਼ਮੀਨੇ ਕਰ ਗਈ ਬਿਆਸ ਦਰਿਆ ਦੀ ਰੋੜ੍ਹ

**ਨਡਾਲਾ:** ਆਪਣੇ ਅਸਲ ਵਹਿਣ ਤੋਂ ਹਟ ਕੇ ਜ਼ਿਲ੍ਹਾ ਕਪੂਰਥਲਾ ਦੇ ਭੁਲੱਥ ਖੇਤਰ ਵੱਲ ਬਿਆਸ ਦਰਿਆ ਵਲੋਂ ਲਗਾਤਾਰ ਲਾਈ ਜਾ ਰਹੀ ਢਾਹ ਕਾਰਨ ਕਿਸਾਨਾਂ ਦੀ ਤਕਰੀਬਨ 1600 ਏਕੜ ਵਾਹੀਯੋਗ ਜ਼ਮੀਨ ਦਰਿਆ ਦੀ ਭੇਟ ਚੜ ਚੁੱਕੀ ਹੈ। ਪਿਛਲੇ ਅੱਠ ਸਾਲਾਂ ਤੋਂ ਕਿਸਾਨਾਂ ਦੀ ਹੋ ਰਹੀ ਇਸ ਤਬਾਹੀ ਨੂੰ ਰੋਕਣ ਲਈ ਨਾ ਹੀ ਸਰਕਾਰ ਨੇ ਅਤੇ ਨਾ ਹੀ ਕਿਸੇ ਅਧਿਕਾਰੀ ਨੇ ਕਿਸਾਨਾਂ ਦੀ ਬਾਂਹ ਫੜੀ ਹੈ ਜਿਸ ਕਾਰਨ 100 ਦੇ ਕਰੀਬ ਕਿਸਾਨ ਪਰਿਵਾਰ ਰੋਟੀ ਰੋਜ਼ੀ ਤੋਂ ਮੁਥਾਜ ਹੋ ਕੇ ਰਹਿ ਗਏ ਹਨ। ਇਸ ਬਾਰੇ ਰਾਏਪੁਰ ਅਰਾਈਆਂ, ਦਾਊਦਪੁਰ, ਮਿਰਜਾਪੁਰ, ਚੱਕੋਕੀ, ਬੁਤਾਲਾ ਦੇ ਪੀੜਤ ਕਿਸਾਨਾਂ ਦਾ ਕਹਿਣਾ ਹੈ ਕਿ 2003 ਤੋਂ ਇਹ ਤਬਾਹੀ ਦਾ ਮੰਜਰ ਚੱਲ ਰਿਹਾ ਹੈ, ਜਦ ਤੋਂ ਦਰਿਆ ਵਲੋਂ ਅੰਮ੍ਰਿਤਸਰ ਵਾਲੇ ਪਾਸੇ ਲੱਗਦੇ ਉਚੇ ਤੇ ਮਜ਼ਬੂਤ ਢਾਹੇ ਨਾਲ ਵਗਦੇ ਵਹਿਣ ਤੋਂ ਹਟ ਕੇ ਇਸ ਪਾਸੇ ਢਾਹ ਲਾਉਣੀ ਸ਼ੁਰੂ ਕਰ ਦਿੱਤੀ।



2007 ਵਿਚ ਕਿਸਾਨਾਂ ਵਲੋਂ ਆਪਣੀ ਤਬਾਹੀ ਦਾ ਰੌਲਾ ਪਾਉਣ ਤੋਂ ਬਾਅਦ ਸਿੰਚਾਈ ਮੰਤਰੀ ਜਨਮੇਜਾ ਸਿੰਘ ਸੇਖੋਂ, ਵਿਧਾਇਕ ਬੀਬੀ ਜਗੀਰ ਕੌਰ ਤੇ ਤਤਕਾਲੀਨ ਡਿਪਟੀ ਕਮਿਸ਼ਨਰ ਬਾਲਾਮੁਰੂਗਨ ਨੇ ਮੌਕੇ 'ਤੇ ਪਹੁੰਚ ਕੇ ਸਾਰਾ ਹਾਲ ਅੱਖੀਂ ਦੇਖਿਆ ਪਰ ਇਸ ਦੇ ਹੱਲ ਲਈ ਕੁਝ ਨਹੀਂ ਕੀਤਾ। ਇਸ ਵੇਲੇ ਹਾਲਤ ਇਹ ਹਨ ਕਿ ਵਹਿਣ ਕਾਰਨ ਲਗਾਤਾਰ ਤੇਜ਼ੀ ਨਾਲ ਜ਼ਮੀਨ ਨੂੰ ਖੋਰਾ ਲੱਗ ਰਿਹਾ ਹੈ। ਹਰ ਰੋਜ਼ 2-2 ਏਕੜ ਜ਼ਮੀਨ ਦਰਿਆ ਦੀ ਭੇਟ ਚੜ੍ਹ ਰਹੀ ਹੈ। ਪੀੜਤ ਕਿਸਾਨਾਂ ਦੀ ਜ਼ਮੀਨ ਦੇ ਨਾਲ-ਨਾਲ ਦੋ ਟਰਾਂਸਫ਼ਾਰਮਰ, ਛੇ ਮੋਟਰਾਂ, ਚਾਰ ਡੀਜ਼ਲ ਇੰਜਨ, ਛੇ ਪਸ਼ੂਆਂ ਦੇ ਡੇਰੇ ਰੁੜ੍ਹ ਗਏ ਹਨ। ਪੀੜਤ ਕਿਸਾਨਾਂ ਵਿਚ ਸਰਬਜੀਤ ਸਿੰਘ ਅਤੇ ਅਮਰੀਕ ਸਿੰਘ ਦੀ 45-45 ਏਕੜ, ਚਰਨਜੀਤ ਸਿੰਘ ਅਤੇ ਗੁਰਨਾਮ ਸਿੰਘ ਦੀ 40-40 ਏਕੜ, ਮੱਖਣ ਸਿੰਘ ਤੇ ਫੁੰਮਣ ਸਿੰਘ ਦੀ 50 ਏਕੜ (ਸਮੇਤ ਡੇਰਾ ਤੇ ਟਰਾਂਸਫ਼ਾਰਮਰ), ਨਿਰਮਲ ਸਿੰਘ ਖੱਖ 15 ਏਕੜ, ਜਤਿੰਦਰ ਸਿੰਘ 38 ਏਕੜ, ਬਚਨ ਸਿੰਘ ਤੇ ਕੁੰਦਨ ਸਿੰਘ ਦੀ 55 ਏਕੜ ਤੇ ਹੋਰ ਕਈ ਕਿਸਾਨਾਂ ਦੀ ਜ਼ਮੀਨ ਦਰਿਆ ਸਪੁਰਦ ਹੋ ਚੁੱਕੀ ਹੈ। ਕਈ ਕਿਸਾਨਾਂ ਦੀ ਤਾਂ ਸਾਰੀ ਜ਼ਮੀਨ ਹੀ ਰੁੜ੍ਹ ਚੁੱਕੀ ਹੈ।

ਕਿਸਾਨਾਂ ਨੇ ਦੱਸਿਆ ਕਿ ਪਹਿਲਾਂ ਤਾਂ ਦਰਿਆ ਆਪਣੇ ਅਸਲੀ ਵਹਿਣ 'ਤੇ ਵਗਦਾ ਸੀ ਪਰ ਕੁਝ ਸਾਲ ਪਹਿਲਾਂ ਦੂਸਰੇ ਪਾਸੇ ਇਕ ਧਾਰਮਿਕ ਡੇਰੇ ਵਲੋਂ ਦਰਿਆ ਦੇ ਕੰਢਿਆ ਨੂੰ ਨਿੱਜੀ ਹਿਤਾਂ ਲਈ ਵਰਤਣਾ ਸ਼ੁਰੂ ਕਰ ਦਿੱਤਾ ਤੇ ਲਗਾਤਾਰ ਅੱਗੇ ਵਧਦੇ ਗਏ। ਜਿਸ ਕਾਰਨ ਦਰਿਆ ਨੇ ਵਹਿਣ ਬਦਲ ਲਿਆ ਤੇ ਸਾਡੇ ਵਾਲੇ ਪਾਸੇ ਢਾਹ ਲਾਉਣੀ ਸ਼ੁਰੂ ਕਰ ਦਿੱਤੀ।

ਲਗਾਤਾਰ ਪਾਣੀ ਵਲੋਂ ਲਾਈ ਜਾ ਰਹੀ ਢਾਹ ਨੂੰ ਵੇਖਦਿਆਂ ਕਿਸਾਨ ਆਪਣੀ ਨਿਗਰ ਰਹੀ ਕਣਕ ਨੂੰ ਵੱਢਣ ਲਈ ਮਜਬੂਰ ਹਨ। ਕਿਸਾਨਾਂ ਨੇ ਹਾਈਕੋਰਟ ਦਾ ਦਰਵਾਜ਼ਾ ਖੜਕਾਉਣ ਦਾ ਮਨ ਬਣਾ ਲਿਆ ਹੈ। ਕਿਸਾਨਾਂ ਨੇ ਇਸ ਬਾਰੇ ਪ੍ਰਧਾਨ ਮੰਤਰੀ, ਮੁੱਖ ਮੰਤਰੀ ਪੰਜਾਬ, ਸਿੰਚਾਈ ਮੰਤਰੀ ਪੰਜਾਬ, ਡਿਪਟੀ ਕਮਿਸ਼ਨਰ ਕਪੂਰਥਲਾ ਤੇ ਅੰਮ੍ਰਿਤਸਰ ਨੂੰ ਲਿਖਤੀ ਸ਼ਿਕਾਇਤ ਭੇਜੀਆਂ ਹਨ। ਪੀੜਤ ਕਿਸਾਨਾਂ ਨੇ ਚਿਤਾਵਨੀ ਦਿੱਤੀ ਕਿ ਜੇਕਰ ਇਸ ਸਮੱਸਿਆ ਦਾ ਹੱਲ ਨਾ ਕੱਢਿਆ ਤਾਂ ਉਹ ਪਰਿਵਾਰ ਸਮੇਤ ਸੜਕ 'ਤੇ ਬੈਠ ਕੇ ਧਰਨੇ ਦੇਣਗੇ। ਇਸ ਬਾਰੇ ਐਸ.ਡੀ.ਓ. ਸਿੰਚਾਈ ਢਿੱਲਵਾਂ ਨੇ ਆਖਿਆ ਕਿ ਕੇਂਦਰ ਵਲੋਂ ਇਸ ਬਾਰੇ ਢਾਈ ਕਰੋੜ ਦੀ ਸਕੀਮ ਪਾਸ ਹੋ ਚੁੱਕੀ ਹੈ ਤੇ ਕੁਝ ਜ਼ਰੂਰੀ ਮਨਜ਼ੂਰੀਆਂ ਕਾਰਨ ਦੇਰ ਹੋ ਰਹੀ ਹੈ।

---

# 'ਅਪਗ੍ਰੇਡ' ਸਕੂਲ ਪੰਚਾਇਤਾਂ ਲਈ ਬਣੇ ਸਿਰਦਰਦੀ

**ਚੰਡੀਗੜ੍ਹ:** ਪੰਜਾਬ ਵਿਚ ਪੇਂਡੂ ਖੇਤਰਾਂ ਦੇ ਵੱਡੀ ਗਿਣਤੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪਿੰਡਾਂ ਦੀਆਂ ਪੰਚਾਇਤਾਂ ਲਈ ਸਿਰਦਰਦੀ ਬਣ ਗਏ ਹਨ। ਇਹ ਉਹ ਸਕੂਲ ਹਨ ਜਿਨ੍ਹਾਂ ਨੂੰ 'ਗੱਲੀਂਬਾਤੀਂ' ਅਪਗ੍ਰੇਡ ਕੀਤਾ ਗਿਆ ਸੀ ਤੇ ਪੰਚਾਇਤਾਂ ਨੂੰ ਕਿਹਾ ਗਿਆ ਸੀ ਕਿ ਉਹ ਕੁਝ ਸਮੇਂ ਲਈ ਸਕੂਲ ਚਲਾਉਣ ਦਾ ਪ੍ਰਬੰਧ ਕਰ ਲੈਣ ਤੇ ਬਾਅਦ ਵਿਚ ਸਰਕਾਰ ਉਨ੍ਹਾਂ ਨੂੰ ਅਪਨਾ ਲਵੇਗੀ। ਸਹੀ ਅਰਥਾਂ ਵਿਚ ਸਕੂਲ ਅਪਗ੍ਰੇਡ ਕਰਨ 'ਤੇ ਇਨ੍ਹਾਂ ਵਿਚ ਪ੍ਰਿੰਸੀਪਲ ਤੇ ਜ਼ਰੂਰਤ ਅਨੁਸਾਰ ਲੈਕਚਰਰਾਂ ਦੀਆਂ ਨਿਯੁਕਤੀਆਂ ਕਰਨਾ ਲਾਜ਼ਮੀ ਸੀ।

ਪਟਿਆਲਾ ਜ਼ਿਲ੍ਹੇ ਦੇ ਪਿੰਡ ਖੇੜੀ ਬਰਨਾ ਦੇ ਹਾਈ ਸਕੂਲ ਨੂੰ ਸੀਨੀਅਰ ਸੈਕੰਡਰੀ ਸਕੂਲ ਬਣਾਉਣ ਦਾ ਉਦਘਾਟਨ ਵੀ ਕਰ ਦਿੱਤਾ ਗਿਆ। ਸਕੂਲ ਦੇ ਮੁੱਖ ਗੇਟ ਉਤੇ ਲੱਗੇ ਪੱਥਰ ਮੁਤਾਬਕ 27 ਮਈ 2013 ਨੂੰ ਤਤਕਾਲੀ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਸੁਰਜੀਤ ਸਿੰਘ ਰੱਖੜਾ ਦੇ ਯਤਨਾਂ ਸਦਕਾ ਇਹ ਉਦਘਾਟਨ ਚਰਨਜੀਤ ਸਿੰਘ ਰੱਖੜਾ (ਯੂ.ਐਸ.ਏ.) ਨੇ ਕੀਤਾ। ਪਿੰਡ ਦੀਆਂ ਕੁਝ ਐਮ.ਏ., ਬੀ.ਐਡ ਕੁੜੀਆਂ ਨੇ ਸਕੂਲ ਅਪਗ੍ਰੇਡ ਹੋਣ ਦੀ ਖੁਸ਼ੀ ਵਿਚ ਕੁਝ ਸਮਾਂ ਮੁਫ਼ਤ ਵਿਚ ਕੰਮ ਵੀ ਕੀਤਾ। ਆਖਰ ਸੱਤ ਹਜ਼ਾਰ ਰੁਪਏ ਮਹੀਨਾ ਉਤੇ ਚਾਰ ਅਧਿਆਪਕ ਰੱਖ ਲਏ ਗਏ। ਪਿੰਡ ਦੇ ਸਰਪੰਚ ਨਰਾਇਣ ਸਿੰਘ ਮੁਤਾਬਕ ਤਕਰੀਬਨ ਸਾਢੇ ਤਿੰਨ ਲੱਖ ਰੁਪਏ ਸਾਲ ਦੇ ਇਸ ਤਰ੍ਹਾਂ ਖ਼ਰਚ ਹੋ ਜਾਂਦੇ ਹਨ ਤਾਂ ਵਿਕਾਸ ਕਾਰਜ ਕਿਵੇਂ ਹੋਣਗੇ। ਸਕੂਲ ਵਿਚ 163 ਵਿਦਿਆਰਥੀ ਹਨ। ਗਿਆਰਵੀਂ ਦੇ ਸੌ ਵਿਦਿਆਰਥੀਆਂ ਦੀਆਂ 2 ਸੈਕਸ਼ਨਾਂ ਬਣਾਈਆਂ ਗਈਆਂ ਜੋ ਨਿਯਮਾਂ ਮੁਤਾਬਕ 40 ਵਿਦਿਆਰਥੀਆਂ ਤੋਂ ਵੱਧ ਨਹੀਂ ਬਣ ਸਕਦੀ। ਸਰਪੰਚ ਨੇ ਕਿਹਾ ਕਿ ਬਹੁਤ ਵਾਰ ਕੋਸ਼ਿਸ ਕੀਤੀ ਗਈ ਪਰ ਕੋਈ ਸੁਣਵਾਈ ਨਹੀਂ ਹੋਈ।

ਪਟਿਆਲਾ ਜ਼ਿਲ੍ਹੇ ਦੇ ਹੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਡੌਰ ਦਾ ਉਦਘਾਟਨ 23 ਮਈ 2013 ਨੂੰ ਦਰਸ਼ਨ ਸਿੰਘ ਧਾਲੀਵਾਲ (ਯੂ.ਐਸ.ਏ.) ਤੇ ਸਾਬਕਾ ਮੰਤਰੀ ਹਰਮੇਲ ਸਿੰਘ ਟੌਹੜਾ ਦੇ ਉਦਮ ਸਦਕਾ ਮੰਤਰੀ ਸੁਰਜੀਤ ਸਿੰਘ ਰੱਖੜਾ ਤੇ ਚਰਨਜੀਤ ਸਿੰਘ ਰੱਖੜਾ (ਯੂ.ਐਸ.ਏ.) ਨੇ ਆਪਣੇ ਕਰ ਕਮਲਾਂ ਨਾਲ ਕੀਤਾ। 28 ਹਜ਼ਾਰ ਰੁਪਏ ਮਹੀਨਾ ਖ਼ਰਚ ਕਰਕੇ ਪੰਚਾਇਤ ਨੇ ਲੈਕਚਰਾਰ ਰੱਖ ਲਏ ਪਰ ਹੁਣ ਕੋਈ ਸਾਰ ਲੈਣ ਵਾਲਾ ਨਹੀਂ ਹੈ। ਇਨ੍ਹਾਂ ਸਕੂਲਾਂ ਵਿਚ ਅਜੇ ਵੀ ਹਾਈ ਸਕੂਲ ਵਾਲਾ ਪ੍ਰਸ਼ਾਸਨਿਕ ਤੰਤਰ ਚੱਲ ਰਿਹਾ ਹੈ। ਸਾਬਕਾ ਸਰਪੰਚ ਬਲਜਿੰਦਰ ਸਿੰਘ ਨੇ ਕਿਹਾ ਕਿ ਉਹ ਅਨੇਕ ਕੋਸ਼ਿਸ਼ਾਂ ਕਰ ਚੁੱਕੇ ਹਨ ਪਰ ਸਕੂਲ ਅਪਗ੍ਰੇਡ ਨਹੀਂ ਹੋ ਰਿਹਾ। ਪਟਿਆਲਾ ਜ਼ਿਲ੍ਹੇ ਅੰਦਰ ਹੀ ਪਿੰਡ ਭੜੀ ਪਨੈਚਾਂ, ਬੰਮਣਾਂ ਤੇ ਹੋਰ ਕੁਝ ਪਿੰਡਾਂ ਵਿਚ ਸਬੰਧਤ ਹਲਕਾ ਇੰਚਾਰਜਾਂ ਨੇ ਸਕੂਲ ਅਪਗ੍ਰੇਡ ਕਰਵਾਉਣ ਦੀਆਂ ਖ਼ਬਰਾਂ ਛਪਵਾ ਦਿੱਤੀਆਂ ਪਰ ਪੰਚਾਇਤਾਂ ਨੇ ਖੁਦ ਕੰਮ ਸ਼ੁਰੂ ਕਰਨ ਤੋਂ ਤੌਬਾ ਕਰ ਲਈ। ਫ਼ਤਹਿਗੜ੍ਹ ਸਾਹਿਬ ਜ਼ਿਲ੍ਹੇ ਦੇ ਪਿੰਡ ਫਰਜ਼ੁੱਲਾਪੁਰ ਵਿਚ ਅਮਲੋਹ ਦੇ ਤਤਕਾਲੀ ਕਾਂਗਰਸ ਵਿਧਾਇਕ ਸਾਧੂ ਸਿੰਘ ਧਰਮਸੋਤ ਦੇ ਕਹਿਣ ਉਤੇ ਅਮਰਿੰਦਰ ਸਰਕਾਰ ਸਮੇਂ ਪੰਚਾਇਤ ਨੇ 2004 ਵਿਚ 11ਵੀਂ ਤੇ 12ਵੀਂ ਦੀਆਂ ਕਲਾਸਾਂ ਸ਼ੁਰੂ ਕਰ ਦਿੱਤੀਆਂ।

ਸਰਪੰਚ ਹਰਦੀਪ ਸਿੰਘ ਨੇ ਕਿਹਾ ਕਿ ਉਨ੍ਹਾਂ ਨੂੰ ਸਕੂਲ ਦਾ 100 ਫ਼ੀਸਦੀ ਨਤੀਜਾ ਆਉਣ ਕਾਰਨ ਅਪਗ੍ਰੇਡ ਕਰਨ ਦੀ ਉਮੀਦ ਸੀ ਪਰ ਸਰਕਾਰ ਦੇ ਮਨ ਮਿਹਰ ਨਹੀਂ ਪਈ। ਹੁਣ ਡੰਗ ਟਪਾਈ ਹੋ ਰਹੀ ਹੈ। ਜ਼ਿਲ੍ਹੇ ਦੇ ਉਚਾ ਪਿੰਡ ਦੀ ਪੰਚਾਇਤ ਤਿੰਨ ਸਾਲ ਤੱਕ ਸੀਨੀਅਰ ਸੈਕੰਡਰੀ ਸਕੂਲ ਚਲਾ ਕੇ ਹੱਥ ਖੜ੍ਹੇ ਕਰ ਗਈ। ਸਰਪੰਚ ਬਹਾਦਰ ਸਿੰਘ ਨੇ ਕਿਹਾ ਕਿ ਪੰਚਾਇਤ ਦੇ ਵਸ ਦੀ ਗੱਲ ਨਹੀਂ ਹੈ ਤੇ ਸਰਕਾਰ ਨੇ ਸਕੂਲ ਅਪਗ੍ਰੇਡ ਕਰਨ ਦੀ ਗੱਲ ਪ੍ਰਵਾਨ ਨਹੀਂ ਕੀਤੀ। ਸੂਬੇ ਵਿਚ ਅਜਿਹੇ ਦਰਜਨਾਂ ਸਕੂਲ ਸਰਕਾਰ ਦੀ ਨਜ਼ਰ-ਏ-ਇਨਾਇਤ ਦੇ ਇੰਤਜ਼ਾਰ ਵਿਚ ਹਨ। ਸੰਵਿਧਾਨ ਦੀ 73ਵੀਂ ਸੋਧ ਅਨੁਸਾਰ ਪੰਚਾਇਤਾਂ ਨੂੰ 29 ਵਿਭਾਗਾਂ ਦੇ ਵਿੱਤੀ ਤੇ ਪ੍ਰਸ਼ਾਸਨਿਕ ਅਧਿਕਾਰ ਸੌਂਪੇ ਜਾਣੇ ਸਨ। ਇੱਕੀ ਸਾਲ ਬੀਤ ਜਾਣ ਦੇ ਬਾਵਜੂਦ ਪੰਚਾਇਤਾਂ ਅਧਿਕਾਰਾਂ ਨੂੰ ਉਡੀਕ ਰਹੀਆਂ ਹਨ। ਪੰਚਾਇਤੀ ਰਾਜ ਸੰਸਥਾਵਾਂ ਦੇ ਹਵਾਲੇ ਕੀਤੇ 5700 ਸਕੂਲਾਂ ਤੇ 13034 ਅਧਿਆਪਕ ਵੀ ਸਿੱਖਿਆ ਵਿਭਾਗ ਵਿਚ ਸ਼ਾਮਲ ਕਰ ਲਏ ਹਨ। ਪੰਚਾਇਤਾਂ ਸਿਰਫ ਸੇਵਾ ਸੰਮਤੀ ਤੱਕ ਸੀਮਤ ਹੋ ਕੇ ਰਹਿ ਗਈਆਂ ਹਨ।

---


## ਗੁਰੂ ਨਾਨਕ ਇੰਜੀਨੀਅਰਿੰਗ ਕਾਲਜ (ਲੁਧਿਆਣਾ) ਸਾਬਕਾ ਵਿਦਿਆਰਥੀ ਜਥੇਬੰਦੀ (ਜੈਨਕੋ)

***GENCO Presents***

# Engineers Day

# ਇੰਜੀਨੀਅਰ ਦਿਵਸ

**ਐਤਵਾਰ, 15 ਫਰਵਰੀ 2015**
**ਗੁਰਦੁਆਰਾ ਸਾਹਿਬ ਫਰੀਮਾਂਟ**
ਸਵੇਰੇ 10:00 ਵਜੇ ਤੋਂ ਬਾਅਦ ਦੁਪਹਿਰ 2:00 ਵਜੇ

**ਐਤਵਾਰ, 22 ਫਰਵਰੀ 2015**
**ਗੁਰਦੁਆਰਾ ਸਾਹਿਬ ਐਲ ਸਬਰਾਂਟੇ**
ਸਵੇਰੇ 10:00 ਵਜੇ ਤੋਂ ਬਾਅਦ ਦੁਪਹਿਰ 2:00 ਵਜੇ

ਜੈਨਕੋ (ਗੁਰੂ ਨਾਨਕ ਇੰਜੀਨੀਅਰਿੰਗ ਕਾਲਜ ਅਲੂਮਨੀ) ਵਲੋਂ ਹੇਠ ਲਿਖੇ ਮਹਿਮਾਨਾਂ ਨੂੰ ਜਾਣਕਾਰੀ ਮੁਹੱਈਆ ਕਰਵਾਉਣ ਲਈ ਇੰਜੀਨੀਅਰਿੰਗ ਦਿਵਸ ਮਨਾਇਆ ਜਾ ਰਿਹਾ ਹੈ:

*ਗੈਰ-ਇੰਜੀਨੀਅਰ ਮਾਪੇ
-ਕੀ ਤੁਸੀਂ ਅਪਣੇ ਬੱਚਿਆਂ ਨੂੰ ਇੰਜੀਨੀਅਰ ਬਣਾਉਣਾ ਚਾਹੁੰਦੇ ਹੋ? ਆਓ ਉਨ੍ਹਾਂ ਨੂੰ ਇੰਜੀਨੀਅਰਿੰਗ ਬਾਰੇ ਜਾਣੂ ਕਰਵਾਈਏ।
*ਲੜਕੀਆਂ
-ਸਮਾਂ ਬਦਲ ਰਿਹਾ ਹੈ। ਆਓ ਅਤੇ ਜਾਣੋ ਲੜਕੀਆਂ ਇੰਜੀਨੀਅਰਿੰਗ ਵਿਚ ਕਿਵੇਂ ਅੱਗੇ ਵਧ ਰਹੀਆਂ ਹਨ?
*ਬੱਚੇ
-ਆਪਣੇ ਬੱਚਿਆਂ ਨੂੰ ਇਸ ਪ੍ਰੋਗਰਾਮ ਵਿਚ ਭੇਜੋ। ਆਓ ਵੇਖੀਏ ਕੀ ਉਹ ਇੰਜੀਨੀਅਰ ਬਣਨਾ ਚਾਹੁੰਦੇ ਹਨ!
ਆਓ ਰਲ ਕੇ ਆਪਣੀ ਕੌਮ ਦਾ ਸੁਨਹਿਰਾ ਭਵਿੱਖ ਸਿਰਜੀਏ।
ਅਸੀਂ ਆਪਣੇ ਬੂਥ ਉਤੇ ਤੁਹਾਡੇ ਨਾਲ ਇੰਜੀਨੀਅਰਿੰਗ ਪੇਸ਼ੇ ਬਾਰੇ ਗੱਲਬਾਤ ਕਰਨ ਵਿਚ ਮਾਣ ਮਹਿਸੂਸ ਕਰਾਂਗੇ।

*ਜੈਨਕੋ ਅਲੂਮਨੀ ਜਥੇਬੰਦੀ ਵਿਚ ਉਹ ਇੰਜੀਨੀਅਰ ਸ਼ਾਮਲ ਹਨ, ਜਿਨ੍ਹਾਂ ਨੇ ਪੰਜਾਬ ਦੇ ਗੁਰੂ ਨਾਨਕ ਇੰਜੀਨੀਅਰਿੰਗ ਕਾਲਜ, ਲੁਧਿਆਣਾ ਤੋਂ ਪੜ੍ਹਾਈ ਕੀ: ਹੈ। ਅਸੀਂ ਆਪਣੇ ਮੈਂਬਰਾਂ ਲਈ ਕਈ ਪ੍ਰੋਗਰਾਮ ਕਰਦੇ ਹਾਂ, ਜਿਨ੍ਹਾਂ ਵਿਚ ਸੱਭਿਆਚਾਰਕ, ਖੇਡਾਂ, ਧਾਰਮਿਕ ਅਤੇ ਕਾਰੋਬਾਰੀ ਪ੍ਰੋਗਰਾਮ ਸ਼ਾਮਲ ਹਨ।*

**Contact: GENCO Charitable Corporation**: gencospirit@yahoo.com or www.GencoBayArea.Com

**Disclaimer:** These events are being organized by GENCO as a service to its membership. There is no warranty of any kind. In no event shall GENCO be liable for any direct or indirect, consequential or incidental injuries or damages of any kind, whatsoever, during the GENCO events.

# ਦਲਿਤਾਂ ਦਾ ਧਰਮ ਅਤੇ ਧਰਮ ਬਦਲੀ

**ਸਾਰੀ ਉਮਰ ਜਿਸ ਨੇ ਅਪਮਾਨ ਝੱਲਿਆ, ਆਪਣੀ ਮਾਂ ਨੂੰ ਸਿਰ 'ਤੇ ਗੰਦਗੀ ਢੋਂਦਿਆਂ ਦੇਖਿਆ, ਉਹ ਪਰਮਾਤਮਾ ਤੋਂ ਇਹੋ ਦੁਆ ਮੰਗ ਸਕਦਾ ਹੈ ਕਿ ਪਰਮੇਸ਼ਵਰ ਚਾਹੇ ਹੁਣੇ ਉਸ ਦੀ ਜਾਨ ਲੈ ਲਵੇ। ਇਨ੍ਹਾਂ ਸਥਿਤੀਆਂ ਵਿਚ ਜੀਣ ਵਾਲੇ ਦਲਿਤ/ਆਦਿਵਾਸੀਆਂ ਨੇ ਆਪਣਾ ਧਰਮ ਨਹੀਂ ਬਦਲਿਆ। ਅਸਲ ਵਿਚ ਉਹ ਕਿਸੇ ਧਰਮ ਦਾ ਹਿੱਸਾ ਸੀ ਹੀ ਨਹੀਂ। ਧਰਮ ਵਰਗੀ ਕਿਸੇ ਚੀਜ਼ ਦੀ ਉਸ ਨੂੰ ਨਾ ਜਾਣਕਾਰੀ ਸੀ, ਨਾ ਲੋੜ। ਉਸ ਤੋਂ ਤਾਂ ਇਹ ਅਹਿਸਾਸ ਵੀ ਖੋਹ ਲਿਆ ਗਿਆ ਸੀ ਕਿ ਉਹ ਇਨਸਾਨ ਵੀ ਹੈ। ਦਲਿਤ/ਆਦਿਵਾਸੀ ਧਰਮ ਦੇ ਨਾਂ 'ਤੇ ਅੱਜ ਵੀ ਠੱਗਿਆ ਜਾ ਰਿਹਾ ਹੈ। ਜਦੋਂ ਇਸਲਾਮ ਦੀ ਆਬਾਦੀ ਵਧਣ ਲੱਗੀ, ਤਾਂ ਧਰਮ ਦੇ ਉਹ ਠੇਕੇਦਾਰ ਇਸਲਾਮ ਵਿਚ ਸ਼ਾਮਿਲ ਹੋ ਗਏ, ਜਿਨ੍ਹਾਂ ਤੋਂ ਅਪਮਾਨਿਤ ਹੋ ਕੇ ਦਲਿਤ/ਆਦਿਵਾਸੀ ਸਨਮਾਨ ਦੀ ਭਾਲ ਵਿਚ ਇਸਲਾਮ 'ਚ ਗਿਆ ਸੀ। ਫਿਰ ਉਸ ਤੋਂ ਬਾਅਦ ਈਸਾਈ ਆ ਗਏ, ਤਾਂ ਦਲਿਤਾਂ/ਆਦਿਵਾਸੀਆਂ ਨੂੰ ਲੱਗਾ ਕਿ ਉਹ ਇਸ ਖਿੜਕੀ ਰਾਹੀਂ ਸੁੱਖ ਦਾ ਸਾਹ ਲੈ ਸਕਣਗੇ, ਪਰ ਅਜਿਹਾ ਨਹੀਂ ਹੋ ਸਕਿਆ।**

ਪ੍ਰਾਚੀਨ ਇਤਿਹਾਸ ਵਿਚ ਹਜ਼ਾਰਾਂ ਅਜਿਹੀਆਂ ਕਹਾਣੀਆਂ ਹਨ, ਜਦੋਂ ਇਕ ਔਰਤ ਲਈ 2 ਰਾਜੇ ਆਪਸ ਵਿਚ ਲੜਦੇ ਰਹਿੰਦੇ ਸਨ। ਅੱਜ ਵੀ ਕਈ ਮਨਚਲੇ ਆਪਸ ਵਿਚ ਲੜਦੇ ਜਾਂ ਲੜਕੀ 'ਤੇ ਤੇਜ਼ਾਬ ਸੁੱਟਦੇ ਫਿਰਦੇ ਹਨ। ਇਨ੍ਹਾਂ ਵਿਚੋਂ ਹਰ ਕੋਈ ਪ੍ਰੇਮ ਦਾ ਦਾਅਵਾ ਕਰਦਾ ਹੈ ਪਰ ਉਸ ਲੜਕੀ ਨੂੰ ਨਾ ਕੋਈ ਉਦੋਂ ਪੁੱਛਦਾ ਸੀ, ਤੇ ਨਾ ਕੋਈ ਅੱਜ ਪੁੱਛਦਾ ਹੈ ਕਿ ਉਸ ਦੀ ਇੱਛਾ ਕੀ ਹੈ? ਆਦਮੀ ਦਾ ਦਿਮਾਗ ਅਜੇ ਤਕ ਇਹ ਮੰਨਣ ਲਈ ਤਿਆਰ

**ਦਰਸ਼ਨ ਰਤਨ ਰਾਵਣ**

ਨਹੀਂ ਕਿ ਕਿਸੇ ਔਰਤ ਦੀ ਆਜ਼ਾਦ ਸੋਚ ਹੈ, ਉਸ ਦਾ ਆਪਣਾ ਦਿਮਾਗ ਵੀ ਹੈ। ਇਹੋ ਹਾਲਤ ਅੱਜ ਦਲਿਤ ਦੀ ਵੀ ਹੈ। ਕੁਝ ਲੋਕ ਔਰਤ ਅਤੇ ਦਲਿਤ/ਆਦਿਵਾਸੀ ਨੂੰ ਪਸ਼ੂਆਂ ਦੀ ਸ਼੍ਰੇਣੀ ਵਿਚ ਖੜ੍ਹਾ ਕਰਦੇ ਰਹੇ ਹਨ, ਪਰ ਧਿਆਨ ਨਾਲ ਦੇਖੋ, ਤਾਂ ਪਤਾ ਲੱਗੇਗਾ ਕਿ ਪਸ਼ੂ ਦੀ ਸਥਿਤੀ ਦਲਿਤ ਤੇ ਔਰਤ ਨਾਲੋਂ ਜ਼ਿਆਦਾ ਬਿਹਤਰ ਹੈ। ਜਾਨਵਰਾਂ ਦੇ ਰਾਖਵੇਂ ਖੇਤਰ ਬਣਾਏ ਜਾ ਰਹੇ ਹਨ। ਦਲਿਤਾਂ ਤੇ ਔਰਤਾਂ ਨੂੰ ਮਾਰਨ ਦਾ ਕਿਸੇ ਨੂੰ ਡਰ ਨਹੀਂ ਰਿਹਾ, ਜਦਕਿ ਜਾਨਵਰ ਦੀ ਜਾਨ ਲੈਣ 'ਤੇ ਕੇਸ ਤੇ ਦੰਗੇ ਹੋਣੇ ਸੰਭਵ ਹਨ। ਗੋਹਾਣਾ ਤੋਂ ਬਾਅਦ ਖੈਰਲਾਂਜੀ, ਖੈਰਲਾਂਜੀ ਤੋਂ ਬਾਅਦ ਮਿਰਚਪੁਰ ਅਤੇ ਇਸ ਤੋਂ ਬਾਅਦ ਭਗਾਣਾ ਇਸ ਦੀਆਂ ਮਿਸਾਲਾਂ ਹਨ।

ਦਲਿਤ ਅਤੇ ਔਰਤ ਦੀ ਇਸ ਹਾਲਤ ਦਾ ਜ਼ਿੰਮੇਵਾਰ ਕੌਣ ਹੈ? ਕੋਈ ਅਸਭਿਅਕ ਤੇ ਨਾਸਤਿਕ ਨਹੀਂ, ਸਗੋਂ ਧਰਮ ਤੇ ਭਗਵਾਨ ਨੂੰ ਮੰਨਣ ਵਾਲਾ ਹੀ ਔਰਤ ਨੂੰ ਜਾਨਵਰ ਤੋਂ ਵੀ ਬਦਤਰ ਮੰਨਦਾ ਹੈ ਤੇ ਉਹ ਦਲਿਤ ਤੇ ਔਰਤ ਨੂੰ ਉਨੀ ਹੀ ਦੇਰ ਆਪਣੇ ਕੋਲ ਰਹਿਣ ਦਿੰਦਾ ਹੈ, ਜਿੰਨੀ ਦੇਰ ਉਸ ਦਾ ਸੁਆਰਥ ਤੇ ਹਵਸ ਪੂਰੀ ਨਾ ਹੋ ਜਾਵੇ। ਮਗਰੋਂ ਉਸ ਨੂੰ ਬੁੱਢੀ ਗਾਂ ਵਾਂਗ ਧੱਕਾ ਦੇ ਦਿੰਦਾ ਹੈ ਜੋ ਦੁੱਧ ਦੇਣ ਲਾਇਕ ਨਹੀਂ ਰਹਿੰਦੀ।

ਫਿਰ ਧਰਮ ਅਤੇ ਧਰਮ ਬਦਲੀ ਦੀ ਗੱਲ ਵਾਰ-ਵਾਰ ਹੋ ਰਹੀ ਹੈ। ਕੁਝ ਖਿਡਾਰੀ ਬਣ ਕੇ ਮੈਦਾਨ ਵਿਚ ਉਤਰੇ ਹਨ। ਦਲਿਤਾਂ/ਆਦਿਵਾਸੀਆਂ ਨੂੰ ਫੁੱਟਬਾਲ ਵਾਂਗ ਉਛਾਲਿਆ ਜਾ ਰਿਹਾ ਹੈ। ਇਹ ਬਿਲਕੁਲ ਉਸੇ ਤਰ੍ਹਾਂ ਹੋ ਰਿਹਾ ਹੈ, ਜਿਵੇਂ ਕਿਸੇ ਕੁੜੀ ਨੂੰ ਪੁੱਛੇ ਬਿਨਾਂ ਹੀ ਉਸ ਨੂੰ ਜਿੱਤ ਲੈਣ ਲਈ ਮੁਸ਼ਟੰਡੇ ਆਪਸ ਵਿਚ ਭਿੜ ਜਾਂਦੇ ਹਨ।

ਕਈ ਵਾਰ ਸੋਚਿਆ ਕਿ ਕੀ ਦਲਿਤ/ਆਦਿਵਾਸੀ ਕੋਈ ਚੱਲ-ਅਚੱਲ ਜਾਇਦਾਦ ਹੈ, ਜਿਨ੍ਹਾਂ ਨੂੰ ਕੋਈ ਵੀ ਹਥਿਆ ਲੈਣਾ ਚਾਹੁੰਦਾ ਹੈ? ਭਲਾ ਹੋਵੇ ਆਰ.ਐਸ.ਐਸ. ਮੁਖੀ ਮੋਹਨ ਭਾਗਵਤ




ਦਾ ਜਿਨ੍ਹਾਂ ਨੇ ਸਦੀਆਂ ਦੇ ਦਬਾਏ ਸੱਚ ਨੂੰ ਜ਼ੁਬਾਨ 'ਤੇ ਲਿਆ ਕੇ ਕਹਿ ਦਿੱਤਾ ਕਿ ਦਲਿਤ/ਆਦੀਵਾਸੀ ਉਨ੍ਹਾਂ ਦਾ 'ਮਾਲ' ਹੈ ਅਤੇ ਹੁਣ ਉਹ ਸਦੀਆਂ ਤੋਂ ਸ਼ਹਿਰੋਂ ਬਾਹਰ ਸੁੱਟੇ 'ਮਾਲ' ਨੂੰ ਵਾਪਿਸ ਲਿਆਉਣਾ ਚਾਹੁੰਦੇ ਹਨ। ਦੇਸ਼ ਦੀ ਵੰਡ ਸਮੇਂ ਵਾਲਮੀਕ ਪਰਿਵਾਰ ਵਿਚ ਪੈਦਾ ਹੋਏ ਮਹਾਨ ਸ਼ਾਇਰ ਗੁਰਦਾਸ ਆਲਮ ਇਸ ਸਥਿਤੀ ਨੂੰ ਬਿਆਨ ਕਰਦਿਆਂ 'ਅੰਬੇਦਕਰ' ਨਾਮੀ ਕਵਿਤਾ ਵਿਚ ਲਿਖਦੇ ਹਨ:

ਆਖਿਰ ਗਾਂਧੀ ਨੇ ਕਿਹਾ ਜਿੰਨਾਹ ਤਾਈਂ,  
ਜਿਥੋਂ ਤਕ ਬਣਦੀ ਆਪਣੀ ਹੱਦ ਲੈ ਲਓ।  
ਹਰੀਜਨ ਨੂੰ ਛੱਡ ਬੰਦਿਆ,  
ਭਾਵੇਂ ਸਾਰੇ ਇਸਲਾਮ ਦੀ ਜੱਦ ਲੈ ਲਓ।  
ਕਾਇਦੇ-ਆਜ਼ਮ ਕਿਹਾ ਜਨਾਬ ਗਾਂਧੀ,  
ਰਕਬਾ ਤੁਸੀਂ ਭਾਵੇਂ ਸਾਥੋਂ ਵੱਧ ਲੈ ਲਓ।  
ਅਛੂਤ ਸਾਂਝੇ ਗੁਲਾਮ ਹਨ ਸਾਰਿਆਂ ਦੇ  
ਜੋੜ-ਤੋੜ ਕੇ ਅੱਧੋ-ਅੱਧ ਲੈ ਲਓ।

ਸਮੱਸਿਆ ਦੀ ਜੜ੍ਹ ਤਾਂ ਇਹ ਹੈ ਕਿ ਕਿਸੇ ਨੇ ਦਲਿਤ/ਆਦਿਵਾਸੀ ਨੂੰ ਇਨਸਾਨ ਦੇ ਰੂਪ ਵਿਚ ਲਿਆ ਹੀ ਨਹੀਂ। ਲੋਕਤੰਤਰ ਲਈ ਵੋਟਾਂ ਨੇ ਦਲਿਤ/ਆਦਿਵਾਸੀ ਨੂੰ 'ਮਾਲ' ਵਿਚ ਤਬਦੀਲ ਕਰ ਦਿੱਤਾ ਹੈ। ਜਿਵੇਂ ਸ਼ਹਿਰ ਤੋਂ ਬਾਹਰ ਕਿਸੇ ਪਿੰਡ ਦੀ ਘਟੀਆ ਜ਼ਮੀਨ ਕੂੜਾ-ਕਰਕਟ/ਗੰਦਗੀ ਸੁੱਟਣ ਲਈ ਲੈ ਲਈ ਜਾਂਦੀ ਸੀ, ਤੇ ਫਿਰ ਉਥੋਂ ਲੰਘਦਿਆਂ ਨੱਕ 'ਤੇ ਰੁਮਾਲ ਰੱਖ ਲਿਆ ਜਾਂਦਾ ਸੀ, ਪਰ ਜਿਵੇਂ ਹੀ ਸ਼ਹਿਰੀਕਰਨ ਦਾ ਵਿਸਥਾਰ ਹੁੰਦਾ ਹੈ ਤਾਂ ਕੂੜੇ ਵਾਲੀ ਉਹੀ ਜ਼ਮੀਨ ਕਰੋੜਾਂ-ਅਰਬਾਂ ਰੁਪਏ ਦਾ ਮਾਲ ਲੱਗਣ ਲੱਗਦੀ ਹੈ।

ਗੈਰਤ ਅਤੇ ਆਪਣੇ ਵਚਨ ਲਈ ਹੱਥ ਦਾ ਅੰਗੂਠਾ ਤੇ ਪਿਤਾ ਦਾ ਸਿਰ ਕੁਰਬਾਨ ਕਰ ਦੇਣ ਵਾਲੇ ਦਲਿਤ/ਆਦਿਵਾਸੀ ਲਈ 'ਮਾਲ' ਜਾਂ ਲਾਲਚੀ ਸ਼ਬਦ ਦਾ ਇਸਤੇਮਾਲ ਕਰਨਾ ਇਕਦਮ ਨਾਜਾਇਜ਼ ਤੇ ਅਸਭਿਅਕ ਹੈ। ਇਹ ਇਕ ਤਰ੍ਹਾਂ ਨਾਲ ਉਸ ਨੂੰ ਅਪਮਾਨਿਤ ਕਰਨ ਵਾਂਗ ਹੈ। ਤੁਸੀਂ ਧਰਮ ਬਦਲੀ ਦੀ ਗੱਲ ਕਰਦੇ ਹੋ।

ਸਾਰੀ ਉਮਰ ਜਿਸ ਨੇ ਅਪਮਾਨ ਝੱਲਿਆ, ਆਪਣੀ ਮਾਂ ਨੂੰ ਸਿਰ 'ਤੇ ਗੰਦਗੀ ਢੋਂਦਿਆਂ ਦੇਖਿਆ, ਉਹ ਪਰਮਾਤਮਾ ਤੋਂ ਇਹੋ ਦੁਆ ਮੰਗ ਸਕਦਾ ਹੈ ਕਿ ਪਰਮੇਸ਼ਵਰ ਚਾਹੇ ਹੁਣੇ ਉਸ ਦੀ ਜਾਨ ਲੈ ਲਵੇ। ਇਨ੍ਹਾਂ ਸਥਿਤੀਆਂ ਵਿਚ ਜੀਣ ਵਾਲੇ ਦਲਿਤ/ਆਦਿਵਾਸੀਆਂ ਨੇ ਆਪਣਾ ਧਰਮ ਨਹੀਂ ਬਦਲਿਆ। ਅਸਲ ਵਿਚ ਉਹ ਕਿਸੇ ਧਰਮ ਦਾ ਹਿੱਸਾ ਸੀ ਹੀ ਨਹੀਂ। ਧਰਮ ਵਰਗੀ ਕਿਸੇ ਚੀਜ਼ ਦੀ ਉਸ ਨੂੰ ਨਾ ਜਾਣਕਾਰੀ ਸੀ, ਨਾ ਲੋੜ। ਉਸ ਤੋਂ ਤਾਂ ਇਹ ਅਹਿਸਾਸ ਵੀ ਖੋਹ ਲਿਆ ਗਿਆ ਸੀ ਕਿ ਉਹ ਇਨਸਾਨ ਵੀ ਹੈ। ਦਲਿਤ/ਆਦਿਵਾਸੀ ਧਰਮ ਦੇ ਨਾਂ 'ਤੇ ਅੱਜ ਵੀ ਠੱਗਿਆ ਜਾ ਰਿਹਾ ਹੈ। ਜਦੋਂ ਇਸਲਾਮ ਦੀ ਆਬਾਦੀ ਵਧਣ ਲੱਗੀ, ਤਾਂ ਧਰਮ ਦੇ ਉਹ ਠੇਕੇਦਾਰ ਇਸਲਾਮ ਵਿਚ ਸ਼ਾਮਿਲ ਹੋ ਗਏ, ਜਿਨ੍ਹਾਂ ਤੋਂ ਅਪਮਾਨਿਤ ਹੋ ਕੇ ਦਲਿਤ/ਆਦਿਵਾਸੀ ਸਨਮਾਨ ਦੀ ਭਾਲ ਵਿਚ ਇਸਲਾਮ 'ਚ ਗਿਆ ਸੀ। ਫਿਰ ਉਸ ਤੋਂ ਬਾਅਦ ਈਸਾਈ ਆ ਗਏ, ਤਾਂ ਦਲਿਤਾਂ/ਆਦਿਵਾਸੀਆਂ ਨੂੰ ਲੱਗਾ ਕਿ ਉਹ ਇਸ ਖਿੜਕੀ ਰਾਹੀਂ ਸੁੱਖ ਦਾ ਸਾਹ ਲੈ ਸਕਣਗੇ, ਪਰ ਅਜਿਹਾ ਨਹੀਂ ਹੋ ਸਕਿਆ।

ਹੁਣ ਇਕ ਸ਼ਬਦ ਦਾ ਇਸਤੇਮਾਲ ਕੀਤਾ ਜਾ ਰਿਹਾ ਹੈ- 'ਘਰ ਵਾਪਸੀ'। ਸਵਾਲ ਹੈ ਕਿ ਇਹ ਵਾਪਸੀ ਕਿਹੜੇ ਘਰ ਅਤੇ ਕਿਸ ਰੂਪ ਵਿਚ ਹੋਵੇ? ਇਹ ਉਨ੍ਹਾਂ ਨੂੰ ਤੈਅ ਕਰਨਾ ਪਵੇਗਾ ਜਿਹੜੇ ਧਰਮ ਬਦਲੀ ਦੇ ਨਾਂ 'ਤੇ ਸਭ ਤੋਂ ਜ਼ਿਆਦਾ ਮੱਗਰਮੱਛੀ ਹੰਝੂ ਵਹਾ ਰਹੇ ਹਨ; ਮਗਰਮੱਛੀ ਇਸ ਲਈ ਕਿਉਂਕਿ ਇਹੋ ਸਮੂਹ ਹੈ ਜਿਹੜਾ ਦਲਿਤ/ਆਦਿਵਾਸੀ ਦੀ ਹਿੱਸੇਦਾਰੀ (ਰਾਖਵੇਂਕਰਨ) 'ਤੇ ਸਵਾਲ ਉਠਾਉਂਦਾ ਹੈ।

ਝਾਰਖੰਡ ਵਿਚ ਇਸ ਗੱਲ ਦਾ ਪਰਦਾਫਾਸ਼ ਹੋ ਗਿਆ, ਜਦੋਂ ਗੈਰ-ਆਦਿਵਾਸੀ ਨੂੰ ਉਥੋਂ ਦਾ ਮੁੱਖ ਮੰਤਰੀ ਬਣਾਇਆ ਗਿਆ। ਛੱਤੀਸਗੜ੍ਹ ਵਿਚ ਪਹਿਲਾਂ ਹੀ ਆਦਿਵਾਸੀਆਂ ਨੂੰ ਨਕਾਰ ਦਿੱਤਾ ਗਿਆ ਹੈ। ਸਮਝਣ ਵਾਲੀ ਗੱਲ ਇਹ ਹੈ ਕਿ ਇਨ੍ਹਾਂ ਦੇ ਹਿੰਦੂਵਾਦ ਵਿਚ ਕਥਿਤ ਸਵਰਣ ਮਾਲਕ, ਤਾਂ ਦਲਿਤ ਆਦੀਵਾਸੀ ਗੁਲਾਮ ਦੀ ਸ਼੍ਰੇਣੀ ਵਿਚ ਆਉਂਦੇ ਹਨ, ਫਿਰ ਇਸ ਨੂੰ 'ਘਰ' ਕੌਣ ਕਹੇਗਾ?

ਧਰਮ ਬਦਲੀ ਵਿਚ ਇਕ ਭੂਮਿਕਾ ਦਲਿਤ/ਆਦਿਵਾਸੀਆਂ ਦਰਮਿਆਨ ਆਪਸੀ ਸਿਆਸੀ ਵੈਰ ਨੇ ਨਿਭਾਈ। ਦਲਿਤਾਂ ਦਾ ਇਕ ਸਮੂਹ ਲਗਾਤਾਰ ਵਾਲਮੀਕਿ ਸਮਾਜ ਨੂੰ ਅਪਮਾਨਿਤ ਤੇ ਗੁੰਮਰਾਹ ਕਰਨ ਦੀ ਕੋਸ਼ਿਸ਼ ਕਰਦਾ ਰਿਹਾ ਤੇ ਉਨ੍ਹਾਂ ਦੀ ਇਹ ਕੋਸ਼ਿਸ਼ ਅੱਜ ਵੀ ਜਾਰੀ ਹੈ। ਫਿਰ ਕਾਂਗਰਸ ਲੀਡਰ ਮੀਰਾ ਕੁਮਾਰ ਨੇ ਪੰਜਾਬ ਵਿਚ ਆ ਕੇ ਬਿਆਨ ਜਾਰੀ ਕੀਤਾ ਕਿ ਦੁਆਬਾ ਖੇਤਰ ਦਾ ਦਲਿਤ ਮੁੱਖ ਮੰਤਰੀ ਹੋਣਾ ਚਾਹੀਦਾ ਹੈ। ਅਜਿਹਾ ਕਿਉਂ? ਮੁੱਖ ਮੰਤਰੀ ਦਲਿਤ ਹੋਵੇ, ਇਹੋ ਕਾਫੀ ਨਹੀਂ? ਜਿਸ ਦਿਨ ਅਜਿਹਾ ਹੋਵੇਗਾ, ਉਹ ਸਾਫਗੋਈ ਨਾਲ ਹੋਵੇਗਾ; ਮੀਰਾ ਕੁਮਾਰ ਦੀ ਸੌੜੀ ਮਾਨਸਿਕਤਾ ਨਾਲ ਨਹੀਂ। ਆਬਾਦੀ ਨੂੰ ਦੇਖਦਿਆਂ ਸੁਭਾਵਿਕ ਹੈ, ਪਰ ਇਸ ਦੇ ਲਈ ਦਲਿਤਾਂ ਨੂੰ ਖੁਦ ਨੂੰ ਤਿਆਰ ਕਰਨਾ ਪਵੇਗਾ। ਦਲਿਤ ਇਕ-ਦੂਜੇ ਦਾ ਮਜ਼ਾਕ ਉਡਾਉਣ ਵਿਚ ਰੁੱਝੇ ਹੋਏ ਹਨ ਅਤੇ ਉਨ੍ਹਾਂ ਦੀ ਅਣਖ, ਆਤਮ-ਸਨਮਾਨ ਤੇ ਪਛਾਣ ਨੂੰ ਖਤਮ ਕੀਤਾ ਜਾ ਰਿਹਾ ਹੈ।

# ਕਿਸਾਨ ਬਨਾਮ ਭੋਂ ਪ੍ਰਾਪਤੀ ਆਰਡੀਨੈਂਸ

ਭਾਰਤ ਦੀ ਕੇਂਦਰ ਸਰਕਾਰ ਵਲੋਂ ਆਰਡੀਨੈਂਸ ਜਾਰੀ ਕਰਕੇ ਭੌਂ ਪ੍ਰਾਪਤੀ, ਪੁਨਰਵਾਸ ਅਤੇ ਪੁਨਰਵਿਸਥਾਪਨ ਲਈ ਮੁਆਵਜ਼ਾ ਅਤੇ ਪਾਰਦਰਸ਼ਤਾ ਦਾ ਅਧਿਕਾਰ ਕਾਨੂੰਨ 2013 (ਭੌਂ ਪ੍ਰਾਪਤੀ ਐਕਟ 2013) ਵਿਚ ਸੋਧ ਕੀਤੀ ਗਈ ਹੈ। ਇਸ ਆਰਡੀਨੈਂਸ ਅਨੁਸਾਰ ਕੌਮੀ ਸੁਰੱਖਿਆ, ਦਿਹਾਤੀ ਬੁਨਿਆਦੀ ਢਾਂਚਾ, ਗਰੀਬਾਂ ਲਈ ਕਿਫਾਇਤੀ ਰਿਹਾਇਸ਼, ਸਨਅਤੀ ਗਲਿਆਰੇ ਅਤੇ ਪਬਲਿਕ ਪ੍ਰਾਈਵੇਟ ਭਾਗੀਦਾਰੀ

**ਬਲਵਿੰਦਰ ਸਿੰਘ ਸੰਧੂ**

(ਪੀ.ਪੀ.ਪੀ.) ਪ੍ਰਾਜੈਕਟ ਜੋ ਬੁਨਿਆਦੀ ਢਾਂਚੇ ਅਤੇ ਸਮਾਜਕ ਬੁਨਿਆਦੀ ਢਾਂਚੇ ਦੇ ਨਾਲ ਸੰਬੰਧਿਤ ਹੋਣ ਪਰ ਜਿਨ੍ਹਾਂ ਦੀ ਜ਼ਮੀਨ ਦੀ ਮਾਲਕੀ ਸਰਕਾਰ ਦੀ ਹੋਵੇ, ਨਾਲ ਸੰਬੰਧਿਤ ਪ੍ਰੋਜੈਕਟਾਂ 'ਤੇ ਭੌਂ ਪ੍ਰਾਪਤੀ ਐਕਟ, 2013 ਲਾਗੂ ਨਹੀਂ ਹੋਵੇਗਾ ਅਤੇ ਇਨ੍ਹਾਂ ਮੰਤਵਾਂ ਲਈ ਇਸ ਐਕਟ ਅਨੁਸਾਰ 70 ਫ਼ੀਸਦੀ ਜਾਂ 80 ਫ਼ੀਸਦੀ ਪ੍ਰਭਾਵਿਤ ਪਰਿਵਾਰਾਂ ਦੀ ਸਹਿਮਤੀ ਲੈਣੀ ਲਾਜ਼ਮੀ ਨਹੀਂ ਹੋਵੇਗੀ। ਪ੍ਰਾਈਵੇਟ ਹਸਪਤਾਲਾਂ, ਪ੍ਰਾਈਵੇਟ ਵਿੱਦਿਅਕ ਅਦਾਰਿਆਂ ਅਤੇ ਪ੍ਰਾਈਵੇਟ ਹੋਟਲਾਂ ਲਈ ਭੌਂ ਪ੍ਰਾਪਤੀ ਨੂੰ ਵੀ ਭੌਂ ਪ੍ਰਾਪਤੀ ਐਕਟ, 2013 ਦੇ ਅਧਿਕਾਰ ਖੇਤਰ ਤੋਂ ਬਾਹਰ ਕਰ ਦਿੱਤਾ ਗਿਆ ਹੈ।

ਇਸ ਦੇ ਨਾਲ-ਨਾਲ ਇਸ ਆਰਡੀਨੈਂਸ ਰਾਹੀਂ ਪ੍ਰਾਪਤ ਕੀਤੀ ਗਈ ਜ਼ਮੀਨ ਦੀ ਵਰਤੋਂ ਪੰਜ ਸਾਲ ਦੇ ਅੰਦਰ-ਅੰਦਰ ਸੰਬੰਧਿਤ ਮੰਤਵ ਲਈ ਨਾ ਕਰਨ ਦੀ ਸੂਰਤ ਵਿਚ ਪ੍ਰਭਾਵਿਤ ਪਰਿਵਾਰਾਂ ਨੂੰ ਵਾਪਸ ਕਰਨ ਦੀ ਸ਼ਰਤ ਨੂੰ ਨਰਮ ਕਰਕੇ ਪੰਜ ਸਾਲ ਜਾਂ ਪ੍ਰਾਜੈਕਟ ਵਿਚ ਉਪਬੰਧ ਕੀਤੇ ਸਮੇਂ ਲਈ ਜੋ ਬਾਅਦ ਵਿਚ ਹੋਵੇ, ਕਰ ਦਿੱਤਾ ਗਿਆ ਹੈ। ਇਸ ਆਰਡੀਨੈਂਸ ਰਾਹੀਂ ਕੀਤੀਆਂ ਸੋਧਾਂ ਨੇ ਦੇਸ਼ ਵਿਚ ਸਨਅਤਾਂ ਲਾਉਣ ਲਈ ਸਸਤੇ ਭਾਅ 'ਤੇ ਜ਼ਮੀਨ ਪ੍ਰਾਪਤ ਕਰਨ ਲਈ ਰਾਹ ਸੌਖਾ ਕਰ ਦਿੱਤਾ ਹੈ। ਭੌਂ ਪ੍ਰਾਪਤੀ ਐਕਟ 2013 ਤੋਂ ਪਹਿਲਾਂ ਜ਼ਮੀਨ ਐਕੁਆਇਰ ਕਰਨ ਲਈ ਅੰਗਰੇਜ਼ੀ ਰਾਜ ਸਮੇਂ 1894 ਵਿਚ ਬਣਾਇਆ ਗਿਆ ਕਾਨੂੰਨ ਲਾਗੂ ਸੀ ਜਿਸ ਅਧੀਨ ਸਰਕਾਰ ਜਬਰੀ ਜ਼ਮੀਨ ਅਧਿਗ੍ਰਹਿਣ ਕਰ ਸਕਦੀ ਸੀ। ਜ਼ਮੀਨ ਮਾਲਕਾਂ ਅਤੇ ਇਸ 'ਤੇ ਨਿਰਭਰ ਪਰਿਵਾਰਾਂ ਦੇ ਹਿੱਤਾਂ ਅਤੇ ਇਨ੍ਹਾਂ ਦੇ ਰੁਜ਼ਗਾਰ ਦੇ ਵਸੀਲਿਆਂ ਦੇ ਖੁੱਸਣ ਉਪਰੰਤ ਢੁੱਕਵੇਂ ਬਦਲਵੇਂ ਪ੍ਰਬੰਧ ਕਰਨ ਲਈ ਭੌਂ ਪ੍ਰਾਪਤੀ ਐਕਟ 2013 ਬਣਾਇਆ ਗਿਆ। ਇਸ ਐਕਟ ਦੇ ਮੁੱਖ ਉਦੇਸ਼ ਇਹ ਸਨ:

ੳ) ਸਨਅਤੀਕਰਨ, ਸ਼ਹਿਰੀਕਰਨ ਅਤੇ ਜ਼ਰੂਰੀ ਬੁਨਿਆਦੀ ਢਾਂਚਾਗਤ ਸਹੂਲਤਾਂ ਦੇ ਵਿਕਾਸ ਲਈ ਸੰਵਿਧਾਨ ਰਾਹੀਂ ਸਥਾਪਿਤ ਗ੍ਰਾਮ ਸਭਾ ਅਤੇ ਸਥਾਨਕ ਸਰਕਾਰ ਸੰਸਥਾਵਾਂ ਦੇ ਸਲਾਹ-ਮਸ਼ਵਰੇ ਨਾਲ ਭੌਂ ਪ੍ਰਾਪਤੀ ਲਈ ਇਕ ਮਨੁੱਖਤਾਵਾਦੀ, ਸਹਿਭਾਗੀ ਅਤੇ ਪਾਰਦਰਸ਼ੀ ਪ੍ਰਕਿਰਿਆ ਨਿਰਧਾਰਿਤ ਕਰਨਾ ਹੈ ਤਾਂ ਜੋ ਅਜਿਹੀ ਪ੍ਰਾਪਤੀ ਨਾਲ ਜ਼ਮੀਨ ਦੇ ਮਾਲਕਾਂ ਅਤੇ ਹੋਰ ਸੰਬੰਧਿਤ ਧਿਰਾਂ ਨੂੰ ਘੱਟੋ-ਘੱਟ ਪਰੇਸ਼ਾਨੀ ਹੋਵੇ।

ਅ) ਉਨ੍ਹਾਂ ਪਰਿਵਾਰਾਂ ਜਿਨ੍ਹਾਂ ਦੀ ਜ਼ਮੀਨ ਪ੍ਰਾਪਤ ਕਰ ਲਈ ਗਈ ਹੋਵੇ ਜਾਂ ਕਰਨ ਦੀ ਤਜਵੀਜ਼ ਹੋਵੇ ਜਾਂ ਜਿਹੜੇ ਅਜਿਹੀ ਪ੍ਰਾਪਤੀ ਨਾਲ ਪ੍ਰਭਾਵਿਤ ਹੋਣ, ਲਈ ਢੁਕਵੇਂ ਮੁਆਵਜ਼ੇ ਦਾ ਪ੍ਰਬੰਧ ਕਰਨਾ।

ੲ) ਅਜਿਹੇ ਪ੍ਰਭਾਵਿਤ ਵਿਅਕਤੀਆਂ ਲਈ ਮੁਨਾਸਬ ਪੁਨਰਵਾਸ ਅਤੇ ਪੁਨਰਵਿਸਥਾਪਨ ਲਈ ਲੋੜੀਂਦੇ ਪ੍ਰਬੰਧ ਕਰਨਾ।

ਸ) ਇਹ ਯਕੀਨੀ ਬਣਾਉਣਾ ਕਿ ਕੁੱਲ ਮਿਲਾ ਕੇ ਇਸ ਲਾਜ਼ਮੀ ਭੌਂ ਪ੍ਰਾਪਤੀ ਦੇ ਨਤੀਜੇ ਵਜੋਂ ਪ੍ਰਭਾਵਿਤ ਵਿਅਕਤੀ ਵਿਕਾਸ ਵਿਚ ਭਾਈਵਾਲ ਬਣਨ ਅਤੇ ਭੌਂ ਪ੍ਰਾਪਤੀ ਤੋਂ ਬਾਅਦ ਉਨ੍ਹਾਂ ਦੀ ਸਮਾਜਿਕ ਅਤੇ ਆਰਥਿਕ ਸਥਿਤੀ ਵਿਚ ਸੁਧਾਰ ਹੋਵੇ। ਪਰ ਹੁਣ ਨਵੇਂ ਆਰਡੀਨੈਂਸ ਨਾਲ ਇਸ ਕਾਨੂੰਨ ਵਿਚ ਸੋਧ ਕਰਕੇ ਇਸ ਕਾਨੂੰਨ ਦੇ ਸਮਾਜਿਕ ਅਤੇ ਮਨੁੱਖਤਾਵਾਦੀ ਪੱਖ ਨੂੰ ਅਣਗੌਲਿਆ ਕਰਕੇ ਪੂੰਜੀਪਤੀਆਂ ਅਤੇ ਸਨਅਤਕਾਰਾਂ ਦਾ ਪੱਖ ਪੂਰਿਆ ਗਿਆ ਹੈ।

ਭੌਂ ਪ੍ਰਾਪਤੀ ਲਈ ਕਿਸਾਨਾਂ ਦੀ ਸਹਿਮਤੀ (70-80 ਫੀਸਦੀ) ਅਤੇ ਸਮਾਜਕ ਪ੍ਰਭਾਵ ਦੇ ਮੁਲੰਕਣ ਦੀ ਸ਼ਰਤ ਬੁਨਿਆਦੀ ਢਾਂਚੇ, ਦਿਹਾਤੀ ਢਾਂਚੇ ਅਤੇ ਸਮਾਜਕ ਢਾਂਚੇ ਦੇ ਪ੍ਰਾਜੈਕਟਾਂ ਲਈ ਖ਼ਤਮ ਕਰ ਦਿੱਤੀ ਗਈ ਹੈ। ਇਨ੍ਹਾਂ ਪ੍ਰਾਜੈਕਟ ਸ਼੍ਰੇਣੀਆਂ ਦਾ ਘੇਰਾ ਬਹੁਤ ਵਿਸ਼ਾਲ ਹੈ ਅਤੇ ਲਗਭਗ ਸਾਰੇ ਪ੍ਰੋਜੈਕਟ ਜ਼ਮੀਨ ਨਾਲ ਸੰਬੰਧਤ ਲੋਕਾਂ ਦੀ ਸਹਿਮਤੀ ਅਤੇ ਸਮਾਜਕ ਪ੍ਰਭਾਵ ਦੇ ਮੁਲੰਕਣ ਦੀ ਧਾਰਾ ਨੂੰ ਬਾਈਪਾਸ ਕਰਦੇ ਹੋਏ ਇਨ੍ਹਾਂ ਸ਼੍ਰੇਣੀਆਂ ਅਧੀਨ ਸ਼ਾਮਿਲ ਕੀਤੇ ਜਾ ਸਕਦੇ ਹਨ। ਸਮਾਜਿਕ ਪ੍ਰਭਾਵ ਦੇ ਮੁਲੰਕਣ ਸਮੇਂ ਇਹ ਵੇਖਿਆ ਜਾਂਦਾ ਹੈ ਕਿ ਕੀ ਭੌਂ ਪ੍ਰਾਪਤੀ ਨਾਲ ਜਨਤਕ ਮਕਸਦ ਪੂਰਾ ਹੁੰਦਾ ਹੈ, ਕਿੰਨੇ ਪਰਿਵਾਰ ਪ੍ਰਭਾਵਿਤ ਹੁੰਦੇ ਹਨ, ਕਿੰਨੀ ਜ਼ਮੀਨ, ਸਰਕਾਰੀ ਇਮਾਰਤਾਂ ਅਤੇ ਪ੍ਰਾਈਵੇਟ ਮਕਾਨਾਂ 'ਤੇ ਪ੍ਰਾਪਤੀ ਦਾ ਅਸਰ ਪੈਂਦਾ ਹੈ, ਕੀ ਪ੍ਰਾਪਤ ਕੀਤੀ ਜਾਣ ਵਾਲੀ ਜ਼ਮੀਨ ਦਾ ਰਕਬਾ ਪ੍ਰੋਜੈਕਟ ਦੀ ਲੋੜ ਅਨੁਸਾਰ ਘੱਟ ਤੋਂ ਘੱਟ ਹੈ ਅਤੇ ਕੀ ਇਸ ਮੰਤਵ ਲਈ ਕਿਸੇ ਹੋਰ ਥਾਂ 'ਤੇ ਜ਼ਮੀਨ ਪ੍ਰਾਪਤ ਕਰਨ ਦੀਆਂ ਸੰਭਾਵਨਾਵਾਂ ਦੇਖ ਲਈਆਂ ਗਈਆਂ ਹਨ? ਸਮਾਜਿਕ ਪ੍ਰਭਾਵ ਦੇ ਮੁਲਾਂਕਣ ਅਤੇ ਜਨਤਕ ਮਕਸਦ ਦੀ ਸਪੱਸ਼ਟ ਪਰਿਭਾਸ਼ਾ ਦੀ ਅਣਹੋਂਦ ਵਿਚ ਇਸ ਛੋਟ ਦੀ ਦੁਰਵਰਤੋਂ ਹੋਣ ਦੀਆਂ ਸੰਭਾਵਨਾਵਾਂ ਬਹੁਤ ਹਨ। ਸਹਿਮਤੀ ਦੀ ਧਾਰਾ ਵਿਚ ਛੋਟ ਨਾਲ ਜਬਰੀ ਅਧਿਗ੍ਰਹਿਣ ਦੀਆਂ ਸੰਭਾਵਨਾਵਾਂ ਵੀ ਵਧ ਜਾਣਗੀਆਂ। ਐਕਟ ਵਿਚ ਨਵੀਂ ਸੋਧ ਨਾਲ ਸਥਾਨਕ ਸੰਸਥਾਵਾਂ ਦੀ ਭੂਮਿਕਾ ਘੱਟ ਜਾਵੇਗੀ ਅਤੇ ਲੋਕਾਂ ਦੀ ਜਮਹੂਰੀਅਤ ਦੀ ਇਸ ਸਭ ਤੋਂ ਨੇੜਲੀ ਸੰਸਥਾ ਵਿਚ ਆਸਥਾ ਵੀ ਘਟੇਗੀ। ਜ਼ਮੀਨ ਅਧਿਗ੍ਰਹਿਣ ਸਮੇਂ ਇਕੱਲੇ ਕਿਸਾਨ ਦੇ ਸ਼ੋਸ਼ਣ ਦੀਆਂ ਸੰਭਾਵਨਾਵਾਂ ਵਧ ਜਾਣਗੀਆਂ। ਰਾਜ ਵਿਚ ਇਸ ਸਮੇਂ ਤਕਰੀਬਨ 18 ਲੱਖ ਕਿਸਾਨ ਪਰਿਵਾਰਾਂ ਵਿਚੋਂ ਲਗਭਗ ਦੋ-ਤਿਹਾਈ ਕੋਲ ਦੋ ਹੈਕਟੇਅਰ ਤੋਂ ਘੱਟ ਜ਼ਮੀਨ ਹੈ ਅਤੇ ਉਨ੍ਹਾਂ ਦੀ ਮਾਲੀ ਹਾਲਤ ਪਹਿਲਾਂ ਹੀ ਡਾਵਾਂਡੋਲ ਹੈ। ਖੇਤੀ 'ਤੇ ਆਧਾਰਤ ਇਨ੍ਹਾਂ ਕਿਸਾਨਾਂ ਦੇ ਨਾਲ-ਨਾਲ ਖੇਤ ਮਜ਼ਦੂਰਾਂ ਅਤੇ ਪੇਂਡੂ ਦਸਤਕਾਰਾਂ ਦਾ ਰੁਜ਼ਗਾਰ ਵੀ ਜ਼ਮੀਨ ਅਧਿਗ੍ਰਹਿਣ ਨਾਲ ਪ੍ਰਭਾਵਿਤ ਹੁੰਦਾ ਹੈ।

ਭੌਂ ਪ੍ਰਾਪਤੀ ਐਕਟ, 2013 ਰਾਹੀਂ ਪ੍ਰਾਜੈਕਟ ਲਈ ਜ਼ਮੀਨ ਅਧਿਗ੍ਰਹਿਣ ਕਰਨ ਵਾਲੀਆਂ ਕੰਪਨੀਆਂ ਤੇ ਪ੍ਰਸਤਾਵਿਤ ਪ੍ਰਾਜੈਕਟਾਂ ਨੂੰ ਸਮੇਂ ਸਿਰ ਕਬਜ਼ਾ ਕਰਨ ਲਈ ਜ਼ਮੀਨ ਦੀ ਵਰਤੋਂ ਵਾਸਤੇ ਪੰਜ ਸਾਲ ਦਾ ਸਮਾਂ ਨਿਰਧਾਰਿਤ ਕੀਤਾ ਗਿਆ ਸੀ। ਇਸ ਮਿਆਦ ਦੌਰਾਨ ਪ੍ਰਾਜੈਕਟ ਸ਼ੁਰੂ ਨਾ ਹੋਣ ਦੀ ਸੂਰਤ ਵਿਚ ਅਧਿਗ੍ਰਹਿਣ ਕੀਤੀ ਜ਼ਮੀਨ ਇਸ ਦੇ ਮਾਲਕਾਂ ਜਾਂ ਰਾਜ ਦੇ ਜ਼ਮੀਨੀ ਪੂਲ ਨੂੰ ਵਾਪਸ ਕੀਤੀ ਜਾਣੀ ਲਾਜ਼ਮੀ ਸੀ ਪਰੰਤੂ ਨਵੀਂ ਸੋਧ ਰਾਹੀਂ ਇਸ ਮਿਆਦ ਨੂੰ ਬਦਲ ਕੇ ਪ੍ਰਾਜੈਕਟ ਰਿਪੋਰਟ ਵਿਚ ਇਸ ਨੂੰ ਲਗਾਉਣ ਲਈ ਨਿਰਧਾਰਿਤ ਸਮਾਂ ਜਾਂ ਪੰਜ ਸਾਲ ਜੋ ਵੀ ਵੱਧ ਹੋਵੇ, ਕਰ ਦਿੱਤਾ ਗਿਆ ਹੈ। ਇਸ ਤਰ੍ਹਾਂ ਸਨਅਤਕਾਰਾਂ ਨੂੰ ਪ੍ਰਾਜੈਕਟ ਲਗਾਉਣ ਲਈ ਲੰਬੇ ਸਮੇਂ ਦੀ ਲੋੜ ਦੀ ਆੜ ਵਿਚ ਵੱਧ ਸਮਾਂ ਕੰਮ ਨਾ ਸ਼ੁਰੂ ਕਰਨ ਅਤੇ ਲੋੜ ਤੋਂ ਵੱਧ ਜ਼ਮੀਨ ਪ੍ਰਾਪਤ ਕਰਨ ਦੀ ਸੁਵਿਧਾ ਪ੍ਰਾਪਤ ਹੋ ਗਈ ਹੈ। ਸਾਲ 2006 ਵਿਚ ਪੰਜਾਬ ਸਰਕਾਰ ਨੇ ਟ੍ਰਾਈਡੈਂਟ ਕੰਪਨੀ ਨੂੰ ਬਰਨਾਲਾ ਜ਼ਿਲ੍ਹੇ ਵਿਚ 376 ਏਕੜ ਜ਼ਮੀਨ ਐਕੁਆਇਰ ਕਰਕੇ ਦਿੱਤੀ ਸੀ ਪਰੰਤੂ ਇਸ ਕੰਪਨੀ ਵੱਲੋਂ ਇਸ ਜ਼ਮੀਨ 'ਤੇ ਅਜੇ ਤੱਕ ਕੋਈ ਪ੍ਰਾਜੈਕਟ ਨਹੀਂ ਲਗਾਇਆ ਗਿਆ ਅਤੇ ਕਿਸਾਨ ਆਪਣੀ ਜ਼ਮੀਨ ਵਾਪਸ ਪ੍ਰਾਪਤ ਕਰਨ ਲਈ ਪਿਛਲੇ 4 ਸਾਲਾਂ ਤੋਂ ਅਦਾਲਤੀ ਲੜਾਈ ਲੜ ਰਹੇ ਹਨ।

# ਕੇਜਰੀਵਾਲ ਦੀ ਦਿੱਲੀ ਫਤਿਹ

**ਪਟਿਆਲਾ (ਹਰਪਾਲ ਸਿੰਘ ਪੰਨੂ):** ਦਿੱਲੀ ਵਿਧਾਨ ਸਭਾ ਚੋਣਾਂ ਵਿਚ ਆਮ ਆਦਮੀ ਪਾਰਟੀ ਨੇ 70 ਵਿਚੋਂ 67 ਸੀਟਾਂ ਲੈ ਕੇ ਆਪਣਾ ਝਾੜੂ ਪੂਰੀ ਸਮਰੱਥਾ ਨਾਲ ਚਲਾ ਦਿਤਾ ਹੈ। ਇਸ ਨੇ ਨਾ ਸਿਰਫ ਭਾਰਤੀ ਜਨਤਾ ਪਾਰਟੀ ਨੂੰ ਤਿੰਨ ਸੀਟਾਂ ਤਕ ਸਮੇਟ ਕੇ ਨਰਿੰਦਰ ਮੋਦੀ ਦੀ ਬੇਰੋਕ ਚੜ੍ਹਾਈ ਨੂੰ ਠੱਲ੍ਹ ਪਾ ਦਿਤੀ ਹੈ ਸਗੋਂ ਕਾਂਗਰਸ ਨੂੰ ਵੀ ਖੂੰਜੇ ਲਾ ਦਿਤਾ ਹੈ।

ਚੋਣ ਨਤੀਜਿਆਂ ਦੀਆਂ ਭਵਿੱਖਵਾਣੀਆਂ ਕਰਦੇ ਸਰਵੇਖਣ ਅਦਾਰੇ ਅਤੇ ਏਜੰਸੀਆਂ ਇਸ ਕਦਰ ਬਦਨਾਮ ਹੋਈਆਂ ਸਨ ਕਿ ਲੋਕਾਂ ਨੇ ਉਨ੍ਹਾਂ ਵੱਲ ਧਿਆਨ ਦੇਣਾ ਹੀ ਛੱਡ ਦਿੱਤਾ ਸੀ। ਇਸੇ ਕਰਕੇ ਉਨ੍ਹਾਂ ਦੱਸਣਾ ਸ਼ੁਰੂ ਕਰ ਦਿੱਤਾ ਕਿ ਕੇਜਰੀਵਾਲ ਇਸ ਵਾਰ ਬਹੁਮਤ ਲੈ ਜਾਣਗੇ ਤੇ ਸੰਭਾਵਨਾ ਹੈ ਕਿ ਮੁੱਖ ਮੰਤਰੀ ਬਣ ਜਾਣ। ਇਨ੍ਹਾਂ ਖਬਰਾਂ ਦੀ ਖਿੱਲੀ ਭਾਰਤੀ ਜਨਤਾ ਪਾਰਟੀ ਵੱਲੋਂ ਉਡਾਈ ਜਾਣੀ ਸੰਭਵ ਸੀ ਪਰ ਚੋਣ ਨਤੀਜਿਆਂ ਨੂੰ ਭਾਂਪ ਕੇ ਪਾਰਟੀ ਖਾਮੋਸ਼ ਹੋ ਕੇ ਸਰਵੇਖਣ ਦੇਖਦੀ ਰਹੀ। ਕਾਂਗਰਸ ਪੂਰੀ ਤਰ੍ਹਾਂ ਮਾਯੂਸ ਦਿਖਾਈ ਦਿੱਤੀ।

ਚੋਣ ਦੇ ਨਤੀਜੇ ਹੈਰਾਨੀਕੁਨ ਸੰਕੇਤ ਹਨ। ਕੇਜਰੀਵਾਲ ਦੀ ਉਮਰ ਅਤੇ ਸਿਆਸੀ ਤਜਰਬਾ ਵੱਡੇ ਸਿਆਸਤਦਾਨਾਂ ਦੇ ਮੁਕਾਬਲੇ ਬਹੁਤ ਘੱਟ ਹੈ, ਉਸ ਦੇ ਹੱਕ ਵਿਚ ਉਦਯੋਗਪਤੀਆਂ ਦੀਆਂ ਬਹੁਕੌਮੀ ਕੰਪਨੀਆਂ ਨਹੀ ਹਨ, ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪ੍ਰੈਸ ਉਸ ਦੇ ਹੱਕ ਵਿਚ ਨਹੀਂ ਰਹੀ, ਉਸ ਕੋਲ ਧਨ ਅਤੇ ਰਸੂਖ ਦੀ ਘਾਟ ਹੈ, ਫਿਰ ਉਸ ਦੀ ਜਿੱਤ ਦੇ ਕੀ ਕਾਰਨ ਹੋਏ?

ਬਹੁਗਿਣਤੀ ਭਾਰਤੀ ਜਨਤਾ ਗਰੀਬ ਅਤੇ ਅਨਪੜ੍ਹ ਹੈ। ਇਹ ਬਹੁਗਿਣਤੀ ਬੁਨਿਆਦੀ ਤੌਰ 'ਤੇ ਧਾਰਮਿਕ ਹੈ ਜਿਸ ਕਰਕੇ ਹਰੇਕ ਸਿਆਸੀ ਪਾਰਟੀ ਪਰਜਾ ਦੇ ਦਿਲ ਵਿਚ ਵੱਸੇ ਧਰਮ ਦਾ ਨਜਾਇਜ ਫਾਇਦਾ ਲੈਂਦੀ ਰਹੀ ਹੈ। ਭਰਤੀ ਜਨਤਾ ਪਾਰਟੀ ਦਾ ਤਾਂ ਏਜੰਡਾ ਹੀ ਹਿੰਦੂਤਵ ਵਾਲਾ ਹੈ ਜਦੋਂ ਕਿ ਕਾਂਗਰਸ ਵੀ ਦਿਖਾਵੇ ਮਾਤਰ ਹੀ ਧਰਮ ਨਿਰਪੇਖਤਾ ਦਾ ਮੁਖੌਟਾ ਪਹਿਨਦੀ ਹੈ। ਧਰਮ ਨੂੰ ਸਿਆਸੀ ਹਿਤਾਂ ਵਾਸਤੇ ਵਰਤਣਾ ਨਵੀਂ ਗੱਲ ਨਹੀ ਪਰ ਸਿਆਸਤ ਦਾ ਆਪਣਾ ਵੀ ਧਰਮ ਹੁੰਦਾ ਹੈ, ਇਸ ਵੱਲ ਕੋਈ ਨਹੀਂ ਦੇਖਦਾ। ਸਿਆਸਤ ਦਾ ਧਰਮ ਹੈ ਬਹੁਜਨ ਸੁਖਾਏ, ਬਹੁਜਨ ਹਿਤਾਏ।

ਪਾਠਕ ਜਾਣਦੇ ਹਨ ਕਿ ਦਿੱਲੀ ਦੀ ਜਾਮਾ ਮਸਜਿਦ ਦੇ ਸ਼ਾਹੀ ਇਮਾਮ ਨੇ ਮੁਸਲਮਾਨਾਂ ਦੇ ਨਾਮ ਫਤਵਾ ਜਾਰੀ ਕਰ ਦਿੱਤਾ ਸੀ ਕਿ ਅਰਵਿੰਦ ਕੇਜਰੀਵਾਲ ਨੂੰ ਵੋਟ ਪਾਓ। ਕੇਜਰੀਵਾਲ ਨੇ ਤੁਰੰਤ ਇਸ ਫਤਵੇ ਤੋਂ ਸਬੰਧ ਤੋੜਦਿਆਂ ਕਿਹਾ ਕਿ ਸਵੱਛ ਰਾਜਨੀਤੀ ਫਤਵਿਆਂ ਦੇ ਸਹਾਰੇ ਨਹੀਂ ਚਲਣੀ ਚਾਹੀਦੀ। ਚੋਣਾਂ ਦੇ ਆਖਰੀ ਦੌਰ ਵਿਚ ਜਿੱਤਣ ਵਾਸਤੇ ਲੀਡਰ ਹਰੇਕ ਗੁਣ ਦਾਅ 'ਤੇ ਲਾ ਦਿੰਦੇ ਹਨ, ਕੇਜਰੀਵਾਲ ਨੇ ਅਜਿਹਾ ਨਹੀਂ ਕੀਤਾ। ਜਿਨ੍ਹਾਂ ਮੁਸਲਮਾਨ ਵੋਟਰਾਂ ਨੇ ਵੋਟ ਪਾਉਣੀ ਸੀ, ਨਾ ਉਨ੍ਹਾਂ ਫਤਵੇ ਕਰਕੇ ਵੋਟ ਪਾਈ ਅਤੇ ਨਾ ਹੀ ਕੇਜਰੀਵਾਲ ਦੇ ਬਿਆਨ ਕਰਕੇ ਵੋਟ ਪਾਉਣੋਂ ਆਨਾਕਾਨੀ ਕੀਤੀ। 70 ਵਿਚੋਂ 67 ਸੀਟਾਂ ਬਿਨਾਂ ਕਿਸੇ ਵਕਤੀ ਵੇਵ ਦੇ ਅਪਣੇ ਆਪ ਵਿਚ ਰਿਕਾਰਡ ਹੈ। ਇਨੀਆਂ ਸੀਟਾਂ ਲੈ ਜਾਣ ਦਾ ਸ਼ਾਇਦ ਖੁਦ ਆਮ ਆਦਮੀ ਪਾਰਟੀ ਜਾਂ ਇਸ ਦੇ ਮੁਖੀ ਅਰਵਿੰਦ ਕੇਜਰੀਵਾਲ ਨੇ ਵੀ ਕਿਆਸ ਨਾ ਕੀਤਾ ਹੋਵੇ। ਆਮ ਆਦਮੀ ਪਾਰਟੀ ਦੀ ਇਸ ਜਿੱਤ 'ਤੇ ਸੋਸ਼ਲ ਮੀਡੀਆ ਪੂਰੀ ਤਰ੍ਹਾਂ ਬਾਗੋਬਾਗ ਹੈ।

ਹਰੇਕ ਪੰਜਾਬੀ ਇਸ ਚੋਣ ਨਤੀਜੇ ਬਾਅਦ ਸੋਚ ਰਿਹਾ ਹੈ ਕਿ ਇਸ ਦਾ ਪੰਜਾਬ ਉਪਰ ਕੀ ਅਸਰ ਪਵੇਗਾ? ਪਹਿਲੀ ਗੱਲ ਤਾਂ ਇਹ ਕਿ ਸਾਰੇ ਦੇਸ਼ ਵਿਚੋਂ ਪੰਜਾਬ ਸਭ ਤੋ ਪਹਿਲਾਂ ਸਿਆਸੀ ਤਜਰਬੇ ਕਰਨ ਦਾ ਸ਼ੌਕੀਨ ਹੈ। ਪੰਜਾਬੀਆਂ ਨੇ ਇੰਦਰਾ ਗਾਂਧੀ ਵੱਲੋਂ ਦਰਬਾਰ ਸਾਹਿਬ ਉਪਰ ਕੀਤਾ ਹਮਲਾ ਪਸੰਦ ਨਹੀ ਕੀਤਾ ਸੀ, ਫਲਸਰੂਪ ਸ. ਸਿਮਰਨਜੀਤ ਸਿੰਘ ਮਾਨ ਅਤੇ ਉਸ ਦੀ ਟੀਮ ਨੂੰ ਰਿਕਾਰਡ ਤੋੜ ਵੋਟ ਦੇ ਕੇ ਸੰਸਦ ਵਿਚ ਭੇਜਿਆ। ਚੋਣ ਜਿੱਤ ਕੇ ਮਾਨ ਉਮੀਦਾਂ ਉਪਰ ਖਰੇ ਨਹੀਂ ਉਤਰੇ ਤਾਂ ਵੋਟਰ ਨੇ ਉਨ੍ਹਾਂ ਨੂੰ ਤਿਆਗ ਦਿੱਤਾ। ਹੁਣ ਮਾਨ ਦਲ ਦਾ ਵਜੂਦ ਵੀ ਨਹੀਂ ਦਿਸਦਾ। ਪੰਜਾਬ ਨੇ ਆਮ ਆਦਮੀ ਪਾਰਟੀ ਦੇ 4 ਲੋਕ ਸਭਾ ਮੈਂਬਰ ਜਿਤਾ ਕੇ ਪਾਰਲੀਮੈਂਟ ਵਿਚ ਭੇਜੇ ਅਤੇ ਕੁੱਲ ਵੋਟ ਫੀਸਦੀ ਵੀ ਪੰਜਾਬ ਵਿਚ ਵਧੀਆ ਰਹੀ।

ਹੁਣ ਜਦੋਂ ਦਿੱਲੀ ਵਿਚ ਕੇਜਰੀਵਾਲ ਦੀ ਸਰਕਾਰ ਬਣ ਰਹੀ ਹੈ, ਪੰਜਾਬ ਵਿਚ ਜੇ ਆਮ ਚੋਣਾਂ ਹੁੰਦੀਆਂ ਹਨ ਤਾਂ ਉਸ ਦੀ ਪਾਰਟੀ ਨੇ ਹੂੰਝਾ ਫੇਰ ਦੇਣਾ ਹੈ। ਜਿਮਨੀ ਚੋਣਾਂ ਵਿਚ ਇਸ ਦਾ ਅਸਰ ਦਿਸ ਜਾਣਾ ਹੈ। ਪੰਜਾਬ ਅਸੈਂਬਲੀ ਚੋਣਾਂ ਵਿਚ ਅਜੇ ਢਾਈ ਸਾਲ ਪਏ ਹਨ। ਇੰਨੇ ਸਮੇਂ ਵਿਚ ਆਮ ਆਦਮੀ ਪਾਰਟੀ ਦਾ ਦਿੱਲੀ ਵਿਚ ਅੱਜ ਵਾਲਾ ਰੰਗ ਨਹੀਂ ਰਹੇਗਾ। ਆਖਰਕਾਰ ਪਾਰਟੀ ਬੰਦਿਆਂ ਦੀ ਹੁੰਦੀ ਹੈ, ਦੇਵਤਿਆਂ ਦੀ ਨਹੀਂ, ਬੰਦੇ ਹਰੇਕ ਪਾਰਟੀ ਵਿਚ ਹਰ ਕਿਸਮ ਦੇ ਹੁੰਦੇ ਹਨ। ਕੇਜਰੀਵਾਲ ਦੇ ਡੱਡੂਆਂ ਦੀ ਪੰਸੇਰੀ ਵਿਚ ਘੱਟ ਉਛਲ-ਕੁੱਦ ਨਹੀਂ ਹੋਵੇਗੀ। ਬੀ.ਜੇ.ਪੀ ਅਤੇ ਕਾਂਗਰਸ ਪਾਰਟੀ ਵਿਚ ਦੌਲਤ ਅਤੇ ਅਕਲ ਦਾ ਘਾਟਾ ਨਹੀਂ ਪਰ ਵੋਟਰ ਹੰਕਾਰ ਨੂੰ ਪਸੰਦ ਨਹੀਂ ਕਰਦਾ, ਵੋਟਰ ਵਾਸਤੇ ਲੀਡਰ ਰੱਬ ਨਹੀਂ ਹੁੰਦਾ।

ਨਰਿੰਦਰ ਮੋਦੀ ਦੇ ਹਵਾਈ ਦੌਰਿਆਂ ਦੀ ਥਾਂ ਅਰਵਿੰਦ ਕੇਜਰੀਵਾਲ ਦੀ ਜਮੀਨੀ ਫਿਤਰਤ ਲੋਕਾਂ ਨੂੰ ਚੰਗੀ ਲੱਗੀ। ਇਸ ਵੇਲੇ ਤੱਕ ਇਹ ਭਰਮ ਬਣ ਚੁੱਕਾ ਸੀ ਕਿ ਅੰਨ੍ਹੇ ਪੈਸੇ ਬਗੈਰ ਰਾਜਨੀਤੀ ਨਹੀਂ ਚੱਲ ਸਕਦੀ, ਕੇਜਰੀਵਾਲ ਨੇ ਇਹ ਭਰਮ ਤੋੜਿਆ ਹੈ। ਚੰਗਾ ਹੋਵੇਗਾ ਜੇ ਪੰਜਾਬ ਦੀਆਂ ਸਾਰੀਆਂ ਸਿਆਸੀ ਪਾਰਟੀਆਂ ਜਮੀਨੀ ਹਕੀਕਤਾਂ ਪਛਾਨਣ ਤੇ ਉਨ੍ਹਾਂ ਉਪਰ ਅਮਲ ਕਰਨ।

# ਬੀ.ਐਸ.ਐਫ. ਲਈ ਚੁਣੌਤੀ ਬਣੀ ਪੰਜਾਬ ਨਾਲ ਲੱਗਦੀ ਪਾਕਿਸਤਾਨੀ ਸਰਹੱਦ

**ਚੰਡੀਗੜ੍ਹ:** ਬੀ.ਐਸ.ਐਫ. ਲਈ ਪੰਜਾਬ ਨਾਲ ਲੱਗਦੀ ਪਾਕਿਸਤਾਨੀ ਸਰਹੱਦ ਸਭ ਤੋਂ ਵੱਡੀ ਚੁਣੌਤੀ ਬਣੀ ਗਈ ਹੈ। ਭਾਰਤ ਵਿਚ ਜ਼ਿਆਦਾਤਰ ਤਸਕਰੀ ਇਸੇ ਸਰਹੱਦ ਰਾਹੀਂ ਹੁੰਦੀ ਹੈ ਤੇ ਇਸ ਕੰਮ ਵਿਚ ਪਾਕਿਸਤਾਨੀ ਕੰਪਨੀਆਂ ਦੇ ਮੋਬਾਈਲ ਟਾਵਰ ਸਭ ਤੋਂ ਵੱਧ ਸਹਾਈ ਸਿੱਧ ਹੋ ਰਹੇ ਹਨ। ਪੰਜਾਬ ਨਾਲ ਲੱਗਦੀ 553 ਕਿਲੋਮੀਟਰ ਲੰਮੀ ਭਾਰਤ-ਪਾਕਿਸਤਾਨ ਸਰਹੱਦ ਤੋਂ ਬੀ.ਐਸ.ਐਫ. ਨੇ 85 ਪਾਕਿਸਤਾਨੀ ਮੋਬਾਈਲ ਫੋਨ ਤੇ ਸਿਮਕਾਰਡ ਫੜੇ ਹਨ। ਇਨ੍ਹਾਂ ਰਾਹੀਂ ਦੋਵਾਂ ਮੁਲਕਾਂ ਦੇ ਸਮਗਲਰ ਆਪਣਾ ਕਾਰੋਬਾਰ ਚਲਾ ਕੇ ਸੁਰੱਖਿਆ ਏਜੰਸੀਆਂ ਨੂੰ ਚੁਣੌਤੀ ਪੇਸ਼ ਕਰ ਰਹੇ ਹਨ। ਪੰਜਾਬ ਦੀ ਪਾਕਿਸਤਾਨ ਨਾਲ ਲੱਗਦੀ ਸਰਹੱਦ ਸਿੱਧੀ ਨਾ ਹੋ ਕੇ ਟੇਢੀ-ਮੇਢੀ ਹੈ। ਇਸ ਕਾਰਨ ਕਈ ਅਜਿਹੀਆਂ ਥਾਂਵਾਂ ਹਨ, ਜਿਥੇ ਪਾਕਿਸਤਾਨੀ ਮੋਬਾਈਲ ਕੰਪਨੀਆਂ ਦੇ ਸਿਗਨਲ ਭਾਰਤੀ ਪਾਸੇ ਆ ਰਹੇ ਹਨ।

ਪਾਕਿਸਤਾਨੀ ਮੋਬਾਈਲ ਕੰਪਨੀਆਂ ਵੀ. ਫੋਨ, ਮੋਬਾਈਲਿੰਕ ਤੇ ਟੈਲੀਨੋਰ ਦੇ ਸਿਗਨਲ ਭਾਰਤੀ ਪਾਸੇ ਦੇ ਪੰਜ ਕਿਲੋਮੀਟਰ ਅੰਦਰ ਤੱਕ ਆ ਰਹੇ ਹਨ। ਇਹੀ ਕਾਰਨ ਹੈ ਕਿ ਦੋਵਾਂ ਮੁਲਕਾਂ ਦੇ ਸਮਗਲਰ ਇਨ੍ਹਾਂ ਸਿਗਨਲਾਂ ਦੀ ਰੱਜ ਕੇ ਵਰਤੋਂ ਕਰ ਰਹੇ ਹਨ। ਭਾਵੇਂ ਭਾਰਤੀ ਖੁਫੀਆ ਏਜੰਸੀਆਂ ਐਨ.ਸੀ.ਬੀ., ਡੀ.ਆਰ.ਆਈ. ਪੰਜਾਬ ਪੁਲਿਸ, ਰਾਅ ਕੋਲ ਸਿਗਨਲ ਫੜਨ ਦੀ ਤਕਨੀਕ ਹੈ, ਪਰ ਬੀ.ਐਸ.ਐਫ. ਕੋਲ ਅਜਿਹੇ ਆਧੁਨਿਕ ਤਕਨੀਕੀ ਸਾਧਨਾਂ ਦੀ ਕਮੀ ਹੈ। ਇਸ ਦਾ ਲਾਭ ਸਮਗਲਰ ਲੈ ਰਹੇ ਹਨ। ਇਸ ਬਾਰੇ ਬੀ.ਐਸ.ਐਫ. ਦੇ ਆਈ.ਜੀ. (ਪੰਜਾਬ ਫਰੰਟੀਅਰ) ਅਨਿਲ ਧਾਲੀਵਾਲ ਨੇ ਕਿਹਾ ਕਿ ਇਸ ਮਾਮਲੇ 'ਤੇ ਕੁਝ ਕਹਿਣਾ ਠੀਕ ਨਹੀਂ ਹੈ। ਸੂਤਰਾਂ ਅਨੁਸਾਰ ਬੀ.ਐਸ.ਐਫ. ਵਲੋਂ ਸਰਹੱਦ 'ਤੇ ਇਸ ਅਜੀਬੋ ਗਰੀਬ ਸਥਿਤੀ ਨਾਲ ਨਜਿੱਠਣ ਲਈ ਗ੍ਰਹਿ ਮੰਤਰਾਲੇ ਤੋਂ ਮਦਦ ਮੰਗੀ ਜਾ ਰਹੀ ਹੈ।

ਬੀ.ਐਸ.ਐਫ. ਨੇ ਬੀਤੇ ਇਕ ਸਾਲ ਦੌਰਾਨ 33 'ਮੇਡ ਇਨ ਚਾਈਨਾ' ਪਾਕਿਸਤਾਨੀ ਮੋਬਾਈਲ ਫੋਨ ਤੇ 53 ਸਿਮ ਕਾਰਡ ਜ਼ਬਤ ਕੀਤੇ ਹਨ। ਸਭ ਤੋਂ ਵੱਧ ਗਿਣਤੀ ਵਿਚ ਇਹ ਭਾਰਤੀ ਤੇ ਪਾਕਿਸਤਾਨੀ ਸਮਗਲਰਾਂ ਪਾਸੋਂ ਬਰਾਮਦ ਹੋਏ ਹਨ। ਬੀ.ਐਸ.ਐਫ. ਦੇ ਡੀ.ਆਈ.ਜੀ. ਆਰ.ਪੀ.ਐਲ. ਜੈਸਵਾਲ ਨੇ ਦੱਸਿਆ ਕਿ ਮਾਲੀ ਸਾਲ 2010 ਤੋਂ ਹੁਣ ਤੱਕ ਸਰਹੱਦ ਤੋਂ ਭਾਰਤੀ ਤੇ ਪਾਕਿਸਤਾਨੀ ਸਮਗਲਰਾਂ ਪਾਸੋਂ 69 ਪਾਕਿਸਤਾਨੀ ਮੋਬਾਈਲ ਫੋਨ ਤੇ 135 ਪਾਕਿਸਤਾਨੀ ਸਿਮ ਫੜੇ ਹਨ। ਉਨ੍ਹਾਂ ਇਸ ਬਾਰੇ ਹੋਰ ਖੁਲਾਸਾ ਕਰਨ ਤੋਂ ਇਨਕਾਰ ਕਰ ਦਿੱਤਾ।


Reliable and Experienced Real Estate Professional

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ

ਗੁਰਬੰਸ ਸਿੰਘ ਗਿੱਲ, ਫੋਨ: 209-815-1869

*Bay Area *Tracy *Manteca * Lathrop * Weston Ranch *Stockton *Lodi *Elk Grove *Sacramento *Modesto *Turlock *Brentwood *Antioch *Oakley *Discovery Bay

We Specialize in Bankowned, Foreclosure and Short Sale Homes

For Sale & Purchase of Residential, Commercial Property and AG-Land

Rent 'ਤੇ ਘਰ ਲੈਣਾ ਹੋਵੇ ਜਾਂ ਦੇਣਾ ਹੋਵੇ



Gurbans Singh Gill
Realtor
DRE#01227109

COLDWELL BANKER VALLEY CENTRAL

EQUAL HOUSING OPPORTUNITY

REALTOR

15 Years Experiance in Real Estate

e-mail: gurbans@gotracy.com

Gurbans Gill

Office 209-835-4545

Direct 209-815-1869

Fax: 209-836-0706

www.gotracy.com

1486 W 11th Street, Tracy, CA 95376



ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

GLOBAL

ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ

ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

Special Price for Truck Wash Grand Opening

• 8 Drive Tires For $3300 Kelly KDA

• Two Steer Tire Michelin $1150 Including Balancing (22.5 LP)

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

Ph: 209.547.9210

FAX: 209.547.9211
www.gfbontime.com, raj@gfbontime.com

REPAIR SHOP

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

TEL: 209.547.9210
FAX: 209.547.9211

REGISTRATION SERVICES

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

TEL: 209.982.9996
FAX: 209.982.9997

# ਨੱਚਣੂ ਕੂਦਣੂ ਮਨ ਕਾ ਚਾਉ

ਬੱਚਿਆਂ 'ਚ ਖੇਡਣ ਦੀ ਪ੍ਰਵਿਰਤੀ ਬਹੁਤ ਪ੍ਰਬਲ ਹੁੰਦੀ ਹੈ, ਇਸ ਲਈ ਕਈ ਬੱਚੇ ਸਕੂਲੋਂ ਆਉਂਦੇ ਸਾਰ ਖੇਡਣ 'ਚ ਰੁੱਝ ਜਾਂਦੇ ਹਨ। ਖੇਡਣ ਦਾ ਚਾਅ ਕਈ ਵਾਰ ਏਨਾ ਵਧ ਜਾਂਦਾ ਹੈ ਕਿ ਮਾਂਵਾਂ ਹਾਕਾਂ ਮਾਰਦੀਆਂ ਹੀ ਰਹਿ ਜਾਂਦੀਆਂ ਹਨ। ਬੱਚੇ ਸ਼ਾਮਾਂ ਪੈਣ ਤੀਕ ਘਰ ਨਹੀਂ ਪਰਤਦੇ। ਕਿਸੇ ਨਾ ਕਿਸੇ ਯਾਰ ਬੇਲੀ ਨਾਲ ਰਲ ਕੇ ਕੋਈ ਖੇਡ ਖੇਡਣ 'ਚ ਖੁਸ਼ੀ ਮਹਿਸੂਸ ਕਰਦੇ ਹਨ। ਜਿਹੜਾ ਬੱਚਾ ਖੇਲਣ 'ਚ ਮਸਤ ਹੈ, ਉਸ ਦੀ ਸਿਹਤ ਵੀ ਠੀਕ ਰਹਿੰਦੀ ਹੈ ਤੇ ਉਸ ਦਾ ਮਨ ਵੀ ਉਛਲ-ਉਛਲ ਪੈਂਦਾ ਹੈ। ਇਸੇ ਲਈ ਸਿਆਣਿਆਂ ਨੇ ਕਿਹਾ ਹੈ ਕਿ ਜੇ ਬੱਚਾ ਖੇਡਦਾ ਨਹੀਂ ਤਾਂ ਜ਼ਰੂਰ

ਅਜੀਤ ਸਿੰਘ ਚੰਦਨ

ਬਿਮਾਰ ਹੋਵੇਗਾ ਜਾਂ ਉਸ ਦੇ ਮਨ 'ਚ ਕੋਈ ਉਪਰਾਮਤਾ ਤੇ ਉਦਾਸੀ ਘਰ ਕਰ ਗਈ ਹੋਵੇਗੀ ਵਰਨਾ ਬੱਚਾ ਕੀ ਤੇ ਉਦਾਸੀ ਕੀ? ਹਰ ਬੱਚਾ ਹੀ ਆਪਣੇ ਘਰ ਖੁੱਲ੍ਹੇ ਵਿਹੜੇ 'ਚ ਟਪੂਸੀਆਂ ਮਾਰਦਾ ਤੇ ਭੱਜਦਾ ਨੱਸਦਾ ਹੈ। ਇਸੇ ਭੱਜ-ਨੱਸ 'ਚ ਬੱਚੇ ਦੀ ਮਾਨਸਿਕ ਪ੍ਰਫੁਲਤਾ ਦਾ ਰਾਜ਼ ਵੀ ਛੁਪਿਆ ਹੋਇਆ ਹੈ ਕਿਉਂਕਿ ਜੇ ਬੱਚਾ ਪੂਰੀ ਤਰ੍ਹਾਂ ਤੰਦਰੁਸਤ ਨਹੀਂ ਹੈ ਤਾਂ ਉਹ ਖੇਡਣ ਦੀ ਬਜਾਏ ਰੋਣ ਲੱਗ ਪਵੇਗਾ ਜਾਂ ਕਈ ਵਾਰ ਘਰ ਦੀਆਂ ਨਿੱਕੀਆਂ ਚੀਜ਼ਾਂ ਹੀ ਏਧਰ-ਓਧਰ ਖਿਲਾਰ ਦੇਵੇਗਾ।

ਰਿਸ਼ਟ-ਪੁਸ਼ਟ ਬੱਚੇ ਦਾ ਚਿਹਰਾ ਖਿੜਿਆ ਖਿੜਿਆ ਲੱਗਦਾ ਹੈ ਜਦੋਂ ਉਸ ਦੀਆਂ ਅੱਖਾਂ 'ਤੇ ਖੁਸ਼ੀਆਂ ਛਲਕ-ਛਲਕ ਪੈਂਦੀਆਂ ਹਨ। ਭਲਾ ਅਜਿਹੇ ਬੱਚੇ ਨੂੰ ਵੇਖ ਕੇ ਮਾਂ-ਬਾਪ ਦਾ ਜੀਅ ਕਿੰਨਾ ਪ੍ਰਸੰਨ ਤੇ ਖੁਸ਼ ਹੁੰਦਾ ਹੋਵੇਗਾ। ਇਹ ਕੇਵਲ ਉਹੀ ਜਾਣਦੇ ਹਨ ਜਿਨ੍ਹਾਂ ਨੇ ਬੱਚਿਆਂ ਨੂੰ ਪਿਆਰ ਕੀਤਾ ਹੈ। ਆਪਣੀ ਨਿੱਘੀ ਬੁੱਕਲ 'ਚ ਬੱਚੇ ਨੂੰ ਚੁੱਕ ਕੇ ਚੁੱਪ ਕਰਾਇਆ ਹੈ ਜਾਂ ਬੱਚੇ ਨਾਲ ਇਕ ਨਿੱਘੀ ਸਾਂਝ ਸਥਾਪਿਤ ਕੀਤੀ ਹੈ। ਕੁਦਰਤ ਵਲੋਂ ਹੀ ਬੱਚੇ ਨੂੰ ਕਈ ਦਾਤਾਂ ਮਿਲ ਜਾਂਦੀਆਂ ਹਨ। ਉਹ ਆਪਣੇ ਪਰਿਵਾਰ ਦੀ ਪਛਾਣ ਕਰਨਾ ਸਿੱਖ ਜਾਂਦਾ ਹੈ। ਮਾਂ-ਬਾਪ ਦਾ ਪਿਆਰ ਵੀ ਬੱਚੇ ਨੂੰ ਇਸੇ ਕਾਰਨ ਕਰਕੇ ਵਧੇਰੇ ਮਿਲਦਾ ਹੈ ਕਿ ਉਹ ਹੱਸੇ ਤੇ ਬਾਕੀ ਪਰਿਵਾਰ ਨੂੰ ਵੀ ਹੱਸਣ ਦੀ ਸੁਗਾਤ ਬਖਸ਼ੇ।

ਇੰਜ ਕਈ ਘਰਾਂ ਦੇ ਵਿਹੜਿਆਂ 'ਚ ਨਿੱਕੇ ਬੱਚਿਆਂ ਦੀਆਂ ਮੁਸਕਾਨਾਂ ਤੇ ਨਿੱਕੇ ਨਿੱਕੇ ਹਾਸੇ ਵੱਡਿਆਂ ਲਈ ਇਕ ਖੁਸ਼ੀ ਦਾ ਮੌਕਾ ਹੋ ਨਿੱਬੜਦੇ ਹਨ। ਇਸੇ ਖੁਸ਼ੀ ਦੀ ਖਾਤਰ ਮਾਂਵਾਂ, ਬੱਚੇ ਦੇ ਗੰਦੇ ਕੱਪੜੇ ਸਾਫ ਕਰਦੀਆਂ ਤੇ ਪੋਤੜੇ ਧੋਂਦੀਆਂ ਵੀ ਭੋਰਾ ਔਖ ਮਹਿਸੂਸ ਨਹੀਂ ਕਰਦੀਆਂ। ਇਕ ਘਰ 'ਚ ਬੱਚੇ ਦੀ ਆਮਦ ਜਿੱਥੇ ਅਨੇਕ ਖੁਸ਼ੀਆਂ ਤੇ ਖੇੜੇ ਤੇ ਰੁਝੇਵੇਂ ਲੈ ਕੇ ਆਉਂਦੀ ਹੈ, ਉਥੇ ਨਾਲ ਹੀ ਅਨੇਕਾਂ ਬਖਸ਼ਿਸ਼ਾਂ ਘਰ ਦੇ ਵਿਹੜੇ 'ਚ ਆ ਪ੍ਰਵੇਸ਼ ਕਰਦੀਆਂ ਹਨ। ਸਿਆਣਿਆਂ ਨੇ ਕਿਹਾ ਹੈ ਕਿ ਬੱਚਿਆਂ ਨਾਲ ਹੀ ਘਰ ਦੇ ਵਿਹੜੇ ਸੁਹਾਉਂਦੇ ਤੇ ਸੁੰਦਰ ਲਗਦੇ ਹਨ। ਬੱਚਾ ਜਿੱਥੇ ਘਰ ਦੀ ਰੌਣਕ ਬਣਦਾ ਹੈ, ਉਥੇ ਨਾਲ ਹੀ ਮਾਂ-ਬਾਪ ਦੇ ਮਨ 'ਚ ਆਪਣਾ ਵਾਰਿਸ ਪ੍ਰਾਪਤ ਕਰਕੇ ਇਕ ਲੁਕਵੀਂ ਤੇ ਗੁੱਝੀ ਖੁਸ਼ੀ ਵੀ ਮਹਿਸੂਸ ਹੁੰਦੀ ਹੈ ਕਿ ਹੁਣ ਕੋਈ ਖਤਰੇ ਵਾਲੀ ਗੱਲ ਨਹੀਂ। ਬੱਚਾ ਜੰਮਣ ਨਾਲ ਇਸ ਘਰ ਦਾ ਵਾਰਿਸ ਪੈਦਾ ਹੋ ਗਿਆ ਹੈ। ਹੌਲੀ ਹੌਲੀ ਇਹੀ ਬੱਚਾ ਵੱਡਾ ਹੋ ਕੇ ਇਸ ਘਰ ਦੀ ਸ਼ੋਭਾ ਵੀ ਬਣੇਗਾ ਤੇ ਘਰ ਦੀ ਸੰਭਾਲ ਤੇ ਸਾਂਭ ਕਰਨ ਵਾਲਾ ਮਾਲਕ ਵੀ ਬਣ ਜਾਵੇਗਾ। ਇਕ ਬੱਚੇ ਦੀ ਆਮਦ ਨਾਲ ਪੂਰਾ ਪਰਿਵਾਰ ਹੀ ਰੁੱਝ ਜਾਂਦਾ ਹੈ ਤੇ ਬੱਚੇ ਨੂੰ ਪਾਲਣ ਪੋਸ਼ਣ ਦੇ ਕੰਮ ਕਾਰਨ ਹਰ ਜੀਅ ਹੀ ਇਸ ਰੁਝੇਵੇਂ 'ਚ ਪੂਰਾ ਸਹਿਯੋਗ ਵੀ ਦਿੰਦਾ ਹੈ। ਕਈ ਵਾਰ ਘਰ ਦੇ ਵਿਹੜੇ 'ਚ ਖੇਡਦਾ ਤਾਂ ਭਾਵੇਂ ਛੋਟਾ ਬੱਚਾ ਹੀ ਹੁੰਦਾ ਹੈ ਪਰ ਕੋਲ ਬੈਠੇ ਬਿਰਧ ਉਮਰ ਦੇ ਦਾਦਾ-ਦਾਦੀ ਵੀ ਉਸ ਦੀ ਖੇਡ 'ਚ ਆਪਣੇ ਆਪ ਨੂੰ ਲਗਾਈ ਰੱਖਦੇ ਹਨ। ਇੰਜ ਮਹਿਸੂਸ ਕਰਦੇ ਹਨ ਜਿਵੇਂ ਉਹ ਦੁਬਾਰਾ ਬੱਚੇ ਦੀ ਉਮਰ 'ਚ ਆ ਗਏ ਹੋਣ ਤੇ ਦੁਬਾਰਾ ਬੱਚੇ ਵਾਂਗ ਹੀ ਖੇਡ ਵੀ ਰਹੇ ਹੋਣ। ਇਹ ਮਾਨਸਿਕ ਅਵਸਥਾ ਬਿਰਧ ਦਾਦਾ-ਦਾਦੀ ਦੀ ਸਿਹਤ 'ਚ ਵੱਡੀ ਤਬਦੀਲੀ ਲਿਆ ਦਿੰਦੀ ਹੈ। ਬੱਚਾ ਜਦ ਤੋਤਲੀ ਜ਼ੁਬਾਨ ਨਾਲ ਬੋਲਦਾ, ਇਧਰ-ਉਧਰ ਤੁਰਦਾ ਤੇ ਝੂੰਮਰ ਜਿਹਾ ਪਾਉਂਦਾ ਨਜ਼ਰੀਂ ਪੈਂਦਾ ਹੈ ਤਾਂ ਦਾਦਾ-ਦਾਦੀ ਦੀਆਂ ਅੱਖਾਂ ਵੀ ਪਿਆਰ ਨਾਲ ਛਲਕ ਜਾਂਦੀਆਂ ਹਨ। ਇਹ ਬੱਚੇ ਨੂੰ ਗੋਦੀ ਚੁੱਕ ਕੇ ਹੋਰ ਵੀ ਜਵਾਨ ਮਹਿਸੂਸ ਕਰਦੇ ਹਨ ਤੇ ਇੰਜ ਦਾਦੇ, ਪੋਤੇ ਦੀ ਖੇਡ ਤੇ ਘਰ ਦੇ ਵਿਹੜੇ 'ਚ ਮਿੱਠੀ ਲੁੱਕਣ-ਮੀਟੀ ਦੋਹਾਂ ਨੂੰ ਹੀ ਕਿਸੇ ਖੁਸ਼ੀ ਦੇ ਖਜ਼ਾਨਿਆਂ ਨਾਲ ਭਰਪੂਰ ਕਰ ਦਿੰਦੀ ਹੈ। ਮਿੱਠੇ-ਮਿੱਠੇ ਬੋਲ ਕਹਿ ਕਹੇ ਤੇ ਖੁਸ਼ੀਆਂ ਦੀ ਝਲਕਾਰ ਇੰਜ ਬੱਚੇ ਦੀ ਖੇਡ ਮਸਤੀ ਨਾਲ ਘਰ ਨੂੰ ਭਰੀ ਰੱਖਦੇ ਹਨ। ਬੱਚੇ ਦੀਆਂ ਖਿੜੇ ਫੁੱਲਾਂ ਜਿਹੀਆਂ ਪ੍ਰਸਤਕਾਂ ਘਰ ਦੇ ਵਿਹੜੇ 'ਚ ਰੌਣਕ ਲਗਾ ਦਿੰਦੀਆਂ ਹਨ।

ਕਈ ਘਰਾਂ 'ਚ ਜਿੱਥੇ ਬੱਚੇ ਨਹੀਂ ਹੁੰਦੇ, ਉਥੇ ਘਰ ਦੇ ਵਿਹੜੇ ਦਾ ਸੱਖਣਾਪਣ ਤੇ ਚੁੱਪ-ਚਾਂ ਘਰ ਦੇ ਜੀਆਂ ਨੂੰ ਖਾਣ ਨੂੰ ਪੈਂਦੀ ਹੈ। ਇਸੇ ਕਾਰਨ ਕਈ ਅਜਿਹੇ ਪਤੀ-ਪਤਨੀ ਇਕ ਦੂਜੇ ਨਾਲ ਵਧੇਰੇ ਤਣਾਅ ਭਰੇ ਮਾਹੌਲ 'ਚ ਰਹਿੰਦੇ ਹਨ। ਬਾਵਜੂਦ ਇਸ ਦੇ ਕਿ ਇਕ ਦੂਜੇ ਨੂੰ ਪਿਆਰ ਕਰਦੇ ਨੇ, ਉਹ ਖਾਲੀ ਖਾਲੀ ਜਿਹੇ ਮਹਿਸੂਸ ਕਰਦੇ ਹਨ ਤੇ ਇੰਜ ਕਈ ਵਾਰ ਬੱਚੇ ਦੀ ਉਡੀਕ ਕਰਦਿਆਂ ਕਰਦਿਆਂ ਵਰ੍ਹੇ ਬੀਤ ਜਾਂਦੇ ਹਨ। ਕਈ ਵਾਰ ਰੱਬੀ ਮਿਹਰ ਸਦਕਾ ਜਦ ਅਜਿਹੇ ਘਰ 'ਚ ਬੱਚਾ ਪੈਦਾ ਹੁੰਦਾ ਹੈ ਤਾਂ ਖੁਸ਼ੀਆਂ ਘਰਦਿਆਂ ਤੋਂ ਸਾਂਭੀਆਂ ਨਹੀਂ ਜਾਂਦੀਆਂ। ਇੰਜ ਮਹਿਸੂਸ ਹੁੰਦਾ ਹੈ ਜਿਵੇਂ ਬਹਿਸ਼ਤਾਂ ਦੇ ਬੂਹੇ ਖੁੱਲ੍ਹ ਗਏ ਹੋਣ ਤੇ ਬੱਚੇ ਦੇ ਜੰਮਣ ਨਾਲ ਉਨ੍ਹਾਂ ਦਾ ਸੱਖਣਾ ਸੰਸਾਰ ਵੀ ਵਸ ਰਸ ਗਿਆ ਹੋਵੇ। ਕਈ ਪਰਿਵਾਰਕ ਜੋੜੀਆਂ ਡਾਕਟਰਾਂ ਕੋਲ ਜਾ ਕੇ ਭਾਰੀਆਂ ਫੀਸਾਂ ਤਾਰ ਕੇ ਕਿਸੇ ਢੰਗ ਨਾਲ 'ਟੈਸਟ ਟਿਊਬ ਬੇਬੀ' ਵਿਧੀ ਰਾਹੀਂ ਬੱਚਾ ਪ੍ਰਾਪਤ ਕਰਨ 'ਚ ਕਾਮਯਾਬ ਹੋ ਜਾਂਦੇ ਹਨ। ਜਿੰਨੀ ਉਨ੍ਹਾਂ ਨੇ ਬੱਚਾ ਪ੍ਰਾਪਤੀ ਕਰਨ 'ਚ ਵਧੇਰੇ ਖੇਚਲ ਝੱਲੀ ਹੁੰਦੀ ਹੈ, ਓਨੀ ਵੱਡੀ ਹੀ ਉਨ੍ਹਾਂ ਦੀ ਖੁਸ਼ੀ ਹੋ ਨਿੱਬੜਦੀ ਹੈ। ਬੱਚੇ ਦੀ ਆਮਦ ਕਾਰਨ, ਧਰਤੀ 'ਤੇ ਪੈਰ ਨਹੀਂ ਲਗਦੇ। ਸਗੋਂ ਅਜਿਹੀ ਜੋੜੀ ਦੇ ਮਾਂ-ਬਾਪ ਤੇ ਸਕੇ-ਸਬੰਧੀਆਂ ਨੂੰ ਵੀ ਪੁੱਜ ਕੇ ਖੁਸ਼ੀ ਹੁੰਦੀ ਹੈ।



ਜਿੱਥੇ ਕੋਸ਼ਿਸ਼ਾਂ ਦੇ ਬਾਵਜੂਦ ਵੀ ਬੱਚਾ ਪੈਦਾ ਨਾ ਹੋਵੇ, ਉਥੇ ਆਪਣੇ ਕਿਸੇ ਰਿਸ਼ਤੇਦਾਰੀ 'ਚੋਂ ਬੱਚਾ ਗੋਦ ਲੈਣਾ ਵੀ ਲਾਹੇਵੰਦ ਸਾਬਤ ਹੁੰਦਾ ਹੈ ਕਿਉਂਕਿ ਬੱਚਾ ਤਾਂ ਬੱਚਾ ਹੈ, ਇਕ ਨੰਨਾ ਫਰਿਸ਼ਤਾ ਤੇ ਉਸ ਨੂੰ ਪਾਲ-ਪੋਸ ਕੇ ਵੱਡਾ ਕਰਨ 'ਚ ਵੀ ਜੋ ਖੁਸ਼ੀ ਮਾਂ-ਬਾਪ ਪ੍ਰਾਪਤ ਕਰਦੇ ਹਨ, ਉਹ ਖੁਸ਼ੀ ਅਕਹਿ ਤੇ ਅਦੁੱਤੀ ਹੁੰਦੀ ਹੈ। ਖਰਾ-ਖੋਟ ਜੇ ਜੋੜੀ ਦੇ ਮਨਾਰ ਨਹੀਂ ਹੈ ਤਾਂ ਬੱਚੇ ਦੀਆਂ ਮੁਸ਼ਕਲਾਂ ਉਨ੍ਹਾਂ ਲਈ ਵੀ ਬਹੁ-ਮੁੱਲੀਆਂ ਤੇ ਅਮੁੱਕ ਹੁੰਦੀਆਂ ਹਨ ਤੇ ਕਈ ਵਾਰ ਰੱਬੀ ਰਹਿਮਤਾਂ ਕਾਰਨ ਬੱਚਾ ਗੋਦ ਲੈਣ ਤੋਂ ਬਾਅਦ ਅਜਿਹੀ ਜੋੜੀ ਨੂੰ ਰੱਬ ਵਲੋਂ ਵੀ ਬੱਚੇ ਦੀ ਦਾਤ ਬਖਸ਼ਿਸ਼ ਹੋ ਹੀ ਜਾਂਦੀ ਹੈ। ਕਦ ਕਿਸੇ ਨੇ ਭੇਤ ਪਾਇਆ ਹੈ ਪਰਵਰਗਦਾਰ ਦਾ। ਇੰਜ ਅਜਿਹੇ ਘਰ 'ਚ ਬੱਚੇ ਦੇ ਆਉਣ ਨਾਲ ਲਹਿਰਾਂ-ਬਹਿਰਾਂ ਹੋ ਜਾਂਦੀਆਂ ਹਨ ਤੇ ਫਲ ਪ੍ਰਾਪਤੀ ਕਾਰਨ ਮਾਂ-ਬਾਪ ਵੀ ਖੁਸ਼ੀਆਂ ਤੋਂ ਸੱਖਣੇ ਨਹੀਂ ਰਹਿੰਦੇ।

ਜ਼ਿੰਦਗੀ ਦੇ ਵਿਹੜੇ 'ਚ ਖੁਸ਼ੀਆਂ ਬੀਜਣ ਲਈ, ਨੱਚਣ-ਕੁੱਦਣ ਦੀ ਦਾਤ ਅਤਿ ਲੋੜੀਂਦੀ ਹੈ। ਇਹ ਨੱਚਣ-ਕੁੱਦਣ ਜਿਥੇ ਸਰੀਰਕ ਸਿਹਤ ਲਈ ਵਰਦਾਨ ਸਾਬਤ ਹੁੰਦਾ ਹੈ, ਉਥੇ ਮਾਨਸਿਕ ਵਿਕਾਸ ਤੇ ਮਾਨਸਿਕ ਸਿਹਤ ਲਈ ਵੀ ਅਤਿ-ਅਵੱਸ਼ਕ ਹੈ। ਚਿਹਰੇ ਦੇ ਹਾਵ-ਭਾਵ ਨੱਚਣ-ਕੁੱਦਣ ਨਾਲ ਹੀ ਪ੍ਰਫੁਲਿਤ ਰਹਿੰਦੇ ਹਨ ਵਰਨਾ ਜਿੱਥੇ ਅਜਿਹੀ ਦਾਤ ਨਹੀਂ ਹੈ, ਉਥੇ ਚਿਹਰਿਆਂ ਦੀਆਂ ਨਸਾਂ ਤਣੀਆਂ ਹੀ ਰਹਿੰਦੀਆਂ ਹਨ ਤੇ ਕਈ ਤਰ੍ਹਾਂ ਦੇ ਰੋਗੀ ਹੋ ਕੇ ਅਜਿਹੇ ਘਰਾਂ ਦੇ ਜੀਅ ਇਕ ਦੂਜੇ ਨੂੰ ਵੱਢੂੰ-ਖਾਊਂ ਕਰਦੇ ਰਹਿੰਦੇ ਹਨ। ਉਨ੍ਹਾਂ ਦੇ ਬੋਲ ਚਿੜਚਿੜੇ ਤੇ ਸੁਭਾਅ ਵੀ ਅਤਿ ਖਰਵੇ ਜਿਹੇ ਹੋ ਜਾਂਦੇ ਹਨ। ਛੇਤੀ ਕੀਤਿਆਂ ਉਨ੍ਹਾਂ ਨਾਲ ਕੋਈ ਗਲੀ-ਮੁਹੱਲੇ ਜਾਂ ਆਂਢ-ਗੁਆਂਢ ਦਾ ਬੰਦਾ ਵੀ ਬੋਲ ਕੇ ਰਾਜ਼ੀ ਨਹੀਂ ਹੁੰਦਾ ਪਰ ਜਿੱਥੇ ਰੱਬੀ ਰਹਿਮਤਾਂ ਦੀ ਵਰਖਾ ਹੁੰਦੀ ਹੈ ਉਥੇ ਘਰਾਂ 'ਚ ਖੁਸ਼ੀਆਂ ਹੀ ਖੁਸ਼ੀਆਂ ਬਿਖਰੀਆਂ ਮਿਲ ਜਾਂਦੀਆਂ ਹਨ। ਨਿੱਕੇ, ਵੱਡੇ 'ਚ ਕੋਈ ਤਕਰਾਰ ਨਹੀਂ ਹੁੰਦਾ। ਅਜਿਹੇ ਘਰ ਧਰਤੀ ਉਪਰ ਹੀ ਸਵਰਗ ਬਣ ਜਾਂਦੇ ਹਨ। ਨਿੱਕੇ-ਨਿੱਕੇ ਹਾਸੇ, ਘਰ ਦੀ ਚਾਰ-ਦੀਵਾਰੀ ਨਾਲ ਟਕਰਾਅ ਕੇ ਹਰ ਜੀਵ ਦੀ ਖੁਸ਼ੀ ਦੀ ਗਵਾਹੀ ਭਰਦੇ ਹਨ। ਅਜਿਹੇ ਘਰ 'ਚ ਜਿੱਥੇ ਨਿੱਕੇ ਬੱਚੇ ਖੇਡਣ 'ਚ ਮਸਤ ਹੁੰਦੇ ਹਨ ਉਥੇ ਵੱਡੇ ਵਡੇਰੇ ਵੀ ਇਕ ਪਾਸ ਮੰਜੇ 'ਤੇ ਬੈਠੇ ਆਪਣੇ ਮਨ ਨੂੰ ਖੇਲਣ-ਕੁੱਦਣ ਦੀ ਵਰਜਿਸ਼ ਕਰਵਾਈ ਜਾਂਦੇ ਹਨ। ਇੰਜ ਲਗਦਾ ਹੈ ਜਿਵੇਂ ਸਾਰੇ ਘਰ ਦੇ ਜੀਅ ਹੀ ਆਪਣੇ ਆਪਣੇ ਕੰਮ 'ਚ ਮਸਰੂਫ ਹੁੰਦੇ ਹੋਏ ਆਪਣਾ ਆਪਣਾ ਰੋਲ ਨਿਭਾਉਂਦੇ ਘਰ ਦੀਆਂ ਸਾਂਝੀਆਂ ਖੁਸ਼ੀਆਂ ਲਈ ਯਤਨਸ਼ੀਲ ਹੋਣ।

ਘਰ ਨਿਰਾ ਪਰਦੇ, ਪੇਟੀਆਂ, ਫਰਨੀਚਰ ਤੇ ਨਵਾਰੀ ਪਲੰਘ ਹੀ ਨਹੀਂ ਹੁੰਦਾ ਸਗੋਂ ਘਰ ਦੀ ਖੁਸ਼ੀ ਹਰ ਜੀਅ ਦੇ ਚਿਹਰੇ ਦੀ ਮੁਸਕਾਨ ਤੋਂ ਨਾਪੀ ਜਾਂਦੀ ਹੈ। ਜਿਸ ਘਰ ਦੇ ਜੀਅ ਗੁਰਬਾਣੀ ਦੇ ਮਹਾਂਵਾਕ 'ਨੱਚਣ ਕੁਦਣੁ ਮਨ ਕਾ ਚਾਉ' ਅਨੁਸਾਰ ਆਪਣੇ ਆਪ ਨੂੰ ਜ਼ਿੰਦਗੀ ਇਕ ਖੇਡ ਸਮਝ ਕੇ ਖੇਡਦੇ ਹਨ, ਉਥੇ ਕੋਈ ਜੀਅ ਵੀ ਉਦਾਸ ਜਾਂ ਪ੍ਰੇਸ਼ਾਨ ਨਹੀਂ ਵਿਖਾਈ ਦੇਵੇਗਾ। ਸਗੋਂ ਇਕ ਰੁੱਖ 'ਤੇ ਬੈਠੇ ਪੰਛੀ, ਪਰਿੰਦੇ ਤੇ ਜਾਨਵਰ ਜਿਵੇਂ ਰੁੱਖ ਦੀ ਛਹਿਬਰ ਨੂੰ ਆਪਣੇ ਸੰਗੀਤ ਨਾਲ ਭਰੀ ਰੱਖਦੇ ਹਨ। ਇੰਜ ਹੀ ਇਕ ਘਰ ਦੇ ਸਾਰੇ ਜੀਅ ਮਿਲ ਕੇ, ਘਰ ਦੇ ਰੁੱਖ ਰੂਪੀ ਪਰਿਵਾਰ ਦੀ ਝੋਲੀ ਖੁਸ਼ੀਆਂ ਨਾਲ ਭਰ ਸਕਦੇ ਹਨ। ਛੋਟੇ ਤੋਂ ਲੈ ਕੇ ਵੱਡੇ ਤੀਕਰ ਇਸ ਪਰਿਵਾਰ ਦੀ ਸਾਂਝੀ ਖੁਸ਼ੀ 'ਚ ਵੱਡਾ ਯੋਗਦਾਨ ਹੁੰਦਾ ਹੈ। ਜਿਵੇਂ ਰੰਗ-ਬਿਰੰਗੇ ਫੁੱਲ ਖਿੜ ਕੇ ਇਕ ਬਾਗ 'ਚ ਸ਼ੋਭਾ ਵਧਾਉਂਦੇ ਹਨ, ਇੰਜ ਹੀ ਘਰ ਦਾ ਹਰ ਜੀਅ ਪਰਿਵਾਰਕ ਖੁਸ਼ੀਆਂ ਲਈ ਆਪਣਾ ਬਣਦਾ ਯੋਗਦਾਨ ਪਾ ਕੇ ਇਕ ਘਰ ਦੇ ਵਿਹੜੇ ਨੂੰ ਖੁਸ਼ੀਆਂ ਨਾਲ ਭਰਨ 'ਚ ਸਹਾਈ ਹੋ ਸਕਦਾ ਹੈ।

# ਔਰਤ ਦੀ ਸ਼ਕਤੀ: ਹਕੀਕਤਾਂ ਦੇ ਸਨਮੁਖ

ਮਹਿਲਾ ਸ਼ਕਤੀ ਵਰ੍ਹੇ ਨੂੰ ਯਾਦ ਕਰਦਿਆਂ ਸਾਡੇ ਮਨਾਂ ਵਿਚ ਇਹ ਖਿਆਲ ਆਉਂਦਾ ਹੈ ਕਿ ਜ਼ਿੰਦਗੀ ਦੇ ਉਹ ਕਿਹੜੇ ਪੱਖ ਹਨ ਜਿਥੇ ਔਰਤਾਂ ਨੂੰ ਉਨ੍ਹਾਂ ਦੇ ਅਧਿਕਾਰਾਂ ਤੇ ਸ਼ਕਤੀਆਂ ਤੋਂ ਵਾਂਝਿਆਂ ਕੀਤਾ ਗਿਆ ਹੈ। ਪਛੜੇ ਹੋਏ ਸਮਾਜਕ-ਆਰਥਿਕ ਪ੍ਰਬੰਧਾਂ ਵਿਚ ਔਰਤਾਂ ਨੂੰ ਸਮਾਜਕ, ਸਿਆਸੀ ਤੇ ਆਰਥਿਕ ਕਿਰਿਆਸ਼ੀਲਤਾ ਤੋਂ ਵਾਂਝੇ ਕੀਤਾ ਗਿਆ ਹੈ। ਜੇ ਕੁਝ ਕੁ ਔਰਤਾਂ ਇਹ ਹੱਕ ਪ੍ਰਾਪਤ ਕਰ ਵੀ ਲੈਂਦੀਆਂ ਹਨ ਤਾਂ ਉਨ੍ਹਾਂ ਨੂੰ ਲਗਾਤਾਰ


ਗੁਰਦਰਸ਼ਨ ਕੌਰ ਮਾਨ

ਵਿਅਕਤੀਗਤ, ਪਰਿਵਾਰਕ ਤੇ ਸਮਾਜਕ ਤਣਾਓ ਵਿਚੋਂ ਲੰਘਣਾ ਪੈਂਦਾ ਹੈ। ਜੇ ਕਿਸੇ ਖੁਸ਼ਹਾਲ ਤੇ ਸਮਾਜਕ ਬਰਾਬਰੀ ਵਾਲੇ ਸਮਾਜ ਦੀ ਗੱਲ ਕਰਨੀ ਹੋਵੇ ਤਾਂ ਪਹਿਲਾਂ ਉਥੋਂ ਦੇ ਸਮਾਜ ਵਿਚ ਉਥੋਂ ਦੀਆਂ ਔਰਤਾਂ ਦੀ ਸਮਾਜਕ, ਸਿਆਸੀ ਤੇ ਆਰਥਿਕ ਹਾਲਤ ਦੇਖਣੀ ਪਵੇਗੀ। ਪੱਛਮੀ ਸਮਾਜਾਂ ਨੇ ਔਰਤ ਨੂੰ ਆਰਥਿਕ, ਰਾਜਨੀਤਕ ਤੇ ਸਮਾਜਕ ਬਰਾਬਰੀ ਦਿੱਤੀ ਹੈ ਤੇ ਉਨ੍ਹਾਂ ਦੀ ਤਰੱਕੀ ਦਾ ਰਾਜ਼ ਇਸੇ ਬਰਾਬਰੀ ਦੇ ਨੁਕਤੇ ਵਿਚ ਛੁਪਿਆ ਹੋਇਆ ਹੈ।

ਚੀਨ, ਹਾਂਗਕਾਂਗ, ਕੋਰੀਆ ਵਰਗੇ ਕਈ ਮੁਲਕ ਔਰਤ ਪ੍ਰਧਾਨ ਸਮਾਜਾਂ ਦੀ ਉਦਾਹਰਣ ਹਨ। ਭਾਰਤ, ਪਾਕਿਸਤਾਨ, ਬੰਗਲਾਦੇਸ਼, ਅਫਗਾਨਿਸਤਾਨ ਵਰਗੇ ਕਈ ਮੁਲਕ ਮਰਦ ਪ੍ਰਧਾਨ ਸਮਾਜਾਂ ਦੀ ਉਦਾਹਰਣ ਹਨ। ਹਿੰਦੂ ਸਮਾਜ ਵਿਚ ਅੱਜ ਤੋਂ ਹਜ਼ਾਰਾਂ ਸਾਲ ਪਹਿਲਾਂ ਰਿਸ਼ੀ ਮੰਨੂ ਦੇ ਫਲਸਫੇ ਨੇ ਔਰਤ ਨੂੰ ਸਮਾਜਕ ਸਰਗਰਮੀਆਂ ਤੋਂ ਤੋੜ ਕੇ ਘਰ ਦੀ ਚਾਰ-ਦੀਵਾਰੀ ਅੰਦਰ ਬੰਦ ਕਰ ਦਿੱਤਾ। ਮੁਸਲਮਾਨ ਸਮਾਜ ਨੇ ਔਰਤ ਦੀ ਹੋਣੀ ਨੂੰ ਬੁਰਕਿਆਂ ਦੀ ਕੈਦ ਪਵਾ ਦਿੱਤੀ। ਇਸ ਤਰ੍ਹਾਂ ਆਧੁਨਿਕ ਭਾਰਤ ਦੇ ਨਿਰਮਾਣ ਵਿਚ ਵੀ ਔਰਤ ਦੀ ਭੂਮਿਕਾ ਨਿਗੁਣੀ ਹੈ। ਔਰਤਾਂ ਦਾ ਇਕ ਵੱਡਾ ਤਬਕਾ ਪੜ੍ਹਾਈ, ਗਿਆਨ-ਵਿਗਿਆਨ ਤੋਂ ਕੋਰਾ ਹੈ। ਉਨ੍ਹਾਂ ਨੂੰ ਤਾਂ ਆਪਣੇ ਮੌਲਿਕ ਅਧਿਕਾਰਾਂ ਦੀ ਵੀ ਸੋਝੀ ਨਹੀਂ ਹੈ। ਜੇ ਔਰਤਾਂ ਪੜ੍ਹ-ਲਿਖ ਵੀ ਜਾਂਦੀਆਂ ਹਨ ਤਾਂ ਵੀ ਉਨ੍ਹਾਂ ਨੂੰ ਅਖੌਤੀ ਮਰਦ ਦ੍ਰਿਸ਼ਟੀਕੋਣ ਅਨੁਸਾਰ ਹੀ ਚਲਣਾ ਪੈਂਦਾ ਹੈ। ਔਰਤ ਦਾ ਔਰਤਪੁਣਾ ਤੇ ਵਿਅਕਤੀਗਤ ਹੋਂਦ ਕੋਈ ਅਰਥ ਨਹੀਂ ਰਖਦੇ।

ਮਰਦਾਂ ਨੂੰ ਜਨਮ ਦੇਣ ਵਾਲੀ ਇਹ ਔਰਤ ਮਰਦਾਂ ਦੀ ਸੋਚ ਦੀ ਗੁਲਾਮ ਬਣ ਕੇ ਰਹਿ ਗਈ ਹੈ। ਇਹ ਗੁਲਾਮ ਔਰਤ ਆਪਣੇ ਬਰਾਬਰੀ ਦੇ ਅਧਿਕਾਰ ਕਿਸ ਮਰਦ ਤੋਂ ਮੰਗਦੀ ਹੈ? ਆਪਣੇ ਪਿਤਾ ਤੋਂ, ਭਰਾ ਤੋਂ, ਪਤੀ ਤੋਂ ਜਾਂ ਫਿਰ ਆਪਣੇ ਪੁੱਤਰ ਤੋ ਜਿਸ ਨੂੰ ਕਿ ਇਸ ਨੇ ਆਪਣੇ ਖੂਨ ਨਾਲ ਸਿੰਜਿਆ ਹੁੰਦਾ ਹੈ। ਔਰਤ ਨੂੰ ਮਜਬੂਰ ਕੀਤਾ ਜਾਂਦਾ ਹੈ ਕਿ ਉਹ ਆਪਣੀ ਕੁੱਖ ਵਿਚੋਂ ਸਿਰਫ ਮਰਦ ਹੀ ਪੈਦਾ ਕਰੇ। ਜਨਮ ਤੋਂ ਪਹਿਲਾਂ ਹੀ ਕੁੱਖ ਵਿਚ ਕਿੰਨੀਆਂ ਔਰਤ ਜ਼ਿੰਦਗੀਆਂ ਨੂੰ ਮਾਰ ਦਿੱਤਾ ਜਾਂਦਾ ਹੈ। ਭਾਰਤੀ ਸਮਾਜ ਵਿਚ ਇਹ ਮਰਦ ਪ੍ਰਧਾਨ ਸੋਚ ਅਜੇ ਤਕ ਵੀ ਔਰਤ ਨੂੰ ਆਪਣੀ ਅੰਦਰਲੀ ਸ਼ਕਤੀ ਦਾ ਸਦ-ਉਪਯੋਗ ਨਹੀਂ ਕਰਨ ਦੇ ਰਹੀ।

ਭਾਰਤ ਦੇ ਨੇਤਾ ਵੀ ਔਰਤਾਂ ਦੇ 33% ਰਾਖਵੇਂਕਰਨ ਦੀ ਹੀ ਗੱਲ ਕਰਦੇ ਹਨ, ਹਾਲਾਂਕਿ ਉਨ੍ਹਾਂ ਦੀ ਭਾਗੀਦਾਰੀ ਨੂੰ 50% ਤੋਂ ਵੀ ਵਧੇਰੇ ਬਣਾਉਣ ਦੀ ਜ਼ਰੂਰਤ ਹੈ ਤਾਂ ਕਿ ਉਨ੍ਹਾਂ ਦੇ ਵੱਖ-ਵੱਖ ਖੇਤਰਾਂ ਦੇ ਪਛੜੇਵੇਂ ਦੂਰ ਹੋ ਸਕਣ। ਵੱਖ-ਵੱਖ ਚੋਣ ਮੰਡਲਾਂ ਵਿਚ ਰਾਖਵੇਂਕਰਨ ਦਾ ਇਹ ਮਾਮਲਾ ਵੀ ਬਹੁਗਿਣਤੀ ਵਿਚ ਮਰਦ ਸੰਸਦਾਂ ਵਲੋਂ ਲਗਾਤਾਰ ਲਟਕਾਇਆ ਜਾ ਰਿਹਾ ਹੈ। ਭਾਰਤ ਵਿਚ ਨਾਰੀ ਸ਼ਕਤੀਕਰਨ ਦਾ ਅੰਦੋਲਨ ਸਿਰਫ ਮਹਾਂਨਗਰਾਂ ਦੀ ਉਚ ਵਰਗ ਦੀ ਪੜ੍ਹੀ-ਲਿਖੀ ਔਰਤ ਤਕ ਹੀ ਸਿਮਟ ਕੇ ਰਹਿ ਗਿਆ। ਉਹ ਔਰਤਾਂ ਇਹ ਵੀ ਨਹੀਂ ਜਾਣਦੀਆਂ ਕਿ 40 ਕਰੋੜ ਭਾਰਤੀ ਔਰਤਾਂ ਸਮਾਜਿਕ, ਆਰਥਿਕ ਤੇ ਸਿਆਸੀ ਤੌਰ 'ਤੇ ਪਛੜੀਆਂ ਹੋਈਆਂ ਹਨ। ਛੋਟੇ ਸ਼ਹਿਰਾਂ, ਕਸਬਿਆਂ ਤੇ ਬਸਤੀਆਂ ਵਿਚ ਪੜ੍ਹੀਆਂ-ਲਿਖੀਆਂ ਤੇ ਨੌਕਰੀਸ਼ੁਦਾ ਔਰਤਾਂ ਮਰਦ ਦੇ ਬਣਾਏ ਘਰੇਲੂ ਮੱਕੜੀਜਾਲ ਵਿਚ ਉਲਝ ਕੇ ਰਹਿ ਗਈਆਂ ਹਨ। ਔਰਤ 'ਨਾਰੀ ਤਾੜਨ ਦੀ ਅਧਿਕਾਰੀ' ਸਥਿਤੀ ਤੋਂ ਬਾਹਰ ਨਹੀਂ ਆ ਸਕੀ। ਸੰਵਿਧਾਨ ਦੁਆਰਾ ਦਿੱਤੇ ਗਏ ਅਧਿਕਾਰ ਫਰਜ਼ੀ ਬਣ ਕੇ ਰਹਿ ਗਏ ਹਨ। ਔਰਤ ਜਾਤ ਨੂੰ ਉਸ ਦੇ ਅਧਿਕਾਰਾਂ ਦੀ ਸਵਾਮੀ ਕਿਸੇ ਹੋਰ ਨੇ ਨਹੀਂ ਬਲਕਿ ਭਾਰਤ ਦੀ ਪੜ੍ਹੀ-ਲਿਖੀ ਔਰਤ ਵਲੋਂ ਚਲਾਈ ਜਾਣ ਵਾਲੀ ਕਿਸੇ ਵਿਆਪਕ ਚੇਤਨਾ-ਮੁਹਿੰਮ ਨੇ ਹੀ ਬਣਾਉਣਾ ਹੈ। ਇਹ ਚੇਤਨਾ ਮੁਹਿੰਮ ਦਾ ਦ੍ਰਿਸ਼ਟੀਕੋਣ ਪੱਛਮੀ ਨਾ ਹੋ ਕੇ ਨਿਰੋਲ ਭਾਰਤੀ ਕਦਰਾਂ-ਕੀਮਤਾਂ ਅਨੁਸਾਰ ਵਿਉਂਤਿਆ ਤੇ ਤਰਾਸ਼ਿਆ ਜਾਣਾ ਚਾਹੀਦਾ ਹੈ। ਇਹ ਲਹਿਰ ਮਰਦਾਂ ਤੋਂ ਬਗਾਵਤ ਨਾ ਹੋ ਕੇ ਮਰਦ ਪ੍ਰਧਾਨ ਸਮਾਜ ਵਿਚ ਆਪਣੇ ਖੁੱਸੇ ਹੋਏ ਅਤੇ ਸੰਵਿਧਾਨ ਵਿਚ ਦਿੱਤੇ ਹੋਏ ਅਧਿਕਾਰਾਂ ਦੀ ਵਾਪਸੀ ਸਬੰਧੀ ਹੋਵੇਗੀ।



ਇਰਾਕ ਵਿਚ ਔਰਤਾਂ ਮਰਦਾਂ ਦੇ ਮੁਕਾਬਲੇ ਅੱਧਾ ਕੰਮ ਕਰਦੀਆਂ ਹਨ ਤੇ ਮਰਦਾਂ ਦੇ ਬਰਾਬਰ ਤਨਖਾਹ ਲੈਂਦੀਆਂ ਹਨ। ਇਸ ਪਿੱਛੇ ਵੀ ਉਨ੍ਹਾਂ ਦਾ ਤਰਕ ਹੈ ਕਿ ਉਹ ਘਰ ਜਾ ਕੇ ਘਰ ਦੇ ਕੰਮ ਕਰਦੀਆਂ ਹਨ ਤੇ ਬੱਚੇ ਪਾਲਦੀਆਂ ਹਨ, ਜੋ ਕਿ ਉਹ ਦੇਸ਼ ਦੀ ਕੌਮ ਦੇ ਨਿਰਮਾਣ ਲਈ ਹੀ ਕਰਦੀਆਂ ਹਨ। ਇਸ ਤਰ੍ਹਾਂ ਭਾਰਤੀ ਔਰਤ ਕਲੱਬਾਂ ਵਿਚ ਜਾ ਕੇ, ਡਾਂਸ ਕਰਕੇ ਜਾਂ ਕੁਝ ਕੁ ਅਮੀਰਜ਼ਾਦੀਆਂ ਦੀ ਤਰਜ਼ 'ਤੇ ਲਾਹਪ੍ਰਵਾਹ ਹੋ ਕੇ ਆਪਣੇ ਬਰਾਬਰੀ ਦੇ ਹੱਕ ਪ੍ਰਾਪਤ ਨਹੀਂ ਕਰ ਸਕਦੀ। ਉਸ ਨੂੰ ਤਾਂ ਭਾਰਤ ਦੀ ਗਰੀਬੀ, ਬੇਰੁਜ਼ਗਾਰੀ, ਵਧਦੀ ਜਨਸੰਖਿਆ, ਬੱਚਿਆਂ ਵਿਚ ਕੁਪੋਸ਼ਣ, ਭ੍ਰਿਸ਼ਟਾਚਾਰ, ਮਰਦਾਂ ਵਿਚ ਨਸ਼ਿਆਂ ਦੀ ਅਲਾਮਤ, ਘਰ ਦੀ ਸੁਚਾਰੂ ਆਰਥਿਕ-ਯੋਜਨਾਬੰਦੀ ਤੇ ਪਰਿਵਾਰ ਦੀਆਂ ਸਿਹਤ ਸਬੰਧੀ ਸਮੱਸਿਆਵਾਂ ਹੱਥ ਵਿਚ ਲੈ ਕੇ 'ਔਰਤ ਹੈ ਸ਼ਕਤੀਮਾਨ' ਪ੍ਰਤੀ ਸੁਚੇਤ ਹੋਣਾ ਪਵੇਗਾ। ਭਾਰਤੀ ਮਰਦ ਦਾ ਇਹ ਸ਼ੰਕਾ ਨਿਰਮੂਲ ਹੈ ਕਿ ਜੇ ਔਰਤਾਂ ਨੂੰ ਉਨ੍ਹਾਂ ਦੀਆਂ ਪੂਰਨ ਸ਼ਕਤੀਆਂ ਮਿਲ ਜਾਂਦੀਆਂ ਹਨ ਤਾਂ ਇਹ ਔਰਤਾਂ ਦੀ ਮਰਦਾਂ ਪ੍ਰਤੀ ਬਗਾਵਤ ਹੋਵੇਗੀ। ਭਾਰਤੀ ਔਰਤ ਦੀ ਹਰ ਕੋਸ਼ਿਸ਼ ਘਰ ਵਸਾਉਣ ਦੀ ਹੁੰਦੀ ਹੈ ਨਾ ਕਿ ਉਜਾੜਨ ਦੀ, ਔਰਤ ਦੀਆਂ ਸ਼ਕਤੀਆਂ ਉਸ ਨੂੰ ਇਸੇ ਦ੍ਰਿਸ਼ਣੀਕੋਣ ਵਿਚ ਹੋਰ ਮਜ਼ਬੂਤ ਕਰਨਗੀਆਂ ਤੇ ਇਸ ਤਰ੍ਹਾਂ ਮਜ਼ਬੂਤ ਹੋਈ ਔਰਤ ਮਜ਼ਬੂਤ ਭਾਰਤੀ ਸਮਾਜ ਦਾ ਨਿਰਮਾਣ ਕਰੇਗੀ।

## ਧੀਆਂ ਨੂੰ ਨਾ ਮਾਰ

ਧੀਆਂ ਨੂੰ ਨਾ ਮਾਰ ਵੇ ਲੋਕਾ,
ਧੀਆਂ ਨੂੰ ਨਾ ਮਾਰ।
ਇਨ੍ਹਾਂ ਬਾਝੋਂ ਸਰ ਨੀ ਸਕਦਾ,
ਹੋਏ ਨਾ ਬੇੜਾ ਪਾਰ।
ਧੀਆਂ ਨੂੰ ਨਾ ਮਾਰ।

ਮਾਂ ਪਿਓ ਦਾ ਦੁੱਖ ਸੁਣ ਕੇ,
ਇਕ ਦਮ ਧੀ ਹੈ ਦੌੜੀ ਆਉਂਦੀ।
ਚੁੱਪ ਕਰ ਕੇ ਘਰ ਬਹਿ ਨਾ ਸਕਦੀ,
ਆ ਕੇ ਦਰਦ ਵੰਡਾਉਂਦੀ।
ਪੁੱਤਰ ਤਾਂ ਖੁਦਗਰਜ਼ ਕਹਾਉਂਦੇ,
ਕਦੇ ਨਾ ਲੈਂਦੇ ਸਾਰ।

ਜਦ ਤੂੰ ਮੰਨਦਾ ਹੈਂ ਕਿਸਮਤ ਨੂੰ,
ਹਰ ਕੋਈ ਲਿਖਿਆ ਪਾਉਂਦਾ।
ਕਿਹੜੀ ਗੱਲ ਦੇ ਪਿੱਛੇ ਲੱਗ ਕੇ,
ਫਿਰ ਇਹ ਪਾਪ ਕਮਾਉਂਦਾ।
ਲੇਖਾ ਦੇਣਾ ਪਊ ਤੈਨੂੰ ਵੀ,
ਕੁਝ ਤਾਂ ਸੋਚ ਵਿਚਾਰ।

ਗੁਰੂ ਨਾਨਕ ਨੇ ਵੀ ਔਰਤ ਨੂੰ,
ਮੰਨਿਆ ਬਹੁਤ ਮਹਾਨ।
ਜਿਸ ਨੇ ਜੰਮੇ ਰਿਸ਼ੀ ਮੁਨੀ,
ਤੇ ਬੜੇ ਬੜੇ ਰਾਜਾਨ।
ਉਸ ਬਾਬੇ ਦੀ ਬਾਣੀ ਪੜ੍ਹ ਕੇ,
ਆਪੇ ਗੱਲ ਨਿਤਾਰ।
ਧੀ ਦਾ ਵੀ ਇਸ ਦੁਨੀਆਂ ਉਤੇ,
ਪੁੱਤ ਬਰਾਬਰ ਦਰਜਾ।
ਜੇ ਤੂੰ ਉਸ ਨੂੰ ਪੁੱਤ ਸਮਝ ਲਏਂ,
ਦੱਸ ਤੇਰਾ ਕੀ ਹਰਜਾ।
ਹੁਣ ਤਾਂ ਧੀ ਨੂੰ ਪੁੱਤ ਵਰਗੇ,
ਸਭ ਹੱਕ ਦਵੇ ਸਰਕਾਰ।

*-ਰਣਜੀਤ ਸਿੰਘ ਸੰਧੂ ਖੰਨਾ*

# ਵਡਾਲੀ ਬੰਧੂ-ਪੂੰਨਿਆਂ ਦੇ ਦੋ 'ਕੱਠੇ ਚੜ੍ਹੇ ਚੰਦਾਂ ਨਾਲ ਸਾਂਝ




**ਐਸ. ਅਸ਼ੋਕ ਭੌਰਾ**

ਨਾ ਪੈਸੇ ਦਾ ਤੇ ਨਾ ਕਲਾ ਦਾ, ਕਿਸੇ ਯੁੱਗ ਵਿਚ ਵੀ ਮਹੱਤਵ ਨਹੀਂ ਘਟਿਆ। ਇਸੇ ਲਈ ਮੈਂ ਇਹ ਗੱਲ ਮਾਣ ਨਾਲ ਕਹਿੰਦਾ ਰਿਹਾ ਹਾਂ ਕਿ ਨਾ ਪੈਸਾ ਮੇਰੇ ਕੋਲ ਦੀ ਲੰਘਿਆ ਹੈ ਨਾ ਮੈਂ ਪੈਸੇ ਕੋਲ ਦੀ, ਪਰ ਜਦੋਂ ਦੀ ਸੁਰਤ ਸੰਭਾਲੀ ਹੈ ਕਲਾ ਨਾਲ ਦਿਨ ਰਾਤ ਕਿੱਕਲੀ ਪਾਈ ਰੱਖੀ ਹੈ। ਜਿਸ ਯੁੱਗ ਅੰਦਰ ਮੈਂ ਸੰਗੀਤ ਕਲਾ ਦੀ ਗੱਲ ਕਰਦਾ ਰਿਹਾ ਹਾਂ, ਉਹ ਯੁੱਗ ਸੁਰਿੰਦਰ ਕੌਰ, ਨਰਿੰਦਰ




*ਮਾਹਿਲਪੁਰ ਦੇ ਸ਼ੌਂਕੀ ਮੇਲੇ ਤੇ ਪੂਰਨ ਚੰਦ-ਪਿਆਰੇ ਲਾਲ*

ਬੀਬਾ ਦਾ ਸੀ, ਯਮਲੇ ਜੱਟ ਤੇ ਕੁਲਦੀਪ ਮਾਣਕ ਦਾ, ਜਗਜੀਤ ਚਿਤਰਾ, ਬਰਕਤ ਸਿੱਧੂ ਤੇ ਪੂਰਨ ਸ਼ਾਹਕੋਟੀ ਦਾ, ਹੰਸ, ਸਰਦੂਲ, ਹਰਭਜਨ ਤੇ ਸਦੀਕ, ਚਮਕੀਲੇ ਦਾ। ਵੱਖਰੀ ਗੱਲ ਹੈ ਕਿ ਪੈਸੇ ਕਰਕੇ ਸੁੰਦਰਤਾ ਭਾਵੇਂ ਰੁਲਦੀ ਰਹੀ ਹੋਵੇ ਪਰ ਕਲਾ ਕਰਕੇ ਪੈਸਾ ਭੱਜਾ ਆਉਂਦਾ ਰਿਹਾ ਹੈ। ਮੰਨੋਗੇ ਕਿ ਕਦੇ ਛੋਟੇ ਛੋਟੇ ਮੇਲਿਆਂ 'ਤੇ ਨਚਾਰ ਬਣ ਕੇ 'ਵੇਲ ਰੁਪਈਏ ਦੀ ਵੇਲ' ਕਹਿ ਪੈਸਾ ਕਮਾਉਣ ਵਾਲੇ, ਕਲਾ ਦੀ ਯੋਗਤ ਨਾਲ 'ਪਦਮ ਸ੍ਰੀ' ਪ੍ਰਾਪਤ ਕਰਨ ਵਾਲੇ, ਹਿੰਦੀ ਦੇ ਵੱਡੇ ਸ਼ੋਆਂ 'ਤੇ ਰੱਜ ਕੇ ਤਾਲੀਆਂ ਖੱਟਣ ਵਾਲੇ ਤੇ ਕਲਾ ਨੂੰ ਜੁਗਾੜ ਤੋਂ ਕੋਹਾਂ ਦੂਰ ਰੱਖਣ ਵਾਲੇ ਦੋ ਭਰਾ, ਦੋ ਗਵੱਈਏ, ਵਿਰਾਸਤੀ ਸੰਗੀਤ ਦੇ ਦੋ ਚੰਦ- ਪੂਰਨ ਚੰਦ ਤੇ ਪਿਆਰੇ ਲਾਲ ਜਿਨ੍ਹਾਂ ਨੂੰ ਵਡਾਲੀ ਬੰਧੂ ਕਰਕੇ ਜਾਣਿਆ ਜਾਂਦਾ ਹੈ, ਮੇਰੇ ਤੇ ਸਾਡੇ ਸਮਿਆਂ 'ਚ ਹੋਏ ਨੇ ਤੇ ਇਹ ਫਖਰ ਵੀ ਇਸ ਕਰਕੇ ਬਣਿਆ ਰਹੇਗਾ ਕਿ ਇਨ੍ਹਾਂ ਨੂੰ ਰੱਜ ਕੇ ਵੇਖਿਆ, ਜੀਅ ਭਰਕੇ ਸੁਣਿਆ ਤੇ ਢਿੱਡ ਭਰਕੇ ਇਨ੍ਹਾਂ ਬਾਰੇ ਲਿਖਿਆ ਵੀ ਹੈ। ਬਹੁਤ ਘੱਟ ਅਰਸੇ ਵਿਚ ਗਾਇਨ ਕਲਾ ਦਾ ਮੁੱਲ ਪਵਾਉਂਦਿਆਂ ਸਾਈਕਲ ਤੋਂ ਜਹਾਜ ਤੱਕ ਤੇ ਮੇਲਿਆਂ ਤੋਂ ਰਾਸ਼ਟਰਪਤੀ ਭਵਨ ਤੱਕ ਸਫਰ ਤੈਅ ਕੀਤਾ ਹੈ। ਪੰਜਾਬ ਦੇ ਸੰਗੀਤ ਇਤਿਹਾਸ ਵਿਚ ਪੂਰਨ ਤੇ ਪਿਆਰੇ ਨੂੰ ਕਦੇ ਵੀ ਟਿਚ-ਬਟਨਾਂ ਵਰਗੇ ਵਾਂਗ ਤੋੜ ਕੇ ਨਹੀਂ ਵੇਖਿਆ ਜਾਵੇਗਾ। ਇਨ੍ਹਾਂ ਦੋਹਾਂ ਭਰਾਵਾਂ ਨੇ ਇਹ ਸਿੱਧ ਕੀਤਾ ਹੈ ਕਿ ਸੰਗੀਤ ਮੁਸ਼ਟੰਡਪੁਣਾ ਨਹੀਂ ਹੁੰਦਾ, ਇਹ ਇਬਾਦਤ ਤੇ ਫਕੀਰੀ ਵੀ ਹੈ।

ਇਨ੍ਹਾਂ ਦੋਹਾਂ ਭਰਾਵਾਂ ਨਾਲ ਮੇਰੀ ਸਾਂਝ ਦਾ ਸਫਰ ਮੇਰੀ ਸੁਰਤ ਤੋਂ ਪਹਿਲਾਂ ਸ਼ੁਰੂ ਹੋ ਗਿਆ ਸੀ। ਇਹ ਹਵਾਲਾ ਮੈਂ ਇਸ ਕਰਕੇ ਦਿੱਤਾ ਹੈ ਕਿ ਉਦੋਂ ਸ਼ਾਇਦ ਮੈਨੂੰ ਪਜਾਮੇ ਦਾ ਨਾਲ਼ਾ ਵੀ ਨਹੀਂ ਸੀ ਬੰਨ੍ਹਣਾ ਆਇਆ ਜਦੋਂ ਇਨ੍ਹਾਂ ਨੂੰ ਲੋਕ ਬੰਨ੍ਹ ਕੇ ਬਿਠਾਉਂਦਿਆਂ ਨੂੰ ਵੇਖ ਤੇ ਸੁਣ ਲਿਆ ਸੀ। ਫਰਕ ਸਿਰਫ ਏਨਾ ਸੀ ਕਿ ਇਹ ਉਦੋਂ ਹੁਣ ਵਾਲੇ ਪੂਰਨ ਤੇ ਪਿਆਰੇ ਲਾਲ ਨਹੀਂ ਸਨ ਹੁੰਦੇ। ਮੇਰੇ ਵਾਂਗ ਜਿਹੜੇ ਇਨ੍ਹਾਂ ਨੂੰ ਚਾਰ ਦਹਾਕੇ ਤੋਂ ਪਹਿਲਾਂ ਦੇ ਜਾਣਦੇ ਹਨ, ਉਹ ਵੀ ਸ਼ਾਇਦ ਇਨ੍ਹਾਂ ਦੋਹਾਂ ਭਰਾਵਾਂ ਵਾਂਗ ਇਹ ਸੋਚਦੇ ਜ਼ਰੂਰ ਹਨ ਕਿ ਏਡਾ ਵੱਡਾ ਰੁਤਬਾ ਮਿਲਣ ਦੀ ਉਕਾ ਹੀ ਕੋਈ ਉਮੀਦ ਨਹੀਂ ਸੀ।

ਅਨੰਦਪੁਰ ਸਾਹਿਬ-ਜਲੰਧਰ ਮਾਰਗ ਤੇ ਗੜ੍ਹਸ਼ੰਕਰ ਤੇ ਬੰਗੇ ਦਰਮਿਆਨ ਇਕ ਪਿੰਡ ਆਉਂਦਾ ਹੈ 'ਪੱਲੀ ਝਿੱਕੀ' ਤੇ ਇਸ ਪਿੰਡ 'ਚ ਜੇਠ ਮਹੀਨੇ ਲੱਗਣ ਵਾਲਾ ਬਾਬਾ ਸ਼ਾਹ ਕਮਾਲ ਦਾ ਮੇਲਾ ਹੁਣ ਤਾਂ ਭਾਵੇਂ ਛੋਟਾ ਹੋ ਗਿਆ ਹੋਵੇ ਪਰ ਕਿਸੇ ਵਕਤ ਇਹ ਪੂਰੇ ਪੰਜਾਬ 'ਚ ਮਸ਼ਹੂਰ ਸੀ ਤੇ ਇਸੇ ਕਰਕੇ ਨਕਲੀਏ, ਕੱਵਾਲ ਤੇ ਨੱਚਾਰ ਇਥੇ ਅਖਾੜੇ ਤੇ ਮਹਿਫਿਲਾਂ ਦਾ ਰੰਗ ਦਿਨ-ਰਾਤ ਬੰਨ੍ਹੀਂ ਰੱਖਦੇ ਸਨ। ਮੈਨੂੰ ਯਾਦ ਹੈ ਕਿ ਇਸ ਮੇਲੇ 'ਤੇ ਇਕ ਮਰਦ ਨੂੰ ਔਰਤ ਬਣ ਕੇ ਨੱਚਦਿਆਂ ਤੇ ਸੁਰੀਲਾ ਗਾਉਣ ਕਰਕੇ ਕਈ ਵਾਰ ਲੋਕ ਇਕ ਦੀ ਥਾਂ ਦੋ ਰੁਪਏ ਦਾ ਨੋਟ ਵਾਰ ਕੇ ਸੁੱਟਦੇ ਸਨ ਤੇ ਇਕ ਹੋਰ ਮਰਦ ਨੂੰ ਚੌਪਾਟੇ ਕੱਛਾਂ 'ਚ ਮਾਰ ਕੇ ਹਸਾਉਂਦਿਆਂ ਵੇਖ ਲੋਕ ਸਾਰੀ ਰਾਤ ਨਾ ਹਿੱਲਦੇ ਤੇ ਇਹ ਦੋਵੇਂ ਕੰਮ ਪੂਰਨ ਤੇ ਪਿਆਰੇ ਲਾਲ ਹੀ ਕਰਦੇ ਸਨ। ਪੂਰਨ ਦੀਆਂ ਮੁੱਛਾਂ ਉਦੋਂ ਵੀ ਇਸੇ ਅੰਦਾਜ਼ ਵਿਚ ਹੁੰਦੀਆਂ ਸਨ। ਜਦੋਂ ਇਨ੍ਹਾਂ ਦੀ ਗੱਲ ਇਥੋਂ ਸ਼ੁਰੂ ਕਰਦੇ ਹਾਂ ਕਿ ਪਿਆਰੇ ਲਾਲ ਕਦੇ ਔਰਤਾਂ ਵਾਲੇ ਕੱਪੜੇ ਪਾ ਕੇ ਨੱਚਦਾ ਵੀ ਹੁੰਦਾ ਸੀ ਤਾਂ ਸ਼ਾਇਦ ਨਵੀਂ ਪੀੜ੍ਹੀ ਨੂੰ ਕੁਝ ਅਜੀਬ ਜਿਹਾ ਲੱਗੇ ਪਰ ਇਨ੍ਹਾਂ ਨੇ ਇਸ 'ਕਥਨ ਨੂੰ ਸੱਚ ਕਰਕੇ ਵਿਖਾਇਆ ਹੈ ਕਿ ਬੱਤਖ ਪਾਣੀ ਵਿਚ ਡੁੱਬਦੀ ਵੀ ਨਹੀਂ ਹੁੰਦੀ ਤੇ ਸੋਨਾ ਕਦੇ ਜੰਗਾਲ ਦੀ ਭੇਂਟ ਨਹੀਂ ਚੜ੍ਹਦਾ। ਜਿਹੜੇ ਕਈ ਵਾਰ ਐਵੇਂ ਲੋਹੇ ਲਾਖੇ ਹੋ ਕੇ ਕਹਿ ਦਿੰਦੇ ਨੇ ਕਿ ਦੁਨੀਆਂ ਨੇ ਮੇਰੀ ਕਦਰ ਨਹੀਂ ਪਾਈ, ਮੁੱਲ ਨਹੀਂ ਪਾਇਆ, ਉਹ ਪੂਰਨ ਤੇ ਪਿਆਰੇ ਨੂੰ ਪੁੱਛ ਕੇ ਵੇਖਣ, ਫੇਰ ਲੱਗੇਗਾ ਕਿ ਦੁਨੀਆਂ ਕਦੇ ਘੱਟ ਤੋਲਦੀ ਹੀ ਨਹੀਂ।

ਕਰੀਬ 1975-76 ਤੱਕ ਇਹ ਦੋਵੇਂ ਭਰਾਵਾਂ ਦਾ ਇਹ ਰੂਪ ਵੇਖਦਿਆਂ ਵੇਖਦਿਆਂ ਮੈਂ ਕਾਲਜ 'ਚ ਚਲੇ ਗਿਆ। ਸਾਲ 1980 ਵਿਚ ਫਗਵਾੜੇ ਦਾ ਹੀ ਇਕ ਮੁੰਡਾ ਮੇਰੇ ਤੋਂ ਇਕ ਸਾਲ ਪਿੱਛੇ ਮਕੈਨੀਕਲ ਇੰਜੀਨੀਅਰਿੰਗ ਕਰਨ ਲੱਗ ਪਿਆ। ਫੈਸ਼ਨੇਬਲ ਪੂਰਾ, ਪੜ੍ਹਾਈ 'ਚ ਹੱਥੋਂ ਪੂਰਾ ਤੰਗ, ਪਰ ਜਦੋਂ ਵੀ ਰਾਮਗੜ੍ਹੀਆ ਸੰਸਥਾਵਾਂ 'ਚ ਕੋਈ ਸਮਾਗਮ ਹੋਣਾ ਉਹਨੇ ਆਖਣਾ- ਬਈ ਸਾਡੇ ਕਬੀਲੇ 'ਚੋਂ ਦੋ ਭਰਾ ਗਾਉਂਦੇ ਨੇ। ਕਿਸੇ ਨੇ ਬਹੁਤਾ ਧਿਆਨ ਨਾ ਦੇਣਾ ਪਰ ਇਸ ਮੁੰਡੇ ਬਾਰੇ ਕਹਿਣਾ ਪਵੇਗਾ ਕਿ ਇਸ ਨੇ ਨਾ ਸਿਰਫ ਆਪਣੇ ਵਣਜਾਰੇ ਜਾਂ ਬਾਜੀਗਰ ਕਬੀਲੇ ਨੂੰ ਮਾਣ ਦੁਆਉਣ ਲਈ ਅੱਡੀ-ਚੋਟੀ ਦਾ ਜ਼ੋਰ ਲਾਈ ਰੱਖਿਆ ਸਗੋਂ 'ਸੰਗੀਤ ਦਰਪਣ' ਵਾਲੇ ਐਚ.ਐਸ. ਪ੍ਰੀਤ ਤੇ ਜਗਤਾਰ ਹੋਰਾਂ ਜਦੋਂ 'ਸੁਰ ਪੰਜਾਬ ਦੇ' ਮੇਲਾ ਅਰੰਭ



*ਪੂਰਨ ਚੰਦ ਵਡਾਲੀ ਆਪਣੀ ਪਤਨੀ ਤੇ ਬੱਚਿਆਂ ਨਾਲ*

ਕੀਤਾ ਤਾਂ ਸਭ ਤੋਂ ਪਹਿਲਾਂ ਇਨ੍ਹਾਂ ਦਾ ਸਨਮਾਨ ਹੀ ਕਰਵਾਇਆ। ਇਹ ਗੱਭਰੂ ਓਮ ਪ੍ਰਕਾਸ਼ ਕਮਲ ਰਹਿੰਦਾ ਤਾਂ ਅੱਜ-ਕੱਲ੍ਹ ਕੈਲੀਫੋਰਨੀਆ ਹੀ ਹੈ ਤੇ ਇਹ ਆਪ ਭਾਵੇਂ ਇੰਜੀਨੀਅਰਿੰਗ ਨਹੀਂ ਕਰ ਸਕਿਆ ਪਰ ਇਹਨੂੰ ਸਜਦਾ ਕਰਨਾ ਪਵੇਗਾ ਕਿ ਵਡਾਲੀ ਭਰਾਵਾਂ ਨੂੰ ਕਈ ਇਮਤਿਹਾਨਾਂ 'ਚੋਂ ਇਹਨੇ ਹੀ ਲੰਘਾਇਆ।

ਵਡਾਲੀ ਭਰਾਵਾਂ ਦੇ ਸੰਗੀਤਕ ਕੈਰੀਅਰ ਵਿਚ ਇਸ ਗੱਲ ਨੂੰ ਸਵੀਕਾਰ ਕਰਨਾ ਪਵੇਗਾ ਕਿ ਜਿਵੇਂ ਗੁਰਦਾਸ ਨੂੰ ਦੂਰਦਰਸ਼ਨ ਨੇ ਸਟਾਰ ਬਣਾਇਆ ਇਵੇਂ ਇਨ੍ਹਾਂ ਨੂੰ ਵੀ ਬਹੁਤ ਵੱਡੀ ਬ੍ਰੇਕ ਲੈ ਕੇ ਦਿੱਤੀ ਹੈ। ਚੱਜ ਦੇ ਅਤੇ ਮਿਆਰੀ ਪ੍ਰੋਗਰਾਮਾਂ ਵਿਚ ਤੇ ਐਨ ਪ੍ਰਾਈਮ ਟਾਈਮ 'ਤੇ ਇਨ੍ਹਾਂ ਨੂੰ ਪੇਸ਼ ਕੀਤਾ ਹੈ। ਕੋਈ ਸ਼ੱਕ ਨਹੀਂ ਕਿ ਸੁਆਣੀਆਂ ਪੇਂਡੂ ਖੇਤਰਾਂ 'ਚ ਰੋਟੀ ਤਵੇ 'ਤੇ ਛੱਡ ਕੇ ਟੈਲੀਵੀਜ਼ਨ ਮੂਹਰੇ ਬੈਠ ਜਾਂਦੀਆਂ ਸਨ। ਬਜ਼ੁਰਗ ਉਨ੍ਹਾਂ ਤੋਂ ਵੀ ਮੂਹਰੇ। ਬਜ਼ੁਰਗ ਮਾਂਵਾਂ ਜਿਨ੍ਹਾਂ ਨੂੰ ਨਾਂ ਨਹੀਂ ਚੇਤੇ ਰਹਿੰਦਾ ਸੀ ਉਹ 'ਪਹਿਲਵਾਨ ਗਵੱਈਆ ਆ ਗਿਆ' ਕਹਿ ਕੇ 'ਵਾਜਾਂ ਮਾਰਦੀਆਂ ਸਨ ਗਾਉਣ ਸੁਣਨ ਲਈ। ਜਿਹੜੇ ਕਿਸਮਤ ਤੇ ਕਲਾ 'ਚ ਵਿਸ਼ਵਾਸ ਰੱਖਦੇ ਹਨ ਉਹ ਝੱਟ ਕਹਿਣਗੇ ਇਹ ਵਡਾਲੀ ਭਰਾਵਾਂ ਕੋਲ ਹੈ, ਮੈਂ ਵੀ ਤਸਦੀਕ ਇਸ ਕਰਕੇ ਕਰ ਦਿਆਂਗਾ ਕਿ ਇਹ ਪੜ੍ਹੇ ਲਿਖੇ ਹੀ ਘੱਟ ਨਹੀਂ ਸਨ ਸਗੋਂ ਜੁਗਾੜੀ ਵੀ ਨਹੀਂ ਰਹੇ। ਪੂਰਨ ਚੰਦ 'ਗੂਠਾ ਟੇਕ ਹੈ' ਅੱਖਰ ਨਹੀਂ ਪੜ੍ਹਨਾ ਆਉਂਦਾ ਪਰ ਬੁੱਲ੍ਹੇ ਸ਼ਾਹ ਤੋਂ ਸ਼ਾਹ ਹੁਸੈਨ ਤੱਕ ਸਭ ਕੁਝ ਜ਼ੁਬਾਨੀ ਯਾਦ ਹੈ ਇਸੇ ਕਰਕੇ ਅਨਪੜ੍ਹ ਹੁੰਦਿਆਂ ਵੀ 'ਪਦਮ ਸ੍ਰੀ' ਲੈ ਗਏ ਹਨ।

ਇਤਿਹਾਸਕ ਨਗਰੀ ਗੁਰੂ ਕੀ ਵਡਾਲੀ ਅੱਗੇ ਹਰ ਇਕ ਦਾ ਸਿਰ ਆਪ ਮੁਹਾਰੇ ਝੁਕਦਾ ਹੈ, ਪਰ ਅੰਮ੍ਰਿਤਸਰ 'ਚ ਛੇਹਰਟੇ ਤੋਂ ਅੱਗੇ ਘੁੱਗ ਵਸਦੀ ਇਸ ਧਰਤੀ 'ਤੇ ਇਹ ਦੋਵੇਂ ਭਰਾ ਵੀ ਰਹਿੰਦੇ ਹਨ। 'ਸੁਰ ਸੱਜਣਾਂ' ਦੀ ਵੇਲੇ ਸ਼ਮਸ਼ੇਰ ਸੰਧੂ ਮੈਨੂੰ ਕਹਿਣ ਲੱਗਾ, 'ਯਾਰ ਪੂਰਨ ਦੀ ਘਰ ਆਲੀ ਨਾਲ ਕਰ ਗੱਲਾਂ, ਅਜੀਤ ਦੇ ਪਾਠਕ ਲੁਤਫ ਬੜਾ ਲੈਣਗੇ।' ਗੱਲ ਮੇਰੇ ਵੀ ਮਨ ਨੂੰ ਲੱਗ ਗਈ। ਉਦੋਂ ਖੈਰ! ਮੈਨੂੰ ਇਹ ਜ਼ਰੂਰ ਪਤਾ ਲੱਗ ਗਿਆ ਸੀ ਕਿ ਇਹ ਓਮ ਪ੍ਰਕਾਸ਼ ਕਮਲ ਦੇ ਵੀ ਰਿਸ਼ਤੇਦਾਰ ਹਨ ਤੇ ਗਾਇਕ ਸੁਖਵਿੰਦਰ ਪੰਛੀ ਦੇ ਵੀ। ਮੈਂ ਵਡਾਲੀ ਗਿਆ, ਸੰਨ ਅਠਾਸੀ ਦੀ ਗੱਲ ਐ, ਘਰ ਉਦੋਂ ਦਰਮਿਆਨਾ ਹੀ ਸੀ, ਦੋਹਾਂ ਭਰਾਵਾਂ ਦੀ ਇਕੋ ਬੈਠਕ ਸੀ। ਚਲੋ! ਮੰਜਿਆਂ 'ਤੇ ਚਾਦਰਾਂ ਵਿਛੀਆਂ ਤਾਂ ਪੂਰਨ ਨੇ ਆਪਣੀ ਪਤਨੀ ਨੂੰ 'ਵਾਜ ਮਾਰੀ, 'ਏ ਧੰਤੀਏ ਉਰਾਂ ਆ ਜ਼ਰਾ।' ਉਹ ਵਿਚਾਰੀ ਪੇਂਡੂ ਸੁਭਾਅ ਵਾਂਗ ਚੁੰਨੀ ਸੁਆਰਦੀ ਆਈ ਤਾਂ ਪੂਰਨ ਨੇ ਮੁੱਛਾਂ 'ਚ ਹੱਸ ਕੇ ਮਸ਼ਕਰੀ ਕਰ ਦਿੱਤੀ, "ਧੰਨ ਭਾਗ ਸਮਝ ਧੰਤੀਏ, ਪੱਤਰਕਾਰ ਆਇਆ ਤੇਰੇ ਨਾਲ ਮੁਲਾਕਾਤ ਕਰਨ ਉਹ ਵੀ 'ਅਜੀਤ' ਤੋਂ, ਇਹ ਸਭ ਕੁਝ ਮੇਰੇ ਕਰਕੇ ਐ ਨਹੀਂ ਤੇ ਕਿਤੇ ਸੂਈਆਂ ਵੇਚਦੀ ਫਿਰਨਾ ਸੀ ਤੂੰ।" ਤੇ ਉਹ ਵੀ ਹੱਸ ਕੇ ਸ਼ਰਮ ਜਿਹੀ ਨਾਲ ਬਹਿ ਗਈ। ਮੇਰੇ ਲਈ ਇਹ ਪਹਿਲਾ ਮੌਕਾ ਸੀ ਜਦੋਂ ਮੈਂ ਦੋਹਾਂ ਪਰਿਵਾਰਾਂ ਨਾਲ ਸਮੇਤ ਉਨ੍ਹਾਂ ਦੇ ਜੀਆ ਜੰਤ ਨਾਲ ਮਿਲ ਰਿਹਾ ਸਾਂ। ਖੈਰ! ਗੱਲਾਂਬਾਤਾਂ ਹੋਈਆਂ। ਦੋ ਬੇਟਿਆਂ ਤੇ ਦੋ ਬੇਟੀਆਂ ਦਾ ਸੁੱਖ ਨਾਲ ਪਰਿਵਾਰ ਹੈ ਪੂਰਨ ਦਾ ਅਤੇ ਲਖਵਿੰਦਰ ਵਡਾਲੀ ਉਦੋਂ ਮੈਂ ਨਿੱਕਾ ਜਿਹਾ ਤਾਂ ਵੇਖਿਆ ਸੀ ਪਰ ਸਿਰੇ ਦਾ ਗਵੱਈਆ ਬਣੇਗਾ ਇਹਦੀ ਆਸ ਨਾ ਪੂਰਨ ਨੂੰ ਸੀ ਤੇ ਨਾ ਧੰਤੀ ਨੂੰ। ਮੈਨੂੰ ਯਾਦ ਹੈ ਕਿ ਇਸ ਮੁਲਾਕਾਤ ਦੀ ਪ੍ਰਸ਼ੰਸਾ ਵਿਚ ਸਭ ਤੋਂ ਵੱਧ ਚਿੱਠੀਆਂ ਅਜੀਤ 'ਚ ਛਪੀਆਂ।

ਜਿੰਨੇ ਕੁ ਵਸੀਲੇ ਮੇਰੇ ਕੋਲ ਸਨ ਉਨ੍ਹਾਂ ਦੇ ਮੈਂ ਹੀਲੇ ਬਣਾ ਕੇ ਇਨ੍ਹਾਂ ਦੋਵਾਂ ਭਰਵਾਂ ਲਈ ਮੈਂ ਯਤਨ ਕਰਦਾ ਰਿਹਾ। ਸ਼ੌਕੀ ਮੇਲੇ ਦੀ ਚੜ੍ਹਾਈ ਵੇਲੇ ਮੈਂ ਸਾਲ 1993 ਵਿਚ ਇਨ੍ਹਾਂ ਦਾ ਸਨਮਾਨ ਰੱਖਿਆ। ਉਦੋਂ ਗੋਲਡਨ ਮੈਲੋਡੀਜ਼ ਕੰਪਨੀ ਗੁੜਗਾਓਂ ਦਾ ਮਾਲਕ ਭਾਪਾ ਪਰਮਜੀਤ ਸਿੰਘ ਦਲੇਰ ਮਹਿੰਦੀ ਦੀ 'ਪੈਸਾ ਡੈਡੀ ਦਾ' ਰਿਲੀਜ਼ ਕਰਵਾਉਣ ਲਈ ਦਲੇਰ ਨੂੰ ਨਾਲ ਲੈ ਕੇ ਆਇਆ। ਕੈਸਿਟ ਤਾਂ ਅਸੀਂ ਰਿਲੀਜ਼ ਕਰ'ਤੀ ਪਰ ਦਲੇਰ ਨੂੰ ਗਾਉਣ ਦਾ ਸਮਾਂ ਇਸ ਕਰਕੇ ਨਾ ਦਿੱਤਾ ਕਿ ਕਿਤੇ ਨਵੇਂ ਮੁੰਡੇ ਕਰਕੇ ਮੇਲਾ ਖਿੰਡ ਨਾ ਜਾਵੇ ਪਰ ਯਕੀਨ ਮੰਨੋ ਕਿ ਸਰਦੂਲ ਤੋਂ ਬਾਅਦ ਜਦੋਂ ਵਡਾਲੀ ਭਰਾਵਾਂ ਨੂੰ ਪੇਸ਼ ਕੀਤਾ ਤਾਂ ਹਜ਼ਾਰਾਂ ਲੋਕਾਂ ਨੇ ਖੜੇ ਹੋ ਕੇ ਤਾਲੀਆਂ ਵਜਾਈਆਂ ਤੇ ਕਰੀਬ ਚਾਲੀ ਮਿੰਟ ਤੱਕ ਦੋਹਾਂ ਨੂੰ ਇਕ ਚਿਤ ਹੋ ਕੇ ਸੁਣਿਆ। ਮੰਨੋਗੇ ਕਿ ਪੈਸੇ ਤਾਂ ਅਸੀਂ ਇਕੱਤੀ ਸੌ ਹੀ ਦੇਣਾ ਸੀ ਸਨਮਾਨ ਦੇ ਨਾਲ ਪਰ ਪੂਰਨ ਦੀ ਮੰਗ ਦੇਖੋ- 'ਅਸ਼ੋਕ ਰੋਟੀ ਦਾ ਪ੍ਰਬੰਧ ਤਾਂ ਚਲੋ ਹੈਗਾ ਪਰ ਘੁੱਟ ਦਾ ਵੀ ਕੁਝ ਕਰ।' ਇਹ ਜੋੜੀ ਮੇਰੇ ਚਾਵਾਂ ਵਿਚ ਏਨੀ ਵਸੀ ਰਹੀ ਹੈ ਕਿ ਸੱਚ ਮੰਨੋ ਮੈਂ ਮੇਲਾ ਛੱਡ ਕੇ ਮਾਹਿਲਪੁਰ ਤੋਂ ਚਾਰ ਮੀਲ ਦੂਰ ਇਨ੍ਹਾਂ ਨੂੰ ਇਕ ਢਾਬੇ ਤੇ ਲਿਜਾ ਕੇ ਰੋਟੀ ਵੀ ਖੁਆਈ ਤੇ ਘੁੱਟ ਤਾਂ ਕੀ ਫੇਰ ਕਈ ਘੁੱਟ ਅੰਦਰ ਲੰਘਾ ਦਿੱਤੇ। ਖੁਸ਼ੀ ਇਹ ਸੀ ਕਿ ਚਲੋ ਮੇਲੇ ਦੀ ਵੀ ਚੜ੍ਹਾਈ ਹੋ ਗਈ ਸੀ ਤੇ ਮੇਰਾ ਚਾਅ ਵੀ ਪੂਰਾ ਹੋ ਗਿਆ ਸੀ।

ਅਗਲੀ ਘਟਨਾ ਇਹ ਸੀ ਕਿ ਨਵਾਂਸ਼ਹਿਰ ਨੂੰ ਪੰਜਾਬ ਸਰਕਾਰ ਨੇ ਜ਼ਿਲ੍ਹਾ ਬਣਾ ਦਿੱਤਾ। ਪਹਿਲਾ ਡਿਪਟੀ ਕਮਿਸ਼ਨਰ ਲੇਖਕ ਜੰਗ ਬਹਾਦਰ ਗੋਇਲ ਨੂੰ ਲਗਾ ਦਿੱਤਾ ਗਿਆ। ਮੈਂ ਚਾਹੁੰਦਾ ਸੀ ਕਿ ਇਸ ਜਸ਼ਨ ਵਿਚ ਮੈਂ ਵੀ ਹਿੱਸਾ ਪਾਵਾਂ ਤੇ ਮੈਂ ਵਡਾਲੀ ਭਰਾਵਾਂ ਦੀ ਮਹਿਫਿਲ ਚੰਡੀਗੜ੍ਹ ਰੋਡ 'ਤੇ ਸਤਲੁਜ ਸਿਨਮੇ ਦੇ ਅੱਗੇ ਸ਼ਹੀਦ ਭਗਤ ਸਿੰਘ ਦੇ ਬੁੱਤ ਨਾਲ ਬਣੇ 'ਮਾਤਾ ਵਿਦਿਆਵਤੀ' ਭਵਨ ਵਿਚ ਰੱਖ ਲਈ। ਪੈਸਾ ਸਿਰਫ ਇਕਵੰਜਾ ਸੌ ਰੁਪਿਆ ਦੇਣਾ ਸੀ। ਖੈਰ! ਉਦੋਂ ਉਨ੍ਹਾਂ ਨੇ ਫੀਅਟ ਚਿੱਟੇ ਰੰਗ ਦੀ ਲੈ ਲਈ ਸੀ। ਉਹ ਉਸੇ ਕਾਰ ਵਿਚ ਛੇ ਜਣੇ ਸ਼ਾਮੀ ਪੰਜ ਕੁ ਵਜੇ ਆ ਗਏ। 'ਅਜੀਤ' ਦੇ ਅੱਜ-ਕੱਲ੍ਹ ਨਵੇਂ ਸ਼ਹਿਰੋਂ ਰਿਪੋਰਟ ਦੀਦਾਰ ਸ਼ੇਤਰਾ ਦੇ ਘਰ ਲੈ ਕੇ ਹਾਲੇ ਮੈਂ ਵੜਨ ਹੀ ਲੱਗਾ ਸੀ ਕਿ ਖਬਰ ਆ ਗਈ ਕਿ ਗਿਆਨੀ ਜ਼ੈਲ ਸਿੰਘ ਦੀ ਮੌਤ ਹੋ ਗਈ। ਮਹਿਫਿਲ ਤਾਂ ਚਾਰ ਦਿਨ ਸਰਕਾਰੀ ਸੋਗ ਵਿਚ ਕੀ ਹੋਣੀ ਸੀ, ਮੇਰੇ ਲਈ ਇਕ ਹੋਰ ਮੁਸੀਬਤ ਖੜੀ ਹੋ ਗਈ।

ਪੰਗਾ ਇਹ ਪਿਆ ਕਿ ਠੇਕੇ ਵੀ ਸਾਰੇ ਬੰਦ ਹੋ ਗਏ। ਦਾਰੂ ਦਾ ਪਹਿਲਾਂ ਮੈਂ ਪ੍ਰਬੰਧ ਨਾ ਕਰ ਸਕਿਆ। ਪਿਆਰੇ ਲਾਲ ਕਹਿਣ ਲੱਗਾ, "ਯਾਰ


'ਗਾਇਕ ਨਾਲ ਵਿਆਹ ਕਰਵਾ ਕੇ ਬਹੁਤੀ ਖੁਸ਼ੀ ਹੋਈ'

*ਅਜੀਤ ਵਿਚ ਛਪੇ ਆਰਟੀਕਲ ਦੀ ਯਾਦ।*

ਗਿਆਨੀ ਜ਼ੈਲ ਸਿੰਘ ਐਕਸੀਡੈਂਟ ਹੋ ਕੇ ਏਨਾ ਤੰਗ ਹੋ ਕੇ ਮਰਿਆ ਅੱਜ ਤਾਂ ਉਂਈਂ ਦੋ ਪੈਗ ਵੱਧ ਪੀਣੇ ਚਾਹੀਦੇ ਨੇ।"

ਸ਼ੇਤਰਾ ਦੇ ਘਰ ਢਾਡੀ ਦਇਆ ਸਿੰਘ ਦਿਲਬਰ ਤੇ ਉਨ੍ਹਾਂ ਦਾ ਬੇਟਾ ਕੁਲਜੀਤ ਸਿੰਘ ਦਿਲਬਰ ਵੀ ਮੇਰੇ ਨਾਲ ਹੀ ਬੈਠੇ ਸਨ। ਜਦੋਂ ਪੂਰਨ ਨੇ ਆਖਿਆ, "ਭਾਈ ਅਸੀਂ ਤਾਂ ਘੁੱਟ ਲਾਏ ਬਿਨਾਂ ਨ੍ਹੀਂ ਰਹਿ ਸਕਦੇ, ਕਰੋ ਕੋਈ ਹੀਲਾ।" ਮੈਨੂੰ ਏਨਾ ਤਾਂ ਪਤਾ ਸੀ ਕਿ ਦੀਦਾਰ ਸ਼ੇਤਰੇ ਕੋਲ 'ਕੋਟਾ' ਹੈ ਪਰ ਸ਼ਾਇਦ ਉਹ ਮੇਰਾ ਜਲੂਸ ਕੱਢਣ ਲਈ ਮੁੱਕਰ ਗਿਆ ਲਗਦਾ ਸੀ। 'ਮਰਦਾ ਕੀ ਨਾ ਕਰਦਾ' ਵਾਲੀ ਗੱਲ ਮੁਤਾਬਿਕ ਮੈਂ ਇਕ ਰੈਸਟੋਰੈਂਟ ਤੋਂ ਦੁੱਗਣੇ ਭਾਅ ਵਿਚ ਛੇ ਬੋਤਲਾਂ ਥੰਡਰ ਬੀਅਰ ਦੀਆਂ ਲੈ ਆਇਆ ਕਿ ਚਲੋ ਡੰਗ ਟਪਾਉਨੇ ਆਂ। ਬੀਅਰਾਂ ਵੇਖ ਕੇ ਪੂਰਨ ਦਾ ਗੁੱਸਾ ਉਤਾਹਾਂ ਚੜ੍ਹ ਗਿਆ, "ਅਸੀਂ ਇਹ ਮੂਤ-ਪਲਾਨ ਜਿਹਾ ਨਹੀਂ ਪੀਂਦੇ ਜੇ, ਭੌਰੇ ਤੈਥੋਂ ਯਾਰ ਇਕ ਬੋਤਲ ਦਾ ਪ੍ਰਬੰਧ ਨਹੀਂ ਜੇ ਹੁੰਦਾ? ਆਈਂ ਸਾਡੇ ਕੋਲ ਕਿਤੇ ਅੰਬਰਸਰ ਗਾਂਧੀ ਦੇ ਜਨਮ ਦਿਨ ਵਾਲੇ ਵੀ ਟਰੱਕ ਨਾ ਲਦਾ ਦਈਏ।" ਤੇ ਉਨ੍ਹਾਂ ਬੀਅਰ ਪੀਣ ਤੋਂ ਤਾਂ ਜਮਾ ਈ ਸਿਰ ਫੇਰ'ਤਾ ਅਤੇ ਮੰਨੋ ਕੇ ਰਾਤ ਗਿਆਰਾਂ ਵਜੇ ਚਾਰ ਮੀਲ ਦੂਰ ਜੇਠੂ ਮਜਾਰੇ ਪਿੰਡ ਤੋਂ ਇਕ ਫੌਜੀ ਦਾ ਤਰਲਾ ਕਰਕੇ ਢਾਈ ਸੌ ਦੀ 'ਓਲਡ ਮੌਕ' ਰੰਮ ਲਿਆ ਕੇ ਪਲਾਈ ਤਾਂ ਸੌਣ ਲੱਗਿਆਂ ਪੂਰਨ ਨੇ ਮੁੱਛਾਂ 'ਚ ਹਾਸਾ ਹੱਸ ਕੇ ਆਪਣੇ ਸੁਭਾਅ ਮੁਤਾਬਿਕ ਆਖਿਆ, "ਹੁਣ ਹੋਈ ਨਾ ਗੱਲ ਅਸ਼ੋਕ, ਗਿਆਨੀ ਜ਼ੈਲ ਸਿਹੁੰ ਮਰ ਗਿਐ ਤੇ ਅਸੀਂ ਤਾਂ ਸੋਫੀ ਨ੍ਹੀਂ ਸੌਂ ਸਕਦੇ।" ਉਸ ਦਿਨ ਤਾਂ ਮੈਂ ਦੁਖੀ ਹੋਇਆ ਪਰ ਫਿਰ ਰਾਤ ਸਾਡੀ ਦੋਸਤੀ ਹੋਰ ਗੂੜ੍ਹੀ ਹੋ ਗਈ।

ਸਾਲ ਦੋ ਹਜ਼ਾਰ ਵਿਚ ਮੈਂ ਆਪਣੀ ਜ਼ਿੰਦਗੀ ਦੀ ਵਡਾਲੀ ਬੰਧੂਆਂ ਦੀ ਆਖਰੀ ਮਹਿਫਿਲ ਬੰਗਾ ਅਨਮੋਲ ਪੈਲੇਸ ਵਿਚ ਕਰਵਾਈ। ਪੂਰਨ ਕਹਿਣ ਲੱਗਾ, ਅਸ਼ੋਕ ਹੁਣ ਦਿਨ ਬਦਲ ਗਏ ਹਨ, 'ਕੱਤੀ 'ਕਵੰਜਾ ਨਾਲ ਗੱਲ ਨਹੀਂ ਬਣੇਗੀ, ਅਸੀਂ ਹੁਣ ਰਾਸ਼ਟਰਪਤੀ ਭਵਨ ਤੱਕ ਜਾਣ ਵਾਲੇ ਆਂ ਪੈਸੇ ਦਾ ਖਿਆਲ ਰੱਖੀਂ।

ਬਦਕਿਸਮਤੀ ਇਸ ਆਖਰੀ ਪ੍ਰੋਗਰਾਮ ਵਿਚ ਇਹ ਹੋਈ ਕਿ ਮਹਿਫਿਲ ਤਾਂ ਅੱਧੀ ਰਾਤ ਤੱਕ ਜੰਮ ਕੇ ਚੱਲੀ ਪਰ ਮੇਰਾ ਮੁਖ ਮਹਿਮਾਨ ਨਾ ਆਇਆ। ਇਕੱਤਰ ਸੌ ਦੀ ਉਨ੍ਹਾਂ ਨੂੰ ਪੇਮੈਂਟ ਉਹਨੇ ਭਰਨੀ ਸੀ।

ਤੁਰਨ ਲੱਗਿਆਂ ਨੂੰ ਜਦੋਂ ਮੈਂ ਆਪਣੇ ਅਕਾਊਂਟ 'ਚੋਂ ਸਹਿਕਾਰੀ ਸਭਾ ਦੇ ਬੈਂਕ ਦਾ ਚੈਕ ਦੇ ਦਿੱਤਾ ਤਾਂ ਪੂਰਨ ਕਹਿਣ ਲੱਗਾ, "ਕਿਉਂ ਪਾਉਨੈਂ ਚੱਕਰਾਂ ਵਿਚ, ਅਸੀਂ ਤਾਂ ਟੈਲੀਵੀਜ਼ਨ ਦਾ ਚੈਕ ਬੜੇ ਔਖੇ ਕੈਸ਼ ਕਰਾਉਂਨੇ ਜੇ। ਸਾਨੂੰ ਨਕਦ ਦੇਹ।"

ਖੈਰ! ਉਹ ਚੈਕ ਤਾਂ ਲੈ ਗਏ। ਮੈਂ ਨਾਲ ਹੀ ਇਹ ਕਹਿ'ਤਾ, "ਦਸ ਕੁ ਦਿਨ ਠਹਿਰ ਕੇ ਜਮ੍ਹਾ ਕਰਵਾਇਓ।" ਕਿਹਾ ਤਾਂ ਮੈਂ ਇਸ ਕਰਕੇ ਸੀ ਕਿ ਜਦ ਤੱਕ ਤਨਖਾਹ ਆ ਜਾਵੇਗੀ ਪਰ ਉਨ੍ਹਾਂ ਅਗਲੇ ਦਿਨ ਹੀ ਜਮ੍ਹਾਂ ਕਰਵਾ'ਤਾ। ਚੈਕ ਬਾਊਂਸ ਹੋ ਗਿਆ। ਗੁੱਸੇ 'ਚ ਆਪਣਾ ਤਬਲੇ ਵਾਲਾ ਭੇਜਿਆ। ਖੈਰ! ਇਕੱਤਰ ਸੌ ਤਾਂ ਮੈਂ ਦੇ ਦਿੱਤੇ ਪਰ ਉਹ ਮੈਨੂੰ ਰੁੱਸੇ ਰੁੱਸੇ ਲਗਦੇ ਰਹੇ। ਸਾਲ 2005 'ਚ ਜਲੰਧਰ ਦੂਰਦਰਸ਼ਨ ਦੇ ਗੇਟ 'ਤੇ ਵੜਦਿਆਂ ਉਹ ਦੋਵੇਂ ਭਰਾ ਮਿਲ ਪਏ। ਮੈਨੂੰ ਘੁੱਟ ਕੇ ਜੱਫੀ ਪਾ ਲਈ ਜਿਵੇਂ ਕਦੇ ਕੁਝ ਹੋਇਆ ਹੀ ਨਾ ਹੋਵੇ, ਤੇ ਮੈਂ ਦੂਜੀ ਵਾਰ ਸ਼ਰਮਿੰਦਾ ਹੋ ਗਿਆ ਸੀ।

## ਗੱਲ ਬਣੀ ਕਿ ਨਹੀਂ

### *ਦਿੱਲੀ 'ਚ ਥਈਆ ਥਈਆ*

ਮੋਦੀ ਸ਼ਾਹ ਦੇ ਗਲ ਲੱਗ ਪਿੱਟਦਾ
ਕਿਰਨ ਕੀਰਨੇ ਪਾਵੇ।
ਢਿੱਲ੍ਹੀਆਂ ਚੂਲ੍ਹਾਂ ਸਣੇ ਹੀ ਖਿੰਡ ਗਏ
ਨਵੀਂ ਮੰਜੀ ਦੇ ਪਾਵੇ।
ਦਿੱਲੀ ਹੱਥੋਂ ਨਿਕਲੀ ਸ਼ਾਹ ਜੀ,
ਦਿਲ ਨਹੀਂ ਚੰਦਰਾ ਖੜ੍ਹਦਾ।
ਹੋ ਗਈ ਲੀਰਾਂ ਲੀਰਾਂ ਪੱਤਰੀ
ਪਾਧਾ ਨਹੀਂ ਹੁਣ ਪੜ੍ਹਦਾ।
ਚੱਕੇ ਚਾਰੇ ਖੁੱਲ੍ਹ ਗਏ ਲੱਗਦੇ
ਤਾਂ ਰੁਕਿਆ ਏ ਰੱਥ।
ਜੱਗੋਂ ਤੇਰਵੀਂ ਕਰ ਗਏ ਲੋਕੀਂ
ਭਾਜਪਾ ਨਾਲ ਕੁਪੱਤ।
ਵਕਤ ਕਿਸੇ ਦਾ ਸਕਾ ਨਹੀਂ 'ਭੌਰੇ'
ਜਦੋਂ ਘੁਮਾਉਂਦਾ ਪਹੀਆ।
ਕੇਜਰੀਵਾਲ ਕਰ ਗਿਆ ਤਾਹੀਂਓਂ
ਦਿੱਲੀ ਥਈਆ ਥਈਆ।

*-ਐਸ. ਅਸ਼ੋਕ ਭੌਰਾ*

## ਗੁਰਮਤਿ ਗਿਆਨ



ਡਾ. ਗੁਰਨਾਮ ਕੌਰ, ਕੈਨੇਡਾ

# ਧੋਹੁ ਨ ਚਲੀ ਖਸਮ ਨਾਲਿ ਲਬਿ ਮੋਹਿ ਵਿਗੁਤੇ

ਗੁਰੂ ਅਰਜਨ ਦੇਵ ਜੀ ਲਾਲਚ, ਮਾਇਆਵੀ ਮੋਹ ਅਤੇ ਧੋਖਾ ਆਦਿ ਔਗੁਣਾਂ ਦੀ ਗੱਲ ਕਰਦਿਆਂ ਦੱਸਦੇ ਹਨ ਕਿ ਇਹ ਸਭ ਮਨੁੱਖ ਦੀ ਤਬਾਹੀ ਦਾ ਕਾਰਨ ਬਣਦੇ ਹਨ। ਗੁਰੂ ਸਾਹਿਬ ਇਸ ਤੱਥ ਦਾ ਬਿਆਨ ਕਰਦੇ ਹਨ ਕਿ ਆਪਣੇ ਮਾਲਕ, ਸੁਆਮੀ, ਪਰਵਰਦਗਾਰ ਨਾਲ ਧੋਖਾ ਨਹੀਂ ਚੱਲ ਸਕਦਾ, ਲਾਲਚ ਅਤੇ ਮੋਹ ਵਿਚ ਗ੍ਰਸਤ ਮਨੁੱਖ ਸਦਾ ਹੀ ਖੁਆਰ ਹੁੰਦੇ ਹਨ। ਕਾਰਨ ਇਹ ਹੈ ਕਿ ਮਾਇਆ ਦੇ ਮੋਹ ਵਿਚ ਮਸਤ ਹੋਏ ਮਨੁੱਖ ਮਾੜੇ ਕੰਮਾਂ ਵਿਚ ਫਸੇ ਰਹਿੰਦੇ ਹਨ। ਆਪਣੇ ਕੀਤੇ ਹੋਏ ਖੋਟੇ ਕੰਮਾਂ ਕਾਰਨ ਅਜਿਹੇ ਮਨੁੱਖ ਵਾਰ-ਵਾਰ ਮਰਨ ਅਤੇ ਜਨਮ ਦੇ ਚੱਕਰ ਵਿਚ ਪਏ ਰਹਿੰਦੇ ਹਨ ਅਤੇ ਜਮਾਂ ਦੇ ਰਸਤੇ ਵਿਚ ਛੱਡ ਦਿੱਤੇ ਜਾਂਦੇ ਹਨ। ਉਹ ਆਪਣੇ ਕੀਤੇ ਹੋਏ ਮੰਦੇ ਕਰਮਾਂ ਦਾ ਫਲ ਭੋਗਦੇ ਹਨ ਅਤੇ ਦੁੱਖਾਂ ਵਿਚ ਜੋੜ ਦਿੱਤੇ ਜਾਂਦੇ ਹਨ। ਗੁਰੂ ਸਾਹਿਬ ਕਹਿੰਦੇ ਹਨ ਕਿ ਪਰਮਾਤਮਾ ਦੇ ਨਾਮ ਨੂੰ ਜੇ ਵਿਸਾਰ ਦਿੱਤਾ ਜਾਵੇ ਤਾਂ ਉਹ ਸਮਾਂ ਜਾਂ ਰੁੱਤ ਸਮਝੋ ਮਾੜੀ ਹੁੰਦੀ ਹੈ,

ਧੋਹੁ ਨ ਚਲੀ ਖਸਮ ਨਾਲਿ
ਲਬਿ ਮੋਹਿ ਵਿਗੁਤੇ॥
ਕਰਤਬ ਕਰਨਿ ਭਲੇਰਿਆ
ਮਦਿ ਮਾਇਆ ਸੁਤੇ॥
ਫਿਰਿ ਫਿਰਿ ਜੂਨਿ ਭਵਾਈਅਨਿ
ਜਮ ਮਾਰਗਿ ਮੁਤੇ॥
ਕੀਤਾ ਪਾਇਨਿ ਆਪਣਾ ਦੁਖ ਸੇਤੀ ਜੁਤੇ॥
ਨਾਨਕ ਨਾਇ ਵਿਸਾਰਿਐ
ਸਭ ਮੰਦੀ ਰੁਤੇ॥੧੨॥ (ਪੰਨਾ ੩੨੧)

ਅੱਗੇ ਸਲੋਕ ਵਿਚ ਪੰਚਮ ਪਾਤਿਸ਼ਾਹ ਮਨੁੱਖ ਨੂੰ ਨਾਮ ਸਿਮਰਨ ਦੀ ਮਹੱਤਤਾ ਅਤੇ ਵਡਿਆਈ ਸਮਝਾਉਂਦੇ ਹਨ ਕਿ ਨਾਮ ਸਿਮਰਨ ਕਰਨ ਨਾਲ ਮਨੁੱਖ ਨੂੰ ਹਰ ਤਰ੍ਹਾਂ ਦਾ ਆਤਮਕ ਸੁੱਖ ਪ੍ਰਾਪਤ ਹੁੰਦਾ ਹੈ। ਜਿਹੜਾ ਮਨੁੱਖ ਪ੍ਰਭੂ ਦੇ ਨਾਮ ਦਾ ਸਿਮਰਨ ਕਰਦਾ ਹੈ, ਉਸ ਦਾ ਮਨ-ਤਨ ਸ਼ਾਂਤ ਅਤੇ ਨਿਰਮਲ ਰਹਿੰਦੇ ਹਨ, ਸਹਿਜ ਵਿਚ ਵਿਚਰਦੇ ਹਨ,

ਉਠੰਦਿਆ ਬਹੰਦਿਆ
ਸਵੰਦਿਆ ਸੁਖੁ ਸੋਇ॥
ਨਾਨਕ ਨਾਮਿ ਸਲਾਹਿਐ
ਮਨੁ ਤਨੁ ਸੀਤਲੁ ਹੋਇ॥੧॥ (ਪੰਨਾ ੩੨੧)

ਇਸ ਤੋਂ ਅੱਗੇ ਉਨ੍ਹਾਂ ਵਿਕਾਰਾਂ ਦੀ ਗੱਲ ਕੀਤੀ ਹੈ, ਜਿਹੜੇ ਪਰਮਾਤਮ-ਨਾਮ ਦਾ ਸਿਮਰਨ ਕਰਨ ਦੇ ਰਸਤੇ ਦਾ ਰੋੜਾ ਬਣਦੇ ਹਨ ਜਿਵੇਂ ਲਾਲਚ ਅਤੇ ਸੁਆਰਥ ਆਦਿ। ਇਥੇ ਗੱਲ ਕਰਦੇ ਹਨ ਕਿ ਲਾਲਚ ਨਾਲ ਲਿਬੜੀ ਹੋਈ ਦੁਨੀਆਂ ਸਦਾ ਹੀ ਭਟਕਦੀ ਰਹਿੰਦੀ ਹੈ ਅਤੇ ਅਜਿਹੀ ਅਵਸਥਾ ਵਿਚ ਕੋਈ ਵੀ ਮਨੁੱਖ ਆਪਣਾ ਭਲਾ ਕਰਨ ਵਾਲਾ ਕੰਮ ਨਹੀਂ ਕਰਦਾ ਅਰਥਾਤ ਨਾਮ ਸਿਮਰਨ ਵਾਲੇ ਪਾਸੇ ਨਹੀਂ ਲੱਗਦਾ। ਜਿਸ ਮਨੁੱਖ ਦੀ ਭੇਟ ਗੁਰੂ ਨਾਲ ਹੋ ਜਾਂਦੀ ਹੈ, ਜਿਸ ਨੂੰ ਸਤਿਗੁਰੂ ਮਿਲ ਪੈਂਦਾ ਹੈ ਉਸ ਦੇ ਮਨ ਅੰਦਰ ਪ੍ਰਭੂ ਦਾ ਨਿਵਾਸ ਹੋ ਜਾਂਦਾ ਹੈ,

ਲਾਲਚਿ ਅਟਿਆ ਨਿਤ ਫਿਰੈ
ਸੁਆਰਥੁ ਕਰੇ ਨ ਕੋਇ॥
ਜਿਸੁ ਗੁਰੁ ਭੇਟੈ ਨਾਨਕਾ
ਤਿਸੁ ਮਨਿ ਵਸਿਆ ਸੋਇ॥੨॥
(ਪੰਨਾ ੩੨੧)

ਤੇਰ੍ਹਵੀਂ ਪਉੜੀ ਵਿਚ ਪਰਮਾਤਮ-ਨਾਮ ਦੀ ਦੁਨਿਆਵੀ ਵਸਤੂਆਂ ਨਾਲ ਤੁਲਨਾ ਕਰਦਿਆਂ ਦੱਸਿਆ ਗਿਆ ਹੈ ਕਿ ਅਕਾਲ ਪੁਰਖ ਦਾ ਨਾਮ ਹੀ ਸਦੀਵੀ ਤੌਰ 'ਤੇ ਮਿੱਠਾ ਰਹਿੰਦਾ ਹੈ, ਸੰਸਾਰਕ ਵਸਤੂਆਂ ਸਾਰੀਆਂ ਹੀ ਆਖਰ ਗ੍ਰਹਿਣ ਕਰਨ ਜੋਗੀਆਂ ਨਹੀਂ ਰਹਿੰਦੀਆਂ, ਕੌੜੀਆਂ ਹੋ ਨਿਬੜਦੀਆਂ ਹਨ ਪਰ ਇਸ ਨਾਮ ਦਾ ਮਿੱਠਾ ਸੁਆਦ ਅਕਾਲ ਪੁਰਖ ਦੇ ਭਗਤਾਂ, ਸਾਧ-ਜਨਾਂ ਨੂੰ ਹੀ ਆਉਂਦਾ ਹੈ ਜੋ ਇਸ ਨਾਮ ਨੂੰ ਚੱਖ ਕੇ ਦੇਖਦੇ ਹਨ। ਇਸ ਦਾ ਸੁਆਦ ਉਹੀ ਮਾਣਦੇ ਹਨ। ਨਾਮ ਦਾ ਇਹ ਸੁਆਦ ਉਨ੍ਹਾਂ ਮਨੁੱਖਾਂ ਦੇ ਮਨ ਵਿਚ ਹੀ ਆਉਂਦਾ ਹੈ ਜਿਨ੍ਹਾਂ ਦੇ ਭਾਗਾਂ ਵਿਚ ਅਕਾਲ ਪੁਰਖ ਨੇ ਇਹ ਲਿਖ ਦਿੱਤਾ ਹੈ। ਉਹ ਮਨੁੱਖ ਭਾਗਾਂ ਵਾਲੇ ਹੁੰਦੇ ਹਨ ਅਤੇ ਉਨ੍ਹਾਂ ਨੂੰ ਫਿਰ ਹਰ ਥਾਂ ਉਸ ਪਰਮਾਤਮਾ ਦਾ ਵਾਸ ਨਜ਼ਰ ਆਉਂਦਾ ਹੈ, ਹਰ ਥਾਂ ਉਸ ਦੀ ਮੌਜੂਦਗੀ ਮਹਿਸੂਸ ਹੁੰਦੀ ਹੈ ਅਤੇ ਉਨ੍ਹਾਂ ਦੇ ਅੰਦਰੋਂ ਦਵੈਤ ਖਤਮ ਹੋ ਜਾਂਦੀ ਹੈ। ਗੁਰੂ ਸਾਹਿਬ ਉਸ ਅਕਾਲ ਪੁਰਖ ਅੱਗੇ ਨਾਮ-ਰਸ ਲਈ ਅਰਦਾਸ ਕਰਦੇ ਹਨ, ਇਹ ਨਾਮ-ਰਸ ਉਨ੍ਹਾਂ ਨੂੰ ਮਿਲਦਾ ਹੈ ਜਿਨ੍ਹਾਂ 'ਤੇ ਅਕਾਲ ਪੁਰਖ ਖੁਸ਼ ਹੁੰਦਾ ਹੈ ਤੇ ਆਪਣੀ ਮਿਹਰ ਕਰਦਾ ਹੈ (ਗੁਰੂ ਸਾਹਿਬ ਉਸ ਦੀ ਪ੍ਰਸੰਨਤਾ ਅਤੇ ਮਿਹਰ ਲਈ ਅਰਦਾਸ ਕਰਦੇ ਹਨ),

ਸਭੇ ਵਸਤੂ ਕਉੜੀਆ ਸਚੇ ਨਾਉ ਮਿਠਾ॥
ਸਾਦੁ ਆਇਆ ਤਿਨ ਹਰਿ ਜਨਾਂ
ਚਖਿ ਸਾਧੀ ਡਿਠਾ॥
ਪਾਰਬ੍ਰਹਮਿ ਜਿਸੁ ਲਿਖਿਆ
ਮਨਿ ਤਿਸੈ ਵੁਠਾ॥
ਇਕੁ ਨਿਰੰਜਨੁ ਰਵਿ ਰਹਿਆ
ਭਾਉ ਦੁਆ ਕੁਠਾ॥
ਹਰਿ ਨਾਨਕੁ ਮੰਗੈ ਜੋੜਿ ਕਰ
ਪ੍ਰਭੁ ਦੇਵੈ ਤੁਠਾ॥੧੩॥ (ਪੰਨਾ ੩੨੧)

ਅਗਲੇ ਸਲੋਕ ਵਿਚ ਵੀ ਨਾਮ-ਪਦਾਰਥ ਦੀ ਗੱਲ ਕੀਤੀ ਹੈ ਕਿ ਉਹੀ ਜਾਚਨਾ ਸ੍ਰੇਸ਼ਟ ਹੈ, ਉਹ ਜੋਦੜੀ ਜਾਂ ਤਰਲਾ ਹੀ ਸਭ ਤੋਂ ਚੰਗਾ ਹੈ ਜਿਸ ਵਿਚ ਮਨੁੱਖ ਉਸ ਇਕ ਅਕਾਲ ਪੁਰਖ ਦਾ ਨਾਮ ਮੰਗਦਾ ਹੈ। ਉਸ ਮਾਲਕ ਪਰਮਾਤਮਾ ਤੋਂ ਬਿਨਾ ਬਾਕੀ ਸਭ ਗੱਲਾਂ ਬੇਕਾਰ ਹਨ,

ਜਾਚੜੀ ਸਾ ਸਾਰੁ ਜੋ ਜਾਚੰਦੀ ਹੇਕੜੋ॥
ਗਾਲੀ ਬਿਆ ਵਿਕਾਰ
ਨਾਨਕ ਧਣੀ ਵਿਹੂਣੀਆ॥੧॥ (ਪੰਨਾ ੩੨੧)

ਪੰਚਮ ਪਾਤਸ਼ਾਹ ਨਾਮ ਦੇ ਉਸ ਰਸਤੇ ਦੀ ਗੱਲ ਅਗਲੇ ਸਲੋਕ ਵਿਚ ਕਰਦੇ ਹਨ ਕਿ ਇਹ ਕਿਸ ਮਨੁੱਖ ਨੂੰ ਪਤਾ ਲਗਦਾ ਹੈ। ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਅਜਿਹੇ ਮਨੁੱਖ ਵਿਰਲੇ ਟਾਂਵੇਂ ਹੁੰਦੇ ਹਨ ਜਿਨ੍ਹਾਂ ਦਾ ਮਨ ਪਰਮਾਤਮ-ਪ੍ਰੇਮ ਵਿਚ ਜੁੜਿਆ ਹੁੰਦਾ ਹੈ, ਜਿਨ੍ਹਾਂ ਨੂੰ ਰੱਬ ਦੀ ਪਛਾਣ ਹੁੰਦੀ ਹੈ। ਅਜਿਹਾ ਰੱਬ ਦਾ ਭਗਤ ਦੂਸਰਿਆਂ ਨੂੰ ਵੀ ਰੱਬ ਨਾਲ ਜੋੜ ਸਕਣ ਦੇ ਸਮਰੱਥ ਹੁੰਦਾ ਹੈ,

ਨੀਹਿ ਜਿ ਵਿਧਾ ਮੰਨੁ ਪਛਾਣੂ ਵਿਰਲੋ ਥਿਓ॥
ਜੋੜਣਹਾਰਾ ਸੰਤੁ ਨਾਨਕ ਪਾਧਰੁ ਪਧਰੋ॥੨॥
(ਪੰਨਾ ੩੨੧)

ਅਗਲੀ ਪਉੜੀ ਵਿਚ ਗੁਰੂ ਅਰਜਨ ਦੇਵ ਉਸ ਅਕਾਲ ਪੁਰਖ ਨੂੰ ਸਿਮਰਨ ਦੀ ਗੱਲ ਕਰਦੇ ਹਨ ਜੋ ਸਭ ਦਾ ਦਾਤਾ ਅਤੇ ਬਖਸ਼ਿਸ਼ਾਂ ਦੇਣ ਵਾਲਾ ਹੈ। ਆਪਣੀ ਜਿੰਦ ਨੂੰ ਸੰਬੋਧਨ ਕਰਦੇ ਹਨ ਕਿ ਉਸ ਅਕਾਲ ਪੁਰਖ ਦਾ ਸਿਮਰਨ ਕਰ ਜੋ ਸਭ ਦਾ ਦਾਤਾ ਹੈ, ਸਭ ਨੂੰ ਦਾਤਾਂ ਅਤੇ ਬਖਸ਼ਿਸ਼ਾਂ ਦੇਣ ਵਾਲਾ ਹੈ। ਸ੍ਰਿਸ਼ਟੀ ਦੇ ਉਸ ਮਾਲਕ ਦੇ ਨਾਮ ਦਾ ਸਿਮਰਨ ਕਰਨ ਨਾਲ ਸਭ ਪਾਪ ਕੱਟੇ ਜਾਂਦੇ ਹਨ। ਉਸ ਪਰਮਾਤਮਾ ਨੂੰ ਮਿਲਣ ਦਾ ਰਸਤਾ ਗੁਰੂ ਨੇ ਦੱਸਿਆ ਹੈ ਅਤੇ ਗੁਰੂ ਦਾ ਉਪਦੇਸ਼ ਸਦਾ ਹੀ ਯਾਦ ਰੱਖਣਾ ਚਾਹੀਦਾ ਹੈ। ਗੁਰੂ ਦੀ ਦੱਸੀ ਸਿੱਖਿਆ ਨੂੰ ਯਾਦ ਰੱਖਣ ਨਾਲ ਮਾਇਆ ਦੇ ਸਾਰੇ ਸਵਾਦ ਫਿੱਕੇ ਲੱਗਣ ਲੱਗਦੇ ਹਨ ਅਤੇ ਉਹ ਅਕਾਲ ਪੁਰਖ ਵਾਹਿਗੁਰੂ ਮਨ ਨੂੰ ਪਿਆਰਾ ਲੱਗਣ ਲੱਗ ਜਾਂਦਾ ਹੈ। ਗੁਰੂ ਸਾਹਿਬ ਆਪਣੇ ਆਪ ਨੂੰ ਕਹਿੰਦੇ ਹਨ ਕਿ ਉਸ ਅਕਾਲ ਪੁਰਖ ਦਾ ਸਦਾ ਸਿਮਰਨ ਕਰ ਜਿਸ ਨੇ ਇਹ ਜੀਵਨ ਦਿੱਤਾ ਹੈ,

ਸੋਈ ਸੇਵਿਹੁ ਜੀਅੜੇ ਦਾਤਾ ਬਖਸਿੰਦੁ॥
ਕਿਲਵਿਖ ਸਭਿ ਬਿਨਾਸੁ ਹੋਨਿ
ਸਿਮਰਤ ਗੋਬਿੰਦੁ॥
ਹਰਿ ਮਾਰਗੁ ਸਾਧੂ ਦਸਿਆ
ਜਪੀਐ ਗੁਰਮੰਤੁ॥
ਮਾਇਆ ਸੁਆਦ ਸਭਿ ਫਿਕਿਆ
ਹਰਿ ਮਨਿ ਭਾਵੰਦੁ॥
ਧਿਆਇ ਨਾਨਕ ਪਰਮੇਸਰੈ
ਜਿਨਿ ਦਿਤੀ ਜਿੰਦੁ॥੧੪॥ (ਪੰਨਾ ੩੨੧)

ਗਉੜੀ ਦੀ ਇਸ ਵਾਰ ਵਿਚ ਸਾਰੇ ਸਲੋਕ ਗੁਰੂ ਅਰਜਨ ਦੇਵ ਦੇ ਹੀ ਹਨ। ਇਸ ਸਲੋਕ ਵਿਚ ਮਨੁੱਖਾ ਜਨਮ ਨੂੰ ਪਰਮਾਤਮਾ ਵਲੋਂ ਬਖਸ਼ਿਸ ਕੀਤਾ ਇੱਕ ਅਜਿਹਾ ਅਵਸਰ ਦੱਸਿਆ ਹੈ ਜੋ ਨਾਮ ਦਾ ਸਿਮਰਨ ਕਰਨ ਲਈ ਮਿਲਿਆ ਹੈ। ਗੁਰੂ ਸਾਹਿਬ ਬਿਆਨ ਕਰਦੇ ਹਨ ਕਿ ਇਹ ਮੌਕਾ ਅਰਥਾਤ ਮਨੁੱਖਾ ਜੀਵਨ ਪਰਮਾਤਮਾ ਦੇ ਨਾਮ ਦਾ ਬੀ ਬੀਜਣ ਦਾ ਇੱਕ ਸੁਨਹਿਰੀ ਅਵਸਰ ਹੈ ਅਤੇ ਜੋ ਮਨੁੱਖ ਇਸ ਨਾਮ ਦਾ ਬੀ ਬੀਜਦਾ ਹੈ, ਉਹ ਇਸ ਦਾ ਫਲ ਵੀ ਖਾਂਦਾ ਹੈ। ਇਹ ਨਾਮ ਦੀ ਦਾਤ ਉਸ ਨੂੰ ਮਿਲਦੀ ਹੈ ਜਿਸ ਦੇ ਭਾਗਾਂ ਵਿਚ ਇਹ ਧੁਰੋਂ ਲਿਖੀ ਹੁੰਦੀ ਹੈ,

ਵਤ ਲਗੀ ਸਚੇ ਨਾਮ ਕੀ
ਜੋ ਬੀਜੈ ਸੋ ਖਾਇ॥
ਤਿਸਹਿ ਪਰਾਪਤਿ ਨਾਨਕਾ
ਜਿਸ ਨੋ ਲਿਖਿਆ ਆਇ॥੧॥ (ਪੰਨਾ ੩੨੧)

ਇਸ ਸਲੋਕ ਵਿਚ ਵੀ ਅਕਾਲ ਪੁਰਖ ਵਲੋਂ ਬਖਸ਼ਿਸ਼ ਕੀਤੀ ਨਾਮ ਦੀ ਦਾਤ ਦੀ ਗੱਲ ਕਰਦੇ ਹਨ ਕਿ ਜੇ ਪਰਮਾਤਮਾ ਕੋਲੋਂ ਕੁਝ ਮੰਗਣਾ ਹੈ ਤਾਂ ਉਸ ਦੇ ਨਾਮ ਦੀ ਦਾਤ ਮੰਗ ਅਤੇ ਇਹ ਦਾਤ ਉਸ ਨੂੰ ਮਿਲਦੀ ਹੈ ਜਿਸ ਨੂੰ ਪਰਮਾਤਮਾ ਆਪ ਪ੍ਰਸੰਨ ਹੋ ਕੇ ਦਿੰਦਾ ਹੈ। ਇਹ ਨਾਮ ਪਦਾਰਥ ਅਜਿਹਾ ਹੈ ਕਿ ਇਸ ਨੂੰ ਖਾਣ ਨਾਲ ਮਨੁੱਖ ਦਾ ਮਨ ਤ੍ਰਿਪਤ ਹੋ ਜਾਂਦਾ ਹੈ, ਉਸ ਨੂੰ ਫਿਰ ਕਿਸੇ ਹੋਰ ਚੀਜ਼ ਦੀ ਭੁੱਖ ਨਹੀਂ ਰਹਿੰਦੀ ਪਰ ਇਹ ਨਿਰੋਲ ਉਸ ਅਕਾਲ ਪੁਰਖ ਦੀ ਬਖਸ਼ਿਸ਼ ਹੈ ਅਰਥਾਤ ਜਿਸ 'ਤੇ ਤੁੱਠਦਾ ਹੈ, ਉਸ ਨੂੰ ਇਹ ਨਾਮ-ਪਦਾਰਥ ਪ੍ਰਾਪਤ ਹੁੰਦਾ ਹੈ,

ਮੰਗਣਾ ਤ ਸਚੁ ਇਕੁ
ਜਿਸੁ ਤੁਸਿ ਦੇਵੈ ਆਪਿ॥
ਜਿਤੁ ਖਾਧੈ ਮਨੁ ਤ੍ਰਿਪਤੀਐ
ਨਾਨਕ ਸਾਹਿਬ ਦਾਤਿ॥੨॥ (ਪੰਨਾ ੩੨੧)

ਇਨਸਾਨ ਜਦੋਂ ਇਸ ਦੁਨੀਆਂ ਤੋਂ ਰੁਖ਼ਸਤ ਹੁੰਦਾ ਹੈ ਤਾਂ ਹਰ ਤਰ੍ਹਾਂ ਦਾ ਧਨ, ਦੌਲਤ, ਰਾਸ-ਪੂੰਜੀ ਇਥੇ ਹੀ ਰਹਿ ਜਾਂਦੀ ਹੈ, ਕੁਝ ਵੀ ਉਸ ਦੇ ਨਾਲ ਨਹੀਂ ਜਾਂਦਾ। ਸਿਰਫ ਤੇ ਸਿਰਫ ਇੱਕ ਪਰਮਾਤਮ-ਨਾਮ ਹੀ ਹੈ ਜੋ ਮਨੁੱਖ ਦੇ ਨਾਲ ਜਾਂਦਾ ਹੈ। ਇਸ ਲਈ ਨਾਮ ਦੀ ਕਮਾਈ ਹੀ ਸਫਲ ਕਮਾਈ ਹੈ। ਇਸੇ ਤੱਥ ਨੂੰ ਇਸ ਪਉੜੀ ਵਿਚ ਗੁਰੂ ਸਾਹਿਬ ਸਮਝਾਉਂਦੇ ਹਨ ਕਿ ਇਸ ਦੁਨੀਆਂ 'ਤੇ ਰਹਿੰਦਿਆਂ ਉਹੀ ਮਨੁੱਖ ਆਪਣੇ ਵਣਜ ਵਿਚੋਂ, ਆਪਣੇ ਸੌਦੇ ਵਿਚੋਂ ਲਾਭ ਪ੍ਰਾਪਤ ਕਰਦੇ ਹਨ ਜਿਹੜੇ ਪਰਮਾਤਮਾ ਦੇ ਨਾਮ ਦੀ ਪੂੰਜੀ ਇਕੱਠੀ ਕਰਦੇ ਹਨ, ਜਿਨ੍ਹਾਂ ਕੋਲ ਅਕਾਲ ਪੁਰਖ ਦੇ ਨਾਮ ਦੀ ਰਾਸ ਹੈ, ਦੌਲਤ ਹੈ। ਉਨ੍ਹਾਂ ਅੰਦਰ ਦੁਤੀਆ ਭਾਉ ਅਰਥਾਤ ਦਵੈਤ ਨਹੀਂ ਰਹਿੰਦੀ, ਪਰਮਾਤਮਾ ਤੋਂ ਬਿਨਾ ਉਹ ਹੋਰ ਕਿਸੇ ਕਿਸਮ ਦੇ ਮੋਹ ਨੂੰ, ਲਗਾਉ ਨੂੰ ਜਾਣਦੇ ਹੀ ਨਹੀਂ ਹਨ ਕਿਉਂਕਿ ਉਨ੍ਹਾਂ ਨੂੰ ਉਸ ਇੱਕ ਅਕਾਲ ਪੁਰਖ ਦੀ ਹੀ ਆਸ ਅਤੇ ਓਟ ਹੁੰਦੀ ਹੈ। ਉਹ ਉਸ ਸਦਾ ਕਾਇਮ ਰਹਿਣ ਵਾਲੇ ਪਰਮਾਤਮਾ ਨੂੰ ਹੀ ਸਿਮਰਦੇ ਹਨ, ਬਾਕੀ ਸਾਰੇ ਸੰਸਾਰ ਦੀ ਨਾਸ਼ਵਾਨਤਾ ਦਾ ਉਨ੍ਹਾਂ ਨੂੰ ਪਤਾ ਲੱਗ ਜਾਂਦਾ ਹੈ। ਇਸ ਦੁਨੀਆਂ 'ਤੇ ਵਿਚਰਦਿਆਂ ਜਿਸ ਮਨੁੱਖ ਨੇ ਉਸ ਸਿਰਜਣਹਾਰ ਨੂੰ ਵਿਸਾਰ ਦਿੱਤਾ ਹੈ, ਉਸ ਦਾ ਇਸ ਦੁਨੀਆਂ 'ਤੇ ਰਹਿਣਾ ਨਿਰਾਰਥਕ ਜਾਂਦਾ ਹੈ। ਉਸ ਅਕਾਲ ਪੁਰਖ ਨੇ ਆਪਣੇ ਸੇਵਕਾਂ ਨੂੰ ਆਪ ਆਪਣੇ ਗਲ ਲਾ ਕੇ ਬਚਾ ਲਿਆ ਹੈ। ਗੁਰੂ ਸਾਹਿਬ ਕਹਿੰਦੇ ਹਨ ਕਿ ਉਹ ਉਸ ਅਕਾਲ ਪੁਰਖ ਤੋਂ ਸਦਕੇ ਜਾਂਦੇ ਹਨ,

ਲਾਹਾ ਜਗ ਮਹਿ ਸੇ ਖਟਹਿ
ਜਿਨ ਹਰਿ ਧਨੁ ਰਾਸਿ॥
ਦੁਤੀਆ ਭਾਉ ਨ ਜਾਣਨੀ ਸਚੇ ਦੀ ਆਸ॥
ਨਿਹਚਲੁ ਏਕੁ ਸਰੇਵਿਆ
ਹੋਰੁ ਸਭ ਵਿਣਾਸੁ॥
ਪਾਰਬ੍ਰਹਮੁ ਜਿਸੁ ਵਿਸਰੈ
ਤਿਸੁ ਬਿਰਥਾ ਸਾਸੁ॥
ਕੰਠਿ ਲਾਇ ਜਨ ਰਖਿਆ
ਨਾਨਕ ਬਲਿ ਜਾਸੁ॥੧੫॥ (ਪੰਨਾ ੩੨੧)

ਫਸਲ ਦੇ ਭਰਪੂਰ ਪੈਦਾ ਹੋਣ ਦਾ ਸਬੰਧ ਵਰਖਾ ਨਾਲ ਹੁੰਦਾ ਹੈ ਅਤੇ ਫਸਲ ਬੀਜਣ ਵਾਲੇ ਦੀ ਖੁਸ਼ਹਾਲੀ ਫਸਲ ਦੇ ਚੰਗੀ ਹੋਣ ਨਾਲ ਜੁੜੀ ਹੁੰਦੀ ਹੈ। ਜਦੋਂ ਫਸਲ ਭਰਪੂਰ ਹੋਵੇ ਤਾਂ ਕਿਸਾਨ ਉਸ ਨੂੰ ਵੇਚ-ਵੱਟ ਕੇ ਆਪਣੀਆਂ ਲੋੜਾਂ ਪੂਰੀਆਂ ਕਰਦਾ ਹੈ ਅਤੇ ਖੁਸ਼ੀਆਂ ਮਾਣਦਾ ਹੈ। ਵਰਖਾ ਦੇ ਇਸੇ ਦ੍ਰਿਸ਼ਟਾਂਤ ਰਾਹੀਂ ਗੁਰੂ ਅਰਜਨ ਦੇਵ ਇਸ ਸਲੋਕ ਵਿਚ ਨਾਮ ਰੂਪੀ ਫਸਲ ਦੀ ਗੱਲ ਕਰਦੇ ਹਨ। ਗੁਰਮਤਿ ਦਰਸ਼ਨ ਅਨੁਸਾਰ ਸਭ ਕੁਝ ਉਸ ਪਾਰਬ੍ਰਹਮ ਦੇ ਹੁਕਮ ਵਿਚ ਵਾਪਰਦਾ ਹੈ। ਇਸ ਲਈ ਜਦੋਂ ਉਸ ਦਾ ਹੁਕਮ ਹੋਇਆ ਤਾਂ ਸਹਿਜ ਸੁਭਾ ਹੀ ਨਾਮ ਦੀ ਵਰਖਾ ਹੋਣ ਲੱਗ ਪਈ ਅਰਥਾਤ ਉਸ ਦਾ ਹੁਕਮ ਹੋਣ 'ਤੇ ਆਪਣੇ ਆਪ ਹੀ ਨਾਮ ਦਾ ਮੀਂਹ ਵੱਸਣ ਲੱਗ ਪਿਆ। ਜਦੋਂ ਵਰਖਾ ਹੁੰਦੀ ਹੈ ਤਾਂ ਧਰਤੀ ਦੀ ਪਿਆਸ ਬੁੱਝ ਜਾਂਦੀ ਹੈ ਅਤੇ ਭਰਪੂਰ ਫਸਲ ਪੈਦਾ ਹੁੰਦੀ ਹੈ। ਇਸੇ ਤਰ੍ਹਾਂ ਜਦੋਂ ਨਾਮ ਦੀ ਵਰਖਾ ਹੋਣ ਲੱਗ ਪਈ ਹੈ ਤਾਂ ਮਨੁੱਖ ਦੇ ਹਿਰਦੇ ਰੂਪੀ ਧਰਤੀ ਦੀ ਪਿਆਸ ਸ਼ਾਂਤ ਹੋ ਗਈ ਹੈ ਅਤੇ ਪਰਮਾਤਮਾ ਦੀ ਸਿਫਤਿ-ਸਾਲਾਹ ਦੀ ਭਰਪੂਰ ਫਸਲ ਪੈਦਾ ਹੋਣ ਨਾਲ ਹਿਰਦੇ ਵਿਚ ਸੰਤੋਖ ਆ ਗਿਆ ਹੈ। ਚੰਗੀ ਫਸਲ ਪੈਦਾ ਹੋਣ ਨਾਲ ਜਿਵੇਂ ਗਰੀਬੀ ਅਤੇ ਦਲਿੱਦਰ ਦੂਰ ਹੋ ਜਾਂਦਾ ਹੈ, ਇਸੇ ਤਰ੍ਹਾਂ ਨਾਮ ਦੀ ਵਰਖਾ ਨਾਲ ਪਰਮਾਤਮਾ ਦੀ ਸਿਫਤਿ-ਸਾਲਾਹ ਦੀ ਭਰਪੂਰ ਫਸਲ ਹੋਣ ਨਾਲ, ਪਰਮਾਤਮਾ ਦੇ ਗੁਣ ਦਾ ਗਾਇਨ ਕਰਨ ਨਾਲ ਮਨੁੱਖ ਦਾ ਦਲਿੱਦਰ ਅਤੇ ਦੁੱਖ ਦੂਰ ਹੋ ਜਾਂਦੇ ਹਨ।

ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਇਹ ਨਾਮ-ਰੂਪ ਅੰਨ ਪੂਰਬਲੇ ਚੰਗੇ ਭਾਗਾਂ ਅਤੇ ਪਰਮਾਤਮਾ ਦੀ ਰਜ਼ਾ ਅਨੁਸਾਰ ਮਿਲਦਾ ਹੈ। ਦੁਨਿਆਵੀ ਮਾਇਆ ਵਿਚ ਮਰੇ ਹੋਏ ਮਨੁੱਖ ਅੰਦਰ ਜੇ ਜਾਨ ਪਾਈ ਹੈ ਤਾਂ ਅਕਾਲ ਪੁਰਖ ਨੇ ਹੀ ਪਾਈ ਹੈ ਅਤੇ ਇਸ ਲਈ ਉਸੇ ਦਾ ਸਿਮਰਨ ਕਰਨਾ ਚਾਹੀਦਾ ਹੈ (ਪਰਮਾਤਮਾ ਦੇ ਨਾਮ ਨਾਲ ਉਸ ਦੀ ਕਿਰਪਾ ਰਾਹੀਂ, ਉਸ ਦੀ ਰਜ਼ਾ ਨਾਲ ਹੀ ਜੁੜਿਆ ਜਾਂਦਾ ਹੈ),

ਪਾਰਬ੍ਰਹਮਿ ਫੁਰਮਾਇਆ
ਮੀਹੁ ਵੁਠਾ ਸਹਜਿ ਸੁਭਾਇ॥
ਅੰਨੁ ਧੰਨੁ ਬਹੁਤੁ ਉਪਜਿਆ
ਪ੍ਰਿਥਮੀ ਰਜੀ ਤਿਪਤਿ ਅਘਾਇ॥
ਸਦਾ ਸਦਾ ਗੁਣ ਉਚਰੈ
ਦੁਖੁ ਦਾਲਦੁ ਗਇਆ ਬਿਲਾਇ॥
ਪੂਰਬਿ ਲਿਖਿਆ ਪਾਇਆ
ਮਿਲਿਆ ਤਿਸੈ ਰਜਾਇ॥
ਪਰਮੇਸਰਿ ਜੀਵਾਲਿਆ
ਨਾਨਕ ਤਿਸੈ ਧਿਆਇ॥੧॥ (ਪੰਨਾ ੩੨੧)

ਗੁਰਮਤਿ ਦਾ ਮੁਕਤੀ ਜਾਂ ਨਿਰਵਾਣ ਦਾ ਸੰਕਲਪ ਜੀਵਨ-ਮੁਕਤੀ ਹੈ ਅਰਥਾਤ ਇਸ ਦੁਨੀਆਂ 'ਤੇ ਰਹਿੰਦਿਆਂ ਹੋਇਆਂ ਹੀ, ਜੀਵਤ ਸਮੇਂ ਵਿਚ ਹੀ ਮੁਕਤ ਹੋ ਜਾਣਾ। ਇਹ ਜੀਵਨ ਮੁਕਤੀ ਅਕਾਲ ਪੁਰਖ ਦੇ ਚਰਨ-ਕੰਵਲਾਂ ਦੀ ਪ੍ਰੀਤ ਹੈ, ਉਸ ਨਾਲ ਇੱਕਸੁਰ ਹੋ ਜਾਣ ਦੀ ਅਵਸਥਾ ਹੈ ਜਿਸ ਵਿਚ ਮਨੁੱਖ ਦੁੱਖ ਅਤੇ ਸੁੱਖ, ਗਮ ਅਤੇ ਖੁਸ਼ੀ, ਮਾਇਆ-ਮੋਹ ਤੋਂ ਉਤੇ ਉਠ ਜਾਂਦਾ ਹੈ।

ਗੁਰੂ ਅਰਜਨ ਦੇਵ ਫੁਰਮਾਉਂਦੇ ਹਨ ਕਿ ਜੇ ਉਸ ਇੱਕ ਵਾਸ਼ਨਾ-ਰਹਿਤ ਅਕਾਲ ਪੁਰਖ ਦਾ ਸਿਮਰਨ ਕਰੀਏ ਤਾਂ ਅਸਲੀ ਜੀਵਨ ਪਦ ਦੀ ਪ੍ਰਾਪਤੀ ਹੁੰਦੀ ਹੈ ਪਰ ਮਨ ਨੂੰ ਧੀਰਜ ਕਿਵੇਂ ਆਵੇ ਕਿਉਂਕਿ ਇਸ ਤੋਂ ਬਿਨਾਂ ਹੋਰ ਕੋਈ ਥਾਂ ਨਹੀਂ ਹੈ ਜਿਥੇ ਇਹ ਅਵਸਥਾ ਪ੍ਰਾਪਤ ਹੋਵੇ। ਸਾਰੇ ਸੰਸਾਰ ਨੂੰ ਦੇਖ ਲਿਆ ਹੈ ਪਰ ਪਰਮਾਤਮ-ਨਾਮ ਤੋਂ ਬਿਨਾ ਸੁਖ ਪ੍ਰਾਪਤ ਨਹੀਂ ਹੁੰਦਾ। ਇਸ ਸਰੀਰ ਅਤੇ ਧਨ-ਦੋਵਾਂ ਨੇ ਨਸ਼ਟ ਹੋ ਜਾਣਾ ਹੈ ਪਰ ਇਸ ਤੱਥ ਦੀ ਸਮਝ ਕਿਸੇ ਵਿਰਲੇ ਇਨਸਾਨ ਨੂੰ ਆਉਂਦੀ ਹੈ। ਇਸ ਸੰਸਾਰ ਦੇ ਰੰਗ-ਰੂਪ ਸਭ ਬੇਅਰਥ ਹਨ। ਪ੍ਰਾਣੀਆ! ਤੂੰ ਕੀ ਕਰ ਰਿਹਾ ਹੈਂ ਇਸ ਗੱਲ ਨੂੰ ਸਮਝਦਾ ਕਿਉਂ ਨਹੀਂ। ਜਿਸ ਮਨੁੱਖ ਨੂੰ ਰੱਬ ਆਪ ਭੁਲਾਵੇ ਵਿਚ ਪਾ ਦਿੰਦਾ ਹੈ, ਕੁਰਾਹੇ ਪਾ ਦਿੰਦਾ ਹੈ- ਉਸ ਮਨੁੱਖ ਨੂੰ ਇਸ ਮਨ ਦੇ ਸੁਖ-ਸ਼ਾਂਤੀ ਦੀ ਸਮਝ ਨਹੀਂ ਆਉਂਦੀ। ਜਿਹੜੇ ਮਨੁੱਖ ਉਸ ਅਕਾਲ ਪੁਰਖ ਦੇ ਪ੍ਰੇਮ ਵਿਚ ਰੰਗੇ ਹੋਏ ਹਨ ਉਹ ਉਸ ਅਪਰ-ਅਪਾਰ ਪਰਮਾਤਮਾ ਦੇ ਗੁਣ ਗਾਉਂਦੇ ਹਨ। ਗੁਰੂ ਜੀ ਅਕਾਲ ਪੁਰਖ ਅੱਗੇ ਅਰਦਾਸ ਕਰਦੇ ਹਨ ਕਿ ਜੋ ਉਸ ਅਕਾਲ ਪੁਰਖ ਨੂੰ ਚੰਗੇ ਲੱਗਣ, ਉਹ ਉਸ ਅਕਾਲ ਪੁਰਖ ਦੇ ਚਰਨੀਂ ਲੱਗਦੇ ਹਨ,

ਜੀਵਨ ਪਦੁ ਨਿਰਬਾਣੁ ਇਕੋ ਸਿਮਰੀਐ॥
ਦੂਜੀ ਨਾਹੀ ਜਾਇ ਕਿਨਿ ਬਿਧਿ ਧੀਰੀਐ॥
ਡਿਠਾ ਸਭੁ ਸੰਸਾਰੁ ਸੁਖੁ ਨ ਨਾਮ ਬਿਨੁ॥
ਤਨੁ ਧਨੁ ਹੋਸੀ ਛਾਰੁ ਜਾਣੈ ਕੋਇ ਜਨੁ॥
ਰੰਗ ਰੂਪ ਰਸ ਬਾਦਿ
ਕਿ ਕਰਹਿ ਪਰਾਣੀਆ॥
ਜਿਸੁ ਭੁਲਾਏ ਆਪਿ
ਤਿਸੁ ਕਲ ਨਹੀ ਜਾਣੀਆ॥
ਰੰਗਿ ਰਤੇ ਨਿਰਬਾਣੁ ਸਚਾ ਗਾਵਹੀ॥
ਨਾਨਕ ਸਰਣਿ ਦੁਆਰਿ
ਜੇ ਤੁਧੁ ਭਾਵਹੀ॥੨॥ (ਪੰਨਾ ੩੨੨)

## ਗੁਰਬਾਣੀ ਗਿਆਨ

# ਅਉਧ ਘਟੈ ਦਿਨਸੁ ਰੈਨਾਰੇ

**ਗਉੜੀ ਮਹਲਾ ੫**

ਅਉਧ ਘਟੈ ਦਿਨਸੁ ਰੈਨਾਰੇ॥
ਮਨ ਗੁਰ ਮਿਲਿ
ਕਾਜ ਸਵਾਰੇ॥੧॥ਰਹਾਉ॥
ਕਰਉ ਬੇਨੰਤੀ ਸੁਨਹੁ ਮੇਰੇ ਮੀਤਾ
ਸੰਤ ਟਹਲ ਕੀ ਬੇਲਾ॥
ਈਹਾ ਖਾਟਿ ਚਲਹੁ ਹਰਿ ਲਾਹਾ
ਆਗੈ ਬਸਨੁ ਸੁਹੇਲਾ॥੧॥
ਇਹੁ ਸੰਸਾਰੁ ਬਿਕਾਰੁ ਸਹਸੇ ਮਹਿ
ਤਰਿਓ ਬ੍ਰਹਮ ਗਿਆਨੀ॥
ਜਿਸਹਿ ਜਗਾਇ ਪੀਆਏ
ਹਰਿ ਰਸੁ ਅਕਥ ਕਥਾ ਤਿਨ ਜਾਨੀ॥੨॥
ਜਾ ਕਉ ਆਏ ਸੋਈ ਬਿਹਾਝਹੁ ਹਰਿ
ਗੁਰ ਤੇ ਮਨਹਿ ਬਸੇਰਾ॥
ਨਿਜ ਘਰਿ ਮਹਲੁ ਪਾਵਹੁ ਸੁਖ ਸਹਜੇ
ਬਹੁਰ ਨ ਹੋਇਗੋ ਫੇਰਾ॥੩॥
ਅੰਤਰਜਾਮੀ ਪੁਰਖ ਬਿਧਾਤੇ
ਸਰਧਾ ਮਨ ਕੀ ਪੂਰੇ॥
ਨਾਨਕੁ ਦਾਸੁ ਇਹੀ ਸੁਖੁ ਮਾਗੈ
ਮੋ ਕਉ ਕਰਿ ਸੰਤਨ ਕੀ ਧੂਰੇ॥੪॥

ਜਗਤ ਦੇ ਤਾਰਨਹਾਰ ਸਤਿਗੁਰੂ ਅਰਜਨ ਦੇਵ ਜੀ ਮਹਾਰਾਜ ਗੁਰਬਾਣੀ ਦੇ ਇਸ ਪਾਵਨ ਸ਼ਬਦ ਅੰਦਰ ਜੀਵ ਨੂੰ ਸਮਝਾਉਂਦਿਆਂ ਆਖਦੇ ਹਨ, ਅਉਧ ਘਟੈ ਦਿਨਸੁ ਰੈਨਾਰੇ, ਹੇ ਜੀਵ ਸੁਣ! ਤੇਰੀ ਉਮਰ ਤਾਂ ਇਕ ਇਕ ਦਿਨ ਅਤੇ ਇਕ ਇਕ ਰਾਤ ਕਰਕੇ ਘਟ ਰਹੀ ਹੈ; ਮਨ ਗੁਰ ਮਿਲਿ ਕਾਜ ਸਵਾਰੇ, ਅਤੇ ਹੇ ਮੇਰੇ ਮਨ ਤੂੰ ਜਿਸ ਕੰਮ ਲਈ ਸੰਸਾਰ ਵਿਚ ਆਇਆ ਸੈਂ, ਗੁਰੂ ਨੂੰ ਮਿਲ ਕੇ ਆਪਣੇ ਉਸ ਕਾਰਜ ਨੂੰ ਸਿਰੇ ਚਾੜ੍ਹ ਲੈ।

ਕਰਉ ਬੇਨੰਤੀ ਸੁਨਹੁ ਮੇਰੇ ਮੀਤਾ
ਸੰਤ ਟਹਲ ਕੀ ਬੇਲਾ॥
ਈਹਾ ਖਾਟਿ ਚਲਹੁ ਹਰਿ ਲਾਹਾ
ਆਗੈ ਬਸਨੁ ਸੁਹੇਲਾ॥੧॥

ਹੇ ਮੇਰੇ ਮਿੱਤਰ, ਮੈਂ ਤੈਨੂੰ ਜੋ ਬੇਨਤੀ ਕਰਦਾ ਹਾਂ, ਉਹ ਸੁਣ! ਇਹ ਜੋ ਮਾਨਸ ਜਨਮ ਤੈਨੂੰ ਉਸ ਮਿਹਰਵਾਨ ਪ੍ਰਭੂ ਦੀ ਕਿਰਪਾ ਨਾਲ ਮਿਲਿਆ ਹੈ, ਹੁਣ ਵੇਲਾ ਹੈ ਸੰਤ ਜਨਾਂ ਦੀ ਸੇਵਾ ਕਰਕੇ ਇਸ ਨੂੰ ਸੰਵਾਰ ਲੈ। ਇਥੋਂ ਸੇਵਾ ਕਰਕੇ ਹਰੀ ਨਾਮ ਸਿਮਰਨ ਦਾ ਲਾਹਾ ਖੱਟ ਕੇ ਚਲੋ; ਹਰੀ ਨਾਮ ਸਿਮਰਨ ਦੇ ਇਸ ਲਾਹੇ ਨਾਲ ਅੱਗੇ ਪ੍ਰਲੋਕ ਵਿਚ ਵੱਸਣਾ ਸੌਖਾ ਹੋ ਜਾਵੇਗਾ।

ਇਹੁ ਸੰਸਾਰੁ ਬਿਕਾਰੁ ਸਹਸੇ ਮਹਿ,
ਤਰਿਓ ਬ੍ਰਹਮ ਗਿਆਨੀ॥
ਜਿਸਹਿ ਜਗਾਇ ਪੀਆਏ
ਹਰਿ ਰਸੁ ਅਕਥ ਕਥਾ ਤਿਨ ਜਾਨੀ॥੨॥

ਗੁਰੂ ਜੀ ਫਰਮਾਉਂਦੇ ਹਨ- ਹੇ ਭਾਈ! ਇਹ ਸੰਸਾਰ ਵਿਕਾਰਾਂ ਦਾ ਰੂਪ ਹੀ ਬਣਿਆ ਪਿਆ ਹੈ। ਵਿਕਾਰਾਂ ਵਿਚ ਫਸ ਕੇ ਜੀਵ ਚਿੰਤਾ-ਫਿਕਰਾਂ ਵਿਚ ਹੀ ਡੁੱਬੇ ਰਹਿੰਦੇ ਹਨ; ਤਰਿਓ ਬ੍ਰਹਮ ਗਿਆਨੀ, ਪਰ ਜਿਸ ਜੀਵ ਨੇ ਹਰੀ ਨਾਮ ਜਪ ਕੇ ਪ੍ਰਭੂ ਨਾਲ ਪ੍ਰੀਤੀ ਪਾ ਲਈ, ਉਹ ਇਸ ਵਿਕਾਰਾਂ ਨਾਲ ਭਰੇ ਸੰਸਾਰ ਸਮੁੰਦਰ ਤੋਂ ਪਾਰ ਹੋ ਗਿਆ, ਜਿਸ ਜੀਵ ਨੂੰ ਪ੍ਰਭੂ ਵਿਕਾਰਾਂ ਦੀ ਨੀਂਦ 'ਚੋ ਜਗਾ ਕੇ ਨਾਮਰਸ ਪਿਆਉਂਦਾ ਹੈ।

ਜਾ ਕਉ ਆਏ ਸੋਈ ਬਿਹਾਝਹੁ ਹਰਿ
ਗੁਰ ਤੇ ਮਨਹਿ ਬਸੇਰਾ॥
ਨਿਜ ਘਰਿ ਮਹਲੁ ਪਾਵਹੁ ਸੁਖ ਸਹਜੇ
ਬਹੁਰ ਨ ਹੋਇਗੋ ਫੇਰਾ॥੩॥

ਭਾਈ ਜਿਸ ਨਾਮ ਰੂਪੀ ਪਦਾਰਥ ਨੂੰ ਖਰੀਦਣ ਲਈ ਸੰਸਾਰ ਵਿਚ ਆਏ ਹੋ, ਉਸੇ ਹਰੀ ਨਾਮ ਦੀ ਖਰੀਦਦਾਰੀ ਕਰੋ; ਗੁਰ ਤੇ ਮਨਹਿ ਬਸੇਰਾ, ਭਾਈ ਗੁਰੂ ਦੀ ਕਿਰਪਾ ਨਾਲ ਹੀ ਉਸ ਮਿਹਰਵਾਨ ਪ੍ਰਭੂ ਦਾ ਨਿਵਾਸ ਮਨ ਵਿਚ ਹੋ ਸਕਦਾ ਹੈ, ਗੁਰੂ ਦੀ ਕਿਰਪਾ ਨਾਲ ਆਤਮਕ ਅਡੋਲਤਾ ਦੇ ਵਿਚ ਟਿਕ ਕੇ ਹਿਰਦੇ ਵਿਚੋਂ ਪ੍ਰਭੂ ਦਾ ਟਿਕਾਣਾ ਲੱਭੋ, ਇਸ ਤਰ੍ਹਾਂ ਜਨਮ ਮਰਨ ਦਾ ਗੇੜ ਹੀ ਮੁੱਕ ਜਾਵੇਗਾ।

ਅੰਤਰਜਾਮੀ ਪੁਰਖ ਬਿਧਾਤੇ
ਸਰਧਾ ਮਨ ਕੀ ਪੂਰੇ॥
ਨਾਨਕੁ ਦਾਸੁ ਇਹੀ ਸੁਖੁ ਮਾਗੈ
ਮੋ ਕਉ ਕਰਿ ਸੰਤਨ ਕੀ ਧੂਰੇ॥੪॥

ਸ਼ਬਦ ਦੇ ਅਖੀਰ ਵਿਚ ਗੁਰਦੇਵ ਅਰਦਾਸ ਕਰਦੇ ਹਨ, ਹੇ ਮੇਰੇ ਸਰਬ ਵਿਆਪਕ ਪੂਰਨ ਪੁਰਖ ਕਰਤਾਰ ਜੀਓ; ਮੇਰੇ ਮਨ ਦੀ ਸ਼ਰਧਾ ਪੂਰੀ ਕਰ; ਸੰਸਾਰ ਦੇ ਰਚਨਹਾਰ ਪ੍ਰਭੂ ਤੇਰਾ ਇਹ ਦਾਸ ਨਾਨਕ ਤੇਰੇ ਕੋਲੋਂ ਇਹੋ ਸੁਖ ਮੰਗਦਾ ਹੈ, ਹੇ ਮੇਰੇ ਮਿਹਰਵਾਨ ਪ੍ਰਭੂ ਮੈਨੂੰ ਆਪਣੇ ਸੰਤ ਜਨਾਂ ਦੇ ਚਰਨਾਂ ਦੀ ਧੂੜ ਬਣਾ ਦੇਹ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

ਵਿਚਾਰ-ਚਰਚਾ

# ਕੈਲੰਡਰ ਵਿਵਾਦ: ਵਿਰੋਧ ਦੇ ਕੁਝ ਕਾਰਨ

ਡਾ. ਗੁਰਮੀਤ ਸਿੰਘ ਬਰਸਾਲ
e-mail: gsbarsal@gmail.com

ਸਮੇਂ ਨੂੰ ਮਿਣਨ ਲਈ ਸਮੇਂ ਸਮੇਂ ਕੈਲੰਡਰ ਬਣਦੇ ਆਏ ਹਨ ਅਤੇ ਇਨ੍ਹਾਂ ਵਿਚ ਸੋਧਾਂ ਵੀ ਹੁੰਦੀਆਂ ਰਹੀਆਂ ਹਨ। ਕਿਸੇ ਵੇਲੇ ਦਸ ਮਹੀਨਿਆਂ ਦੇ ਕੈਲੰਡਰ ਵੀ ਬਣੇ ਸਨ ਅਤੇ ਬਾਅਦ ਵਿਚ ਬਾਰਾਂ ਮਹੀਨਿਆਂ ਦੇ ਬਣਨ ਲੱਗੇ। ਕਿਸੇ ਵੇਲੇ ਚੰਦ ਦੀ ਗਤੀ ਅਨੁਸਾਰ ਕੈਲੰਡਰ ਬਣਦੇ ਸਨ ਪਰ ਚੰਦ ਦਾ ਧਰਤੀ ਦੁਆਲੇ ਗੇੜਾ 354 ਦਿਨਾਂ ਵਿਚ ਪੂਰਾ ਹੋਣ ਕਾਰਨ ਇਹ ਰੁੱਤੀ ਸਾਲ ਤੋਂ ਪਛੜ ਜਾਂਦਾ ਸੀ। ਇਸ ਤਰ੍ਹਾਂ ਸਾਲ 11 ਦਿਨ ਪਿੱਛੇ ਰਹਿ ਜਾਂਦਾ ਸੀ ਜਿਸ ਨੂੰ ਤਿੰਨ ਸਾਲਾਂ ਬਾਅਦ ਖਿੱਚ ਕੇ ਰੁੱਤੀ ਸਾਲ ਦੇ ਬਰਾਬਰ ਕੀਤਾ ਜਾਂਦਾ ਸੀ। ਇਸ ਤਰ੍ਹਾਂ ਤਿੰਨਾਂ ਸਾਲਾਂ ਬਾਅਦ ਇਕ ਮਹੀਨਾ ਵਧ ਜਾਂਦਾ ਸੀ ਜਿਸ ਨੂੰ ਪੰਡਤ ਮਲ ਮਾਸ ਜਾਂ ਲੌਂਦ ਦਾ ਮਹੀਨਾ ਆਖਦੇ ਸਨ ਅਤੇ ਇਸ ਮਹੀਨੇ ਵਿਚ ਕੋਈ ਚੰਗਾ ਕੰਮ ਕਰਨਾ ਵਰਜਿਤ ਸੀ। ਫਿਰ ਇਸ ਵਿਚ ਸੁਧਾਰ ਕਰਨ ਲਈ ਸੂਰਜੀ ਕੈਲੰਡਰ ਹੋਂਦ ਵਿਚ ਆਏ। ਸੂਰਜੀ ਸਾਲ ਤਕਰੀਬਨ 365 ਦਿਨ ਦਾ ਹੋਣ ਕਾਰਨ ਰੁੱਤੀ ਸਾਲ ਦੇ ਜ਼ਿਆਦਾ ਨਜ਼ਦੀਕ ਸੀ ਜਿਸ ਨਾਲ ਇਸ ਤਰੁੱਟੀ 'ਤੇ ਕਾਫੀ ਕਾਬੂ ਪਾ ਲਿਆ ਗਿਆ ਸੀ।

ਜੂਲੀਅਨ ਕੈਲੰਡਰ ਵੀ ਇਸੇ ਸ਼੍ਰੇਣੀ ਦਾ ਕੈਲੰਡਰ ਸੀ ਜਿਸ ਦੀ ਲੰਬਾਈ ਤਕਰੀਬਨ 365 ਦਿਨ 6 ਘੰਟੇ ਸੀ ਜਿਸ ਕਾਰਨ ਇਹ ਵੀ ਰੁੱਤੀ ਸਾਲ ਨਾਲੋਂ ਲਗਭਗ 12 ਮਿੰਟ ਵੱਡਾ ਸੀ ਅਤੇ 128 ਸਾਲਾਂ ਬਾਅਦ ਇੱਕ ਦਿਨ ਦਾ ਫਰਕ ਪਾਉਂਦਾ ਸੀ। ਰੋਮਨਾਂ ਨੇ ਇਸ ਫਰਕ ਕਾਰਨ ਲੰਬੇ ਸਮੇਂ ਬਾਅਦ ਸਮੇਂ ਦੇ ਪੈ ਰਹੇ ਵੱਡੇ ਫਰਕ ਨੂੰ ਸਮਝ ਕੇ ਸਾਲ ਦੀ ਲੰਬਾਈ ਨੂੰ ਛੋਟਾ ਕਰਕੇ ਰੁੱਤੀ ਸਾਲ ਦੇ ਇੰਨਾ ਨੇੜੇ ਕਰ ਦਿੱਤਾ ਕਿ ਫਰਕ ਕੇਵਲ ਲਗਭਗ 33 ਸੈਕਿੰਡ ਦਾ ਰਹਿ ਗਿਆ ਜਿਸ ਨਾਲ 3300 ਸਾਲਾਂ ਬਾਅਦ ਕੇਵਲ ਇਕ ਦਿਨ ਦਾ ਫਰਕ ਪੈਂਦਾ ਸੀ। ਇਸ ਕੈਲੰਡਰ ਦਾ ਨਾਮ ਪੋਪ ਗਰੈਗਰੀ ਕਾਲ ਵਿਚ ਹੋਣ ਕਾਰਨ ਗਰੈਗੋਰੀਅਨ ਕੈਲੰਡਰ ਪੈ ਗਿਆ। ਅਜੋਕਾ ਕੈਲੰਡਰ ਇਹੀ ਹੀ ਹੈ। ਵਿਚਾਰਨ ਵਾਲੀ ਗੱਲ ਇਹ ਹੈ ਕਿ ਜਿਹੜੀ ਗੱਲ ਰੋਮ ਵਾਸੀਆਂ ਨੂੰ 1582 ਵਿਚ ਸਮਝ ਆ ਗਈ ਸੀ ਕਿ ਸਾਡੇ ਸਾਲ ਦੀ ਲੰਬਾਈ ਵੱਧ ਹੈ ਜਿਸ ਨੂੰ ਰੁੱਤੀ ਸਾਲ ਬਰਾਬਰ ਕਰਨ ਲਈ ਲੰਬਾਈ ਘਟਾਉਣ ਦੀ ਲੋੜ ਹੈ, ਉਹ ਗੱਲ ਇੰਗਲੈਂਡ ਵਾਲਿਆਂ ਨੂੰ 170 ਸਾਲ ਬਾਅਦ ਸਮਝ ਆਈ ਅਤੇ ਉਨ੍ਹਾਂ ਆਪਣੇ ਕੈਲੰਡਰ ਵਿਚ ਸੋਧ ਕਰ ਲਈ।

ਹੁਣ ਵਿਚਾਰਨ ਵਾਲੀ ਗੱਲ ਹੈ ਕਿ ਇਹੀ ਗੱਲ ਸਾਡੇ ਬਿਕਰਮੀ ਵਾਲਿਆਂ ਨੂੰ ਕਿਉਂ ਨਹੀਂ ਸਮਝ ਆ ਰਹੀ ਕਿ ਸਮੇਂ ਦੀ ਸਹੀ ਮਿਣਤੀ ਲਈ ਸਾਲ ਦੀ ਲੰਬਾਈ ਰੁੱਤੀ ਸਾਲ ਦੇ ਬਰਾਬਰ ਕਰਨੀ ਹੀ ਪੈਣੀ ਹੈ, ਚਾਹੇ ਅੱਜ ਕਰ ਲਓ ਚਾਹੇ ਸੌ ਦੋ ਸੌ ਸਾਲ ਬਾਅਦ। ਇਕ ਗੱਲ ਹੋਰ ਹੈ ਕਿ ਹਿੰਦੂ ਵਿਦਵਾਨਾਂ ਨੇ ਬਿਕਰਮੀ ਕੈਲੰਡਰ ਵਿਚ 1964 ਵਿਚ ਇਕ ਸੋਧ ਕੀਤੀ ਸੀ। ਪਹਿਲਾਂ ਬਿਕਰਮੀ ਸਾਲ ਦੀ ਲੰਬਾਈ ਰੁੱਤੀ ਸਾਲ ਤੋਂ 24 ਮਿੰਟ ਵੱਧ ਸੀ ਪਰ ਸੋਧ ਬਾਅਦ ਇਹ ਫਰਕ ਲਗਭਗ 20 ਮਿੰਟ ਦਾ ਰਹਿ ਗਿਆ। ਇਹ ਸੋਧ ਸਾਡੇ ਲੋਕਾਂ ਅੱਖਾਂ ਬੰਦ ਕਰਕੇ ਮੰਨ ਲਈ ਪਰ ਇੱਕ ਸਿੱਖ ਵਿਦਵਾਨ ਦੀ ਲੰਬੇ ਅਰਸੇ ਦੇ ਕੈਲੰਡਰ ਦੀਆਂ ਸਦਾ ਲਈ ਤਰੀਕਾਂ ਇੱਕ ਰੱਖਣ ਦੀ ਸੋਧ 'ਤੇ ਕਿਸੇ ਨੀਤੀ ਤਹਿਤ ਵਿਵਾਦ ਮਚਾਇਆ ਜਾ ਰਿਹਾ ਹੈ।

ਸ. ਪਾਲ ਸਿੰਘ ਪੁਰੇਵਾਲ ਨੇ ਕੇਵਲ ਨਾਨਕਸ਼ਾਹੀ ਕੈਲੰਡਰ ਹੀ ਨਹੀਂ ਬਣਾਇਆ ਸਗੋਂ ਮੁਸਲਮਾਨ ਭਰਾਵਾਂ ਨੂੰ ਇਕ ਹਿਜਰੀ ਕੈਲੰਡਰ ਵੀ ਬਣਾ ਕੇ ਦਿੱਤਾ। ਪਾਕਿਸਤਾਨ ਦੇ ਵਿਦਵਾਨਾਂ ਨੇ ਸ. ਪੁਰੇਵਾਲ ਨਾਲ ਮੀਟਿੰਗਾਂ ਰਾਹੀਂ ਇਸ ਕੈਲੰਡਰ ਨੂੰ ਮਨਜ਼ੂਰ ਕਰ ਕੇ ਸ. ਪੁਰੇਵਾਲ ਦਾ ਸਨਮਾਨ ਵੀ ਕੀਤਾ ਜਦਕਿ ਇਸ ਦੇ ਉਲਟ ਸਾਡੇ ਆਪਣੇ ਦੇਸ਼ ਵਾਸੀਆਂ ਨੇ ਸਨਮਾਨ ਕਰਨਾ ਤਾਂ ਇਕ ਪਾਸੇ ਸਗੋਂ ਜਲੀਲ ਕਰਨ ਦੀ ਹਰ ਕੋਸ਼ਿਸ਼ ਕੀਤੀ। ਇਹ ਗੱਲ ਤਾਂ ਬਿਲਕੁਲ ਠੀਕ ਲਗਦੀ ਹੈ ਕਿ ਕੈਲੰਡਰ 'ਤੇ ਮਾਹਰਾਂ ਦਾ ਵਿਚਾਰ-ਵਟਾਂਦਰਾ ਜਰੂਰੀ ਹੈ ਅਤੇ ਇਸ ਵਿਚਾਰ-ਵਟਾਂਦਰੇ ਵਿਚ ਉਹ ਸੱਜਣ ਬੈਠਣੇ ਚਾਹੀਦੇ ਹਨ ਜੋ ਕੈਲੰਡਰ ਵਿਗਿਆਨ ਦੇ ਗਿਆਤਾ ਹੋਣ ਪਰ ਸਾਡੀ ਕੌਮ ਦਾ ਹਾਲ ਇਹ ਹੈ ਕਿ ਸ. ਪਾਲ ਸਿੰਘ ਪੁਰੇਵਾਲ ਵਰਗੇ ਕੈਲੰਡਰ ਵਿਗਿਆਨ ਦੇ ਮਾਹਿਰ ਜਿਨ੍ਹਾਂ ਦਾ ਜ਼ਿਕਰ ਵਿਕਸਤ ਦੇਸ਼ ਕੈਲੰਡਰ ਸਾਇੰਸ ਦੀਆਂ ਕਿਤਾਬਾਂ ਦੀਆਂ ਭੂਮਿਕਾਵਾਂ ਵਿਚ ਲਿਖਣ ਲਈ ਮਜਬੂਰ ਹੋਏ ਹਨ, ਦੇ ਅੱਧੀ ਸਦੀ ਦੇ ਕੀਤੇ ਕੰਮ 'ਤੇ ਕਿੰਤੂ ਕੇਵਲ ਅਨਪੜ੍ਹ ਬਾਬੇ/ਜਥੇਦਾਰਾਂ ਵਲੋਂ ਕੀਤਾ ਜਾਂਦਾ ਹੈ ਜੋ ਕਿ ਕੈਲੰਡਰ ਸਾਇੰਸ ਦਾ ਉੜਾ-ਐੜਾ ਵੀ ਨਹੀਂ ਜਾਣਦੇ। ਇਸੇ ਤਰ੍ਹਾਂ ਕੁਝ ਭਾੜੇ ਦੇ ਲਿਖਾਰੀ ਆਪਣੀ ਜਿਦ ਕਾਰਨ ਨਾਨਕਸ਼ਾਹੀ ਕੈਲੰਡਰ ਦਾ ਵਿਰੋਧ ਕਰਦੇ ਆ ਰਹੇ ਹਨ।

ਵਿਚਾਰ-ਚਰਚਾ ਲਈ ਜਰੂਰੀ ਹੈ ਕਿ ਦੋਵਾਂ ਧਿਰਾਂ ਦੀ ਵਿਸ਼ੇ 'ਤੇ ਪਕੜ ਵਿਗਿਆਨਕ ਅਤੇ ਸਮੇਂ ਅਨੁਸਾਰ ਹੋਵੇ ਤਾਂ ਕਿ ਇਹ ਯਕੀਨੀ ਰਹੇ ਕਿ ਦੋਵੇਂ ਧਿਰਾਂ ਕੈਲੰਡਰ ਦੀਆਂ ਤਕਨੀਕੀ ਗੱਲਾਂ ਤੋਂ ਵਾਕਿਫ ਹਨ। ਪਰ ਜਦੋਂ ਕੁਝ ਲੋਕਾਂ ਨੂੰ ਵਿਚਾਰ ਲਈ ਵੰਗਾਰਿਆ ਗਿਆ ਤਾਂ ਜਵਾਬ ਸੀ, ਇਨ੍ਹਾਂ ਤਕਨੀਕੀ ਗੱਲਾਂ 'ਤੇ ਵਿਚਾਰ ਲਈ ਅਸੀਂ ਸਮਾ ਵਿਅਰਥ ਨਹੀਂ ਗੁਆਉਣਾ। ਕਈਆਂ ਦਾ ਤਾਂ ਇੱਕੋ ਇੱਕ ਉਦੇਸ਼ ਆਪਣੀ ਮਰਜੀ ਦੀਆਂ ਤਰੀਕਾਂ ਨੂੰ ਹੀ ਸਹੀ ਸਾਬਤ ਕਰਨ ਲਈ ਨਾਨਕਸ਼ਾਹੀ ਕੈਲੰਡਰ ਦਾ ਹਰ ਹੀਲੇ ਵਿਰੋਧ ਕਰਨਾ ਹੈ। ਕੁਝ ਦਾ ਵਿਰੋਧ ਇਸ ਕਰਕੇ ਹੈ ਕਿ ਉਨ੍ਹਾਂ ਦੀਆਂ ਕਹੀਆਂ/ਦੱਸੀਆਂ ਗੱਲਾਂ/ਨੁਕਤੇ ਕਿਉਂ ਨਾ ਮੰਨੇ ਗਏ। ਕੁਝ ਅਜਿਹੇ ਵਿਰੋਧੀ ਵੀ ਹਨ ਜਿਨ੍ਹਾਂ ਦਾ ਕੰਮ ਹੀ ਹਰ ਉਸ ਗੱਲ ਦਾ ਵਿਰੋਧ ਕਰਨਾ ਹੈ ਜਿਸ ਦਾ ਸਬੰਧ ਸਿੱਧੇ ਜਾਂ ਅਸਿੱਧੇ ਤਰੀਕੇ ਨਾਲ ਸਿੱਖ ਕੌਮ ਦੇ ਵੱਖਰੀ ਕੌਮ ਵਜੋਂ ਸਥਾਪਤ ਹੋਣ ਨਾਲ ਹੈ। ਭਾਵੇਂ ਇਹ ਧਾਰਾ 25 ਬੀ ਹੋਵੇ ਜਾਂ ਸਿੱਖ ਮੈਰਿਜ ਐਕਟ ਹੋਵੇ ਜਾਂ ਨਾਨਕਸ਼ਾਹੀ ਕੈਲੰਡਰ। ਇਹ ਤਾਂ ਸਭ ਜਾਣਦੇ ਹਨ ਕਿ ਕੈਲੰਡਰ ਹੀ ਕੌਮਾਂ ਦੀ ਵੱਖਰੀ ਪਹਿਚਾਣ ਦਾ ਕਾਰਨ ਨਹੀਂ ਹੁੰਦੇ ਪਰ ਸਿੱਖ ਕੌਮ ਲਈ ਇਹ ਵੱਡੇ ਭਾਗਾਂ ਵਾਲੀ ਗੱਲ ਹੀ ਹੈ ਕਿ ਸਾਡਾ ਨਾਨਕਸ਼ਾਹੀ ਕੈਲੰਡਰ ਵੀ ਸਿੱਖਾਂ ਦੀ ਵੱਖਰੀ ਹਸਤੀ ਦਾ ਪ੍ਰਤੀਕ ਬਣ ਗਿਆ ਹੈ। ਕੁਝ ਲੋਕਾਂ ਦਾ ਕਹਿਣਾ ਹੈ ਕਿ ਅਸੀਂ ਤਾਂ ਸੀ ਈ ਕੈਲੰਡਰ ਹੀ ਵਰਤਣਾ ਹੈ, ਚੇਤ ਵੈਸਾਖ ਨਹੀਂ। ਸਵਾਲ ਹੈ ਕਿ ਇਹ ਲੋਕ ਇਹ ਕਿੰਝ ਭੁੱਲ ਜਾਂਦੇ ਹਨ ਕਿ ਚਾਹੇ 5 ਜਨਵਰੀ ਹੋਵੇ, ਚਾਹੇ 23 ਪੋਹ- ਤਰੀਕਾਂ ਦੋਹਾਂ ਦੀਆਂ ਪੱਕੀਆਂ ਰਹਿਣਗੀਆਂ। ਅਗਰ ਕੰਧ 'ਤੇ ਟੰਗੇ ਕੈਲੰਡਰ ਵਿਚ ਸੀ ਈ ਦੇ ਨਾਲ ਨਾਲ ਬਿਕਰਮੀ ਦੀ ਜਗ੍ਹਾ ਨਾਨਕਸ਼ਾਹੀ ਕੈਲੰਡਰ ਹੋਵੇਗਾ ਤਾਂ ਉਨ੍ਹਾਂ ਦਾ ਕੀ ਨੁਕਸਾਨ ਹੋ ਜਾਵੇਗਾ? ਕੁਝ ਲੋਕ ਆਖਦੇ ਹਨ ਕਿ ਸਾਨੂੰ ਤਾਂ ਪੁਰਾਣਾ ਗੁਰੂ ਕਾਲ ਵਾਲਾ ਕੈਲੰਡਰ ਹੀ ਠੀਕ ਹੈ ਪਰ ਅਜਿਹੇ ਭੋਲੇ ਲੋਕ ਇਹ ਵੀ ਨਹੀਂ ਜਾਣਦੇ ਕਿ ਗੁਰੂ ਕਾਲ ਵੇਲੇ ਵਰਤੇ ਜਾਂਦੇ ਬਿਕਰਮੀ ਕੈਲੰਡਰ ਵਿਚ ਤਾਂ ਹਿੰਦੂ ਵਿਦਵਾਨ 1964 ਵਿਚ ਸੋਧ ਕਰ ਚੁੱਕੇ ਹਨ, ਹੁਣ ਤੇ ਉਹ ਪੁਰਾਣਾ ਹੈ ਹੀ ਨਹੀਂ।

ਕੁਝ ਲੋਕ ਸ. ਪੁਰੇਵਾਲ ਦੇ ਬਣਾਏ ਕੈਲੰਡਰ ਵਿਚ ਸੰਗਰਾਂਦ, ਮੱਸਿਆ ਜਾਂ ਪੂਰਨਮਾਸ਼ੀ ਦੇ ਜ਼ਿਕਰ ਨੂੰ ਠੀਕ ਨਹੀਂ ਸਮਝਦੇ ਪਰ ਉਹ ਇਹ ਸਮਝਣੋਂ ਅਸਮਰਥ ਹਨ ਕਿ ਬਿਕਰਮੀ ਦੀ ਸੰਗਰਾਂਦ ਸੂਰਜ ਦੇ ਇਕ ਰਾਸ਼ੀ 'ਚੋਂ ਦੂਜੀ ਰਾਸ਼ੀ ਵਿਚ ਜਾਣ ਨੂੰ ਕਹਿੰਦੇ ਹਨ (ਧਰਤੀ ਨੂੰ ਖੜ੍ਹਾ ਅਤੇ ਸੂਰਜ ਨੂੰ ਰਾਸ਼ੀਆਂ {ਤਾਰਿਆਂ ਦਾ ਸਮੂਹ} ਬਦਲਦਾ ਮੰਨ ਕੇ) ਜਦਕਿ ਨਾਨਕਸ਼ਾਹੀ ਕੈਲੰਡਰ ਵਿਚ ਤਾਂ ਮਹੀਨੇ ਦੇ ਪਹਿਲੇ ਦਿਨ ਨੂੰ ਸੰਗਰਾਂਦ ਆਖਿਆ ਗਿਆ ਹੈ ਜਿਸ ਦਾ ਬਿਪਰਵਾਦ ਨਾਲ ਕੋਈ ਸਬੰਧ ਨਹੀਂ। ਮੱਸਿਆ ਜਾਂ ਪੂਰਨਮਾਸ਼ੀ ਦਾ ਸਬੰਧ ਅਰਧ ਗੋਲੇ ਵਿਚ ਚੰਦ ਦਾ ਧਰਤੀ ਦੇ ਸਭ ਤੋਂ ਨਜ਼ਦੀਕ ਆ ਕੇ ਪੂਰਾ ਦਿਖਣਾ ਜਾਂ ਚੰਦਰਮਾ ਦਾ ਧਰਤੀ ਓਹਲੇ ਹੋ ਕੇ ਪੂਰਾ ਅੰਧੇਰਾ ਹੋਣ ਨਾਲ ਹੈ। ਬਿਪਰਵਾਦ ਅਜਿਹੇ ਦਿਨਾਂ ਨੂੰ ਪਵਿੱਤਰ/ਅਪਵਿੱਤਰ ਮੰਨ ਕੇ ਪੂਜਣ ਤੋਂ ਹੈ। ਮੱਸਿਆ ਪੂਰਨਮਾਸ਼ੀ ਤਾਂ ਕੁਦਰਤੀ ਵਰਤਾਰੇ ਹਨ।

ਕੁਝ ਲੋਕ ਦੂਜਿਆਂ ਦੀ ਆਲੋਚਨਾ ਲਈ ਕੈਲੰਡਰ ਬਾਰੇ ਵਿਚਾਰ ਕਰਨ ਵਾਲਿਆਂ ਨੂੰ ਤਾਂ ਕੈਲੰਡਰ ਵਿਗਿਆਨੀਆਂ ਦੀ ਭਰਮਾਰ ਆਖਦੇ ਹਨ ਪਰ ਖੁਦ ਇਸੇ ਰਸਤੇ ਚੱਲਣ ਤੋਂ ਪਿੱਛੇ ਨਹੀਂ ਰਹਿਣਾ ਚਾਹੁੰਦੇ। ਕੁਝ ਲੋਕ ਆਖਦੇ ਹਨ ਕਿ ਪੁਰੇਵਾਲ ਕਰਕੇ ਦੋ ਤਰ੍ਹਾਂ ਦੇ ਚੇਤ-ਵੈਸਾਖ ਬਣ ਗਏ ਹਨ ਪਰ 1964 ਦੌਰਾਨ ਹਿੰਦੂ ਵਿਗਿਆਨੀਆਂ ਦੀ ਕੀਤੀ ਸੋਧ ਕਾਰਨ ਉਸ ਵੇਲੇ ਬਣੇ ਨਵੇਂ ਚੇਤ-ਵੈਸਾਖ ਬਾਰੇ ਚੁੱਪ ਰਹਿੰਦੇ ਹਨ। ਇਸੇ ਤਰ੍ਹਾਂ ਰੋਮਨਾਂ ਦੀ ਕੀਤੀ ਸੋਧ ਵੇਲੇ ਇਨ੍ਹਾਂ ਨੂੰ ਨਵੇਂ ਜਨਵਰੀ-ਫਰਵਰੀ ਨਹੀਂ ਦਿਸਦੇ। ਕਈ ਆਖਦੇ ਹਨ ਪੁਰੇਵਾਲ ਨੇ ਵਕਤ ਖਰਾਬ ਕੀਤਾ ਹੈ ਪਰ ਆਪਣੇ ਵਕਤ ਦੀ ਸਹੀ ਵਰਤੋਂ ਕਰਕੇ ਕੋਈ ਕੌਮੀ ਕਾਰਜ ਕਰਦੇ ਕਦੇ ਨਹੀਂ ਦੇਖੇ ਗਏ। ਕੁਝ ਲਿਖਦੇ ਹਨ ਕਿ ਨਾਨਕਸ਼ਾਹੀ ਕੈਲੰਡਰ ਸਿੱਖਾਂ ਦਾ ਬਾਹਮਣਾਂ ਨਾਲੋਂ ਨਾੜੂਆ ਕੱਟਣ ਸਮਾਨ ਹੈ ਜੋ ਕਿ ਬਹੁਤ ਹੱਦ ਤੱਕ ਸਹੀ ਗੱਲ ਹੈ। ਸ਼ਾਇਦ ਇਹੀ ਕਾਰਨ ਹੈ ਨਾਨਕਸ਼ਾਹੀ ਕੈਲੰਡਰ ਦੀ ਨੀਤੀਗਤ ਵਿਰੋਧਤਾ ਦਾ। ਕੁਝ ਲੋਕ ਆਖਦੇ ਹਨ ਕਿ ਨਾਨਕਸ਼ਾਹੀ ਕੈਲੰਡਰ ਦੀ ਕੀ ਲੋੜ ਸੀ ਸਿਰਫ 10-12 ਦਿਨ ਹੀ ਪੱਕੇ ਕਰਨ ਦੀ ਲੋੜ ਸੀ ਪਰ ਅਜਿਹਾ ਕਹਿਣ ਵਾਲੇ ਸੱਜਣ 2003 ਤੋਂ ਹੁਣ ਤੱਕ ਵਿਰੋਧਤਾ ਤਾਂ ਕਰਦੇ ਆਏ ਹਨ ਪਰ ਇਹ ਆਖੇ ਜਾਂਦੇ 10-12 ਦਿਨ ਖੁਦ ਪੱਕੇ ਨਹੀਂ ਕਰ ਸਕੇ। ਕਿੰਨਾ ਚੰਗਾ ਹੁੰਦਾ ਅਗਰ ਦੂਜੇ ਦੀ ਮਾਰੀ ਲਕੀਰ ਢਾਹੁਣ ਦੀਆਂ ਕੋਸ਼ਿਸ਼ਾਂ ਛੱਡ ਕੇ ਖੁਦ ਆਪਣੀ ਵੱਡੀ ਲਕੀਰ ਮਾਰ ਕੇ ਦਿਖਾਉਂਦੇ। ਅਸਲ ਵਿਚ ਅਜਿਹੇ ਲੋਕਾਂ ਦਾ ਮਕਸਦ ਕੇਵਲ ਤੇ ਕੇਵਲ ਵਿਰੋਧ ਕਰਕੇ ਚਰਚਾ ਵਿਚ ਰਹਿਣਾ ਹੀ ਹੈ।

ਸਮੇਂ ਨੂੰ ਮਿਣਨ ਲਈ ਅਗਰ ਕੋਈ ਕਿਸੇ ਨਵੀਂ ਤਕਨਾਲੋਜੀ ਨਾਲ ਘੜੀ ਬਣਾ ਦੇਵੇ ਤਾਂ ਕਦੇ ਵਿਵਾਦ ਨਹੀਂ ਹੋਵੇਗਾ ਸਗੋਂ ਅਪਨਾਉਣ ਲਈ ਹਰ ਕੋਈ ਪਹਿਲ ਕਰਦਾ ਨਜ਼ਰ ਆਵੇਗਾ। ਅਗਰ ਕਿਸੇ ਕੈਲੰਡਰ ਦੀ ਮਿਣਤੀ ਸਹੀ ਕਰਨ ਲਈ ਅੰਗਰੇਜ਼, ਰੋਮਨ ਜਾਂ ਭਾਰਤੀ ਬ੍ਰਾਹਮਣ ਕੋਈ ਤਬਦੀਲੀ ਕਰ ਦੇਣ ਤਾਂ ਕਿਸੇ ਨੂੰ ਕੋਈ ਉਜਰ ਨਹੀਂ ਹੋਵੇਗਾ ਪਰ ਅਗਰ ਕਿਧਰੇ ਕੋਈ ਸਿੱਖ ਵਿਦਵਾਨ ਕੈਲੰਡਰ ਨੂੰ ਮੌਸਮੀ ਸਾਲ ਦੇ ਬਰਾਬਰ ਕਰ ਕੇ ਸੀ ਈ ਕੈਲੰਡਰ ਵਾਂਗ ਹੀ ਤਰੀਕਾਂ ਮੁਕੱਰਰ ਕਰ ਦੇਵੇ ਤਾਂ ਸੱਚਮੁੱਚ ਵਿਵਾਦ ਹੋ ਜਾਂਦਾ ਹੈ। ਉਹ ਲੋਕ ਜਿਨ੍ਹਾਂ ਨੂੰ ਕੈਲੰਡਰ ਵਿਗਿਆਨ ਬਾਰੇ ਊੜਾ-ਐੜਾ ਵੀ ਪਤਾ ਨਹੀਂ ਹੁੰਦਾ ਉਹ ਵੀ ਵਿਰੋਧ ਕਰਦੇ ਨਜ਼ਰ ਆਉਂਦੇ ਹਨ। ਇਹ ਗੱਲ ਵੀ ਸਪੱਸ਼ਟ ਹੈ ਕਿ ਹੁਣ ਸਿੱਖ ਕੌਮ ਕੇਵਲ ਭਾਰਤ ਤੱਕ ਹੀ ਸੀਮਤ ਨਹੀਂ ਰਹੀ। ਮਜ਼ਹਬੀ-ਰਾਜਨੀਤਕ ਗੱਠਜੋੜ ਨੇ ਆਪਣੇ ਵਕਤੀ ਫਾਇਦੇ ਲਈ ਸਿੱਖਾਂ ਦੀਆਂ ਕੇਂਦਰੀ ਜਥੇਬੰਦੀਆਂ ਦਾ ਘੇਰਾ ਪੰਜਾਬ ਜਾਂ ਕੁਝ ਗਵਾਂਢ ਤੱਕ ਹੀ ਸੀਮਤ ਕੀਤਾ ਹੋਇਆ ਹੈ। ਜਿੱਥੇ ਹਿੰਦੁਸਤਾਨੀ ਸਿੱਖ ਉਨ੍ਹਾਂ ਦੀਆਂ ਬੱਜਰ ਗਲਤੀਆਂ ਕਾਰਨ ਨਾਨਕਸ਼ਾਹੀ ਕੈਲੰਡਰ ਬਾਰੇ ਕੋਈ ਗੱਲ ਮੰਨਣੋਂ ਇਨਕਾਰੀ ਹਨ, ਉਥੇ ਭਾਰਤ ਤੋਂ ਬਾਹਰ ਵਸਦੇ ਬਹੁਤੇ ਸਿੱਖਾਂ ਨੇ ਨਾਨਕਸ਼ਾਹੀ ਕੈਲੰਡਰ ਦੇ ਹੱਕ ਵਿਚ ਮਤੇ ਪਾਏ ਹੋਏ ਹਨ। ਅਨੇਕਾਂ ਗੁਰਦੁਆਰਿਆਂ ਨੇ 2003 ਤੋਂ ਹੀ ਨਾਨਕਸ਼ਾਹੀ ਕੈਲੰਡਰ ਅਪਨਾਇਆ ਹੋਇਆ ਹੈ। ਭਾਵੇਂ 2003 ਵਿਚ ਨਾਨਕਸ਼ਾਹੀ ਕੈਲੰਡਰ ਨੂੰ ਪਰਵਾਨਗੀ ਦਿੰਦਿਆਂ ਸ਼੍ਰੋਮਣੀ ਕਮੇਟੀ ਨੇ ਕਿਸੇ ਚਾਲ ਤਹਿਤ 3-4 ਮਹੱਤਵਪੂਰਣ ਦਿਹਾੜਿਆਂ ਨੂੰ ਬਿਕਰਮੀ ਵਾਲੇ ਹੀ ਰੱਖ ਕੇ ਅਸਲ ਨਾਨਕਸ਼ਾਹੀ ਕੈਲੰਡਰ ਨੂੰ ਮਿਲਗੋਭਾ ਕਰਨ ਦਾ ਯਤਨ ਅਰੰਭ ਦਿੱਤਾ ਸੀ ਪਰ ਸ. ਪੁਰੇਵਾਲ ਨੇ ਘੱਟੋ ਘੱਟ ਬਾਕੀ ਤਰੀਕਾਂ ਨੂੰ ਸਮਝਾਉਣ ਲਈ ਪਲੇਟਫਾਰਮ ਮਿਲਣ ਤੋਂ ਸਭ ਤਰੀਕਾਂ ਨੂੰ ਹੀ ਨਾਨਕਸ਼ਾਹੀ ਅਨੁਸਾਰ ਕਰਨ ਦੀ ਝਾਕ ਵਿਚ ਮੀਟਿੰਗਾਂ ਅਰੰਭੀਆਂ ਸਨ ਪਰ ਜਿਵੇਂ ਹੀ ਸ਼੍ਰੋਮਣੀ ਕਮੇਟੀ ਅਤੇ ਸੰਤ ਸਮਾਜ ਨੇ ਸਾਰੇ ਹੀ ਕੈਲੰਡਰ ਦੇ ਬਿਕਰਮੀਕਰਣ 'ਤੇ ਜੋਰ ਦਿੱਤਾ ਤਾਂ ਰੋਹ ਵਿਚ ਆਏ ਸਿੱਖਾਂ ਨੇ ਜੋਰ-ਸ਼ੋਰ ਨਾਲ ਵਿਦੇਸ਼ਾਂ ਵਿਚ ਅਸਲੀ ਅਤੇ ਸ਼ੁੱਧ ਨਾਨਕਸ਼ਾਹੀ ਕੈਲੰਡਰ ਨੂੰ ਅਪਨਾਉਣਾ ਅਰੰਭ ਕਰ ਦਿੱਤਾ।

# ਸੁਹਿਰਦ ਪੰਥਕ ਸੋਚ ਅਤੇ ਨਾਨਕਸ਼ਾਹੀ ਕੈਲੰਡਰ

ਡਾ. ਸੁਖਪ੍ਰੀਤ ਸਿੰਘ ਉਦੋਕੇ
ਫੋਨ: 91-98722-72004

ਕੌਮ ਲਈ ਹਿੱਤਕਾਰੀ ਮੁੱਦਿਆਂ ਪ੍ਰਤੀ ਸਾਡੀ ਸੋਚ ਧੜੇਬੰਦੀ ਤੋਂ ਮੁਕਤ ਨਹੀਂ ਹੈ। ਚਲੰਤ ਮਸਲਿਆਂ ਵਿਚੋਂ ਜੇਕਰ ਨਾਨਕਸ਼ਾਹੀ ਕੈਲੰਡਰ ਦਾ ਮਸਲਾ ਹੀ ਲੈ ਲਈਏ ਤਾਂ ਇਸ ਦੌਰਾਨ ਵੀ ਕੌਮੀ ਧੜੇਬੰਦੀ ਦਾ ਉਗਰ ਰੂਪ ਵੇਖਣ ਵਿਚ ਆਇਆ ਹੈ। ਕਿਹਾ ਜਾ ਸਕਦਾ ਹੈ ਕਿ ਅਹਿਮ ਮਸਲੇ ਪ੍ਰਤੀ ਸੁਹਿਰਦਤਾ, ਸਪੱਸ਼ਟਤਾ ਅਤੇ ਸੰਵੇਦਨਸ਼ੀਲਤਾ ਦੀ ਘਾਟ ਹੈ ਪ੍ਰੰਤੂ ਸ਼ੋਹਰਤ, ਸ਼ੋਸ਼ੇਬਾਜ਼ੀ ਅਤੇ ਸ਼ਰਾਰਤਬਾਜ਼ੀ ਦੀ ਬਹੁਤਾਤ ਹੈ। ਗੈਰ ਸਿਧਾਂਤਕ ਰਾਜਸੀ ਧੜੇਬੰਦੀ ਦੀਆਂ ਸਵਾਰਥੀ ਨੀਤੀਆਂ ਅਧੀਨ ਖੇਡਿਆ ਜਾ ਰਿਹਾ ਇਹ ਖਤਰਨਾਕ ਪੱਤਾ ਭਵਿੱਖ ਦੀ ਪੀੜੀ ਨੂੰ ਵਿਚਾਰਧਾਰਕ ਪੱਖ ਤੋਂ ਇੰਨਾ ਹੀਣਾ ਕਰ ਦੇਵੇਗਾ ਕਿ ਭਵਿੱਖ ਦੇ ਦਿੱਤ ਸਿੰਘ ਦੁਬਾਰਾ ਕਿਸੇ ਦਯਾਨੰਦ ਨਾਲ ਸੰਵਾਦ ਰਚਾਉਣ ਦੇ ਸ਼ਾਇਦ ਕਾਬਿਲ ਨਹੀਂ ਰਹਿਣਗੇ ਕਿਉਂਕਿ ਆਪਣਿਆਂ ਦੀ ਖੁਦਗਰਜੀ ਅਤੇ ਸ਼ਿਕਾਰੀਆਂ ਦੀ ਨੀਤੀ, ਸ਼ੇਰਾਂ ਦੇ ਸਿਰਜੇ ਇਤਿਹਾਸ ਨੂੰ ਕਤਲ ਕਰਕੇ ਮਿਥਿਹਾਸ ਰੂਪ ਵਿਚ ਪੁਨਰਜੀਵਤ ਕਰ ਚੁੱਕੀ ਹੋਵੇਗੀ। ਜੇਕਰ ਕੌਮ ਦੇ ਪਰੰਪਰਾਵਾਦੀ ਅਤੇ ਸੰਪਰਦਾਈ ਪੱਖ ਦਾ ਮਨੋਵਿਗਿਆਨਕ ਅਧਿਐਨ ਕਰੀਏ ਤਾਂ ਉਸ ਦਾ ਬੌਧਿਕ ਤਲ ਏਨਾ ਜਰਜਰਾ ਹੋ ਚੁੱਕਾ ਹੈ ਕਿ ਉਹ ਤਾਂ ਅਜੇ ਤੱਕ ਗੁਰਬਾਣੀ ਦੀਆਂ ਗੈਰਸਿਧਾਂਤਕ ਵਿਆਖਿਆ ਪ੍ਰਣਾਲੀਆਂ ਵਿਚੋਂ ਆਪਣੇ ਆਪ ਨੂੰ ਮੁਕਤ ਕਰਨ ਜਾਂ ਲੋੜੀਂਦੀਆਂ ਸੋਧਾਂ ਕਰਨ ਨੂੰ ਤਿਆਰ ਨਹੀਂ ਅਤੇ 'ਮੈਂ ਨਾ ਮਾਨੂੰ' ਉਪਰ ਹੀ ਅੜਿਆ ਹੋਇਆ ਹੈ।

ਦੂਸਰੇ ਪਾਸੇ, ਜਿਹੜਾ ਤੰਤਰ ਸਮੁੱਚੇ ਹਿੰਦੋਸਤਾਨ ਨੂੰ ਹਿੰਦੂ, ਹਿੰਦੀ ਅਤੇ ਹਿੰਦੁਤਵ ਦੇ ਭਗਵੇਂ ਰੰਗ ਵਿਚ ਰੰਗਣ ਲਈ ਯਤਨਸ਼ੀਲ ਹੈ, ਉਸ ਦੀ ਸੋਚ ਬਹੁਤ ਹੀ ਦੂਰਅੰਦੇਸ਼, ਸਤਰਕ ਅਤੇ ਆਪਣੇ ਵਿਚਾਰਧਾਰਕ ਪੱਖ ਨੂੰ ਉਚਾ ਚੁਕਣ ਲਈ ਸਮਰਪਿਤ ਹੈ। ਭਵਿੱਖ ਦੀ ਸੋਝੀ ਤੋਂ ਵਿਹੂਣੀਆਂ ਸਾਡੀਆਂ ਤਰਕੀਬਾਂ ਤਾਂ ਇਤਿਹਾਸ ਨੂੰ ਮਿਥਿਹਾਸ ਵਿਚ ਬਦਲਣ ਦੀ ਕਿਰਿਆ ਦਾ ਹਿੱਸਾ ਬਣ ਚੁੱਕੀਆਂ ਹਨ ਪਰ ਉਹ ਆਪਣੇ ਮਿਥਿਹਾਸ ਨੂੰ ਇਤਿਹਾਸ ਦੀ ਯਥਾਰਥਕਤਾ ਦਾ ਬਾਣਾ ਪਹਿਨਾ ਰਹੇ ਹਨ। ਇਕ ਪਾਸੇ ਤਾਂ ਜਿਥੇ ਪੂਰਨ ਰੂਪ ਵਿਚ ਵਿਦਿਆ ਪ੍ਰਣਾਲੀ ਦਾ ਭਗਵਾਂਕਰਨ ਹੋ ਰਿਹਾ ਹੈ, ਉਥੇ ਦੂਜੇ ਪਾਸੇ ਉਨ੍ਹਾਂ ਦੀਆਂ ਵਿਸ਼ੇਸ਼ ਖੋਜ ਸੰਸਥਾਵਾਂ ਆਪਣੇ ਮਿਥਿਹਾਸਕ ਪਾਤਰਾਂ ਦਾ ਤਾਰੀਖਵਾਰ ਅਧੀਨ ਢਾਂਚਾ ਉਸਾਰ ਕੇ ਉਨ੍ਹਾਂ ਨੂੰ ਇਤਿਹਾਸ ਦੇ ਢਾਂਚੇ ਦੇ ਹਾਣੀ ਬਣਾ ਰਹੀਆਂ ਹਨ।

ਸਾਲ 2003 ਦੀ 'ਟਾਈਮਜ਼ ਆਫ ਇੰਡੀਆ' ਅਖਬਾਰ ਵਿਚ 8 ਨਵੰਬਰ ਨੂੰ ਇਕ ਖਬਰ ਪ੍ਰਕਾਸ਼ਿਤ ਹੋਈ ਸੀ ਕਿ ਇਕ ਆਈ.ਆਰ.ਐਸ. ਅਫਸਰ ਸ਼੍ਰੀਮਤੀ ਸਰੋਜ ਬਾਲਾ ਨੇ ਹਿੰਦੂ ਧਰਮ ਦੇ ਪੁਰਾਤਨ ਸਰੋਤਾਂ ਦੀ ਘੋਖ ਕਰਕੇ ਅਤੇ ਗ੍ਰਹਿ ਵਿਗਿਆਨ ਦਾ ਨਵੀਨਤਮ ਸਰੋਤਾਂ ਵਿਧੀਆਂ ਅਨੁਸਾਰ ਅਧਿਐਨ ਕਰਕੇ ਦਸ਼ਰਥ ਪੁੱਤਰ ਰਾਮ ਜੀ ਦੀ ਜਨਮ ਤਾਰੀਖ ਨਿਰਧਾਰਤ ਕਰਨ ਦਾ ਦਾਅਵਾ ਕੀਤਾ ਹੈ। ਉਸ ਅਨੁਸਾਰ ਇਹ ਤਾਰੀਖ 10 ਜਨਵਰੀ 5114 ਬੀ.ਸੀ. ਬਣਦੀ ਹੈ।

ਸੰਘ ਦੀ ਬਿਪਰਵਾਦੀ ਨੀਤੀ ਤੋਂ ਪ੍ਰਭਾਵਿਤ ਕਈ ਲੋਕ ਇਹ ਦਲੀਲ ਵੀ ਦਿੰਦੇ ਹਨ ਕਿ ਨਾਨਕਸ਼ਾਹੀ ਜੰਤਰੀ ਨਾਲ ਹਿੰਦੂਆਂ-ਸਿੱਖਾਂ ਦੀ ਆਪਸੀ ਸਾਂਝ ਟੁੱਟ ਜਾਵੇਗੀ ਅਤੇ ਮਨਾਏ ਜਾਂਦੇ ਸਾਂਝੇ ਤਿਉਹਾਰ (ਦੀਵਾਲੀ-ਬੰਦੀਛੋੜ) ਬਾਰੇ ਵਿਵਾਦ ਖੜਾ ਹੋਵੇਗਾ, ਪਰ ਸੰਘੀ ਵਿਦਵਾਨ ਤਾਂ ਭਗਵਾਨ ਰਾਮ ਦੇ ਅਯੁਧਿਆ ਆਗਮਨ ਦੀਆਂ ਤਾਰੀਖਾਂ ਵੀ ਤੈਅ ਕਰਨ ਲਈ ਸਿਰਤੋੜ ਯਤਨ ਕਰ ਰਹੇ ਹਨ। ਆਪਣੇ ਧਾਰਮਿਕ ਸਰੋਤਾਂ ਦੀ ਘੋਖ ਪੜਤਾਲ ਉਪਰੰਤ ਉਨ੍ਹਾਂ ਨੇ ਇਹ ਸਿੱਟਾ ਕੱਢਿਆ ਹੈ ਕਿ ਕੱਤਕ ਦੇ ਮਹੀਨੇ ਵਿਚ ਮਨਾਈ ਜਾਂਦੀ ਦੀਵਾਲੀ ਦਾ ਹਿੰਦੂ ਧਰਮ ਦੇ ਤਿਉਹਾਰ ਦੀਵਾਲੀ ਨਾਲ ਕੋਈ ਤੁਅੱਲਕ ਨਹੀਂ ਹੈ। ਸੰਘ ਵਲੋਂ ਪ੍ਰਕਾਸ਼ਿਤ ਮਾਸਿਕ ਪੱਤਰ 'ਰਾਵਨੀ' ਵਿਚ ਇਸ ਪੱਖ ਦੀ ਖੋਜ ਨਾਲ ਜੁੜੇ ਸੰਘੀ ਵਿਦਵਾਨ ਬਾਲ ਕਿਸ਼ਨ ਵੈਦ ਭਗਵਾਨ ਰਾਮ ਦੇ ਆਗਮਨ ਬਾਰੇ ਲਿਖਦੇ ਹਨ, "ਪਤਾ ਨਹੀਂ ਭਗਵਾਨ ਰਾਮ ਦੇ ਬਨਵਾਸ ਪਿੱਛੋਂ ਅਯੁਧਿਆ ਵਾਪਸੀ ਨਾਲ ਇਸ ਦਾ ਸਬੰਧ ਕਦੋਂ ਜੋੜਿਆ ਗਿਆ? ਬਾਲਮੀਕ ਰਮਾਇਣ ਵਿਚ ਤਾਂ ਲਿਖਿਆ ਹੈ ਕਿ ਲੰਕਾ ਵਿਜੈ ਤੋਂ ਬਾਅਦ ਭਗਵਾਨ ਰਾਮ ਚੇਤਰ ਦੇ ਮਹੀਨੇ ਵਿਚ ਅਯੁਧਿਆ ਪਹੁੰਚੇ। ਰਾਵਣ ਨੂੰ ਮਾਰਨ ਤੋਂ ਬਾਅਦ ਸ੍ਰੀ ਰਾਮ ਚੰਦਰ ਅਯੁਧਿਆ ਪਰਤੇ ਤਾਂ ਰਸਤੇ 'ਚ ਰਿਸ਼ੀ ਭਾਰਦਵਾਜ ਦੇ ਆਸ਼ਰਮ ਵਿਚ ਰੁਕੇ। ਇਸ ਬਾਬਤ ਮਹਾਰਿਸ਼ੀ ਬਾਲਮੀਕ ਨੇ ਆਪਣੇ ਰਮਾਇਣ 'ਚ ਲਿਖਿਆ ਹੈ,

ਪੂਰਨੇਯ ਚਤੁਰ ਦੇਸ਼ ਵਰਸ਼ੇ ਪੰਚਮਯ ਲਕਸ਼ਨਾਤਮਯ:॥ ਭਾਰਦਵਾਜ ਆਸ਼ਰਮ ਪ੍ਰਾਪਯ ਵੰਦੇ ਨੀਯਤੋ ਮਨਿਮ॥੧੨੬॥ (ਰਮਾਇਣ, ਰਿਸ਼ੀ ਬਾਲਮੀਕ)

ਅਰਥਾਤ ਚੌਦਾਂ ਵਰ੍ਹੇ ਪੂਰੇ ਹੋਣ ਪਿੱਛੋਂ ਪੰਚਮੀ ਨੂੰ ਭਗਵਾਨ ਰਾਮ, ਭਾਰਦਵਾਜ ਆਸ਼ਰਮ ਪਹੁੰਚੇ। ਇਹ ਪੰਚਮੀ ਹੀ ਚੌਦਾਂ ਵਰ੍ਹਿਆਂ ਦੀ ਆਖਰੀ ਤਾਰੀਖ ਸੀ ਕਿਉਂਕਿ ਜਦੋਂ ਭਾਰਦਵਾਜ ਮੁਨੀ, ਸ੍ਰੀ ਰਾਮ ਨੂੰ ਆਸ਼ਰਮ ਵਿਚ ਇਕ ਰਾਤ ਹੋਰ ਠਹਿਰਨ ਦੀ ਬੇਨਤੀ ਕਰਦੇ ਹਨ ਤਾਂ ਸ੍ਰੀ ਰਾਮ, ਸ੍ਰੀ ਹਨੂੰਮਾਨ ਨੂੰ ਨਿਸ਼ਾਦ, ਰਾਜਗੁਰੂ ਅਤੇ ਭਰਤ ਨੂੰ ਆਪਣੇ ਆਗਮਨ ਦੀ ਸੂਚਨਾ ਦੇਣ ਨੂੰ ਭੇਜ ਦਿੰਦੇ ਹਨ। ਸ੍ਰੀ ਹਨੂੰਮਾਨ ਨਿਸ਼ਾਦਰਾਜ ਨੂੰ ਜਾ ਕੇ ਦੱਸਦੇ ਹਨ।

ਪੰਚਮੀਮਘ ਰਜਨੀ ਮੁਨਿਸ਼ਤਵਾ ਬਚਨਾਨ ਮੁਨੇ:॥ (ਰਮਾਇਣ, ਰਿਸ਼ੀ ਬਾਲਮੀਕ)

ਅਰਥਾਤ ਭਾਵੇਂ ਜੋ ਮਰਜੀ ਹੋ ਜਾਵੇ, ਕਲ੍ਹ ਤਾਂ ਸ੍ਰੀ ਰਾਮ ਦੇ ਦਰਸ਼ਨ ਉਨ੍ਹਾਂ ਨੂੰ ਹਰ ਹਾਲਤ ਵਿਚ ਹੋਣਗੇ। ਇਹ ਸਪੱਸ਼ਟ ਹੈ ਕਿ ਸ੍ਰੀ ਰਾਮ ਦੇ ਬਨਵਾਸ ਜਾਣ ਅਤੇ ਵਾਪਸ ਪਰਤਣ ਦਾ ਮਹੀਨਾ ਚੇਤਰ ਹੀ ਹੈ। ਪਦਮ ਪੁਰਾਣ ਦੇ ਪਾਤਾਲ ਖੰਡ ਅਧਿਆਇ ਛੱਤੀ ਵਿਚ ਸ਼੍ਰੇਸ਼ ਅਤੇ ਵਾਤਸਯਾਨਨ ਦੀ ਵਾਰਤਾਲਾਪ ਹੈ। ਇਸ ਵਿਚ ਕੁੰਭਕਰਨ, ਮੇਘਨਾਥ, ਰਾਵਣ ਆਦਿ ਦੇ ਮਾਰੇ ਜਾਣ ਦੀਆਂ ਤਿਥੀਆਂ ਦਾ ਜ਼ਿਕਰ ਹੈ। ਉਥੇ ਲਿਖਿਆ ਹੈ ਕਿ ਚੇਤਰ ਸੁਦੀ ਦੁਆਦਸ਼ੀ (ਬਾਰ੍ਹਵੀਂ) ਤੋਂ ਚੇਤਰ ਵਦੀ ਚੌਧਵੀਂ ਤੱਕ ਅਠਾਰਾਂ ਦਿਨਾਂ ਤੱਕ ਰਾਮ ਤੇ ਰਾਵਣ ਵਿਚਕਾਰ ਯੁੱਧ ਚਲਿਆ। ਇਸ ਯੁੱਧ ਵਿਚ ਅੰਤਿਮ ਦਿਨ ਅਰਥਾਤ ਚੇਤਰ ਵਦੀ ਚੌਧਵੀਂ ਨੂੰ ਰਾਵਣ ਮਾਰਿਆ ਗਿਆ।

ਸੰਸਕਾਰੋ ਰਾਵਨਦੀ ਨਾਮ ਅਮਾਵਸਯਾਂ ਦਿਨੇ ਭਵਤ!॥ (ਪਦਮ ਪੁਰਾਣ)

ਅਰਥਾਤ ਚੇਤਰ ਦੀ ਮੱਸਿਆ ਨੂੰ ਰਾਵਣ ਦਾ ਅੰਤਿਮ ਸਸਕਾਰ ਹੋਇਆ। ਅਸੀਂ ਵੇਖਦੇ ਹਾਂ ਕਿ ਭਗਵਾਨ ਰਾਮ ਦਾ ਅਯੁਧਿਆ ਆਗਮਨ ਕੱਤਕ ਦੀ ਮੱਸਿਆ ਨੂੰ ਨਹੀਂ ਸਗੋਂ ਚੇਤਰ ਸੁਦੀ ਪੰਚਮੀ ਨੂੰ ਪੁਸ਼ਯ ਨਛੱਤਰ ਵਿਚ ਹੋਇਆ। ਅਰਥਾਤ ਦੀਵਾਲੀ ਦਾ ਸ੍ਰੀ ਰਾਮ ਦੇ ਅਯਧਿਆ ਆਗਮਨ ਨਾਲ ਕੋਈ ਸਬੰਧ ਨਹੀਂ।"

ਇਸ ਸਾਰੇ ਪ੍ਰਕਰਣ ਵਿਚ ਇਕ ਗੱਲ ਬਹੁਤ ਹੀ ਧਿਆਨ ਗੋਚਰੀ ਰਹੇ ਕਿ ਦੱਖਣੀ ਪ੍ਰਣਾਲੀ ਅਨੁਸਾਰ ਸੁਦੀ ਪਹਿਲਾਂ ਆਉਂਦੀ ਹੈ ਅਤੇ ਵਦੀ ਮਹੀਨੇ ਦੇ ਆਖਰੀ ਦਿਨਾਂ ਵਿਚ ਨਿਸ਼ਚਿਤ ਕੀਤੀ ਜਾਂਦੀ ਹੈ ਜਦਕਿ ਉਤਰੀ ਜੰਤਰੀ ਪ੍ਰਣਾਲੀ ਵਿਚ ਇਹ ਉਲਟ ਹੁੰਦਾ ਹੈ, ਉਸ ਵਿਚ ਵਦੀ ਪਹਿਲਾਂ ਆਉਂਦੀ ਹੈ ਤੇ ਸੁਦੀ ਪਿਛੋਂ ਮਿਥੀ ਹੋਈ ਹੈ।

ਦੂਜੇ ਪਾਸੇ ਅਸੀਂ ਮੰਨਿਆ ਹੋਇਆ ਹੈ ਕਿ ਗੁਰੂ ਹਰਿਗੋਬਿੰਦ ਸਾਹਿਬ ਮਹਾਰਾਜ ਦਾ ਅੰਮ੍ਰਿਤਸਰ ਆਗਮਨ ਵੀ ਦੀਵਾਲੀ ਵਾਲੇ ਦਿਨ ਹੋਇਆ ਜਦਕਿ ਇੰਜ ਨਹੀਂ ਹੈ। ਜੇਕਰ ਸਿੱਖ ਧਰਮ ਦੇ ਤਾਰੀਖਵਾਰ ਆਧਾਰਿਤ ਸਰੋਤਾਂ ਦੀ ਘੋਖ ਕੀਤੀ ਜਾਵੇ ਤਾਂ ਗੁਰੂ ਹਰਿਗੋਬਿੰਦ ਸਾਹਿਬ ਗਵਾਲੀਅਰ ਦੇ ਕਿਲ੍ਹੇ ਵਿਚੋਂ ਮੁਕਤ ਹੋਣ ਦਾ ਦਿਨ 26 ਅਕਤੂਬਰ 1619 ਹੈ ਅਤੇ ਇਹ ਵੀ ਸੰਭਵ ਹੈ ਕਿ ਉਸ ਦਿਨ ਕੱਤਕ ਦੀ ਦੀਵਾਲੀ ਦਾ ਦਿਨ ਹੀ ਹੋਵੇ ਜਿਸ ਨੂੰ ਕਿ ਅੱਜ ਹਿੰਦੂ ਵਿਦਵਾਨ ਮੰਨਣ ਤੋਂ ਇਨਕਾਰੀ ਹੋ ਰਹੇ ਹਨ। ਭਾਵੇਂ ਭੱਟ ਵਹੀਆਂ ਅਤੇ ਪੰਡਾ ਵਹੀਆਂ ਵਿਚਲੀ ਜਾਣਕਾਰੀ ਵੀ ਸਿੱਕੇਬੰਦ ਜਾਂ ਭਰੋਸੇਯੋਗ ਨਹੀਂ ਹੈ ਅਤੇ ਬਿਪਰਵਾਦੀ ਪ੍ਰਭਾਵ ਤੋਂ ਮੁਕਤ ਨਹੀਂ ਹੈ ਪਰ ਇਸ ਤੱਥ ਉਪਰ ਤਕਰੀਬਨ ਸਾਰੇ ਸੁਹਿਰਦ ਵਿਦਵਾਨ ਸਹਿਮਤ ਹਨ ਕਿ ਇਨ੍ਹਾਂ ਵਿਚ ਦਿੱਤੀ ਹੋਈ ਤਾਰੀਖਵਾਰ ਕਾਫੀ ਹੱਦ ਤੱਕ ਪ੍ਰਮਾਣਿਕ ਹੈ। ਗੁਰੂ ਹਰਿਗੋਬਿੰਦ ਸਾਹਿਬ ਦੀ ਗਵਾਲੀਅਰ ਕਿਲ੍ਹੇ ਵਿਚੋਂ ਰਿਹਾਈ ਬਾਰੇ ਜੋ ਭੱਟ ਵਹੀਆ ਵਿਚ ਸੰਕੇਤ ਮਿਲਦੇ ਹਨ ਉਹ ਇਸ ਤਰ੍ਹਾਂ ਹਨ,

"ਗੁਰੂ ਹਰਿਗੋਬਿੰਦ ਸਾਹਿਬ ਮਹਾਰਾਜ ਜੀ ਮਹਲ ਛਟਾ ਬੇਟਾ ਗੁਰੂ ਅਰਜਨ ਜੀ ਕਾ, ਸੋਢੀ ਖੱਤਰੀ ਚੱਕ ਗੁਰੂ ਕਾ, ਪਰਗਨਾ ਨਿੱਜਰਆਲਾ ਸੰਮਤ ਸੋਲ੍ਹਾਂ ਸੈ ਛਿਹਤ੍ਰ ਕੱਤਕ ਮਾਸੇ ਕ੍ਰਿਸ਼ਨਾ

(ਬਾਕੀ ਅਗਲੇ ਸਫੇ 'ਤੇ)

## ਕਹਾਣੀ ਇਉਂ ਤੁਰੀ-8



ਗੁਰਬਚਨ ਸਿੰਘ ਭੁੱਲਰ
ਫੋਨ: 091-1142502364
bhullargs@gmail.com

# ਸੱਚਾ ਸਾਹਿਤਕਾਰ ਲੋਕ-ਮੁਖੀ ਹੀ ਹੁੰਦਾ ਹੈ!

*'ਕਹਾਣੀ ਇਉਂ ਤੁਰੀ' ਦੀ 8ਵੀਂ ਅਤੇ ਆਖਰੀ ਕਿਸ਼ਤ ਵਿਚ ਕਹਾਣੀਕਾਰ ਗੁਰਬਚਨ ਸਿੰਘ ਭੁੱਲਰ ਨੇ ਕਹਾਣੀ ਦੇ ਨਾਲ-ਨਾਲ ਕਹਾਣੀ ਦੇ ਕਰਤਾ ਦੀ ਮੜ੍ਹਕ ਬਾਰੇ ਲਿਖਿਆ ਹੈ। ਇਸੇ ਮੜ੍ਹਕ ਵਿਚੋਂ ਹੀ ਕਿਸੇ ਸ਼ਖਸ ਦੇ ਲੇਖਕ ਹੋਣ ਦਾ ਮਾਣ ਝਾਤੀਆਂ ਮਾਰਦਾ ਹੈ। ਇਹ ਗੱਲਾਂ ਕਰਦਿਆਂ ਭੁੱਲਰ ਨੇ ਸ਼ਬਦਾਂ ਅਤੇ ਸਤਰਾਂ ਨੂੰ ਮਾਨੋ ਜਗਮਗ ਕਰਨ ਲਾ ਦਿੱਤਾ ਹੋਵੇ। ਆਪਣੀਆਂ ਰਚਨਾਵਾਂ ਦੇ ਇਸੇ ਨਿਵੇਕਲੇ ਰੰਗ ਕਰ ਕੇ, ਪੰਜਾਬੀ ਕਹਾਣੀ ਜਗਤ ਵਿਚ ਉਨ੍ਹਾਂ ਦਾ ਨਿਆਰਾ ਤੇ ਨਰੋਆ ਸਥਾਨ ਹੈ। ਉਨ੍ਹਾਂ ਦੀਆਂ ਕਹਾਣੀਆਂ ਵਿਚ ਪੰਜਾਬ, ਖਾਸ ਕਰ ਕੇ ਮਾਲਵਾ ਖਿੱਤੇ ਦਾ ਰੰਗ ਪੂਰੇ ਜਲੌਅ ਅਤੇ ਸਿਦਕ ਨਾਲ ਪੇਸ਼ ਹੋਇਆ ਹੈ। ਆਪਣੀ ਪਹਿਲੀ ਹੀ ਕਹਾਣੀ 'ਰਾਤਾਂ ਕਾਲੀਆਂ' ਅਤੇ ਫਿਰ ਪਹਿਲੀ ਹੀ ਕਿਤਾਬ 'ਓਪਰਾ ਮਰਦ' ਨਾਲ ਉਨ੍ਹਾਂ ਪੰਜਾਬੀ ਸਾਹਿਤ ਜਗਤ ਦਾ ਧਿਆਨ ਵਾਹਵਾ ਖਿੱਚ ਲਿਆ ਸੀ, ਤੇ ਚੋਟੀ ਦੇ ਲੇਖਕਾਂ ਵਿਚ ਸ਼ੁਮਾਰ ਹੋ ਗਏ ਸਨ। ਹਾਲ ਹੀ ਵਿਚ ਉਨ੍ਹਾਂ ਦਾ ਪਲੇਠਾ ਨਾਵਲ 'ਇਹੁ ਜਨਮੁ ਤੁਮਹਾਰੇ ਲੇਖੇ' ਪ੍ਰਕਾਸ਼ਤ ਹੋਇਆ ਹੈ। ਇਸ ਵਿਚ ਉਨ੍ਹਾਂ ਸਾਹਿਤ ਦੇ ਪਿੜ ਦੇ ਬਹਾਨੇ, ਜ਼ਿੰਦਗੀ ਨਾਲ ਜੁੜੀਆਂ ਲੜੀਆਂ ਅਤੇ ਖਹਿੰਦੀਆਂ ਖਬਰਾਂ ਬਾਰੇ ਭਰਵੀਂ ਚਰਚਾ ਕੀਤੀ ਹੈ। -ਸੰਪਾਦਕ*

ਮੈਨੂੰ ਪੰਜਾਬੀ ਸਾਹਿਤ ਵਿਚ ਅੱਗੇਵਧੂ ਲਹਿਰ ਦੀ ਪੈਦਾਵਾਰ ਹੋਣ ਦਾ ਮਾਣ ਹੈ। ਬੜੀ ਅਜੀਬ ਗੱਲ ਹੈ ਕਿ ਕੁਝ 'ਵਿਦਵਾਨਾਂ' ਦੀ ਨਜ਼ਰ ਵਿਚ ਅੱਗੇਵਧੂ ਲਹਿਰ ਸੋਵੀਅਤ ਯੂਨੀਅਨ ਦੇ ਨਾਲ ਹੀ ਪੈਦਾ ਹੋਈ ਤੇ ਨਾਲ ਹੀ ਮੁੱਕ ਗਈ! ਸੱਚ ਇਹ ਹੈ ਕਿ ਮਾਰਕਸ ਤੋਂ ਵੀ ਸਦੀਆਂ ਪਹਿਲਾਂ ਆਪਣੇ ਬਾਬਾ ਨਾਨਕ ਨੇ ਰਾਜਿਆਂ ਨੂੰ ਸ਼ੀਂਹ ਤੇ ਮੁਕੱਦਮਾਂ ਨੂੰ ਕੁੱਤੇ ਅਤੇ ਬਾਬਰ ਦੀ ਸੈਨਾ ਨੂੰ ਪਾਪ ਦੀ ਜੰਨ ਆਖ ਕੇ ਲੋਕ-ਹਿਤੈਸ਼ੀ ਤੇ ਅੱਗੇਵਧੂ ਸਾਹਿਤਕ ਪਰੰਪਰਾ ਦੀ ਪੱਕੀ ਪੁਸ਼ਟੀ ਕਰ ਦਿੱਤੀ ਸੀ। ਪਰਾਇਆ ਹੱਕ, ਜਿਸ ਨੂੰ ਬਾਬੇ ਨੇ ਮੁਸਲਮਾਨਾਂ ਲਈ ਸੂਰ ਤੇ ਹਿੰਦੂਆਂ ਲਈ ਗਊ ਖਾਣ ਦੇ ਤੁੱਲ ਕਿਹਾ, ਖੋਹਣ-ਖਾਣ ਵਾਲਿਆਂ ਤੋਂ ਬਿਨਾਂ ਮਨੁੱਖੀ ਸਮਾਜ ਦਾ ਵੱਡਾ ਭਾਗ ਸਦਾ ਹੀ ਅੱਗੇਵਧੂ ਰਿਹਾ ਹੈ ਤੇ ਹਰ ਸੱਚਾ ਲੇਖਕ ਸਦਾ ਹੀ ਇਸੇ ਸੋਚ ਦਾ ਕਲਮਬਰਦਾਰ ਰਿਹਾ ਹੈ! ਕਬੀਰ ਸਾਹਿਬ ਸੱਥ ਵਿਚ ਖੜ੍ਹ ਕੇ ਸਮਾਜ ਨੂੰ ਵੰਗਾਰਦੇ ਹਨ, "ਕਬੀਰਾ ਖੜ੍ਹਾ ਬਜ਼ਾਰ ਮੇਂ ਲੀਏ ਲੁਕਾਟੀ ਹਾਥ। ਜੋ ਜਾਲੈ ਘਰ ਅਪਨਾ ਚਲੇ ਹਮਾਰੇ ਸਾਥ!" ਡਾਂਗ ਫੜ ਕੇ ਉਹ ਕੋਈ ਬੇਰ ਤੋੜਨ ਨਹੀਂ ਸਨ ਚੱਲੇ, ਉਹ ਪਤਾਲ ਤੱਕ ਜੜ੍ਹਾਂ ਜਮਾ ਚੁੱਕੀ ਬ੍ਰਾਹਮਣਵਾਦੀ ਵਿਵਸਥਾ ਨੂੰ ਸੱਚ ਦਾ ਸ਼ੀਸ਼ਾ ਦਿਖਾਉਣ ਚੱਲੇ ਸਨ ਕਿ ਜੇ ਤੂੰ ਦੁੱਧ ਹੈਂ ਤੇ ਅਸੀਂ ਮੈਲੇ ਹਾਂ ਤਾਂ ਤੂੰ ਪਵਿੱਤਰ ਬ੍ਰਾਹਮਣੀ ਦਾ ਜਾਇਆ ਪਵਿੱਤਰ ਬ੍ਰਾਹਮਣ ਸਾਡੇ ਵਾਲੇ ਰਾਹ ਹੀ ਕਿਉਂ ਆਇਆ?

ਜਦੋਂ ਅਜੇ 'ਵਾਦ' ਪੈਦਾ ਵੀ ਨਹੀਂ ਸਨ ਹੋਏ, ਸਮੁੰਦਰੀ ਜਹਾਜ਼ਾਂ ਵਿਚ ਢੋਏ ਜਾਂਦੇ ਗੁਲਾਮ ਆਪਣੀ ਆਜ਼ਾਦੀ ਲਈ ਬਗਾਵਤ ਕਰ ਦਿੰਦੇ ਸਨ, ਭਾਵੇਂ ਉਨ੍ਹਾਂ ਨੂੰ ਪਤਾ ਹੁੰਦਾ ਸੀ ਕਿ ਜਿੱਤਣ ਦੀ ਸੰਭਾਵਨਾ ਬਹੁਤ ਘੱਟ ਹੈ ਤੇ ਅੰਤ ਜਿਉਂਦਿਆਂ ਹੀ ਸਮੁੰਦਰ ਵਿਚ ਸੁੱਟੇ ਜਾਣ ਮਗਰੋਂ ਖਾਰੇ ਜਲ ਵਿਚ ਸਮਾ ਜਾਣਾ ਹੈ। ਫੇਰ ਵੀ ਉਹ ਬਗਾਵਤ ਕਰਦੇ ਸਨ ਤੇ ਸਾਹਿਤ ਇਕਮੱਤ ਹੋ ਕੇ ਉਨ੍ਹਾਂ ਨੂੰ ਨਾਇਕ ਮੰਨਦਾ ਹੈ ਤੇ ਮਾਲਕਾਂ-ਖਰੀਦਦਾਰਾਂ ਨੂੰ ਖਲਨਾਇਕ! ਮਨੁੱਖਜਾਤੀ ਹਜ਼ਾਰਾਂ, ਲੱਖਾਂ ਸਾਲ ਦੇ ਇਤਿਹਾਸ ਵਿਚ ਕਦੇ ਪਿੱਛਲਖੁਰੀ ਨਹੀਂ ਤੁਰੀ। ਤਦੇ ਹੀ ਤਾਂ ਅਸੀਂ ਅੱਜ ਇਸ ਮਕਾਮ ਉਤੇ ਪੁੱਜੇ ਹਾਂ। ਮਨੁੱਖ ਦਾ ਇਤਿਹਾਸ ਅੱਗੇ ਹੀ ਅੱਗੇ ਵਧਦੇ ਜਾਣ ਤੇ ਰਾਹ ਵਿਚ ਆਉਂਦੀਆਂ ਅਨਿਆਂ, ਜ਼ੁਲਮ, ਧੱਕੇਸ਼ਾਹੀ, ਨਾਬਰਾਬਰੀ ਜਿਹੀਆਂ ਰੁਕਾਵਟਾਂ ਨੂੰ ਮਿਧਦੇ-ਦਰੜਦੇ ਜਾਣ ਦਾ ਇਤਿਹਾਸ ਹੈ। ਮਨੁੱਖੀ ਸਮਾਜ ਦਾ ਵੱਡਾ ਹਿੱਸਾ ਸਦਾ ਅੱਗੇਵਧੂ ਰਿਹਾ ਹੈ, ਹੁਣ ਵੀ ਹੈ ਤੇ ਅੱਗੇ ਨੂੰ ਵੀ ਰਹੇਗਾ! ਤੇ ਸੱਚਾ ਸਾਹਿਤਕਾਰ ਹਰ ਜੁੱਗ ਵਿਚ ਇਸੇ ਮਨੁੱਖੀ ਸੋਚ ਤੇ ਭਾਵਨਾ ਦਾ, ਇਸੇ ਮਨੁੱਖ-ਹਿਤੈਸ਼ੀ ਵਿਚਾਰਧਾਰਾ ਦਾ ਕਲਮਬਰਦਾਰ ਰਿਹਾ ਹੈ, ਹੁਣ ਵੀ ਹੈ ਤੇ ਅੱਗੇ ਨੂੰ ਵੀ ਰਹੇਗਾ।

ਵਿਚਾਰਧਾਰਾ ਦਾ ਮਤਲਬ ਸਾਹਿਤ ਵਿਚ ਸਿੱਧੀ ਸਿਆਸਤ ਲਿਖਣਾ ਨਹੀਂ। ਵਿਚਾਰਧਾਰਾ ਦਾ ਮਤਲਬ ਰਾਹ ਦੇਖਣ ਵਾਸਤੇ ਸੇਧ ਅਤੇ ਚਾਨਣ ਹਾਸਲ ਕਰਨਾ ਹੈ। ਵਿਚਾਰਧਾਰਾ ਬਿਨਾਂ ਲੇਖਕ ਬੇਸੇਧਾ ਅਤੇ ਅੰਨ੍ਹਾ ਹੁੰਦਾ ਹੈ। ਇਹ ਗੱਲ ਲੰਮੀ ਤੇ ਗੰਭੀਰ ਚਰਚਾ ਲੋੜਦੀ ਹੈ ਪਰ ਇਥੇ ਮੈਂ ਇਕ ਮਿਸਾਲ ਦੇ ਕੇ ਮੁਕਦੀ ਕਰ ਦੇਵਾਂਗਾ। ਕੁਝ ਸਮਾਂ ਪਹਿਲਾਂ ਮੈਨੂੰ ਇਕ ਰਸਾਲਾ ਆਇਆ। ਇਕ ਕਹਾਣੀਕਾਰ ਨੇ ਇਹ ਮੁੱਖ ਰੂਪ ਵਿਚ ਕਹਾਣੀ ਵਿਧਾ ਬਾਰੇ ਕੱਢਿਆ ਹੋਇਆ ਹੈ। ਸੰਪਾਦਕੀ ਲੇਖ ਵਿਚ ਆਪਣੇ ਤੋਂ ਪਹਿਲੀਆਂ ਪੀੜ੍ਹੀਆਂ ਨੂੰ ਡਰਪੋਕ ਕਿਹਾ ਗਿਆ ਸੀ ਜੋ ਦਲੇਰ ਵਿਸ਼ਿਆਂ ਨੂੰ ਹੱਥ ਪਾਉਣ ਤੋਂ ਡਰਦੀਆਂ ਸੀ। ਉਹਨੇ ਹਿੱਕ ਥਾਪੜੀ ਹੋਈ ਸੀ ਕਿ ਉਨ੍ਹਾਂ ਦੀ ਪੀੜ੍ਹੀ ਦਲੇਰ ਵਿਸ਼ੇ ਲੈਣੋਂ ਡਰੇਗੀ ਨਹੀਂ। ਜੋ ਦਲੇਰ ਵਿਸ਼ੇ ਉਹਨੇ ਦੱਸੇ ਹੋਏ ਸਨ, ਉਨ੍ਹਾਂ ਵਿਚ ਪਿਉ-ਧੀ ਤੇ ਭੈਣ-ਭਰਾ ਦੇ ਸਰੀਰਕ ਸਬੰਧ ਪ੍ਰਮੁੱਖ ਸਨ। ਅਜਿਹੇ ਸੇਧਹੀਣ ਅਤੇ ਨੈਣਜੋਤ ਤੋਂ ਹੀਣ ਲੇਖਕਾਂ ਨੂੰ ਰਾਹ ਦਿਖਾਉਣ ਵਾਸਤੇ ਵਿਚਾਰਧਾਰਾ ਜ਼ਰੂਰੀ ਹੈ। ਜਿਹੜਾ ਲੇਖਕ ਮਨੁੱਖੀ ਸਮਾਜ ਨੂੰ, ਉਹਦੇ ਵਿਕਾਸ, ਇਤਿਹਾਸ, ਸਭਿਆਚਾਰ ਤੇ ਰਹਿਤਲ ਨੂੰ ਅਤੇ ਉਸ ਸਭਿਆਚਾਰ ਤੇ ਰਹਿਤਲ ਵਿਚਲੀਆਂ ਕੁਰੀਤੀਆਂ ਨੂੰ ਸਮਝਦਾ ਨਹੀਂ ਅਤੇ ਇਸ ਅਕਲ, ਨਿਰਖ-ਪਰਖ ਤੇ ਸੋਝੀ ਦਾ ਮਾਲਕ ਵੀ ਨਹੀਂ ਕਿ ਉਸ ਸਭਿਆਚਾਰ ਤੇ ਰਹਿਤਲ ਦਾ ਕੀ ਕੁਝ ਕਲਮ ਦੀ ਨੋਕ ਉਤੇ ਚਾੜ੍ਹਨ ਵਾਲਾ ਹੈ ਤੇ ਕੀ ਕੁਝ ਛੇਕਣ ਵਾਲਾ ਹੈ, ਉਹਦੀ ਕਲਮ ਤੋੜ-ਭੰਨ ਕੇ ਕੂੜੇ ਵਿਚ ਸੁੱਟ ਦੇਣੀ ਚਾਹੀਦੀ ਹੈ।

ਪੰਜਾਬੀ ਕਹਾਣੀ ਦੀ ਵਰਤਮਾਨ ਸਥਿਤੀ ਅਤੇ ਪੱਧਰ ਤਸੱਲੀਬਖ਼ਸ਼ ਹੈ। ਆਧੁਨਿਕ ਪੰਜਾਬੀ ਕਹਾਣੀ ਦੀ ਉਮਰ ਤਾਂ ਸੌ ਸਾਲ ਵੀ ਨਹੀਂ ਹੋਈ ਪਰ ਇਹ ਨਿਕਾਸ ਤੋਂ ਵਿਕਾਸ ਤੱਕ ਦਾ ਪੰਧ ਤੇਜ਼ੀ ਨਾਲ ਪਾਰ ਕਰ ਕੇ ਨਿੱਖਰੇ ਹੋਏ ਰੂਪ ਵਿਚ ਹਾਜ਼ਰ ਹੈ। ਇਸ ਦਾ ਇਕ ਕਾਰਨ ਰਿਗਵੇਦ ਵਿਚ ਖਿੰਡੀਆਂ ਪਈਆਂ ਕਥਾਵਾਂ, ਪੰਚਤੰਤਰ, ਬ੍ਰਿਹਤਕਥਾ, ਕਥਾਸ੍ਰਿਤਸਾਗਰ ਅਤੇ ਰਾਮਾਇਣ ਤੇ ਮਹਾਂਭਾਰਤ ਤੋਂ ਤੁਰੀ ਸਾਡੀ ਕਥਾ-ਕਹਾਣੀਆਂ, ਸਾਖੀਆਂ, ਕਿੱਸਿਆਂ ਤੇ ਬਾਤਾਂ ਦੀ ਨਰੋਈ ਪਰੰਪਰਾ ਦਾ ਇਹਦੇ ਪਿੱਛੇ ਖਲੋਤੇ ਹੋਣਾ ਹੈ। ਬਾਕੀ ਵਿਧਾਵਾਂ ਦੇ ਟਾਕਰੇ ਇਹਦੀ ਸਰਦਾਰੀ ਚਿਰਾਂ ਤੋਂ ਬਣੀ ਹੋਈ ਹੈ। ਕੁਝ ਮਿੰਟਾਂ ਵਿਚ ਇਹ ਜੀਵਨ ਦੇ ਕਿਸੇ ਪੱਖ ਦਾ ਅਜਿਹਾ ਚਮਤਕਾਰੀ ਝਲਕਾਰਾ ਪੇਸ਼ ਕਰਦੀ ਹੈ ਕਿ ਪਾਠਕ ਮੋਹਿਆ ਜਾਂਦਾ ਹੈ। ਜਦੋਂ ਸੰਤੋਖ ਸਿੰਘ ਧੀਰ ਨੇ ਇਕ ਸਾਹਿਤਕ ਸਮਾਗਮ ਵਿਚ ਪੰਜਾਬੀ ਕਹਾਣੀ ਨੂੰ ਵਿਸ਼ਵ ਪੱਧਰ ਦੀ ਕਿਹਾ ਸੀ ਤਾਂ ਉਹਦੀ ਗੱਲ ਦਾ ਵਿਰੋਧ ਦੀ ਖ਼ਾਤਰ ਵਿਰੋਧ ਕਰਨ ਵਾਲੇ ਕੁਝ ਲੋਕ ਸਾਧਾਰਨ ਜਿਹੇ ਕਹਾਣੀਕਾਰਾਂ ਦਾ ਨਾਂ ਲੈ ਲੈ ਕੇ ਮਖੌਲ ਕਰਦੇ ਸਨ ਕਿ ਇਹ ਹੈ ਵਿਸ਼ਵ ਪੱਧਰ ਦੀ ਪੰਜਾਬੀ ਕਹਾਣੀ? ਉਨ੍ਹਾਂ ਨੂੰ ਏਨੀ ਸਮਝ ਨਹੀਂ ਸੀ ਕਿ ਸੰਸਾਰ ਦੀ ਕਿਸੇ ਵੀ ਭਾਸ਼ਾ ਦਾ ਸਾਰਾ ਸਾਹਿਤ ਉਤਮ ਨਹੀਂ ਹੋ ਸਕਦਾ। ਜਦੋਂ ਸੰਸਾਰ ਪੱਧਰ ਦੀ ਕਹਾਣੀ ਦੀ ਗੱਲ ਕੀਤੀ ਜਾਂਦੀ ਹੈ, ਉਸ ਤੁਲਨਾ ਵਿਚ ਸਾਰੀਆਂ ਭਾਸ਼ਾਵਾਂ ਦੀਆਂ ਸਿਖਰੀ ਕਹਾਣੀਆਂ ਹੀ ਸ਼ਾਮਲ ਹੁੰਦੀਆਂ ਹਨ। ਪੰਜਾਬੀ ਦੀਆਂ ਚੋਣਵੀਆਂ ਕਹਾਣੀਆਂ ਬਿਨਾਂ-ਸ਼ੱਕ ਹੋਰ ਭਾਸ਼ਾਵਾਂ ਦੀਆਂ ਸਰਬੋਤਮ ਕਹਾਣੀਆਂ ਨਾਲ ਮੋਢਾ ਮੇਚਦੀਆਂ ਹਨ। ਸਾਨੂੰ ਇਸ ਗੱਲ ਦਾ ਮਾਣ ਹੋਣਾ ਚਾਹੀਦਾ ਹੈ।

*ਹਾਲੀਵੁਡ ਦਾ ਬਹੁਤ ਮਸ਼ਹੂਰ ਐਕਟਰ ਹੁੰਦਾ ਸੀ ਪਾਲ ਮੁਨੀ। ਉਹ 71 ਸਾਲ ਦੀ ਉਮਰ ਵਿਚ 1967 ਵਿਚ ਗੁਜ਼ਰ ਗਿਆ ਸੀ। ਆਮ ਕਰ ਕੇ ਪ੍ਰਸਿੱਧ ਨਾਇਕ ਨਵੀਂ ਨਾਇਕਾ ਨਾਲ ਕੰਮ ਕਰਨਾ ਨਹੀਂ ਚਾਹੁੰਦੇ। ਉਹ ਬਰਾਬਰ ਦੀ ਮਸ਼ਹੂਰ ਨਾਇਕਾ ਨਾਲ ਕੰਮ ਕਰ ਕੇ ਹੀ ਤਸੱਲੀ ਮਹਿਸੂਸ ਕਰਦੇ ਹਨ। ਡਰਦੇ ਹਨ ਕਿ ਕਿਤੇ ਨਵੀਂ ਨਾਇਕਾ ਦੀ ਕੱਚੀ-ਪੱਕੀ ਅਦਾਕਾਰੀ ਉਨ੍ਹਾਂ ਦੇ ਕੰਮ ਨੂੰ ਵੀ ਲੈ ਹੀ ਨਾ ਡੁੱਬੇ! ਪਰ ਪਾਲ ਮੁਨੀ ਆਪਣੇ ਸੰਜੀਵ ਕੁਮਾਰ ਵਰਗਾ ਸੀ। ਉਹ ਕਹਿੰਦਾ ਸੀ, ਮੈਂ ਆਪਣਾ ਕੰਮ ਕਰਨਾ ਹੈ, ਨਾਇਕਾ ਕੋਈ ਵੀ ਹੋਵੇ।*



ਪਾਲ ਮੁਨੀ

ਮੈਂ ਆਪਣੇ ਤੋਂ ਪਹਿਲੇ ਕਹਾਣੀਕਾਰਾਂ ਦੇ ਸਬੰਧ ਵਿਚ ਪੂਰੀ ਦੇਣਦਾਰੀ ਮਹਿਸੂਸ ਕਰਦਾ ਹਾਂ। ਮੈਂ ਪ੍ਰਸਿੱਧ ਵਿਗਿਆਨੀ ਈਸਾਕ ਨਿਊਟਨ ਦੀ ਗੱਲ ਨਾਲ ਸਹਿਮਤ ਹਾਂ ਜੋ ਕਹਿੰਦਾ ਹੈ, "ਜੇ ਮੈਂ ਹੋਰ ਅੱਗੇ ਦੇਖ ਸਕਿਆ ਹਾਂ, ਇਹ ਇਸ ਕਰ ਕੇ ਕਿ ਮੈਂ ਕੱਦਾਵਰ ਮਹਾਂਪੁਰਸ਼ਾਂ ਦੇ ਮੋਢਿਆਂ ਉਤੇ ਚੜ੍ਹਿਆ ਹੋਇਆ ਸੀ!" ਹਰ ਲੇਖਕ ਉਤੇ ਅਣਗਿਣਤ ਪ੍ਰਭਾਵ ਪੈਂਦੇ ਹਨ। ਰਚਨਾ ਦੇ ਪ੍ਰਭਾਵ ਦੇ ਵਾਧੇ ਵਿਚ ਉਸ ਪਿੱਛੇ ਜੁੜੇ ਹੋਏ ਅਨੇਕ ਪ੍ਰਭਾਵਾਂ ਦਾ ਹੱਥ ਹੁੰਦਾ ਹੈ ਜਿਵੇਂ ਗਾਇਕ ਦੇ ਪ੍ਰਭਾਵ ਦੇ ਵਾਧੇ ਵਿਚ ਉਹਦੇ ਪਿੱਛੇ ਖਲੋਤੇ ਅਨੇਕ ਸਾਜ਼-ਸਾਜ਼ਿੰਦਿਆਂ ਦਾ ਹੱਥ ਹੁੰਦਾ ਹੈ। ਸਾਡੇ ਤੁਰਨ ਲਈ ਪਗਡੰਡੀ ਸਾਥੋਂ ਪਹਿਲੇ ਲੇਖਕਾਂ ਨੇ ਹੀ ਬਣਾਈ। ਗੱਲ ਨੂੰ ਗਲਪ ਬਣਾਉਣਾ ਤੇ ਸ਼ਬਦਾਂ ਨੂੰ ਸਾਹਿਤ ਬਣਾਉਣਾ ਮੈਂ ਉਨ੍ਹਾਂ ਤੋਂ ਹੀ ਸਿੱਖਿਆ। ਕੁਝ ਲੇਖਕਾਂ ਦਾ ਜ਼ਰੂਰ ਦਾਅਵਾ ਹੈ ਕਿ ਜੇ ਉਨ੍ਹਾਂ ਤੋਂ ਪਹਿਲਾਂ ਕੋਈ ਵੀ ਪੰਜਾਬੀ ਸਾਹਿਤਕਾਰ ਨਾ ਹੋਇਆ ਹੁੰਦਾ, ਤਦ ਵੀ ਉਹ ਤਾਂ ਹੁਣ ਵਾਲੇ ਸਾਹਿਤਕਾਰ ਹੀ ਹੁੰਦੇ। ਇਹ ਇਉਂ ਹੈ ਜਿਵੇਂ ਕੰਧ ਦਾ ਕੋਈ ਰਦਾ ਕਹੇ ਕਿ ਜੇ ਨੀਂਹ ਅਤੇ ਮੈਥੋਂ ਹੇਠਲੇ ਰਦੇ ਨਾ ਵੀ ਹੁੰਦੇ, ਮੈਂ ਤਾਂ ਵੀ ਇਥੇ ਹੀ ਹਵਾ ਵਿਚ ਏਨਾ ਹੀ ਉਚਾ ਮੌਜੂਦ ਹੋਣਾ ਸੀ। ਅਜਿਹੇ ਲੇਖਕ ਕ੍ਰਿਸ ਮੈਥਿਊਸ ਦਾ ਕਥਨ ਯਾਦ ਰੱਖਣ ਤਾਂ ਉਨ੍ਹਾਂ ਲਈ ਠੀਕ ਰਹੇ, "ਜਦੋਂ ਕਿਸੇ ਬੰਦ ਦਰਵਾਜ਼ੇ ਦਾ ਕੁੰਡਾ ਤੁਹਾਡੇ ਵਾਸਤੇ ਖੁੱਲ੍ਹਦਾ ਹੈ, ਦੂਜੇ ਪਾਸੇ ਉਹਨੂੰ ਖੋਲ੍ਹਣ ਵਾਲਾ ਜ਼ਰੂਰ ਕੋਈ ਹੁੰਦਾ ਹੈ!"

ਮੈਨੂੰ ਇਹ ਮੰਨਣ ਵਿਚ ਬਿਲਕੁਲ ਕੋਈ ਝਿਜਕ ਨਹੀਂ ਕਿ ਮੈਂ ਆਪਣੇ ਵਿਰਸੇ ਦੀ ਉਪਜ ਹਾਂ। ਮੈਂ ਮੋਹਨ ਸਿੰਘ, ਅੰਮ੍ਰਿਤਾ, ਆਦਿ ਕਵੀਆਂ ਨੂੰ ਅਤੇ ਨਾਨਕ ਸਿੰਘ, ਸੁਜਾਨ ਸਿੰਘ, ਦੁੱਗਲ, ਸੇਖੋਂ, ਸਤਿਆਰਥੀ, ਧੀਰ, ਵਿਰਕ ਆਦਿ ਗਲਪਕਾਰਾਂ ਨੂੰ ਅਣਹੋਏ ਜਾਣ-ਮੰਨ ਕੇ ਉਨ੍ਹਾਂ ਦੇ ਬਿਨਾਂ ਲੇਖਕ ਨਹੀਂ ਬਣਿਆ। ਜੇ ਉਹ ਨਾ ਹੁੰਦੇ, ਮੈਂ ਨਾ ਹੁੰਦਾ! ਮੇਰਾ ਤਾਂ ਸੁਭਾਗ ਇਹ ਰਿਹਾ ਕਿ ਛੋਟੇ ਹੁੰਦਿਆਂ ਜਿਨ੍ਹਾਂ ਲੇਖਕਾਂ ਦੇ ਦਰਸ਼ਨਾਂ ਦੀ ਲੋਚਾ ਰਹਿੰਦੀ ਸੀ ਜਾਂ ਉਸ ਸਮੇਂ ਕਦੀ ਅੱਗੇ ਚੱਲ ਕੇ ਜਿਨ੍ਹਾਂ ਦੇ ਪਿੱਛੇ ਪਿੱਛੇ ਤੁਰਨ ਦਾ ਸੁਫ਼ਨਾ ਲਿਆ ਸੀ, ਉਨ੍ਹਾਂ ਨੇ ਬਾਂਹ ਫੜ੍ਹ ਕੇ ਆਪਣੇ ਨਾਲ ਤੋਰਿਆ। ਹਾਣੀਆਂ ਦੇ ਆਪਸੀ ਆਦਰ ਦਾ ਵੀ ਕੋਈ ਅੰਤ ਨਹੀਂ ਰਿਹਾ ਤੇ ਆਪਣੇ ਨਾਲੋਂ ਨਿੱਕਿਆਂ ਤੋਂ ਮਿਲਦੇ ਮਾਣ-ਸਤਿਕਾਰ ਦਾ ਵੀ ਕੋਈ ਪਾਰਾਵਾਰ ਨਹੀਂ।

ਕਾਫੀ ਸਮੇਂ ਤੋਂ ਲੇਖਕਾਂ ਵਲੋਂ ਆਪਣੀਆਂ ਪੁਸਤਕਾਂ ਦੀਆਂ ਘੁੰਡ-ਚੁਕਾਈਆਂ ਤੇ ਗੋਸ਼ਟੀਆਂ ਕਰਵਾਉਣ ਦਾ, ਉਨ੍ਹਾਂ ਬਾਰੇ ਲੇਖਾਂ ਤੇ ਪਰਚਿਆਂ ਦਾ ਜੁਗਾੜ ਕਰਨ ਦਾ ਰਿਵਾਜ ਪਿਆ ਹੋਇਆ ਹੈ। ਇਸ ਰੁਝਾਨ ਨੇ ਸਾਹਿਤਕ ਖੇਤਰ ਨੂੰ ਬਹੁਤ ਗੰਧਾਲ ਦਿੱਤਾ ਹੈ। ਮੇਰਾ ਮੱਤ ਹੈ, ਅਜਿਹੇ ਯਤਨ ਲੇਖਕ ਨੂੰ ਛੋਟਾ ਕਰਦੇ ਹਨ। ਲੇਖਕ ਨੂੰ ਰਚਨਾ ਕਰ ਕੇ ਫੇਰ ਉਹਨੂੰ ਹੀ ਬੋਲਣ ਦੇਣਾ ਚਾਹੀਦਾ ਹੈ, ਆਪ ਕਾਹਦੇ ਲਈ ਰੌਲਾ ਪਾਉਣਾ ਜਾਂ ਪੁਆਉਣਾ ਹੋਇਆ! ਉਹਨੂੰ ਸਮੁੱਚੀ ਟੇਕ ਆਪਣੀ ਰਚਨਾ ਉਤੇ ਅਤੇ ਪਾਠਕਾਂ ਦੇ ਦਰ ਉਹਦੀ ਪਰਵਾਨਗੀ ਉਤੇ ਹੀ ਰੱਖਣੀ ਚਾਹੀਦੀ ਹੈ। ਇਸ ਸਬੰਧ ਵਿਚ ਮੈਨੂੰ ਇਕ ਗੱਲ ਚੇਤੇ ਆ ਗਈ। ਹਾਲੀਵੁਡ ਦਾ ਬਹੁਤ ਮਸ਼ਹੂਰ ਐਕਟਰ ਹੁੰਦਾ ਸੀ ਪਾਲ ਮੁਨੀ। ਉਹ 71 ਸਾਲ ਦੀ ਉਮਰ ਵਿਚ 1967 ਵਿਚ ਗੁਜ਼ਰ ਗਿਆ ਸੀ। ਆਮ ਕਰ ਕੇ ਪ੍ਰਸਿੱਧ ਨਾਇਕ ਨਵੀਂ ਨਾਇਕਾ ਨਾਲ ਕੰਮ ਕਰਨਾ ਨਹੀਂ ਚਾਹੁੰਦੇ। ਉਹ ਬਰਾਬਰ ਦੀ ਮਸ਼ਹੂਰ ਨਾਇਕਾ ਨਾਲ ਕੰਮ ਕਰ ਕੇ ਹੀ ਤਸੱਲੀ ਮਹਿਸੂਸ ਕਰਦੇ ਹਨ। ਡਰਦੇ ਹਨ ਕਿ ਕਿਤੇ ਨਵੀਂ ਨਾਇਕਾ ਦੀ ਕੱਚੀ-ਪੱਕੀ ਅਦਾਕਾਰੀ ਉਨ੍ਹਾਂ ਦੇ ਕੰਮ ਨੂੰ ਵੀ ਲੈ ਹੀ ਨਾ ਡੁੱਬੇ! ਪਰ ਪਾਲ ਮੁਨੀ ਆਪਣੇ ਸੰਜੀਵ ਕੁਮਾਰ ਵਰਗਾ ਸੀ। ਉਹ ਕਹਿੰਦਾ ਸੀ, ਮੈਂ ਆਪਣਾ ਕੰਮ ਕਰਨਾ ਹੈ, ਨਾਇਕਾ ਕੋਈ ਵੀ ਹੋਵੇ।

ਪਾਲ ਮੁਨੀ ਨਾਲ ਇਕ ਫ਼ਿਲਮ ਵਿਚ ਕੰਮ ਕਰ ਰਹੀ ਇਕ ਨਵੀਂ ਨਾਇਕਾ ਨੂੰ ਕਿਸੇ ਸੁਭਚਿੰਤਕ ਨੇ ਮੱਤ ਦਿੱਤੀ ਕਿ ਨਾਇਕ-ਨਾਇਕਾ ਦੀ ਗੁੱਡੀ ਚੜ੍ਹਾਉਣੀ ਨਿਰਦੇਸ਼ਕ ਦੇ ਬਹੁਤ ਹੱਥ-ਵੱਸ ਹੁੰਦੀ ਹੈ, ਉਹਨੂੰ 'ਖ਼ੁਸ਼' ਰੱਖੀਂ। ਉਹਨੇ ਨਿਰਦੇਸ਼ਕ ਨੂੰ ਪੁੱਛਿਆ, ਅੱਜ ਸ਼ਾਮ ਕੀ ਕਰ ਰਹੇ ਹੋ? ਉਹਨੂੰ ਵਿਹਲਾ ਸੁਣ ਕੇ ਕਹਿੰਦੀ, ਅੱਜ ਰਾਤ ਮੇਰੇ ਨਾਲ ਡਿਨਰ ਕਰੋ। ਫੇਰ ਸ਼ੁਭਚਿੰਤਕ ਦੀ ਮੱਤ ਅਨੁਸਾਰ ਉਹਨੇ ਫ਼ਿਲਮ ਵਿਚ ਕਿਸੇ ਪਾਤਰ ਦੀ ਭੂਮਿਕਾ ਨੂੰ ਵੱਧ ਜਾਂ ਘੱਟ ਸਮਾਂ ਦੇਣ ਤੇ ਉਭਾਰਨ ਜਾਂ ਨਾ ਉਭਾਰਨ ਦੇ ਸਮਰੱਥ ਨਿਰਮਾਤਾ ਨੂੰ ਡਿਨਰ ਲਈ ਬੁਲਾ ਲਿਆ। ਉਸ ਪਿੱਛੋਂ ਨਾਰੀ ਨੂੰ ਸੁੰਦਰਤਾ ਦੇ ਪੂਰੇ ਜਲੌਅ ਨਾਲ ਜਾਂ ਉਹਦੇ ਹੁਸਨ ਦੀ ਧਾਰ ਖੂੰਢੀ ਕਰ ਕੇ ਪੇਸ਼ ਕਰਨ ਦੇ ਮਾਹਿਰ ਸਿਨਮੈਟੋਗ੍ਰਾਫ਼ਰ ਨੇ ਡਿਨਰ ਦਾ ਅਨੰਦ ਮਾਣਿਆ। ਇਉਂ ਹੀ ਪਾਲ ਮੁਨੀ ਦੀ ਵਾਰੀ ਆ ਗਈ। ਨਾਇਕਾ ਦੇ ਸੱਦੇ ਤੋਂ ਉਹ ਕਹਿੰਦਾ, "ਮੈਡਮ, ਮੈਂ ਤਾਂ ਤੇਰੀ ਡਿਨਰ ਵਾਸਤੇ ਵਿਹਲਾ ਹੀ ਹਾਂ ਪਰ ਫ਼ਿਲਮ ਸਾਡੇ ਕੀਤਿਆਂ ਸਫਲ ਨਹੀਂ ਹੋਣੀ, ਉਹ ਤਾਂ ਦਰਸ਼ਕਾਂ ਦੀ ਪਸੰਦ ਨੇ ਸਫਲ ਕਰਨੀ ਹੈ। ਕਿਹੜੇ ਕਿਹੜੇ ਦਰਸ਼ਕ ਨੂੰ 'ਡਿਨਰ' ਵਾਸਤੇ ਲੈ ਕੇ ਜਾਏਂਗੀ? ਜੀਅ-ਜਾਨ ਨਾਲ ਚੰਗਾ ਕੰਮ ਕਰ ਕੇ ਦਰਸ਼ਕਾਂ ਦਾ ਮਨ ਆਪਣੀ ਕਲਾ ਨਾਲ ਮੋਹ ਤੇ ਸਫਲ ਹੋ!"

ਇਹ ਗੱਲ ਸੁਣਾਉਣ ਦਾ ਮੇਰਾ ਮੰਤਵ ਲੇਖਕ ਮਿੱਤਰਾਂ ਨੂੰ ਇਹ ਕਹਿਣਾ ਹੈ ਕਿ ਤੁਹਾਨੂੰ ਚੰਗੇ ਲੇਖਕ ਕਿਸੇ ਹੋਰ ਨੇ ਨਹੀਂ, ਪਾਠਕਾਂ ਨੇ ਬਣਾਉਣਾ ਹੈ। ਚੰਗਾ ਲਿਖਣ ਲਈ ਲੇਖਕ ਨੂੰ ਪੂਰੀ ਵਾਹ ਲਾ ਦੇਣੀ ਚਾਹੀਦੀ ਹੈ। ਇਹ ਠੀਕ ਹੈ ਕਿ ਰਚਨਾ ਆਖ਼ਰ ਲੇਖਕ ਦੀ ਸਮਰੱਥਾ ਦੇ ਕੱਦ ਤੋਂ ਉਚੀ ਨਹੀਂ ਹੋ ਸਕਦੀ ਪਰ ਲੇਖਕ ਨੂੰ ਇਹ ਧਿਆਨ ਜ਼ਰੂਰ ਰੱਖਣਾ ਚਾਹੀਦਾ ਹੈ ਕਿ ਉਹਦੀ ਕੋਈ ਰਚਨਾ ਉਹਦੀ ਪੂਰੀ ਸਮਰੱਥਾ ਤੋਂ ਮਧਰੀ ਨਾ ਰਹੇ। ਉਹਨੂੰ ਸਮਾਂ ਪਾ ਕੇ ਇਹ ਝੋਰਾ ਨਾ ਹੋਵੇ ਕਿ ਮੈਂ ਹੋਰ ਜ਼ੋਰ ਲਾਉਂਦਾ ਤਾਂ ਰਚਨਾ ਹੋਰ ਚੰਗੀ ਹੋ ਸਕਦੀ ਸੀ! ਪੰਜਾਬੀ ਪਾਠਕ ਬਹੁਤ ਹੀ ਦਿਆਲੂ-ਕਿਰਪਾਲੂ ਹਨ। ਲੇਖਕ ਦੇ ਕੀਤੇ ਤੋਂ ਬਹੁਤ ਵੱਧ ਮੁੱਲ ਪਾਉਂਦੇ ਹਨ। ਤੁਸੀਂ ਉਨ੍ਹਾਂ ਦੇ ਦਿਲ ਦੀਆਂ ਤਾਰਾਂ ਹਿਲਾਉਣ ਵਾਲਾ ਕੁਝ ਲਿਖੋ ਤਾਂ ਸਹੀ, ਉਹ ਤੁਹਾਨੂੰ ਪਲਕਾਂ ਉਤੇ ਬਿਠਾ ਲੈਂਦੇ ਹਨ ਅਤੇ ਮਾਣ-ਸਤਿਕਾਰ ਦੀ ਛਹਿਬਰ ਲਾ ਦਿੰਦੇ ਹਨ!

***(ਸਮਾਪਤ)***

## ਝਾੜੂ

ਫਿਰ ਗਿਆ ਝਾੜੂ ਚਾਰ ਚੁਫੇਰੇ, ਜੂਹਾਂ ਛੱਡ ਗਏ ਘੋਰ ਅੰਧੇਰੇ।
ਖੂਨ ਪੀਣੇ ਮੱਖੀ ਮੱਛਰ ਮਰ ਗਏ, ਉਜਵਲ ਖੂੰਜਾਂ ਕੁੱਲ ਬਨੇਰੇ।

ਨਿਕਲਿਆ ਆਖਰ ਸੱਚ ਦਾ ਸੂਰਜ, ਬਾਦਲ ਗਰਜੇ ਵਿਚ ਬਥੇਰੇ।
ਫੌਜ ਗਿੱਦੜਾਂ ਦੀ ਦੁੜਕੀਂ ਭੱਜੀ, ਕ੍ਰਾਂਤੀ ਦੇ ਹਿਣਕੇ ਜਦ ਵਛੇਰੇ।

ਸ਼ਾਂਤਮਈ ਤਬਦੀਲੀ ਆਈ, ਨਿੱਤਰੇ ਪੰਨੂ ਇਨਕਲਾਬੀ ਚਿਹਰੇ।
ਜਾਗੀ ਦਿੱਲੀ ਤੁਸੀਂ ਵੀ ਜਾਗੋ, ਸੁੱਟ ਦਿਓ ਆਲਸ ਪਰੇ ਪਰੇਰੇ।

**-ਚਰਨਜੀਤ ਸਿੰਘ ਪੰਨੂ**

# ਸੁਹਿਰਦ ਪੰਥਕ ਸੋਚ ਅਤੇ ਨਾਨਕਸ਼ਾਹੀ ਕੈਲੰਡਰ

***(ਪਿਛਲੇ ਸਫੇ ਦੀ ਬਾਕੀ)***

ਪੱਖੇ ਚੋਦਸ ਕੇ ਦਿਹੁੰ, ਬਾਵਨ ਰਾਜਯੋਂ ਕੇ ਗੈਲ ਗੜ੍ਹ ਗੁਆਲੀਅਰ ਸੇ ਮੁਕਤ ਹੂਏ। ਨਾਇਕ ਹਰੀਰਾਮ ਦਰੋਗਾ ਬੇਟਾ ਨਾਇਕ ਹਰਬੰਸ ਲਾਲ ਕਾ ਚੰਦ੍ਰਵੰਸੀ ਜਾਦਵ ਬੜ੍ਹਤੀਆਂ ਕਨਾਵਤ ਨੇ ਬੰਦੀਛੋੜ ਗੁਰੂ ਹਰਿਗੋਬਿੰਦ ਜੀ ਕੇ ਬੰਧਨ ਮੁਕਤ ਹੋਨੇ ਕੀ ਖੁਸ਼ੀ ਮੇਂ ਦੀਪਮਾਲਾ ਕੀ। ਏਕ ਦਿਵਸ ਨਾਇਕ ਹਰੀਰਾਮ ਕੇ ਗ੍ਰਹਿ ਕੇ ਮੇਂ ਨਿਵਾਸ ਕਰਕੇ ਗੁਆਲੀਅਰ ਸੇ ਬਿਦਾਇਗੀ ਲੀ। ਰਾਸਤੇ ਦਾ ਪੰਧ ਮੁਕਾਇ ਆਗਰੇ ਆਇ ਕੇ ਨਿਵਾਸ ਕੀਆ।" (ਭੱਟ ਵਹੀ ਜਦੋਂ ਬੰਸੀਆਂ ਬੜਤੀਆਂ ਕੀ)

ਇਸ ਅਨੁਸਾਰ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਗਵਾਲੀਅਰ ਦੇ ਕਿਲ੍ਹੇ ਵਿਚੋਂ ਰਿਹਾਈ ਦੀ ਤਾਰੀਖ ਈਸਵੀ ਸੰਨ 1619 ਦੀ 26 ਅਕਤੂਬਰ, ਦਿਨ ਵੀਰਵਾਰ ਬਣਦੀ ਹੈ ਅਤੇ ਉਨ੍ਹਾਂ ਦਾ ਅੰਮ੍ਰਿਤਸਰ ਆਗਮਨ ਈਸਵੀ ਸੰਨ 1621 ਦੀ 28 ਫਰਵਰੀ, ਦਿਨ ਐਤਵਾਰ ਬਣਦਾ ਹੈ। ਅੰਮ੍ਰਿਤਸਰ ਆਗਮਨ ਬਾਰੇ ਭੱਟ ਵਹੀ ਦੇ ਇੰਦਰਾਜ਼ ਦੀ ਇਬਾਰਤ ਇਸ ਤਰ੍ਹਾਂ ਹੈ,

"ਗੁਰੂ ਹਰਿਗੋਬਿੰਦ ਸਿੰਘ ਜੀ ਮਹਲ ਛੱਟਾ ਬੇਟਾ ਗੁਰੂ ਅਰਜਨ ਜੀ ਕਾ, ਸੰਮਤ ਸੋਲ੍ਹਾਂ ਸੈ ਸੱਤ੍ਹਾ ਮਾਘ ਪ੍ਰਵਿਸ਼ਟੇ ਪਹਿਲੀ ਕੇ ਦਿਹੁੰ ਹੇਹਰ ਨਗਰੀ ਸੇ ਚਲ ਕਰ ਗ੍ਰਾਮ ਗੁਰੂ ਕੇ ਚੱਕ ਪਰਗਣ ਨਿੱਝਰਆਲਾ ਆਏ, ਗੈਲੋ ਅਰਜਾਨੀ ਸਾਹਿਬ ਬੇਟਾ ਗੁਰੂ ਮੋਹਰੀ ਜੀ ਕਾ, ਗੁਰੂ ਮੇਹਰਬਾਨ ਬੇਟਾ ਗੁਰੂ ਪ੍ਰਿਥੀਚੰਦ ਜੀ ਕਾ, ਬਾਬਾ ਬੁੱਢਾ ਰਾਮਦਾਸ ਬੇਟਾ ਸੁੱਘੇ ਰੰਧਾਵੇ ਕਾ, ਗੁਰਦਾਸ ਬੇਟਾ ਈਸ਼ਰਦਾਸ ਭੱਲੇ ਕਾ, ਬੱਲੂ ਰਾਇ ਬੇਟਾ ਮੂਲਚੰਦ ਜਲ੍ਹਾਨੇ ਕਾ, ਕੌਲ ਜੀ ਦਾਸ ਬੇਟਾ ਅੰਬੀਏ ਹਜਾਵਤ ਕਾ, ਹੋਰ ਸਿੱਖ ਫਕੀਰ ਆਏ। ਗੁਰੂ ਜੀ ਕੇ ਆਨੇ ਕੀ ਖੁਸ਼ੀ ਮੇਂ ਦੀਪਮਾਲਾ ਕੀ ਗਈ। ਹਰਿਮੰਦਰ ਸਾਹਿਬ ਮੇਂ ਦੀਏ ਬਤੀ ਕੀ ਸੇਵਾ ਗੁਰੂ ਮੇਹਰਬਾਨ ਕੀ ਲਾਈ। ਗੁਰੂ ਜੀ ਤੀਜੇ ਦਿਹੁੰ 'ਗੁਰ ਚੱਕ' ਸੇ ਵਿਦਾ ਹੋਇ ਗੋਇੰਦਵਾਲ ਮੇਂ ਜਾਇ ਬਿਰਾਜੇ।" (ਭੱਟ ਵਹੀ ਤਲਾਉਂਢਾ ਪਰਗਣਾ ਜੀਂਦ)

ਹੁਣ ਇਹ ਸਵਾਲ ਹਰ ਸਿੱਖ ਦੀ ਮਾਨਸਿਕਤਾ ਅੰਦਰ ਜ਼ਰੂਰ ਜਨਮ ਲਵੇਗਾ ਕਿ ਅਸੀਂ ਤਾਂ ਪਹਿਲਾਂ ਹੀ ਬਿਪਰਵਾਦੀ ਪ੍ਰਭਾਵ ਅਧੀਨ ਆਪਣੇ ਇਤਿਹਾਸਕ ਦਿਹਾੜਿਆਂ ਦੀ ਤਾਰੀਖਾਵਲੀ ਦਾ ਘਾਣ ਕਰ ਚੁੱਕੇ ਹਾਂ ਪਰ ਆਉਣ ਵਾਲੇ ਸਮੇਂ ਵਿਚ ਜੇਕਰ ਇਤਿਹਾਸ ਦੀ ਸੋਧ ਦੇ ਮਖੌਟੇ ਅਧੀਨ ਸੰਘ ਪੱਖੀ ਵਿਦਵਾਨਾਂ ਨੇ ਆਪਣੇ ਦਿਹਾੜੇ ਆਪਣੇ ਸਰੋਤਾਂ ਅਨੁਸਾਰ ਤੈਅ ਕੀਤੇ ਤਾਂ ਸਾਡਾ ਪ੍ਰਤੀਕਰਮ ਕੀ ਹੋਵੇਗਾ? ਜੇਕਰ ਉਨ੍ਹਾਂ ਨੇ ਆਪਣੇ ਧਾਰਮਿਕ ਸਰੋਤਾਂ ਅਨੁਸਾਰ ਆਪਣੇ ਇਸ਼ਟ ਦਾ ਅਯੁਧਿਆ ਆਗਮਨ ਕੱਤਕ ਤੋਂ ਬਦਲ ਕੇ ਚੇਤਰ ਦੇ ਮਹੀਨੇ ਵਿਚ ਤੈਅ ਕਰ ਲਿਆ ਭਾਵ ਅਕਤੂਬਰ ਤੋਂ ਬਦਲ ਕੇ ਮਾਰਚ ਦੀ ਕਿਸੇ ਮਿਤੀ ਨੂੰ ਨਿਰਧਾਰਿਤ ਕਰ ਲਿਆ ਤਾਂ ਕੀ ਅਸੀਂ ਵੀ ਬੰਦੀਛੋੜ ਨੂੰ ਮਾਰਚ ਵਿਚ ਹੀ ਮਨਾਇਆ ਕਰਾਂਗੇ? ਕਿਉਂਕਿ ਅਸੀਂ ਬੰਦੀਛੋੜ ਤਾਂ ਦੀਵਾਲੀ ਨਾਲ ਹੀ ਜੋੜ ਕੇ ਰੱਖਣਾ ਹੈ!

ਸੰਭਲ ਐ ਨਾਦਾਂ ਕਿਆਮਤ ਆਨੇ ਵਾਲੀ ਹੈ,
ਤੇਰੀ ਬਰਬਾਦੀਓਂ ਕੇ ਮਸ਼ਵਰੇ ਹੈਂ ਆਸਮਾਨੋਂ ਪਰ।

ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

# ਕਾਰੂੰ ਦਾ ਖਜ਼ਾਨਾ

ਕਿਸੇ ਪਾਸ ਅਚਾਨਕ ਅਣਕਮਾਈ ਧੰਨ ਦੌਲਤ ਆ ਜਾਏ ਜਾਂ ਕਿਸੇ ਹੋਰ ਤਰ੍ਹਾਂ ਕਿਸਮਤ ਖੁਲ੍ਹ ਜਾਵੇ ਤਾਂ ਅਕਸਰ ਹੀ ਮੁਹਾਵਰਾ ਵਰਤਿਆ ਜਾਂਦਾ ਹੈ ਕਿ ਉਸ ਦੇ ਤਾਂ ਕਾਰੂੰ ਦਾ ਖਜ਼ਾਨਾ ਹੱਥ ਲੱਗ ਗਿਆ ਹੈ। ਮਾਇਆ ਦੀ ਨਾਸ਼ਵਾਨਤਾ ਦਰਸਾਉਣ ਲਈ ਵੀ ਇਸ ਮੁਹਾਵਰੇ ਦੀ ਵਰਤੋਂ ਕੀਤੀ ਜਾਂਦੀ ਹੈ। ਜਿਵੇਂ ਮੇਰੇ ਡਰ ਤੋਂ ਦੁਨੀਆਂ ਦੇ ਡਰ ਨੱਸਦੇ ਨੇ,

ਮੇਰੀ ਮੁਸਕਰਾਹਟ 'ਚ ਜੱਗ ਵਸਦੇ ਨੇ...।

ਦਸਮ ਗ੍ਰੰਥ ਵਿਚ ਇਸ ਪ੍ਰਸੰਗ ਵੱਲ ਇਸ਼ਾਰਾ ਹੈ,

ਪਾਤਿਸਾਹ ਕਾਰੂੰ ਇਕ ਸੁਨਿਯਤ॥
ਅਮਿਤ ਤੇਜ ਜਾ ਕੋ ਜਗ ਗੁਨਿਯਤ॥
ਜਿਹ ਧਨ ਭਰੇ ਚਿਹਲ ਭੰਡਾਰਾ॥
ਆਵਤ ਜਿਨ ਕਾ ਪਾਰ ਨ ਵਾਰਾ॥
ਤਿਹ ਪੁਰ ਸਾਹ ਸੁਤਾ ਇਕ ਸੁਨਿਯਤ॥
ਜਾਨੁਕ ਚਿਤ੍ਰ ਪੁਤ੍ਰਕਾ ਗੁਨਿਯਤ॥
ਨਿਰਖ ਭੂਪ ਕਾ ਰੂਪ ਲੁਭਾਈ॥
ਏਕ ਸਹਚਰੀ ਤਹਾ ਪਠਾਈ॥
ਕੁਅਰਿ ਬਸੰਤ ਤਵਨਿ ਕਾ ਨਾਮਾ॥
ਜਿਹ ਸਮਾਨ ਭੀ ਔਰ ਨ ਬਾਮਾ॥
ਸੋ ਕਾਰੂੰ ਕੀ ਛਬਿ ਲਖਿ ਅਟਿਕੀ॥
ਬਿਸਰਿ ਗਈ ਸਭ ਹੀ ਸੁਧਿ ਘਟ ਕੀ॥

ਕੌਣ ਹੈ ਇਹ ਕਾਰੂੰ ਜਿਸ ਦੇ ਖਜ਼ਾਨੇ ਦੀ ਏਨੀ ਦਫਾ ਪੱਟੀ ਗਈ ਹੈ? ਕਾਰੂੰ ਦਾ ਆਖਿਆਨ ਸਾਮੀ ਧਰਮ ਪੁਸਤਕਾਂ ਵਿਚ ਆਉਂਦਾ ਹੈ। ਇਹ ਜਾਣਨ ਲਈ ਸਾਨੂੰ ਪਹਿਲਾਂ ਮੂਸਾ ਬਾਰੇ ਥੋੜ੍ਹੀ ਜਾਣਕਾਰੀ ਲੈਣੀ ਚਾਹੀਦੀ ਹੈ। ਮੂਸਾ ਇਬਰਾਹਮੀ ਧਰਮਾਂ (ਯਹੂਦੀ, ਇਸਾਈ, ਇਸਲਾਮ) ਦਾ ਪ੍ਰਮੁਖ ਪੈਗੰਬਰ ਮੰਨਿਆ ਜਾਂਦਾ ਹੈ। ਯਹੂਦੀ ਧਰਮ ਦਾ ਤਾਂ ਉਸ ਨੂੰ ਬਾਨੀ ਹੀ ਮੰਨਿਆ ਜਾਂਦਾ ਹੈ। ਬਾਈਬਲ ਵਿਚ ਮੂਸਾ ਬਾਰੇ ਕਾਫੀ ਕੁਝ ਲਿਖਿਆ ਮਿਲਦਾ ਹੈ। ਉਸ ਮੁਤਾਬਿਕ ਮੂਸਾ ਮਿਸਰ ਵਿਚ ਇਸਰਾਈਲੀ ਮਾਤਾ-ਪਿਤਾ ਦੇ ਘਰ ਪੈਦਾ ਹੋਏ। ਇਸ ਦਾ ਕਾਲ ਸੰਮਤ ਈਸਵੀ ਤੋਂ ਕੋਈ ਡੇਢ ਕੁ ਹਜ਼ਾਰ ਸਾਲ ਪਹਿਲਾਂ ਦਾ ਸਮਝਿਆ ਜਾਂਦਾ ਹੈ। ਉਸ ਵੇਲੇ ਮਿਸਰ ਵਿਚ ਫਰਾਊਨ ਬਾਦਸ਼ਾਹ ਦਾ ਰਾਜ ਸੀ ਪਰ ਉਹ ਪੈਦਾ ਹੋ ਰਹੇ ਹਰ ਇਸਰਾਈਲੀ ਬੱਚੇ ਨੂੰ ਮਰਵਾ ਰਿਹਾ ਸੀ। ਇਸ ਲਈ ਮੌਤ ਦੇ ਡਰ ਤੋਂ ਉਸ ਦੀ ਮਾਂ ਨੇ ਉਸ ਨੂੰ ਇਕ ਸੰਦੂਕ ਵਿਚ ਬੰਦ ਕਰਕੇ ਨੀਲ ਨਦੀ ਵਿਚ ਵਹਾ ਦਿੱਤਾ ਪਰ ਫਰਾਊਨ ਦੀ ਪਤਨੀ ਨੇ ਉਸ ਨੂੰ ਚੁੱਕ ਕੇ ਪਾਲਿਆ। ਇਸ ਤਰ੍ਹਾਂ ਉਹ ਮਿਸਰ ਦਾ ਇਕ ਸ਼ਹਿਜ਼ਾਦਾ ਬਣਿਆ। ਬਾਅਦ ਵਿਚ ਉਸ ਨੂੰ ਪਤਾ ਲੱਗਾ ਕਿ ਉਹ ਇਕ ਯਹੂਦੀ ਸੀ। ਯਹੂਦੀ ਲੋਕਾਂ ਨੂੰ ਫਰਾਊਨ ਨੇ ਗੁਲਾਮ ਬਣਾ ਲਿਆ ਸੀ ਤੇ ਉਨ੍ਹਾਂ 'ਤੇ ਅਥਾਹ ਅਤਿਆਚਾਰ ਕਰ ਰਿਹਾ ਸੀ। ਮੂਸਾ ਨੂੰ ਇਕ ਪਹਾੜ 'ਤੇ ਰੱਬ ਦੇ ਸਾਖਿਆਤਕਾਰ ਦਰਸ਼ਨ ਹੋਏ। ਰੱਬ ਦੀ ਮਦਦ ਨਾਲ ਉਸ ਨੇ ਫਰਾਊਨ ਨੂੰ ਹਰਾ ਕੇ ਯਹੂਦੀਆਂ ਨੂੰ ਮੁਕਤੀ ਦਿਵਾਈ ਤੇ ਉਨ੍ਹਾਂ ਨੂੰ ਮਿਸਰ ਤੋਂ ਇਸਰਾਈਲ ਪਹੁੰਚਾਇਆ। ਰੱਬ ਨੇ ਮੂਸਾ ਨੂੰ ਦਸ ਆਦੇਸ਼ ਦਿੱਤੇ ਜੋ ਯਹੂਦੀ ਧਰਮ ਦਾ ਥੰਮ੍ਹ ਸਮਝੇ ਜਾਂਦੇ ਹਨ। ਇਥੇ ਇਹ ਦੱਸ ਦੇਣਾ ਵੀ ਯੋਗ ਹੈ ਕਿ ਬਹੁਤ ਸਾਰੇ ਇਤਿਹਾਸਕਾਰ ਮੂਸਾ ਦੀ ਇਤਿਹਾਸਕਤਾ ਤੋਂ ਇਨਕਾਰੀ ਹਨ।



ਬਾਈਬਲ ਵਿਚ ਕਾਰੂੰ ਦਾ ਨਾਂ ਕੋਰਾਅ ਮਿਲਦਾ ਹੈ ਜਦ ਕਿ ਕਾਰੂੰ ਨਾਂ ਕੁਰਾਨ ਵਿਚ ਹੈ। ਇਹ ਮੂਸਾ ਦਾ ਚਚੇਰਾ ਭਰਾ ਦੱਸਿਆ ਜਾਂਦਾ ਹੈ। ਇਹ ਬਹੁਤ ਸੁੰਦਰ ਸੀ ਇਸ ਲਈ ਮੁਨੱਵਰ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਸੀ। ਯਹੂਦੀਆਂ ਦੇ ਗ੍ਰੰਥ ਤਾਲਮੁਦ ਅਨੁਸਾਰ ਕਾਰੂੰ ਬਹੁਤ ਹੀ ਅਮੀਰ ਆਦਮੀ ਸੀ। ਉਸ ਨੂੰ ਕੀਮੀਆਗਰ ਸਮਝਿਆ ਜਾਂਦਾ ਸੀ ਜੋ ਹੋਰ ਚੀਜ਼ਾਂ ਤੋਂ ਸੋਨਾ ਅਤੇ ਚਾਂਦੀ ਬਣਾ ਸਕਦਾ ਸੀ। ਉਸ ਕੋਲ ਏਨੀ ਮਾਇਆ ਜਮ੍ਹਾਂ ਹੋ ਗਈ, ਉਸ ਦੇ ਖਜ਼ਾਨੇ ਦੀਆਂ ਚਾਬੀਆਂ ਦਾ ਭਾਰ ਹੀ 60 ਖੱਚਰਾਂ (ਕਈ ਸ੍ਰੋਤਾਂ ਵਿਚ ਗਿਣਤੀ ਦਾ ਫਰਕ ਹੈ) ਦਾ ਲੱਦ ਸੀ। ਉਸ ਨੂੰ ਆਪਣੇ ਇੰਨੇ ਸਾਰੇ ਧਨ ਦਾ ਬੇਹੱਦ ਨਸ਼ਾ ਅਤੇ ਹੰਕਾਰ ਸੀ। ਇਥੋਂ ਤੱਕ ਕਿ ਉਹ ਹਜ਼ਰਤ ਮੂਸਾ ਦੇ ਹੁਕਮਾਂ ਦੀ ਤਾਮੀਲ ਨਹੀਂ ਸੀ ਕਰਦਾ। ਮੂਸਾ ਨੇ ਉਸ ਨੂੰ ਇਕ ਹਜ਼ਾਰ ਦੀਨਾਰ ਪਿਛੇ ਇਕ ਦੀਨਾਰ ਜ਼ਕਾਤ ਵਜੋਂ ਦੇਣ ਦਾ ਆਦੇਸ਼ ਦਿੱਤਾ ਪਰ ਉਹ ਨਾ ਮੰਨਿਆ। ਸਗੋਂ ਉਸ ਨੇ ਮੂਸਾ ਦੀ ਬੇਇਜ਼ਤੀ ਕੀਤੀ। ਆਖਰਕਾਰ ਮੂਸਾ ਦੇ ਸਰਾਪ ਕਾਰਨ ਕਾਰੂੰ ਆਪਣੇ ਸਾਰੇ ਖਜ਼ਾਨੇ ਸਮੇਤ ਜ਼ਮੀਨ ਵਿਚ ਗਰਕ ਗਿਆ। ਕਹਿਰ ਵਾਲੀ ਗੱਲ ਹੈ ਕਿ ਸਰਾਪ ਅਨੁਸਾਰ ਉਹ ਕਿਆਮਤ ਤੱਕ ਆਪਣੇ ਮਾਲ ਦੇ ਭਾਰ ਹੇਠਾਂ ਹੋਰ ਥੱਲੇ ਗਰਕਦਾ ਹੀ ਜਾਵੇਗਾ। ਵਾਰਿਸ ਸ਼ਾਹ ਅਤੇ ਬੁਲ੍ਹੇ ਸ਼ਾਹ ਨੇ ਇਸ ਗਰਕ ਹੋਣ ਵਾਲੀ ਗੱਲ ਦਾ ਜ਼ਿਕਰ ਕੀਤਾ ਹੈ। ਵਾਰਿਸ ਸ਼ਾਹ ਦੇ ਕਲਾਮ ਸੁਣੋ,

ਕਾਰੂੰ ਭੁਲ ਜ਼ਕਾਤ ਕੀ ਸ਼ੂਮ ਹੋਇਆ,
ਵਾਰਦ ਓਸ ਤੇ ਕਹਿਰ ਇੱਲਾਹ ਹੋਇਆ।
ਕੁਝ ਹੋਰ,
ਚੂਚਕ ਆਖਦਾ ਮਲਕੀਏ ਜੰਮਦੀ ਨੂੰ,
ਗਲ ਘੁਟਕੇ ਕਾਹੇ ਨਾ ਮਾਰਿਉ ਈ।
ਘੁਟੀ ਅੱਕ ਦੀ ਘੋਲ ਨਾ ਦਿੱਤੀ ਆਈ,
ਉਹ ਅੱਜ ਸਵਾਬ ਨਿਤਾਰਿਉ ਈ।
ਮੰਝ ਡੂੰਘੜੇ ਧੀਉ ਨਾ ਬੋੜਿਆਈ,
ਵਢ ਲੌੜ੍ਹ ਕੇ ਮੂਲ ਨਾ ਮਾਰਿਉ ਈ।
ਵਾਰਸ ਸ਼ਾਹ ਖੁਦਾ ਦਾ ਖੌਫ ਕੀਤੇ,
ਕਾਰੂੰ ਵਾਂਗ ਨਾ ਜ਼ਮੀਂ ਨਘਾਰਿਉ ਈ।

ਬੁਲ੍ਹੇ ਸ਼ਾਹ ਵੀ ਇਸੇ ਤਰ੍ਹਾਂ ਦੀ ਗੱਲ ਕਰ ਰਹੇ ਹਨ,

ਨਮਰੂਦ ਨੇ ਵੀ ਖੁਦਾ ਸਦਾਇਆ,
ਉਸ ਨੇ ਰੱਬ ਨੂੰ ਤੀਰ ਚਲਾਇਆ।
ਮੱਛਰ ਤੋਂ ਨਮਰੂਦ ਮਰਵਾਇਆ,
ਕਾਰੂੰ ਜ਼ਮੀਂ ਨਿਘਾਰਿਆ ਈ।
ਰਹੁ ਰਹੁ ਉਏ ਇਸ਼ਕਾ ਮਾਰਿਆ ਈ।

'ਮਹਾਨ ਕੋਸ਼' ਦੇ ਕਰਤਾ ਨੇ 'ਕਾਰੂੰ' ਦੇ ਇੰਦਰਾਜ ਅਧੀਨ ਇਸ ਤੱਥ ਵੱਲ ਧਿਆਨ ਦੁਆਇਆ ਹੈ ਕਿ ਭਾਈ ਸੰਤੋਖ ਸਿੰਘ ਅਤੇ ਹੋਰ ਕਈ ਇਤਿਹਾਸਕਾਰਾਂ ਨੇ ਕਾਰੂੰ ਨੂੰ ਰੂਮ ਦਾ ਬਾਦਸ਼ਾਹ ਲਿਖ ਕੇ ਭੁੱਲ ਕੀਤੀ ਹੈ। ਮਿਸਾਲ ਵਜੋਂ,

ਰੂਮ ਵਲਾਇਤ ਜਹਾਂ ਮਹਾਨਾ,
ਪਾਤਸ਼ਾਹ ਕਾਰੂੰ ਤਿਹ ਥਾਨਾ।
ਤਿਨ ਕੋ ਸੁਖ ਦੇਨੇ ਕੇ ਹੇਤਾ,
ਪੁਰ ਪ੍ਰਵਿਸ਼ੇ ਵੇਦੀ ਕੁਲਕੇਤਾ।
ਕਾਰੂੰ ਕੇਰ ਦੁਰਗ ਜਹਿ ਭਾਰੀ,
ਤਿਸ ਕੇ ਬੈਠੇ ਜਾਇ ਅਗਾਰੀ।

'ਮਹਾਨ ਕੋਸ਼' ਅਨੁਸਾਰ 'ਨਸੀਹਤਨਾਮਾ' ਵੀ ਕਾਰੂੰ ਦੇ ਪ੍ਰਥਾਇ ਹੀ ਉਚਾਰਣ ਹੋਇਆ ਲਿਖਿਆ ਹੈ, "ਸੁਨ ਸ੍ਰੀ ਨਾਨਕ ਗਿਰਾ ਉਚਾਰੀ, ਦੇਨ ਨਸੀਹਤ ਸਭ ਸੁਖ ਕਾਰੀ ਤਿਲੰਗ ਮਹਲਾ 1 ਕੀਚੈ ਨੇਕਨਾਮੀ ਜੋ ਦੇਵੇ ਖੁਦਾਇ। ਜੋ ਦੀਸੈ ਜਿਮੀ ਪਰ ਸੋ ਹੋਸੀ ਫਨਾਇ।...ਚਾਲੀ ਗੰਜ ਜੋੜੇ ਨ ਰਖਿਓ ਈਮਾਨ। ਦੇਖੋ ਰੇ ਕਾਰੂੰ। ਜੁ ਹੋਤੇ ਪਰੇਸਾਨ" (ਨਾਨਕ ਪ੍ਰਕਾਸ਼) ਸ੍ਰੀ ਗੁਰੂ ਨਾਨਕ ਦੇਵ ਜੀ ਜਿਸ ਸਮੇਂ ਰੂਮ ਵਲਾਇਤ ਗਏ ਹਨ, ਉਸ ਵੇਲੇ ਤਖਤ ਤੇ ਸੁਲੇਮਾਨ ਸਲੀਮਖਾਨ ਅੱਵਲ ਸੀ।

ਈਸਵੀ ਸੰਮਤ ਤੋਂ ਕੋਈ ਸਾਢੇ ਪੰਜ ਸੌ ਸਾਲ ਪਹਿਲਾਂ ਹੋਏ ਲੀਡੀਆ (ਤੁਰਕੀ) ਦੇ ਬਾਦਸ਼ਾਹ ਕਰੀਸਸ ਨੂੰ ਵੀ ਕਾਰੂੰ ਕਿਹਾ ਜਾਂਦਾ ਹੈ। ਇਹ ਵਡਾ ਧਨੀ ਸੀ। ਇਸ ਦੀ ਪ੍ਰਭੁਤਾ ਵੇਖ ਕੇ ਵੱਡੇ ਵੱਡੇ ਸਿਆਣੇ ਇਸ ਦੇ ਦਰਸ਼ਨਾਂ ਨੂੰ ਆਉਂਦੇ ਸਨ। ਏਥਨਜ਼ ਤੋਂ ਸੋਲੋਨ ਨਾਂ ਦਾ ਇਕ ਬਹੁਤ ਉਘਾ ਸਿਆਣਾ ਪੁਰਖ ਵੀ ਉਸ ਨੂੰ ਮਿਲਣ ਆਇਆ। ਕਰੀਸਸ ਨੇ ਉਸ ਨੂੰ ਆਪਣੇ ਭਰਪੂਰ ਖਜ਼ਾਨੇ ਨਾਲ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਕੀਤੀ ਤੇ ਫਿਰ ਉਸ ਤੋਂ ਪੁਛਿਆ ਕਿ ਸੰਸਾਰ ਵਿਚ ਸੁਖੀ ਕੌਣ ਹੈ? ਕਰੀਸਸ ਨੇ ਸਮਝਿਆ ਕਿ ਸ਼ਾਇਦ ਉਸ ਦਾ ਨਾਂ ਲਿਆ ਜਾਵੇਗਾ ਪਰ ਅਜਿਹਾ ਨਾ ਹੋਇਆ। ਉਸ ਨੇ ਟੈਲਸ ਨਾਂ ਦੇ ਦੁਨੀਆਂਦਾਰ ਵਿਅਕਤੀ ਦਾ ਨਾਂ ਲਿਆ। ਕਰੀਸਸ ਨੇ ਸੋਚਿਆ ਸ਼ਾਇਦ ਦੂਜੇ-ਤੀਜੇ ਨੰਬਰ 'ਤੇ ਹੀ ਉਸ ਦਾ ਨਾਂ ਆ ਜਾਵੇਗਾ ਪਰ ਸੋਲੋਨ ਨੇ ਉਸ ਨੂੰ ਨਿਰਾਸ਼ ਹੀ ਕੀਤਾ, ਉਸ ਨੇ ਏਥਨਜ਼ ਦੀਆਂ ਖੇਡਾਂ ਵਿਚ ਇਨਾਮ ਲੈਣ ਵਾਲਿਆਂ ਦੇ ਨਾਂ ਗਿਣਾ ਦਿੱਤੇ। ਗੱਲ ਕੀ ਸੋਲੋਨ ਦਾ ਭਾਵ ਸੀ ਕਿ ਜਿਸ ਦਾ ਅੰਤ ਸੁਖ ਨਾਲ ਨਿਭੇ ਉਹ ਸੁਖੀ ਹੈ। ਕਰੀਸਸ ਨੇ ਸੋਲੋਨ ਨੂੰ ਮੂਰਖ ਸਮਝਿਆ। ਐਪਰ ਜਦ ਫਾਰਸ ਦੇ ਬਾਦਸ਼ਾਹ ਸਾਇਰਸ ਨੇ ਕਰੀਸਸ ਨੂੰ ਜਿੱਤ ਕੇ ਫੜ ਲਿਆ ਤੇ ਕਤਲ ਕਰਨ ਲੱਗਾ, ਤਾਂ ਉਸ ਨੂੰ ਸੋਲੋਨ ਦੀ ਸਿਖਿਆ ਯਾਦ ਆਈ ਤੇ ਉਸ ਨੇ ਤਿੰਨ ਵਾਰ ਸੋਲੋਨ ਦਾ ਨਾਮ ਲਿਆ। ਪੁੱਛਣ ਤੇ ਕਰੀਸਸ ਨੇ ਸਾਰਾ ਹਾਲ ਦੱਸਿਆ ਤਾਂ ਫਾਰਸ ਦੇ ਬਾਦਸ਼ਾਹ ਨੇ ਉਸ ਨੂੰ ਛੱਡ ਦਿੱਤਾ।

ਪੱਛਮੀ ਤੁਰਕੀ ਵਿਚੋਂ ਈਸਵੀ ਸੰਮਤ ਤੋਂ ਕੋਈ ਸੱਤ ਸੌ ਸਾਲ ਪਹਿਲਾਂ ਦੀਆਂ 363 ਕੀਮਤੀ ਕਲਾਕ੍ਰਿਤੀਆਂ ਲੱਭੀਆਂ ਹਨ। ਇਹ ਵੀ ਇਕ ਤਰ੍ਹਾਂ ਕਾਰੂੰ ਦਾ ਖਜ਼ਾਨਾ ਹੀ ਹੈ। ਅੰਗਰੇਜ਼ੀ ਵਿਚ ਇਨ੍ਹਾਂ ਨੂੰ Croesus treasure ਕਿਹਾ ਜਾਂਦਾ ਹੈ ਕਿਉਂਕਿ ਇਹ ਇਸ ਬਾਦਸ਼ਾਹ ਦੇ ਵੇਲੇ ਦੀਆਂ ਸਮਝੀਆਂ ਜਾਂਦੀਆਂ ਹਨ ਪਰ ਇਸ ਬਾਰੇ ਪੱਕ ਨਹੀਂ। ਇਹ ਕਲਾਕ੍ਰਿਤੀਆਂ ਦਰਅਸਲ 1965 ਵਿਚ ਇਕ ਔਰਤ ਦੀ ਕਬਰ ਵਿਚੋਂ ਲੱਭੀਆਂ ਗਈਆਂ ਸਨ। ਵਿਦਵਾਨ ਇਸ ਨੂੰ ਕਰੀਸਸ ਨਾਲ ਨਹੀਂ ਜੋੜਦੇ। ਇਹ ਜਾਂ ਤਾਂ ਉਸ ਦੇ ਖਾਨਦਾਨ ਨਾਲ ਸਬੰਧਤ ਕਿਸੇ ਔਰਤ ਦੀਆਂ ਹੋ ਸਕਦੀਆਂ ਹਨ ਜਾਂ ਫਿਰ ਕਰੀਸਸ ਨੂੰ ਜਿੱਤਣ ਵਾਲੇ ਸਾਇਰਸ ਦੀਆਂ। "ਕਾਰੂੰ ਦਾ ਖਜ਼ਾਨਾ" ਉਕਤੀ ਨੇ ਕਰੀਸਸ ਦੇ ਨਾਂ ਨਾਲ ਜੁੜ ਕੇ ਹੀ ਆਪਣੇ ਪੈਰ ਜਮਾਏ ਹਨ। ਅੰਗਰੇਜ਼ੀ ਵਿਚ ਕਿਹਾ ਜਾਂਦਾ ਹੈ, "as rich as Creusus."

ਕਰੀਸਸ ਨਾਂ ਮੁਢਲੇ ਤੌਰ 'ਤੇ ਗਰੀਕ ਭਾਸ਼ਾ ਦਾ ਹੈ ਤੇ ਕਾਰੂੰ ਇਸ ਦਾ ਅਰਬੀ ਰੂਪ। ਮਿਸਰ ਵਿਚ ਇਕ 'ਕਾਰੂੰ ਝੀਲ' ਵੀ ਹੈ ਜਿਸ ਦਾ ਨਾਂ ਕਾਰੂੰ ਨਾਲ ਜੋੜਿਆ ਜਾਂਦਾ ਹੈ ਜਿਸ ਦਾ ਖਜ਼ਾਨਾ ਇਸ ਦੇ ਹੇਠਾਂ ਦੱਬਿਆ ਪਿਆ ਹੈ। 'ਕਾਰੂੰ ਦੇ ਖਜ਼ਾਨੇ' ਵਿਚਲਾ ਖਜ਼ਾਨਾ ਸ਼ਬਦ ਮੁਢਲੇ ਤੌਰ 'ਤੇ ਅਰਬੀ ਮੂਲ ਦਾ ਹੈ ਜਿਸ ਦਾ ਅਰਥ ਭੰਡਾਰਾ ਕਰਨਾ ਹੁੰਦਾ ਹੈ। ਇਸੇ ਤੋਂ ਅਰਬੀ ਵਿਚ ਮਖਜ਼ਨ ਸ਼ਬਦ ਬਣਿਆ ਜੋ ਫਰਾਂਸੀਸੀ ਰਾਹੀਂ ਅੰਗਰੇਜ਼ੀ ਵਿਚ ਮੈਗਜ਼ੀਨ ਦਾ ਰੂਪ ਧਾਰ ਕੇ ਆਇਆ। ਮੈਗਜ਼ੀਨ ਦਾ ਇਕ ਅਰਥ ਫੌਜੀ ਅਸਲਾ ਹੁੰਦਾ ਹੈ। ਰਿਸਾਲਾ ਵੀ ਤਾਂ ਅਸਲਾ ਹੀ ਹੁੰਦਾ ਹੈ! ਇਸ ਉਕਤੀ ਦਾ ਫਾਰਸੀ ਰੂਪ ਹੈ ਗੰਜ-ਏ-ਕਾਰੂੰ। ਇਸ ਨਾਂ ਦੀ ਫਾਰਸੀ ਵਿਚ ਇਕ ਬਹੁਤ ਵਧੀਆ ਫਿਲਮ ਬਣੀ ਸੀ ਜਿਸ ਦਾ ਧਨ ਇਕੱਠਾ ਕਰਨ ਦੀ ਹੋੜ ਵਿਚ ਲੱਗਾ ਪਾਤਰ ਆਖਰ ਖੁਦਕੁਸ਼ੀ ਕਰ ਲੈਂਦਾ ਹੈ। ਗੰਜ ਸ਼ਬਦ ਬਾਰੇ ਫਿਰ ਕਦੇ ਲਿਖਿਆ ਜਾਵੇਗਾ।

---

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

# ਖੁਸ਼ਵੰਤ, ਬਾਦਲ, ਲਕਸ਼ਮਣ ਤੇ ਪਦਮ ਸਨਮਾਨ

ਪੱਤਰਕਾਰ ਤੇ ਲੇਖਕ ਖੁਸ਼ਵੰਤ ਸਿੰਘ ਦੇ ਅਕਾਲ ਚਲਾਣੇ ਤੋਂ ਇੱਕ ਸਾਲ ਦੇ ਅੰਦਰ-ਅੰਦਰ ਪ੍ਰਸਿੱਧ ਕਾਰਟੂਨਿਸਟ ਆਰ. ਕੇ. ਲਕਸ਼ਮਣ ਦਾ ਤੁਰ ਜਾਣਾ ਭਾਰਤ ਦੇ ਬੁੱਧੀਜੀਵੀ ਸੰਸਾਰ ਲਈ ਨਾ ਪੂਰਾ ਹੋਣ ਵਾਲਾ ਘਾਟਾ ਹੈ। ਖੁਸ਼ਵੰਤ ਆਪਣੀ ਉਮਰ ਦਾ ਸੈਂਕੜਾ ਮਾਰਨ ਤੋਂ ਇਕ ਸਾਲ ਪਹਿਲਾਂ ਤੁਰ ਗਿਆ ਤੇ ਲਕਸ਼ਮਣ ਪੰਜ ਸਾਲ। ਮਜ਼ੇ ਦੀ ਗੱਲ ਇਹ ਕਿ ਦੋਵੇਂ ਅੰਤਲੇ ਦਮ ਤੱਕ ਕਾਰਜਸ਼ੀਲ ਰਹਿ ਕੇ ਵੱਡੇ ਬੰਦਿਆਂ ਨੂੰ ਲੰਗਾ ਕਰਦੇ ਰਹੇ। ਦੋਨਾਂ ਦੇ ਹਰਮਨਪਿਆਰੇ ਹੋਣ ਦੇ ਕਿੱਸੇ ਪਾਠਕਾਂ ਤੇ ਦਰਸ਼ਕਾਂ ਦੀ ਜ਼ੁਬਾਨ ਉਤੇ ਹਨ। ਲਕਸ਼ਮਣ ਦੀ ਕੁਤਕੁਤਾਰੀ ਖੁਸ਼ਵੰਤ ਨਾਲੋਂ ਵੀ ਸੂਖਮ ਤੇ ਪ੍ਰਭਾਵੀ ਸੀ।

ਹੁਣ ਜਦ ਕਿ ਖੁਸ਼ਵੰਤ ਸਿੰਘ ਨੂੰ ਚੇਤੇ ਕਰਦਿਆਂ ਇੱਕ ਸਾਲ ਹੋਣ ਵਾਲਾ ਹੈ, ਮਸੂਰ ਦੇ ਜੰਮੇ-ਜਾਏ ਲਕਸ਼ਮਣ ਦੀ ਵਾਰੀ ਹੈ। ਸਾਡੇ ਬਹੁਤ ਘੱਟ ਪਾਠਕਾਂ ਨੂੰ ਪਤਾ ਹੋਵੇਗਾ ਕਿ ਉਸ ਨੂੰ ਵੀ ਭਾਰਤ ਸਰਕਾਰ ਨੇ ਭਦਮ ਭੂਸ਼ਣ ਦਾ ਸਨਮਾਨ ਦਿੱਤਾ ਸੀ ਤੇ ਉਹ ਵੀ ਸ੍ਰੀਮਤੀ ਇੰਦਰਾ ਗਾਂਧੀ ਦੀ ਸਰਕਾਰ ਵਲੋਂ। ਉਸ ਦੀ ਸਰਕਾਰ ਨੇ ਲਕਸ਼ਮਣ ਦੀਆਂ ਚੂੰਢੀਆਂ ਨੂੰ ਕੁਤਕਤਾਰੀਆਂ ਕਰਕੇ ਜਾਣਿਆ ਸੀ। ਲਕਸ਼ਮਣ ਦੇ ਦੱਸਣ ਅਨੁਸਾਰ ਉਸ ਨੂੰ ਇਸ ਪੇਸ਼ਕਸ਼ ਦੀ ਪ੍ਰਵਾਨਗੀ ਦੇਣ ਸਮੇਂ 24 ਘੰਟੇ ਤੋਂ ਵੱਧ ਸੋਚਣਾ ਪਿਆ ਸੀ। ਜਦੋਂ ਉਸ ਨੂੰ ਇਹ ਸਨਮਾਨ ਪ੍ਰਾਪਤ ਕਰਨ ਦਾ ਸੱਦਾ ਮਿਲਿਆ ਤਾਂ ਉਸ ਵਿਚ ਇਹ ਗੱਲ ਖਾਸ ਕਰਕੇ ਲਿਖੀ ਗਈ ਸੀ ਕਿ ਜੇ ਸਨਮਾਨ ਸਮਾਰੋਹ ਸਮੇਂ ਉਸ ਦੀ ਪਤਨੀ ਵੀ ਨਾਲ ਆਵੇਗੀ ਤਾਂ ਉਸ ਦਾ ਕਿਰਾਇਆ ਉਸ ਨੂੰ ਪਲਿਓਂ ਭਰਨਾ ਪਵੇਗਾ। ਉਂਜ ਵੀ ਉਸ ਨੂੰ ਸਾਧਾਰਨ ਸਾੜੀ ਪਹਿਨ ਕੇ ਆਉਣਾ ਪਵੇਗਾ ਜਿਸ ਦੇ ਬਾਰਡਰ ਦੀ ਪੱਟੀ ਦੋ ਇੰਚ ਤੋਂ ਵੱਧ ਚੌੜੀ ਨਹੀਂ ਹੋਣੀ ਚਾਹੀਦੀ। ਇਹ ਵੀ ਕਿ ਉਸ ਨੂੰ ਦਿੱਤੇ ਜਾਣ ਵਾਲੇ ਮੈਡਲ ਦੋ ਹੋਣਗੇ। ਇੱਕ ਵੱਡਾ ਤੇ ਇੱਕ ਛੋਟਾ। ਵੱਡੇ ਵਾਲਾ ਰਸਮੀ (ਫਾਰਮਲ) ਮੌਕੇ ਤੇ ਪਹਿਨਣ ਲਈ ਤੇ ਛੋਟਾ ਗੈਰਰਸਮੀ ਮੌਕੇ ਲਈ। ਨਾਲ ਹੀ ਇਹ ਵੀ ਕਿਹਾ ਗਿਆ ਸੀ, ਪਹਿਨਦੇ ਸਮੇਂ ਇਸ ਗੱਲ ਦਾ ਖਾਸ ਧਿਆਨ ਰੱਖਿਆ ਜਾਵੇ ਕਿ ਵੇਖਣ ਵਾਲਿਆਂ ਨੂੰ ਇਓਂ ਨਾ ਲੱਗੇ ਕਿ ਇਨ੍ਹਾਂ ਦਾ ਵਿਖਾਵਾ ਕੀਤਾ ਜਾ ਰਿਹਾ ਹੈ।

ਲਕਸ਼ਮਣ ਨੂੰ ਇਹ ਸਾਰੇ ਉਪਦੇਸ਼ ਹਾਸੋਹੀਣੇ ਤਾਂ ਲੱਗੇ ਪਰ ਉਸ ਨੇ ਇਨ੍ਹਾਂ ਦਾ ਮਜ਼ਾਕ ਉਡਾਉਣ ਲਈ ਆਪਣੀ ਕਾਰਟੂਨੀ ਕਲਾ ਦੀ ਵਰਤੋਂ ਨਹੀਂ ਕੀਤੀ। ਬਹੁਤੀ ਇਸ ਲਈ ਕਿ ਉਸ ਨੇ ਸਨਮਾਨ ਸਮਾਰੋਹ 'ਤੇ ਜਾਣਾ ਹੀ ਨਹੀਂ ਸੀ। ਸਮਾਰੋਹ ਦੇ ਦਿਨ ਉਸ ਨੇ ਜਰਮਨ ਗਏ ਹੋਣਾ ਸੀ ਜਿਸ ਦਾ ਸੱਦਾ ਉਹ ਬਹੁਤ ਪਹਿਲਾਂ ਪਰਵਾਨ ਕਰ ਚੁੱਕਾ ਸੀ। ਖੁਸ਼ਵੰਤ ਸਿੰਘ ਨੇ ਇਹ ਵਾਲਾ ਸਨਮਾਨ ਹਰਿਮੰਦਰ ਸਾਹਿਬ ਉਤੇ ਕੀਤੀ ਗਈ ਨੀਲਾ ਤਾਰਾ ਕਾਰਵਾਈ ਵੇਲੇ ਸਮੇਂ ਦੀ ਸਰਕਾਰ ਨੂੰ ਵਾਪਸ ਪਰਤਾ ਦਿੱਤਾ ਸੀ।

ਹੁਣ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਪਦਮਵਿਭੂਸ਼ਣ ਪ੍ਰਦਾਨ ਕੀਤਾ ਗਿਆ ਹੈ। ਇਹ ਵਾਲਾ ਪਦਮ ਸਨਮਾਨ ਪ੍ਰਾਪਤ ਕਰਨ ਲਈ ਕੋਈ ਉਪਦੇਸ਼ ਦਿੱਤੇ ਗਏ ਹਨ ਜਾਂ ਨਹੀਂ, ਵਿਰੋਧੀਆਂ ਨੇ ਕੇਂਦਰੀ ਸਰਕਾਰ ਦੀ ਨਿਯਤ ਦੇ ਪਰਦੇ ਫਰੋਲਣੇ ਸ਼ੁਰੂ ਕਰ ਦਿੱਤੇ ਹਨ। ਖਾਸ ਕਰਕੇ ਦਿੱਲੀ ਦੀਆਂ ਚੋਣਾਂ ਦੇ ਪ੍ਰਸੰਗ ਵਿਚ। ਉਨ੍ਹਾਂ ਦਾ ਮੱਤ ਹੈ ਕਿ ਇਸ ਦਾ ਮੂਲ ਕਾਰਨ ਚੋਣ ਲਈ ਲਾਹਾ ਲੈਣਾ ਹੈ, ਖਾਸ ਕਰਕੇ ਦਿੱਲੀ ਦੇ ਸਿੱਖ ਵੋਟਰਾਂ ਤੋਂ।

**ਸੰਸਾਰ ਸਿੰਘ ਗਰੀਬ ਦੀ ਯਾਦ:** ਅੱਜ-ਕਲ੍ਹ ਦੇ ਬੇਨਿਯਮੇ ਮੌਸਮ ਨੇ ਮੈਨੂੰ ਦਿੱਲੀ ਵਾਲਾ ਸੰਸਾਰ ਸਿੰਘ ਗਰੀਬ ਚੇਤੇ ਕਰਵਾ ਦਿੱਤਾ ਹੈ। ਉਸ ਦੀ ਹਰ ਗੱਲ ਅਨੋਖੀ ਹੁੰਦੀ ਸੀ। ਮੇਰੇ ਵਿਆਹ ਦੀ ਪਾਰਟੀ ਉਤੇ ਆਇਆ ਤਾਂ ਉਸ ਨੇ ਆਪਣੀ ਤੇ ਪਤਨੀ ਦੀ ਜਾਣ-ਪਛਾਣ ਇਨ੍ਹਾਂ ਸ਼ਬਦਾਂ ਲਾਲ ਕਰਵਾਈ, 'ਮੈਂ ਸੰਸਾਰ ਸਿੰਘ ਗਰੀਬ ਹਾਂ ਤੇ ਮੇਰੇ ਨਾਲ ਹੈ ਖਾਨਦਾਨ-ਏ-ਗੁਲਾਮਾ।' ਇਕ ਦਿਨ ਉਹਦੇ ਮਿੱਤਰ ਕੋਲ ਸ਼ਰਾਬ ਦਾ ਅਧੀਆ ਤਾਂ ਸੀ ਪਰ ਪੀਣ ਲਈ ਬਰਤਨ ਤੇ ਪਾਣੀ ਨਹੀਂ ਸੀ। ਉਹ ਆਪਣੇ ਮਿੱਤਰ ਨੂੰ ਕਮੇਟੀ ਵਾਲੇ ਨਲਕੇ ਕੋਲ ਲਿਜਾ ਕੇ ਚੂਲੀ ਨਾਲ ਪਾਣੀ ਪੀਣ ਤੋਂ ਪਹਿਲਾਂ ਬੋਲਿਆ, 'ਜਦੋਂ ਮੈਂ ਪਾਣੀ ਪੀਵਾਂਗਾ ਤੂੰ ਦਾਰੂ ਪਾਈਂ ਤੇ ਜਦੋਂ ਤੂੰ ਪੀਵੇਂਗਾ ਤਾਂ ਮੈਂ ਪਾ ਦਿਆਂਗਾ।' ਇੱਕ ਵਾਰੀ ਠੰਢ ਵਾਲੇ ਦਿਨ ਅੱਧੀਆਂ ਬਾਹਾਂ ਵਾਲੀ ਕਮੀਜ਼ ਪਾਈ ਫਿਰਦਾ ਸੀ। ਮੈਂ ਪੁੱਛਿਆ, 'ਤੈਨੂੰ ਠੰਢ ਨਹੀਂ ਲਗਦੀ?' ਉਸ ਦੇ ਉਤਰ ਤੋਂ ਪਹਿਲਾਂ ਹੀ ਮੈਨੂੰ ਕਮੀਜ਼ ਦੇ ਥੱਲੇ ਪਾਇਆ ਸਵੈਟਰ ਦਿੱਸ ਪਿਆ। ਕਾਰਨ ਪੁੱਛੇ ਜਾਣ 'ਤੇ ਬੋਲਿਆ, 'ਗੁਲਜ਼ਾਰ ਜੀ! ਮੌਸਮ ਬੜਾ ਬਦਚਲਣ ਹੋ ਗਿਐ। ਕੀ ਕਰੀਏ?"




**ਉਜਾਗਰ ਸਿੰਘ ਦਾ ਪਟਿਆਲਾ:** ਮੈਨੂੰ ਪਟਿਆਲਾ ਨਾਲ ਵਿਸ਼ੇਸ਼ ਮੋਹ ਹੈ। ਮੈਂ ਆਪਣੀ ਮੁਢਲੀ ਪੜ੍ਹਾਈ ਪਾਇਲ ਨੇੜੇ ਰਿਆਸਤ ਪਟਿਆਲਾ ਦੇ ਪਿੰਡ ਬਾਹੋਮਾਜਰਾ ਰਹਿ ਕੇ ਕੀਤੀ ਹੈ। ਪੰਜਾਬ ਦੇ ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਦਾ ਵਿਸ਼ਵਾਸ ਪਾਤਰ ਉਜਾਗਰ ਸਿੰਘ ਹਰਮਨਪਿਆਰਾ ਵਿਅਕਤੀ ਹੈ। ਉਸ ਦਾ ਜੱਦੀ ਪਿੰਡ ਕਦੋਂ ਵੀ ਬਾਹੋਮਾਜਰਾ ਦੇ ਬਹੁਤ ਨੇੜੇ ਹੈ। ਕਦੋਂ ਤੇ ਬਾਹੋਮਾਜਰਾ ਕਦੀ ਪਾਇਲ ਤਹਿਸੀਲ ਵਿਚ ਪੈਂਦੇ ਸਨ। ਉਦੋਂ ਬਾਹੋਮਾਜਰਾ ਤੇ ਲਿਬੜਾ ਦੇ ਵਿਦਿਆਰਥੀ ਪ੍ਰਾਇਮਰੀ ਦਾ ਇਮਤਿਹਾਨ ਪਾਇਲ ਜਾ ਕੇ ਦਿੰਦੇ ਸਨ। ਜਦੋਂ ਮੈਂ ਪਾਇਲ ਇਮਤਿਹਾਨ ਦੇਣ ਗਿਆ ਸਾਂ ਤਾਂ ਲਿਬੜਾ ਵਾਲਾ ਸੁਖਦੇਵ ਸਿੰਘ ਲਿਬੜਾ ਵੀ ਮੇਰੇ ਨਾਲ ਸੀ। ਸਾਡੇ ਤਿੰਨਾਂ ਦੀ ਸਾਂਝ ਇਹ ਵੀ ਹੈ।

ਮੈਂ ਉਜਾਗਰ ਸਿੰਘ ਦੀ ਪੁਸਤਕ 'ਪਟਿਆਲਾ ਵਿਰਾਸਤ ਦੇ ਰੰਗ' ਬੜੇ ਪਿਆਰ ਨਾਲ ਵਾਚੀ ਹੈ। ਇਸ ਵਿਚ ਪਟਿਆਲਾ ਰੰਗ ਘਟ ਹਨ ਤੇ ਇਸ ਨਾਲ ਜੁੜੇ ਵਿਅਕਤੀਆਂ ਦੇ ਬਹੁਤੇ- ਭਾਈ ਕਾਨ੍ਹ ਸਿੰਘ ਨਾਭਾ ਤੋਂ ਦਲੀਪ ਕੌਰ ਟਿਵਾਣਾ ਤੱਕ। ਪੂਰੇ 53 ਵਿਅਕਤੀਆਂ ਦੇ ਸੰਖੇਪ ਤੇ ਸੰਪੂਰਨ। ਪਟਿਆਲਾ ਵਿਚ ਅਜਿਹੀ ਕਿਹੜੀ ਖਿੱਚ ਹੈ ਕਿ ਹੁਣ ਰੱਬੋਂ ਤੇ ਕੱਦੋਂ ਤੱਕ ਦੇ ਜੰਮਪਲ ਇਥੋਂ ਦੇ ਵਸਨੀਕ ਹੋ ਗਏ ਹਨ। ਪਟਿਆਲਾ ਤੇ ਪਟਿਆਲਾ ਨਿਵਾਸੀਆਂ ਨੂੰ ਜਾਣਨ ਲਈ ਇਹ ਪੁਸਤਕ ਪੜ੍ਹੋ ਤੇ ਮਾਣੋ। ਇਸ ਵਿਚ ਸ਼ਬਦ ਥੋੜ੍ਹੇ ਹਨ ਜਾਣਕਾਰੀ ਬਹੁਤੀ।

**ਅੰਤਿਕਾ:**

*(ਸਾਹਿਰ ਲੁਧਿਆਣਵੀ ਦਾ ਇਕ ਸ਼ਿਅਰ)*

ਗਰ ਜ਼ਿੰਦਗੀ ਮੇਂ ਮਿਲ ਗਏ
ਫਿਰ ਇੱਤਫਾਕ ਸੇ
ਪੂਛੇਂਗੇ ਅਪਨਾ ਹਾਲ ਤੇਰੀ ਬੇਬਸੀ ਸੇ ਹਮ।

# ਗੋਲਡਾ ਮਾਇਰ ਤੇ ਇਕ ਦੇਸ਼ ਦਾ ਜਨਮ

***ਸਿੱਖ ਵਿਦਵਾਨ ਪ੍ਰੋ. ਹਰਪਾਲ ਸਿੰਘ ਪੰਨੂ ਵਲੋਂ ਫਲਸਤੀਨੀ ਜਥੇਬੰਦੀ ਹਮਾਸ ਬਾਰੇ ਲਿਖੀ ਲੇਖ ਲੜੀ ਨੂੰ ਪਾਠਕਾਂ ਨੇ ਬੜੀ ਦਿਲਚਸਪੀ ਨਾਲ ਪੜ੍ਹਿਆ। ਹੁਣ ਉਨ੍ਹਾਂ ਇਜ਼ਰਾਈਲ ਦੀ ਪ੍ਰਧਾਨ ਮੰਤਰੀ ਗੋਲਡਾ ਮਾਇਰ (3 ਮਈ 1898-8 ਦਸੰਬਰ 1978) ਦੇ ਬਹਾਨੇ ਇਜ਼ਰਾਈਲ ਬਾਰੇ ਲੰਮਾ ਲੇਖ 'ਪੰਜਾਬ ਟਾਈਮਜ਼' ਲਈ ਭੇਜਿਆ ਹੈ। ਇਸ ਲੇਖ ਵਿਚ ਯਹੂਦੀਆਂ ਦੇ ਧਰਮ, ਇਤਿਹਾਸ, ਕਲਚਰ ਅਤੇ ਸਿਆਸੀ ਸਮੱਸਿਆਵਾਂ ਬਾਰੇ ਖੁਲਾਸਾ ਤਾਂ ਕੀਤਾ ਹੀ ਗਿਆ ਹੈ; ਅੰਧਕਾਰ ਵਿਚੋਂ ਕਿਵੇਂ ਬਚ-ਬਚ ਨਿਕਲਣਾ ਹੈ ਤੇ ਧੀਰਜ ਨਾਲ ਕਸ਼ਟ ਝਲਦਿਆਂ ਲੰਮਾ ਸਮਾਂ ਸੰਘਰਸ਼ ਕਰਨਾ ਹੈ, ਇਸ ਬਾਬਤ ਵੀ ਪੂਰਾ ਕਿੱਸਾ ਛੋਹਿਆ ਗਿਆ ਹੈ। ਗੋਲਡਾ ਦਾ ਜਨਮ ਯੂਕਰੇਨ ਦੇ ਸ਼ਹਿਰ ਕੀਵ ਵਿਚ ਹੋਇਆ ਸੀ ਜਿੱਥੋਂ ਦੇ ਅੱਜ ਕੱਲ੍ਹ ਦੇ ਹਾਲਾਤ ਫਲਸਤੀਨ ਅਤੇ ਇਜ਼ਰਾਈਲ ਨਾਲੋਂ ਕੋਈ ਬਹੁਤੇ ਵੱਖਰੇ ਨਹੀਂ। ਇਸ ਲੰਮੇ ਲੇਖ ਦੀ ਪਹਿਲੀ ਕਿਸ਼ਤ ਅਸੀਂ ਇਥੇ ਛਾਪ ਰਹੇ ਹਾਂ। ਆਸ ਹੈ ਕਿ ਇਸ ਲੇਖ ਨੂੰ ਵੀ ਪਾਠਕ ਪਹਿਲਾਂ ਵਾਂਗ ਹੀ ਹੁੰਗਾਰਾ ਭਰਨਗੇ। -ਸੰਪਾਦਕ***


ਗੋਲਡਾ ਮਾਇਰ

ਸਦੀਆਂ ਤਕ ਯਹੂਦੀਆਂ ਨੂੰ ਨਫਰਤ ਦਾ ਸ਼ਿਕਾਰ ਹੋਣਾ ਪਿਆ ਹੈ, ਇਸ ਦੇ ਕਾਰਨਾਂ ਦਾ ਪਤਾ ਹੋਣਾ ਜ਼ਰੂਰੀ ਹੈ। ਯਸੂ ਮਸੀਹ ਯਹੂਦੀ ਸੀ, ਉਸ ਨੇ ਯੋਰੋਸ਼ਲਮ ਦੇ ਯਹੂਦੀ ਮੰਦਰ ਵਿਚ ਕਰਮਕਾਂਡੀ ਜਾਲ ਦੇਖਿਆ। ਕਬੂਤਰਾਂ ਦੀ ਬਲੀ ਦੇਣੀ ਪਵਿੱਤਰ ਰਸਮ ਸੀ। ਸੰਦੂਕੜੀਆਂ ਵਿਚੋਂ ਬੰਦ ਕਬੂਤਰ ਕੱਢ ਕੇ ਗਾਹਕ ਨੂੰ ਵੇਚ ਦਿੱਤਾ ਜਾਂਦਾ ਤੇ ਗਾਹਕ ਪੁਜਾਰੀ ਨੂੰ ਦੇ ਆਉਂਦਾ, ਪੁਜਾਰੀ ਫਿਰ ਚੜ੍ਹਾਏ ਕਬੂਤਰਾਂ ਨੂੰ ਦੁਕਾਨਦਾਰ ਪਾਸ ਵੇਚ ਦਿੰਦਾ। ਇਨ੍ਹਾਂ ਰਸਮਾਂ ਵਿਰੁਧ ਉਸ ਨੇ ਆਵਾਜ਼ ਉਠਾਈ ਤਾਂ ਉਸ ਨੂੰ ਕਾਫਰ, ਨਿੰਦਕ ਆਦਿ ਦੇ ਖਿਤਾਬ ਦੇ ਕੇ ਸਲੀਬ 'ਤੇ ਲਟਕਾ ਦਿੱਤਾ। ਆਖਰੀ ਸਾਹ ਲੈਣ



**ਹਰਪਾਲ ਸਿੰਘ ਪੰਨੂ**
ਫੋਨ: 91-94642-51454

ਵੇਲੇ ਤੱਕ ਉਹ ਯਹੂਦੀ ਸੀ, ਉਸ ਨੇ ਕੋਈ ਨਵਾਂ ਧਰਮ ਨਹੀਂ ਚਲਾਇਆ, ਨਵਾਂ ਈਸਾਈ ਧਰਮ ਉਸ ਦੇ ਚੇਲਿਆਂ ਦੀ ਕਾਢ ਹੈ। ਯਹੂਦੀਆਂ ਨੂੰ ਸਾਰੇ ਈਸਾਈ ਜਗਤ ਨੇ ਇਸ ਦੋਸ਼ ਕਾਰਨ ਨਫਰਤ ਕੀਤੀ ਕਿ ਉਨ੍ਹਾਂ ਨੇ ਯਸੂ ਮਸੀਹ ਨੂੰ ਕਤਲ ਕੀਤਾ।

ਮੇਰੇ ਉਪਰ ਇਹ ਪ੍ਰਭਾਵ ਰਿਹਾ ਕਿ ਇੰਗਲੈਂਡ ਅਤੇ ਅਮਰੀਕਾ ਸਮੇਤ ਸਾਮਰਾਜੀ ਤਾਕਤਾਂ ਨੇ ਸ਼ਰਾਰਤਵੱਸ ਸੇਹ ਦਾ ਇਹ ਤੱਕਲਾ ਅਰਬ ਦੇਸਾਂ ਵਿਚਕਾਰ ਗੱਡ ਦਿੱਤਾ ਪਰ ਅਧਿਐਨ ਉਪਰੰਤ ਸਿੱਟੇ ਕੁੱਝ ਹੋਰ ਹੀ ਨਿਕਲੇ।

ਹਜ਼ਰਤ ਮੁਹੰਮਦ ਨੇ ਜਦੋਂ ਇਸਲਾਮ ਦਾ ਪ੍ਰਕਾਸ਼ ਕੀਤਾ; ਉਦੋਂ ਮੱਕੇ, ਮਦੀਨੇ ਅਤੇ ਯੋਰੋਸ਼ਲਮ ਦੇ ਮੰਦਰਾਂ ਵਿਚ ਯਹੂਦੀ ਕਾਬਜ਼ ਸਨ। ਮੁਸਲਮਾਨਾਂ ਨੇ ਇਹ ਥਾਵਾਂ ਉਨ੍ਹਾਂ ਤੋਂ ਪ੍ਰਾਪਤ ਕਰਨ ਲਈ ਜਹਾਦ ਕੀਤੇ। ਉਦੋਂ ਤੋਂ ਲੈ ਕੇ ਹੁਣ ਇਜ਼ਰਾਈਲ ਬਣਨ ਤਕ ਮੁਸਲਮਾਨਾਂ ਅਤੇ ਯਹੂਦੀਆਂ ਦੀ ਟੱਕਰ ਜਾਰੀ ਹੈ। ਹਿਟਲਰ ਨੇ ਨਵਾਂ ਐਲਾਨ ਇਹ ਕੀਤਾ ਕਿ ਜਰਮਨ ਆਰੀਆ ਹਨ ਤੇ ਯਹੂਦੀ ਸਾਮੀ (Semetic) ਨਸਲ ਦੇ ਹਨ। ਆਰੀਆ ਨਸਲ ਸ੍ਰੇਸ਼ਟ ਹੈ, ਇਸ ਦੇ ਮੁਕਾਬਲੇ ਸਾਮੀ ਨਸਲ ਨੂੰ ਜਿਉਣ ਦਾ ਅਧਿਕਾਰ ਨਹੀਂ। ਕਮਿਊਨਿਸਟਾਂ ਨੇ ਇਸ ਕਰ ਕੇ ਯਹੂਦੀਆਂ ਦਾ ਹਮੇਸ਼ਾ ਤ੍ਰਿਸਕਾਰ ਕੀਤਾ, ਕਿਉਂਕਿ ਉਹ ਧਰਮੀ ਹਨ, ਆਪਣਾ ਕਲਚਰ ਛੱਡਣ ਲਈ ਤਿਆਰ ਨਹੀਂ।

ਗੋਲਡਾ ਦਾ ਜਨਮ 1898 ਨੂੰ ਰੂਸ ਦੇ ਸ਼ਹਿਰ ਕੀਵ ਵਿਚ ਹੋਇਆ। ਬਚਪਨ ਵਿਚ ਗਰੀਬੀ ਭੋਗੀ। ਘਰ ਵਿਚ ਖਾਣ ਲਈ ਰਾਸ਼ਨ ਨਾ ਹੁੰਦਾ, ਨਿੱਘ ਲਈ ਨਾ ਲੋੜੀਂਦੇ ਕੱਪੜੇ ਨਾ ਬਾਲਣ। ਖੁਰਾਕ ਦੀ ਘਾਟ ਕਾਰਨ ਵੱਡੀ ਭੈਣ ਸ਼ਾਇਨਾ ਬੇਹੋਸ਼ ਹੋ ਜਾਂਦੀ। ਨਿੱਕੀ ਭੈਣ ਨੂੰ ਮਾਂ ਰਤਾ ਵੱਧ ਖਾਣਾ ਦੇ ਦਿੰਦੀ, ਤਾਂ ਗੋਲਡਾ ਗੁੱਸੇ ਹੋ ਜਾਂਦੀ। ਅਕਸਰ ਰੌਲਾ ਪੈ ਜਾਂਦਾ ਕਿ ਹਮਲਾ ਹੋਏਗਾ, ਯਹੂਦੀ ਗੁਆਂਢੀ ਡਾਂਗਾਂ-ਸੋਟਿਆਂ ਨਾਲ ਪਹਿਰਾ ਦਿੰਦੇ। ਬਚਪਨ ਵਿਚ ਹੀ ਪਤਾ ਲੱਗਾ ਕਿ ਯਹੂਦੀ ਵੱਖਰੇ ਲੋਕ ਹਨ, ਤ੍ਰਿਸਕਾਰੇ ਲੋਕ, ਪਾਪੀ ਲੋਕ ਜਿਨ੍ਹਾਂ ਨੇ ਯਸੂ ਮਸੀਹ ਦਾ ਕਤਲ ਕੀਤਾ। ਲਾਸ਼ਾਂ ਵਿਛ ਜਾਂਦੀਆਂ, ਨਿੱਕੇ-ਨਿੱਕੇ ਮਕਾਨਾਂ ਦੀ ਥਾਂ ਰੋੜਾਂ ਦੇ ਢੇਰ ਬਾਕੀ ਬਚੇ ਦਿਸਦੇ।

ਤਿਉਹਾਰ ਵਾਲੇ ਦਿਨ ਰਿਸ਼ਤੇਦਾਰ ਪਰਿਵਾਰ ਆਉਂਦੇ, ਗੀਤ ਗਾਉਂਦੇ, ਧਾਰਮਿਕ ਰਸਮਾਂ-ਰੀਤਾਂ ਕਰਦੇ, ਮੇਲਾ ਲੱਗ ਜਾਂਦਾ। ਸਾਰੇ ਦੇ ਸਾਰੇ ਘੱਲੂਘਾਰੇ ਵਿਚ ਮਾਰੇ ਗਏ। ਗੋਲਡਾ ਨੂੰ ਉਨ੍ਹਾਂ ਦੇ ਚਿਹਰੇ ਕਦੀ ਨਾ ਭੁੱਲੇ। ਅਕਸਰ ਇਹ ਵਾਕ ਸੁਣਦੀ, 'ਯਹੂਦੀ ਰੱਬ ਵਲੋਂ ਚੁਣੇ ਹੋਏ ਬੰਦੇ ਹਨ।' ਗੋਲਡਾ ਕਿਹਾ ਕਰਦੀ, 'ਨਹੀਂ, ਸਗੋਂ ਸੱਚ ਇਹ ਹੈ ਕਿ ਮਨੁੱਖੀ ਇਤਿਹਾਸ ਵਿਚ ਯਹੂਦੀ ਪਹਿਲੇ ਲੋਕ ਹਨ ਜਿਨ੍ਹਾਂ ਨੇ ਰੱਬ ਨੂੰ ਚੁਣਿਆ ਤੇ ਫਿਰ ਕਦੀ ਨਾ ਛੱਡਿਆ।' ਘਰ ਵਿਚ ਦੋ ਕੈਲੰਡਰ ਹੁੰਦੇ-ਇਕ ਰੂਸੀ, ਦੂਜਾ ਯਹੂਦੀ, ਜਿਸ ਵਿਚ ਦੋ ਹਜ਼ਾਰ ਸਾਲ ਪਹਿਲਾਂ, ਜਦੋਂ ਯਹੂਦੀ ਯੋਰੋਸ਼ਲਮ ਵਿਚੋਂ ਉਜੜੇ ਸਨ, ਦੇ ਤਿੱਥ-ਤਿਉਹਾਰ ਦਰਜ ਹੁੰਦੇ। ਕੀਵ ਵਿਚ ਉਹੀ ਰਸਮਾਂ ਰੀਤਾਂ ਨਿਭਾਉਂਦੇ।

ਪਿਤਾ ਫਰਨੀਚਰ ਦਾ ਕੁਸ਼ਲ ਮਿਸਤਰੀ ਸੀ, ਟੈਸਟ ਪਾਸ ਕਰ ਕੇ ਸਰਕਾਰੀ ਨੌਕਰੀ 'ਤੇ ਲੱਗ ਗਿਆ, ਪਰ ਯਹੂਦੀ ਹੋਣ ਕਾਰਨ ਜਲਦੀ ਕੱਢ ਦਿੱਤਾ ਗਿਆ। ਚਾਰ ਪੁੱਤਰਾਂ ਦੀ ਕੁਪੋਸ਼ਣ ਕਾਰਨ ਬਚਪਨ ਵਿਚ ਮੌਤ ਹੋਈ। ਮਾਂ ਨੂੰ ਗਵਾਂਢੀ ਧਨੀ ਪਰਿਵਾਰ ਨੇ 'ਆਇਆ' ਵਜੋਂ ਨੌਕਰੀ ਦੇ ਦਿੱਤੀ। ਕੁਝ ਪੈਸੇ ਮਿਲਣ ਲੱਗੇ ਤੇ ਨਾਲੇ ਉਸ ਦਿਆਲੂ ਪਰਿਵਾਰ ਨੇ ਆਪਣੀ ਹਵੇਲੀ ਵਿਚੋਂ ਇਕ ਵੱਡਾ ਹਵਾਦਾਰ, ਰੌਸ਼ਨ ਕਮਰਾ ਰਹਿਣ ਲਈ ਦਿੱਤਾ। ਝੌਂਪੜੀਨੁਮਾ ਕੋਠੜੀ ਵਿਚੋਂ ਨਿਕਲ ਕੇ ਰੱਬ ਦਾ ਸ਼ੁਕਰਾਨਾ ਕੀਤਾ।

ਗਰੀਬੀ ਤੋ ਤੰਗ ਆ ਕੇ ਇਕ ਦਿਨ ਪਿਤਾ ਨੇ ਅਮਰੀਕਾ ਵਿਚ ਜਾ ਕੇ ਕਿਸਮਤ ਅਜ਼ਮਾਉਣ ਦਾ ਫੈਸਲਾ ਕੀਤਾ। ਨਿੱਕ-ਸੁੱਕ ਬੰਨ੍ਹਿਆ, ਤੇ ਲੰਮੇ ਸਫਰ 'ਤੇ ਤੁਰ ਗਿਆ। ਤਿੰਨ ਧੀਆਂ ਅਤੇ ਮਾਂ ਆਪਣੇ ਦਾਦਕੇ ਘਰ ਪਿੰਡ ਪਿੰਸਕ ਚਲੇ ਗਏ। ਬਾਬਾ ਤੇਰਾਂ ਸਾਲ ਦਾ ਸੀ ਜਦੋਂ ਜ਼ਾਰ ਦੇ ਫੌਜੀਆਂ ਨੇ ਫੜ ਕੇ ਜਬਰਨ ਫੌਜ ਵਿਚ ਭਰਤੀ ਕਰ ਲਿਆ। ਮਾਮੂਲੀ ਤਨਖਾਹ, ਕੱਪੜੇ ਇੰਨੇ ਘੱਟ ਕਿ ਫੌਜੀ ਠੁਰ-ਠੁਰ ਕਰਦੇ ਰਹਿੰਦੇ। ਉਸ ਨੂੰ ਕਿਹਾ ਜਾਂਦਾ ਕਿ ਈਸਾਈ ਹੋ ਜਾ, ਇਨਕਾਰ ਕਰਨ 'ਤੇ ਜੁਰਮਾਨਾ ਹੁੰਦਾ, ਗੋਡਿਆਂ ਭਾਰ ਚਟਾਨ 'ਤੇ ਬੈਠੇ ਰਹਿਣ ਦੀ ਸਜ਼ਾ ਮਿਲਦੀ। ਸਾਰੀ ਨੌਕਰੀ ਦੌਰਾਨ ਉਸ ਨੇ ਉਹ ਖਾਣਾ ਨਹੀਂ ਖਾਧਾ ਜੋ ਯਹੂਦੀ ਤਰੀਕੇ ਨਾਲ ਹਲਾਲ ਕਰ ਕੇ ਨਾ ਤਿਆਰ ਕੀਤਾ ਹੋਏ। ਫਲਸਰੂਪ ਸਾਲਾਂ ਬੱਧੀ ਬ੍ਰੈਡ ਅਤੇ ਕੱਚੀ ਸਬਜ਼ੀ ਖਾਂਦਾ ਰਿਹਾ। ਤੇਰਾਂ ਸਾਲ ਦੀ ਨੌਕਰੀ ਬਾਅਦ ਘਰ ਪਰਤਿਆ ਤਾਂ ਇਹੀ ਪਛਤਾਵਾ ਕਰੀ ਜਾਂਦਾ ਕਿ ਧਾਰਮਿਕ ਕੁਤਾਹੀਆਂ ਹੋ ਗਈਆਂ ਸਨ। ਪਛਤਾਵੇ ਵਜੋਂ ਯਹੂਦੀ ਮੰਦਰ ਦੇ ਠੰਢੇ ਫਰਸ਼ 'ਤੇ ਸੌਂ ਜਾਂਦਾ। ਅਧਖੜ ਉਮਰ ਵਿਚ ਮੌਤ ਹੋ ਗਈ।

ਦਾਦੀ ਸਖਤ ਜਾਨ ਦਲੇਰ ਔਰਤ ਸੀ, ਘਰ ਵਿਚ ਉਸੇ ਦਾ ਹੁਕਮ ਚਲਦਾ। ਆਪਣੇ ਚਾਹ ਦੇ ਗਲਾਸ ਵਿਚ ਮਿੱਠੇ ਦੀ ਥਾਂ ਲੂਣ ਦੀ ਡਲੀ ਪਾਉਂਦੀ ਕਹਿੰਦੀ ਹੁੰਦੀ ਸੀ, 'ਜਦੋਂ ਯੋਰੋਸ਼ਲਮ ਵਿਚੋਂ ਉਜੜੇ ਸਾਂ, ਨਮਕ ਨਾਲ ਰੋਟੀ ਖਾ ਕੇ ਗੁਜ਼ਾਰਾ ਕੀਤਾ ਸੀ, ਉਜਾੜੇ ਦਾ ਸੁਆਦ ਰੱਬ ਤੱਕ ਪੁਚਾਵਾਂਗੀ।' ਚੁਰਾਨਵੇਂ ਸਾਲ ਬਿਤਾ ਕੇ ਵਿਦਾ ਹੋਈ। ਗੋਲਡਾ ਨੇ ਕਿਹਾ ਸੀ-ਵੱਡੇ ਹੋ ਕੇ ਵਧੇਰੇ ਲੋਕ ਆਪਣੇ ਬਚਪਨ ਵੱਲ ਪਰਤਣਾ ਚਾਹੁੰਦੇ ਹਨ, ਮੈਂ ਕਦੀ ਅਜਿਹਾ ਨਹੀਂ ਚਾਹਿਆ, ਮੇਰਾ ਬਚਪਨ ਉਦਾਸ ਸੀ।


***ਅੱਠਾਂ ਸਾਲਾਂ ਦੀ ਗੋਲਡਾ ਜਦੋਂ ਅਮਰੀਕਾ ਵਿਚ ਬਤੌਰ ਰਫਿਊਜੀ ਰਹਿੰਦੀ ਹੁੰਦੀ ਸੀ।***

ਪਿਤਾ ਦੀ ਮਨਸ਼ਾ ਸੀ ਕਿ ਤਿੰਨ ਸਾਲ ਅਮਰੀਕਾ ਵਿਚ ਮਿਹਨਤ ਕਰ ਕੇ ਚੋਖਾ ਧਨ ਕਮਾ ਲਏਗਾ, ਤੇ ਕੀਵ ਪਰਤ ਆਏਗਾ। ਉਡੀਕ ਵਿਚ ਤਿੰਨ ਸਾਲ ਬੀਤ ਗਏ। ਭੈਣ ਸ਼ਾਇਨਾ ਗੋਲਡਾ ਤੋਂ ਨੌਂ ਸਾਲ ਵੱਡੀ ਸੀ। ਦੁਨੀਆਂ ਭਰ ਵਿਚ ਜ਼ੀਓਨਿਸਟ ਲਹਿਰ ਜ਼ੋਰ ਫੜ ਰਹੀ ਸੀ। ਇਹ ਯਹੂਦੀਆਂ ਦੇ ਪੁਨਰਜਾਗਰਨ ਵਾਲੀ ਲਹਿਰ ਸੀ ਤੇ ਸਮਾਜਵਾਦੀ ਰੁਝਾਨ ਵਾਲੀ ਸੀ। ਸ਼ਾਇਨਾ ਇਸ ਦੀ ਮੈਂਬਰ ਬਣ ਗਈ। ਮਾਂ ਦਾ ਤ੍ਰਾਹ ਨਿਕਲ ਗਿਆ। ਥਾਣਾ ਨੇੜੇ ਹੀ ਸੀ ਜਿਥੋਂ ਬੰਦਿਆਂ ਦੀਆਂ ਦਰਦਨਾਕ ਚੀਕਾਂ ਅਕਸਰ ਸੁਣਦੀਆਂ। ਕੱਜ਼ਾਕ ਸਿਪਾਹੀਆਂ ਦੇ ਘੋੜਿਆਂ ਦੀਆਂ ਟਾਪਾਂ ਦਹਿਲ ਪਾਉਂਦੀਆਂ। ਪੰਦਰਾਂ ਸਾਲ ਦੀ ਕੁੜੀ ਨੂੰ ਵੀ ਗ੍ਰਿਫਤਾਰ ਕੀਤਾ ਜਾ ਸਕਦਾ ਸੀ। ਮਾਂ ਸੋਚਦੀ-ਇਸ ਕੁੜੀ ਸਦਕਾ ਅਸੀਂ ਤਾਂ ਰੁਲਾਂਗੇ ਹੀ, ਅਮਰੀਕਾ ਵਿਚ ਪਿਤਾ ਦੇ ਜੀਵਨ ਉਪਰ ਵੀ ਅਸਰ ਪੈ ਸਕਦਾ ਹੈ।

ਜ਼ੀਓਨਿਸਟਾਂ ਦਾ ਵਿਸ਼ਵਾਸ ਸੀ ਕਿ ਆਖਰ ਉਹ ਆਪਣੇ ਪੁਰਖਿਆਂ ਦੇ ਦੇਸ ਪੁੱਜ ਜਾਣਗੇ, ਤੇ


***ਹਰਜ਼ਲ ਜਿਸ ਨੂੰ ਇਜ਼ਰਾਈਲ ਦਾ ਪਿਤਾਮਾ ਆਖਿਆ ਜਾਂਦਾ ਹੈ।***

ਇਕ ਦਿਨ ਇਹ ਦੇਸ ਉਨ੍ਹਾਂ ਦਾ ਹੋ ਜਾਏਗਾ। ਇਸ ਥਾਂ ਦਾ ਨਾਮ ਜ਼ੀਓਨ ਹੈ ਜੋ ਓਟੋਮਾਨ ਸਲਤਨਤ ਦਾ ਸਭ ਤੋਂ ਪਛੜਿਆ ਹੋਇਆ ਥਾਂ ਫਲਸਤੀਨ ਹੈ। 1878 ਤੋਂ ਵੱਖ-ਵੱਖ ਦੇਸਾਂ ਦੇ ਯਹੂਦੀ ਇਥੇ ਆ ਕੇ ਵਸਣ ਲੱਗ ਪਏ ਸਨ। ਉਨ੍ਹਾਂ ਨੇ ਜਿਹੜਾ ਪਹਿਲਾ ਯਹੂਦੀ ਪਿੰਡ ਵਸਾਇਆ, ਉਸ ਦਾ ਨਾਮ ਰੱਖਿਆ-ਉਮੀਦਾਂ ਦਾ ਦਰਵਾਜ਼ਾ। ਹਰਜ਼ਲ ਨੇ 1882 ਵਿਚ ਵਰਲਡ ਜ਼ੀਓਨਿਸਟ ਸੰਸਥਾ ਦੀ ਨੀਂਹ ਰੱਖੀ। ਹਰਜ਼ਲ ਇਜ਼ਰਾਈਲ ਦਾ ਪਿਤਾਮਾ ਹੈ। ਜਦੋਂ ਹਰਜ਼ਲ ਦੀ ਮੌਤ ਦੀ ਖਬਰ ਸੁਣੀ, ਅਨੇਕ ਯਹੂਦੀ ਗਲੀਆਂ ਵਿਚ ਰੋਂਦੇ ਫਿਰਦੇ ਦਿਸੇ। ਸ਼ਾਇਨਾ ਨੇ ਕਾਲਾ ਲਿਬਾਸ ਪਹਿਨ ਲਿਆ ਤੇ ਦੋ ਸਾਲ ਉਦੋਂ ਤੱਕ ਇਹੀ ਲਿਬਾਸ ਪਹਿਨਿਆਂ ਜਦੋਂ ਤੱਕ ਇਹ ਸਾਰੇ ਮਿਲਵਾਕੀ (ਅਮਰੀਕਾ) ਪਹੁੰਚ ਗਏ। ਧੀਆਂ ਨੇ ਅਮਰੀਕਾ ਪਿਤਾ ਕੋਲ ਜਾਣਾ ਹੀ ਸੀ, ਪਰ ਮਾਂ ਨੇ ਸ਼ਾਇਨਾ ਨੂੰ ਪੁਲਿਸ ਤੋਂ ਵੀ ਬਚਾਉਣਾ ਸੀ।

ਦੋ ਹਫਤਿਆਂ ਦਾ ਸਮੁੰਦਰੀ ਸਫਰ ਮੁਕਾ ਕੇ ਮਾਂ ਤੇ ਧੀਆਂ ਮਿਲਵਾਕੀ ਪੁੱਜ ਗਈਆਂ। ਗੋਲਡਾ ਜਿਵੇਂ ਕਿਸੇ ਪਰੀ ਦੇਸ ਵਿਚ ਆ ਗਈ ਹੋਵੇ। ਘੰਟਿਆਂ ਬੱਧੀ ਇਮਾਰਤਾਂ, ਟ੍ਰੈਫਿਕ, ਦੁਕਾਨਾਂ ਦੇਖਦੀ ਰਹਿੰਦੀ। ਇੰਨੇ ਸਜੇ-ਸੰਵਰੇ ਲੋਕ ਉਸ ਨੇ ਪਹਿਲੀ ਵਾਰ ਦੇਖੇ। ਦੋ ਕਮਾਇਰਿਆਂ, ਇਕ ਰਸੋਈ ਵਾਲਾ ਘਰ ਬਹੁਤਾ ਵੱਡਾ ਨਹੀਂ ਸੀ, ਪਰ ਰੂਸ ਵਿਚਲੀ ਰਿਹਾਇਸ਼ ਮੁਕਾਬਲੇ ਮਹਿਲ ਵਾਂਗ ਲੱਗਣ ਲੱਗਿਆ। ਨਾਲ ਦੁਕਾਨ ਸੀ। ਮਾਂ ਨੇ ਪਹਿਲਾਂ ਡੇਅਰੀ ਦਾ ਕੰਮ ਸ਼ੁਰੂ ਕੀਤਾ, ਫਿਰ ਗਰੋਸਰੀ ਦਾ।

ਮਾਂ ਜਦੋਂ ਸਵੇਰ ਸਾਰ ਦੁਕਾਨ ਲਈ ਸਮਾਨ ਦੀ ਖਰੀਦਾਰੀ ਕਰਨ ਜਾਂਦੀ, ਗੋਲਡਾ ਕਾਊਂਟਰ 'ਤੇ ਹੁੰਦੀ। ਅੱਠ ਸਾਲ ਦੀ ਕੁੜੀ ਲਈ ਇਹ ਕੰਮ ਔਖਾ ਸੀ, ਹਮੇਸ਼ਾ ਸਕੂਲ ਲੇਟ ਪੁੱਜਦੀ, ਝਿੜਕਾਂ ਪੈਂਦੀਆਂ। ਸਕੂਲ ਦੇ ਰਸਤੇ ਰੋਂਦੀ ਜਾਂਦੀ। ਪੰਜਾਹ ਸਾਲ ਬਾਅਦ ਜਦੋਂ ਇਜ਼ਰਾਈਲ ਦੇ ਪ੍ਰਧਾਨ ਮੰਤਰੀ ਦੀ ਹੈਸੀਅਤ ਵਿਚ ਆਪਣਾ ਸਕੂਲ ਦੇਖਣ ਆਈ, ਤਾਂ ਵਿਦਿਆਰਥੀਆਂ ਨੇ ਇਉਂ ਸਵਾਗਤ ਕੀਤਾ ਜਿਵੇਂ ਜਹਾਨ ਦੀ ਮਲਿਕਾ ਹੋਵੇ। ਗੋਲਡਾ ਰੋ ਪਈ! ਬੱਚਿਆਂ ਨੇ ਪਹਿਲਾਂ ਇਜ਼ਰਾਈਲ ਦਾ ਕੌਮੀ ਤਰਾਨਾ ਗਾਇਆ, ਫਿਰ ਯਿਦਿਸ਼ ਗੀਤ ਗਾਏ। ਯਿਦਿਸ਼ ਉਹ ਬੋਲੀ ਹੈ ਜਿਹੜੀ ਸੰਸਾਰ ਵਿਚ ਹਰ ਯਹੂਦੀ ਆਪਣੇ ਘਰ ਵਿਚ ਬੋਲਦਾ ਹੈ। ਜਿਨ੍ਹਾਂ ਦੋ ਕੁੜੀਆਂ ਨੇ ਵੱਡਾ ਗੁਲਾਬ ਭੇਟ ਕੀਤਾ, ਉਨ੍ਹਾਂ ਦੇ ਮੱਥਿਆਂ ਉਪਰ ਦਾਊਦ ਦਾ ਝੰਡਾ ਬੰਨ੍ਹਿਆਂ ਹੋਇਆ ਸੀ ਜਿਸ ਦੇ ਵਿਚਕਾਰ ਤਾਰਾ ਹੈ। ਦਾਊਦ ਯਹੂਦੀਆਂ ਦਾ ਉਹ ਪੈਗੰਬਰ ਹੈ ਜਿਸ ਨੇ ਕੀਰਤਨ ਵਾਸਤੇ ਬਾਣੀ ਉਤਾਰੀ ਸੀ। ਗੋਲਡਾ ਨੂੰ ਭਾਸ਼ਣ ਦੇਣ ਲਈ ਕਿਹਾ ਗਿਆ। ਉਸ ਨੇ ਪੜ੍ਹਾਈ ਲਿਖਾਈ ਦੀਆਂ ਗੱਲਾਂ ਨਹੀਂ ਸਿੱਖਾਈਆਂ, ਕਿਹਾ, 'ਬੱਚਿਓ, ਕਿਸ ਨੇ ਕੀ ਬਣ ਜਾਣਾ ਹੈ, ਕੁਝ ਪਤਾ ਨਹੀਂ ਹੁੰਦਾ। ਇਹ ਸਭ ਨੂੰ ਪਤਾ ਹੁੰਦੈ, ਕੀ ਠੀਕ ਹੈ ਤੇ ਕੀ ਗਲਤ ਹੈ। ਨੇਕ ਨੀਅਤ ਨਾਲ ਤੁਰਦੇ ਰਹੋ, ਯਤਨ ਕਰੋ; ਆਪਣਾ ਭਲਾ ਕਰਨ ਦੀ ਥਾਂ ਹੋਰ ਕਿਸੇ ਲੋੜਵੰਦ ਦਾ ਭਲਾ ਕਰੋ, ਅਜਿਹਾ ਕਰਦਿਆਂ ਤੁਸੀਂ ਠੀਕ ਥਾਂ 'ਤੇ ਪੁੱਜੋਗੇ।' ਇਹ 1971 ਦਾ ਸਾਲ ਸੀ।

ਪਿਤਾ ਇਕ ਦਿਨ ਬੱਚਿਆਂ ਨੂੰ ਮਜ਼ਦੂਰ ਦਿਵਸ ਦੀ ਪਰੇਡ ਦਿਖਾਉਣ ਵਾਸਤੇ ਲੈ ਗਿਆ। ਚੌੜੀ ਸੜਕ 'ਤੇ ਦੋਹੀਂ ਪਾਸੀਂ ਦਰਸ਼ਕ ਸਨ ਤੇ ਵਿਚਕਾਰ ਦੀ ਲੇਬਰ ਪਰੇਡ ਲੰਘਣੀ ਸੀ। ਪਰੇਡ ਆਈ ਤਾਂ ਨਾਲ ਘੋੜ ਸਵਾਰ ਸਿਪਾਹੀ ਸਨ। ਸਿਪਾਹੀਆਂ ਨੂੰ ਦੇਖ ਕੇ ਛੋਟੀ ਕੁੜੀ ਸਾਰਾ ਨੇ ਬੈਂਡ ਵਾਜਾ ਸੁਣਨ ਸਾਰ ਚੀਕਾਂ ਮਾਰੀਆਂ, ਕਿਹਾ-ਕੱਜ਼ਾਕ! ਉਸ ਨੂੰ ਬਹੁਤ ਸਮਝਾਇਆ ਕਿ ਇਹ ਕੱਜ਼ਾਕ ਨਹੀਂ, ਅਮਰੀਕਾ ਦੀ ਪੁਲਿਸ ਹੈ ਤੇ ਮਦਦ ਕਰਨ ਵਾਸਤੇ ਹੈ। ਇਹ ਕਿਵੇਂ ਹੋ ਸਕਦੈ? ਕੱਜ਼ਾਕ ਮਦਦ ਕਿਵੇਂ ਕਰ ਸਕਦੇ ਨੇ? ਪੌੜਾਂ ਹੇਠ ਕੁਚਲ ਦੇਣਗੇ।...ਘਰ ਆ ਗਏ। ਕੁੜੀ ਨੂੰ ਬੁਖਾਰ ਚੜ੍ਹ ਗਿਆ।

ਪੰਦਰਾਂ ਸਾਲਾਂ ਦੀ ਸਕੂਲੀਆ ਕੁੜੀ ਗੋਲਡਾ ਨੇ ਸ਼ਾਇਨਾ ਅਤੇ ਉਸ ਦੇ ਸਾਥੀਆਂ ਤੋਂ ਦੋ ਨਾਮ ਸੁਣੇ-ਇਕ ਅਧੇੜ ਉਮਰ ਦਾ ਗੋਰਡਨ, ਦੂਜੀ ਜੁਆਨ ਕੁੜੀ ਰਸ਼ੇਲ। ਗੋਰਡਨ ਪੰਜਾਹ ਸਾਲ ਦੀ ਉਮਰੇ ਇਜ਼ਰਾਈਲ ਵਿਚ ਪਰਿਵਾਰ ਸਣੇ ਆਇਆ ਤੇ ਹੱਥਾਂ ਨਾਲ, ਕਹੀ ਕੁਹਾੜੀ ਨਾਲ ਖੇਤੀ ਕਰਨੀ ਸ਼ੁਰੂ ਕੀਤੀ। ਰਸ਼ੇਲ ਰੂਸ ਤੋਂ ਆਈ ਸੀ, ਹਿਬਰੂ ਬਿਲਕੁਲ ਨਹੀਂ ਸੀ ਆਉਂਦੀ, ਮਹੀਨਿਆਂ ਵਿਚ ਸਿੱਖ ਗਈ ਤੇ ਹਿਬਰੂ ਵਿਚ ਸ਼ਾਨਦਾਰ ਗੀਤ ਰਚੇ। ਇਹ ਅੱਜ ਇਜ਼ਰਾਈਲ ਦੇ ਸਭ ਤੋਂ ਪਿਆਰੇ ਗੀਤ ਹਨ ਜੋ ਸੰਗੀਤ ਸ਼ਾਸਤਰੀਆਂ ਨੇ ਸੁਰਬੱਧ ਕੀਤੇ। ਤਪਦਿਕ ਕਾਰਨ ਚਾਲੀ ਸਾਲ ਦੀ ਉਮਰ ਵਿਚ ਚੱਲ ਵਸੀ। ਗੋਲਡਾ ਦੀਆਂ ਅੱਖਾਂ ਵਿਚ ਇਜ਼ਰਾਈਲ ਜਾਣ ਦੀ ਕਲਪਨਾ ਉਤਰਨ ਲੱਗੀ।

ਉਨ੍ਹਾਂ ਦਿਨਾਂ ਵਿਚ ਰੱਜੇ-ਪੁੱਜੇ ਅਮਾਇਰ ਘਰਾਂ ਦੇ ਬੁੱਧੀਵਾਨ ਮੁੰਡੇ ਕੁੜੀਆਂ ਦੁਨੀਆਂ ਵਿਚੋਂ ਆਪੋ-ਆਪਣੀ ਥਾਂ ਛੱਡ ਕੇ ਇਜ਼ਰਾਈਲ ਜਾ ਰਹੇ ਸਨ। ਉਹ ਚਾਹੁੰਦੇ ਤਾਂ ਪੈਸਿਆਂ ਨਾਲ ਬਾਗ ਖਰੀਦ ਕੇ ਅਰਬਾਂ ਤੋਂ ਮਜ਼ਦੂਰੀ ਕਰਵਾ ਕੇ ਮਾਲਾ-ਮਾਲ ਹੁੰਦੇ, ਪਰ ਉਨ੍ਹਾਂ ਦਾ ਮਕਸਦ ਧਨੀ ਹੋਣਾ ਹੈ ਈ ਨਹੀਂ ਸੀ। ਉਨ੍ਹਾਂ ਦੀ ਇਕੋ ਇਕ ਮੰਜ਼ਿਲ ਆਪਣੇ ਪੁਰਖਿਆਂ ਦੇ ਦੇਸ ਵਿਚ ਵੱਸ ਕੇ ਮਜ਼ਦੂਰੀ ਕਰਨੀ ਸੀ ਜਿਸ ਨੂੰ ਉਹ ਧਰਮੀ ਕਿਰਤ ਕਹਿੰਦੇ ਸਨ। ਇਨ੍ਹਾਂ ਯੋਧਿਆਂ ਦਾ ਵਿਸ਼ਵਾਸ ਸੀ ਕਿ ਧਰਮ ਦੀ ਕਿਰਤ ਰਾਹੀਂ ਉਹ ਗੁਲਾਮੀ ਦੇ ਜੂਲੇ ਤੋਂ ਮੁਕਤ ਹੋਣਗੇ।

ਇਨ੍ਹਾਂ ਹੀ ਦਿਨਾਂ ਵਿਚ ਗੋਲਡਾ ਨੂੰ ਮੋਰਿਸ ਨਾਮ ਦਾ ਸ਼ਾਂਤ ਸੁਭਾਅ ਵਾਲਾ ਜੁਆਨ ਮਿਲਿਆ ਜਿਸ ਨੂੰ ਸਾਹਿਤ, ਸੰਗੀਤ ਅਤੇ ਫਲਸਫੇ ਵਿਚ ਦਿਲਚਸਪੀ ਸੀ। ਇਹ ਵੀ ਉਜੜ ਕੇ ਆਇਆ ਗਰੀਬ ਯਹੂਦੀ ਸੀ ਜਿਹੜਾ ਬਾਰਾਂ ਘੰਟੇ ਕੰਮ ਕਰਦਾ, ਅਕਸਰ ਸ਼ਾਇਨਾ ਦੀਆਂ ਮੀਟਿੰਗਾਂ ਵਿਚ ਸ਼ਾਮਲ ਹੁੰਦਾ। ਸ਼ਾਸਤਰੀ ਸੰਗੀਤ ਨਾਲ; ਬਾਇਰਨ, ਸ਼ੈਲੀ, ਕੀਟਸ ਅਤੇ ਉਮਰ ਖਯਾਮ ਦੀਆਂ ਰੁਬਾਈਆਂ ਨਾਲ ਉਸ ਨੇ ਗੋਲਡਾ ਨੂੰ ਵਾਕਫ ਕਰਵਾਇਆ। ਇਹ ਮੇਲ ਪ੍ਰੇਮ ਵਿਚ ਬਦਲ ਗਿਆ ਤੇ ਪਿਛੋਂ ਜਾ ਕੇ ਸ਼ਾਦੀ ਹੋਈ। ਮੋਰਿਸ, ਗੋਲਡਾ ਤੋਂ ਪੰਜ ਸਾਲ ਵੱਡਾ ਸੀ।

ਪਹਿਲੀ ਸੰਸਾਰ ਜੰਗ ਛਿੜ ਗਈ। ਯਹੂਦੀ ਜੁਆਨਾਂ ਨੇ ਆਪਣੇ ਝੰਡੇ ਹੇਠ ਫੌਜ ਖੜ੍ਹੀ ਕਰ ਲਈ ਜਿਸ ਨੇ ਅੰਗਰੇਜ਼ਾਂ ਦੀ ਤਰਫੋਂ ਲੜਨਾ ਸੀ, ਅੰਗਰੇਜ਼ਾਂ ਨੇ ਜਿੱਤਣ ਪਿਛੋਂ ਇਨ੍ਹਾਂ ਨੂੰ ਇਜ਼ਰਾਈਲ ਦੇਣਾ ਸੀ। ਦੋ ਵਿਦਵਾਨਾਂ ਡਾ. ਸ਼ਾਇਨ ਅਤੇ ਸਿਰਕਿਨ ਵਿਚਕਾਰ ਯਹੂਦੀ ਸਮੱਸਿਆ ਹੱਲ ਕਰਨ ਦੇ ਢੰਗ-ਤਰੀਕਿਆਂ ਉਪਰ ਵਿਵਾਦ ਹੋ ਗਿਆ ਤੇ ਉਨ੍ਹਾਂ ਦੇ ਸੰਵਾਦ ਅਖਬਾਰਾਂ ਵਿਚ ਛਪਦੇ। ਆਖਰ ਸਿਰਕਿਨ ਨੇ ਸ਼ਾਇਨ ਨੂੰ ਕਿਹਾ, 'ਆਪਾਂ ਕੰਮ ਵੰਡ ਲੈਂਦੇ ਹਾਂ। ਮੈਂ ਉਹ ਸਭ ਕੁਝ ਆਪਣੇ ਹਿੱਸੇ ਲਵਾਂਗਾ ਜੋ ਹੈ ਨਹੀਂ। ਤੂੰ ਉਹ ਕੁਝ ਲੈ ਲੈ ਜੋ ਮੌਜੂਦ ਹੈ। ਮਸਲਨ, ਹਿਬਰੂ ਭਾਸ਼ਾ ਨਹੀਂ ਹੈ, ਮੈਂ ਹਿਬਰੂ ਵਿਕਸਿਤ ਕਰਾਂਗਾ। ਯਿਦਿਸ਼ ਬੋਲੀ ਜਾ ਰਹੀ ਹੈ, ਤੂੰ ਯਿਦਿਸ਼ ਦੇ ਵਿਕਾਸ ਦਾ ਜ਼ਿੰਮਾ ਲੈ। ਇਜ਼ਰਾਈਲ ਦੇਸ ਨਹੀਂ ਹੈ, ਮੈਂ ਇਜ਼ਰਾਈਲ ਬਣਾਵਾਂਗਾ। ਸਾਰੇ ਸੰਸਾਰ ਵਿਚ ਯਹੂਦੀ ਖਿਲਰੇ ਹੋਏ ਹਨ, ਤੂੰ ਇਨ੍ਹਾਂ ਨੂੰ ਇਕ ਚੇਨ ਵਿਚ ਪਰੋ। ਜਿਸ ਨੂੰ ਤੂੰ ਆਖਦਾ ਹੈ, ਇਹ ਠੋਸ ਹੈ, ਉਹ ਤੇਰਾ। ਜਿਹੜੇ ਤੇਰੇ ਅਨੁਸਾਰ ਖਿਆਲੀ ਪੁਲਾਅ ਹਨ, ਉਹ ਮੇਰੇ ਹੋਏ।'

ਤੁਰਕੀ ਦਾ ਫਲਸਤੀਨ 'ਤੇ ਕਬਜ਼ਾ ਸੀ। ਸੰਸਾਰ ਜੰਗ ਵਿਚ ਤੁਰਕ ਅੰਗਰੇਜ਼ਾਂ ਖਿਲਾਫ ਲੜ ਰਹੇ ਸਨ। ਸੋ ਤੁਰਕਾਂ ਦੀ ਹਾਰ ਵਿਚੋਂ ਇਜ਼ਰਾਈਲ ਨਿਕਲ ਆਏਗਾ। ਇਸ ਵਕਤ ਤਕ ਵੱਖ-ਵੱਖ ਥਾਵਾਂ ਤੋਂ ਆ ਕੇ ਯਹੂਦੀਆਂ ਨੇ ਪੰਜਾਹ ਪਿੰਡ ਵਸਾ ਲਏ ਸਨ ਜਿਨ੍ਹਾਂ ਵਿਚ ਇਕ ਤਲ-ਅਵੀਵ ਵੀ ਸੀ।

***(ਬਾਕੀ ਅਗਲੇ ਸਫੇ 'ਤੇ)***

ਵਿਦਵਾਨਾਂ ਨੂੰ ਸੱਦ ਕੇ ਯਹੂਦੀ ਆਪਣੇ ਭੂਤ, ਵਰਤਮਾਨ, ਭਵਿੱਖ ਬਾਰੇ ਜਾਣਨ ਦਾ ਯਤਨ ਕਰਦੇ। ਬੁਲਾਰਿਆਂ ਨੂੰ ਦੇਣ ਲਈ ਕਿਰਾਇਆ ਨਾ ਹੁੰਦਾ, ਹਾਲ ਦਾ ਕਿਰਾਇਆ ਕਿਥੋਂ ਦੇਈਏ? ਫੈਸਲਾ ਹੋਇਆ ਕਿ ਹਰ ਸਰੋਤਾ ਚੁਆਨੀ ਦਿਆ ਕਰੇ। ਇਕ ਸਰੋਤੇ ਨੇ ਚੁਆਨੀ ਦੇਣ ਤੋਂ ਇਹ ਕਹਿ ਕੇ ਇਨਕਾਰ ਕੀਤਾ, 'ਮੈਂ ਕਿਹੜਾ ਲੈਕਚਰ ਸੁਣਨ ਆਉਨਾ, ਮੈਂ ਤਾਂ ਬੱਸ ਸਵਾਲ ਪੁੱਛਣ ਆਉਨਾ।' ਬਹੁਤੀਆਂ ਸਪੀਚਾਂ ਗਿਰਜੇ ਵਿਚ ਹੁੰਦੀਆਂ ਜਿਥੇ ਔਰਤਾਂ ਨੂੰ ਭਾਸ਼ਣ ਕਰਨ ਦੀ ਆਗਿਆ ਨਹੀਂ ਸੀ। ਗੋਲਡਾ ਨੇ ਆਪਣੇ ਪਿਤਾ ਨੂੰ ਕਿਹਾ, 'ਅਹੁ ਗਲੀ ਵਿਚ ਲੋਕ ਮੈਨੂੰ ਸੁਣਨਾ ਚਾਹੁੰਦੇ ਹਨ, ਮੈਂ ਚੱਲੀ ਆਂ।' ਪਿਤਾ ਗਰਜਿਆ, 'ਕੀ ਕਿਹਾ? ਤੂੰ ਭਾਸ਼ਣ ਕਰੇਂਗੀ? ਸਵਾਲ ਹੀ ਨਹੀਂ।' ਜਦੋਂ ਉਹ ਬਜ਼ਿਦ ਰਹੀ ਤਾਂ ਪਿਤਾ ਨੇ ਕਿਹਾ, 'ਕਰ ਫਿਰ ਭਾਸ਼ਣ। ਤੈਨੂੰ ਵਾਲਾਂ ਤੋਂ ਫੜ ਕੇ ਘੜੀਸਾਂਗਾ।' ਉਹ ਭੀੜ ਵਿਚ ਜਾ ਰਲੀ ਤੇ ਕਿਹਾ, 'ਮੇਰਾ ਪਿਤਾ ਬਦਤਮੀਜ਼ੀ ਕਰ ਸਕਦਾ, ਤੁਸੀਂ ਖਿਆਲ ਰੱਖਣਾ।' ਲੈਕਚਰ ਸਟੈਂਡ 'ਤੇ ਗਈ, ਸ਼ਾਨਦਾਰ ਭਾਸ਼ਣ ਦਿੱਤਾ। ਜਦੋਂ ਘਰ ਗਈ, ਪਿਤਾ ਸੌਂ ਰਿਹਾ ਸੀ। ਮਾਂ ਨੇ ਦੱਸਿਆ, 'ਤੇਰਾ ਪਾਪਾ ਆਖਦਾ ਸੀ...ਬੜੀਆਂ ਸ਼ਾਨਦਾਰ ਗੱਲਾਂ ਕੀਤੀਆਂ ਗੋਲਡਾ ਨੇ। ਪਤਾ ਨ੍ਹੀਂ ਇਹ ਖਿਆਲ ਗੋਲਡਾ ਕੋਲ ਕਿਥੋਂ ਆਉਂਦੇ ਨੇ।'

ਯੂਕਰੇਨ ਅਤੇ ਪੋਲੈਂਡ ਵਿਚ ਫੌਜਾਂ ਨੇ ਯਹੂਦੀਆਂ ਦਾ ਕਤਲੇਆਮ ਕੀਤਾ। ਗੋਲਡਾ ਨੇ ਉਨ੍ਹਾਂ ਦੀ ਹਮਦਰਦੀ ਲਈ ਮਿਲਵਾਕੀ ਵਿਚ ਜਲੂਸ ਕੱਢਣ ਦਾ ਫੈਸਲਾ ਕੀਤਾ। ਇਕ ਧਨਾਢ ਯਹੂਦੀ ਆ ਕੇ ਕਹਿਣ ਲੱਗਾ, 'ਤੂੰ ਮਰਵਾਏਂਗੀ। ਜੇ ਤੂੰ ਜਲੂਸ ਕੱਢਿਆ, ਮੈਂ ਉਜੜ ਕੇ ਕਿਧਰੇ ਹੋਰ ਚਲਾ ਜਾਵਾਂਗਾ।' ਗੋਲਡਾ ਨੇ ਕਿਹਾ, 'ਜੇ ਇਕ-ਦੂਜੇ ਨਾਲ ਹਮਦਰਦੀ ਨਾ ਕੀਤੀ, ਫਿਰ ਉਜੜਾਂਗੇ, ਮੈਂ ਵਸਾਉਣਾ ਚਾਹੁੰਦੀ ਹਾਂ।' ਭਾਰੀ ਗਿਣਤੀ ਵਿਚ ਲੋਕ ਮਾਤਮੀ ਜਲੂਸ ਵਿਚ ਸ਼ਾਮਲ ਹੋਏ, ਗ਼ੈਰ-ਯਹੂਦੀ ਵੀ ਨਾਲ ਤੁਰੇ। ਅਮਰੀਕਾ ਦੀ ਪ੍ਰੈਸ ਨੇ ਪੂਰੀ ਕਵਰੇਜ ਦਿੱਤੀ। ਇਸ ਸਫਲਤਾ ਤੋਂ ਬਾਅਦ ਉਸ ਨੇ ਫੈਸਲਾ ਕੀਤਾ-ਭਾਸ਼ਣਾਂ ਨਾਲ ਇਜ਼ਰਾਈਲ ਨਹੀਂ ਬਣਨਾ, ਮੈਨੂੰ ਫਲਸਤੀਨ ਜਾ ਕੇ ਕੰਮ ਕਰਨਾ ਪਏਗਾ। ਪਤਾ ਸੀ ਕਿ ਮਿੱਤਰ ਪਿਆਰੇ ਨਾਰਾਜ਼ ਹੋਣਗੇ, ਉਥੇ ਜੀਵਨ ਕਠਿਨ ਹੋਵੇਗਾ, ਤਾਂ ਕੀ? ਜੇ ਦੇਸ਼ ਚਾਹੀਦਾ ਹੈ ਤਾਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਏਗਾ।

ਜਾਣ ਵਾਸਤੇ ਪੈਸੇ ਇਕੱਠੇ ਕਰਨੇ ਨੇ, ਮੋਰਿਸ ਨਾਲ ਵਿਆਹ ਕਰਾਉਣਾ ਹੈ ਤੇ ਉਸ ਨੂੰ ਨਾਲ ਜਾਣ ਵਾਸਤੇ ਮਨਾਉਣਾ ਹੈ। ਉਸ ਨੂੰ ਇਜ਼ਰਾਈਲ ਵਿਚ ਕੋਈ ਦਿਲਚਸਪੀ ਨਹੀਂ ਸੀ। ਉਹ ਕਹਿੰਦਾ ਹੁੰਦਾ, 'ਗਲੋਬ ਦੇ ਸੈਂਕੜੇ ਦੇਸਾਂ ਵਿਚ ਇਕ ਦੇਸ ਹੋਰ ਜੰਮ ਪਿਆ ਤਾਂ ਕੀ ਫਰਕ ਪੈਣਾ? ਨਵੇਂ ਦੇਸ ਵਿਚ ਵੀ ਉਹੀ ਕਾਨੂੰਨ, ਉਹੀ ਸਜ਼ਾਵਾਂ।' ਗੋਲਡਾ ਸਤਾਰਾਂ ਸਾਲ ਦੀ ਸੀ, ਵਿਆਹ ਵਾਸਤੇ ਵੀ ਇਕ ਸਾਲ ਹੋਰ ਉਡੀਕਣਾ ਹੈ, ਵਿਆਹ ਤੋਂ ਪਹਿਲਾਂ ਮੋਰਿਸ ਨੂੰ ਆਪਣਾ ਫੈਸਲਾ ਦੱਸਣਾ ਹੈ। ਜੇ ਮੋਰਿਸ ਅਤੇ ਫਲਸਤੀਨ ਵਿਚੋਂ ਇਕ ਚੁਣਨਾ ਪਿਆ ਤਾਂ ਫਲਸਤੀਨ ਚੁਣੇਗੀ। ਉਸ ਦੇ ਫੈਸਲੇ ਤੋਂ ਮੋਰਿਸ ਬੇਚੈਨ ਹੋ ਗਿਆ, ਕਿਹਾ, 'ਤੈਨੂੰ ਪਤਾ ਹੈ, ਤੂੰ ਕੀ ਕਰਨ ਲੱਗੀ ਹੈਂ?'

ਬਰਤਾਨੀਆ ਸਰਕਾਰ ਦਾ ਐਲਾਨ ਆਇਆ-ਜੇ ਤੁਰਕੀ ਨੂੰ ਹਰਾ ਦਿੱਤਾ ਤਾਂ ਅਸੀਂ ਯਹੂਦੀਆਂ ਦੇ ਅਮਨ-ਪੂਰਵਕ ਵਸੇਬੇ ਵਾਸਤੇ ਕਦਮ ਪੁੱਟਾਂਗੇ। ਇਸ ਬਿਆਨ ਨੇ ਮੋਰਿਸ ਨੂੰ ਹੌਸਲਾ ਦਿੱਤਾ। ਫਲਸਤੀਨ ਵਿਚੋਂ ਤੁਰਕ ਨਿਕਲ ਗਏ ਤਾਂ ਇਜ਼ਰਾਈਲ ਦਾ ਸੁਫਨਾ ਸਾਕਾਰ ਹੋਵੇਗਾ। ਯਹੂਦੀਆਂ ਦਾ ਉਥੋਂ ਉਜਾੜਾ ਰੁਕੇਗਾ, ਸਗੋਂ ਦੁਨੀਆਂ ਦੇ ਯਹੂਦੀਆਂ ਦੀ ਇੱਧਰ ਨੂੰ ਰਵਾਨਗੀ ਸ਼ੁਰੂ ਹੋਵੇਗੀ। ਪਹਿਲੀ ਸੰਸਾਰ ਜੰਗ ਛਿੜ ਚੁੱਕੀ ਸੀ, ਤੁਰਕ ਅਤੇ ਬਰਤਾਨੀਆਂ ਆਹਮੋ-ਸਾਹਮਣੇ ਸਨ।



*ਗੋਲਡਾ 1918 ਵਿਚ ਆਪਣੇ ਪਤੀ ਮੋਰਿਸ ਨਾਲ*

ਆਖਰ ਮੋਰਿਸ ਮੰਨ ਗਿਆ। 24 ਦਸੰਬਰ 1917 ਨੂੰ ਵਿਆਹ ਹੋਇਆ ਤੇ ਫਲਸਤੀਨ ਜਾਣ ਦੀਆਂ ਵਿਉਂਤਾਂ ਬਣਨ ਲੱਗੀਆਂ। ਪਾਰਟੀ ਵਲੋਂ ਗੋਲਡਾ ਨੂੰ ਫੰਡ ਇਕੱਠਾ ਕਰਨ ਦਾ ਹੁਕਮ ਹੋਇਆ, ਨਵਾਂ-ਨਵਾਂ ਵਿਆਹ; ਮਾਪੇ ਖਫਾ ਹੋਏ ਪਰ ਉਹ ਚਲੀ ਗਈ ਤੇ ਕਈ ਹਫਤਿਆਂ ਬਾਅਦ ਪਰਤੀ। ਉਸ ਨੂੰ ਪੰਦਰਾਂ ਡਾਲਰ ਹਫਤੇ ਦੀ ਤਨਖਾਹ ਮਿਲਦੀ ਜਿਸ ਨਾਲ ਕੇਵਲ ਰੋਟੀ ਖਾਧੀ ਜਾ ਸਕੇ। ਹੋਟਲ ਵਿਚ ਨਹੀਂ, ਪਾਰਟੀ ਵਰਕਰਾਂ ਦੇ ਘਰ ਰਹਿਣਾ ਹੁੰਦਾ।

1920 ਦੀਆਂ ਸਰਦੀਆਂ ਵਿਚ ਫਲਸਤੀਨ ਜਾਣ ਦਾ ਫੈਸਲਾ ਹੋ ਗਿਆ। ਉਥੇ ਤੰਬੂ ਵਿਚ ਰਹਿਣਾ ਪਵੇਗਾ, ਇਸ ਲਈ ਸਾਰਾ ਫਰਨੀਚਰ ਵੇਚ ਦਿੱਤਾ। ਉਨ੍ਹਾਂ ਨੂੰ ਲਗਦਾ ਸੀ ਮਾਰੂਥਲ ਵਿਚ ਗਰਮੀ ਹੋਵੇਗੀ, ਸੋ ਗਰਮ ਕੱਪੜੇ ਵੇਚ ਦਿੱਤੇ। ਭੁੰਜੇ ਸੌਣ ਲਈ ਦਰੀ ਲੈ ਲਈ ਤੇ ਗ੍ਰਾਮੋਫੋਨ ਦੀ ਮਸ਼ੀਨ ਜਿਹੜੀ ਹੱਥ ਨਾਲ ਚਾਬੀ ਭਰ ਕੇ ਚਲਦੀ ਸੀ। ਵੱਡੀ ਭੈਣ ਸ਼ਾਇਨਾ ਆਪਣੇ ਦੋ ਬੱਚਿਆਂ ਸਣੇ ਤਿਆਰ ਹੋ ਗਈ। ਉਨ੍ਹਾਂ ਨੂੰ ਬੜਾ ਸਮਝਾਇਆ ਕਿ ਹਾਲੇ ਰੁਕੋ, ਬੱਚੇ ਸੰਭਲ ਜਾਣ, ਪਰ ਨਹੀਂ ਮੰਨੇ। ਪਤਾ ਸੀ ਅਰਬਾਂ ਦੇ ਭੜਕਾਏ ਪੇਂਡੂ, ਯਹੂਦੀਆਂ ਉਤੇ ਨਿਰੰਤਰ ਹਮਲੇ ਕਰ ਰਹੇ ਸਨ, ਤਾਂ ਵੀ ਜਾਣ ਦਾ ਫੈਸਲਾ ਹੋਇਆ। ਮਾਪਿਆਂ ਕੋਲੋਂ ਜਦੋਂ ਵਿਦਾਇਗੀ ਲਈ, ਸਖਤ ਦਿਲ ਪਿਤਾ ਦਾ ਰੋਣ ਨਹੀਂ ਥੰਮਿਆ। ਦੋ ਧੀਆਂ ਹਮੇਸ਼ਾ ਲਈ ਅਮਰੀਕਾ ਛੱਡ ਰਹੀਆਂ ਸਨ। ਵਿਸ਼ਾਲ ਮਾਰੂਥਲ, ਅਜਨਬੀ ਲੋਕ। ਅਜਨਬੀ ਜ਼ਬਾਨ ਦਾ ਸਾਹਮਣਾ ਕਰਨਾ ਪਵੇਗਾ। ਮਹੀਨੇ ਦੀ ਮੁਸ਼ਕਿਲ ਯਾਤਰਾ ਕਰਦਿਆਂ ਸਮੁੰਦਰੀ ਜਹਾਜ਼ ਰਾਹੀਂ ਮੰਜ਼ਿਲ 'ਤੇ ਪੁੱਜੇ। ਇਹ ਨਿੱਕਾ ਜਿਹਾ ਪਿੰਡ ਤਲ-ਅਵੀਵ ਸੀ ਜਿਹੜਾ 1909 ਵਿਚ ਵੱਖ-ਵੱਖ ਥਾਵਾਂ ਤੋਂ ਆ ਕੇ ਸੱਠ ਯਹੂਦੀਆਂ ਨੇ ਵਸਾਇਆ ਸੀ। ਕੌਣ ਜਾਣਦਾ ਸੀ ਅੱਧੀ ਸਦੀ ਬਾਅਦ ਇਸ ਦੀ ਆਬਾਦੀ ਚਾਰ ਲੱਖ ਹੋ ਜਾਵੇਗੀ ਤੇ ਇਹ ਮਹਾਂਨਗਰ 1948 ਵਿਚ ਇਜ਼ਰਾਈਲ ਦੀ ਪਹਿਲੀ ਆਰਜ਼ੀ ਰਾਜਧਾਨੀ ਹੋਵੇਗਾ।

ਤੁਰਕ ਹਾਰ ਗਏ ਪਰ ਬਰਤਾਨੀਆਂ ਨੇ ਇਜ਼ਰਾਈਲ ਦੇਣ ਦਾ ਵਾਅਦਾ ਵਫਾ ਨਾ ਕੀਤਾ। ਲੇਖਕ, ਵਿਦਵਾਨ, ਡਾਕਟਰ, ਕਵੀ, ਸੰਗੀਤਕਾਰ, ਵਪਾਰੀ ਅਤੇ ਮਜ਼ਦੂਰ ਯਹੂਦੀ ਵਿਦੇਸ਼ਾਂ ਤੋਂ ਆ ਕੇ ਇਥੇ ਵੱਸਣ ਲੱਗੇ। ਪਹਿਲਾਂ ਤੰਬੂਆਂ ਵਿਚ ਰਹਿੰਦੇ, ਹੌਲੀ-ਹੌਲੀ ਮਕਾਨ ਬਣਾ ਲੈਂਦੇ। ਕਾਫੀ ਹਾਊਸ ਬਣ ਗਏ ਜਿਥੇ ਗੰਭੀਰ ਸਿਆਸੀ ਵਿਚਾਰ ਵਟਾਂਦਰੇ ਹੁੰਦੇ। ਨਿੱਕਾ ਜਿਹਾ ਰੇਲਵੇ ਸਟੇਸ਼ਨ ਬਣ ਗਿਆ। ਤੁਰਨ ਤੋਂ ਪਹਿਲਾਂ ਗੋਲਡਾ ਨੇ ਆਪਣੇ ਉਨ੍ਹਾਂ ਦੋਸਤਾਂ ਨੂੰ ਖਤ ਲਿਖੇ ਜਿਹੜੇ ਦੋ ਸਾਲ ਪਹਿਲਾਂ ਤਲ-ਅਵੀਵ ਵਸ ਗਏ ਸਨ। ਰੇਲਵੇ ਸਟੇਸ਼ਨ ਉਪਰ ਕੋਈ ਲੈਣ ਨਾ ਆਇਆ। ਬਾਅਦ ਵਿਚ ਪਤਾ ਲੱਗਾ, ਇਥੋਂ ਦੀਆਂ ਔਕੜਾਂ ਨਾ ਝੱਲ ਸਕਣ ਕਾਰਨ ਵਾਪਸ ਆਪੋ ਆਪਣੇ ਦੇਸਾਂ ਨੂੰ ਪਰਤ ਗਏ ਸਨ। ਬਾਰਾਸ਼ ਨਾਮ ਦਾ ਇਕ ਬੰਦਾ ਬੱਘੀ ਲੈ ਕੇ ਉਨ੍ਹਾਂ ਨੂੰ ਲੈਣ ਆਇਆ। ਇਹ ਹੋਟਲ ਦਾ ਮਾਲਕ ਸੀ। ਸਟੇਸ਼ਨ ਤੋਂ ਹੋਟਲ ਤੱਕ ਰਸਤੇ ਵਿਚ ਇਕ ਬੂਟਾ ਖਲੋਤਾ ਦਿਸਿਆ, ਕੇਵਲ ਇਕ। ਚਲੋ ਮਾਰੂਥਲ ਆਬਾਦ ਹੋਣ ਦੀ ਨਿਸ਼ਾਨੀ ਤਾਂ ਮਿਲੀ।

ਇਹ ਵਾਕ ਲਿਖਦਿਆਂ ਮੈਨੂੰ ਟੈਗੋਰ ਦੀ ਪੰਕਤੀ ਯਾਦ ਆਈ, 'ਮਾਰੂਥਲ ਨੇ ਘਾਹ ਦੀ ਪੱਤੀ ਅੱਗੇ ਪ੍ਰੇਮ ਦਾ ਪ੍ਰਗਟਾਵਾ ਕੀਤਾ। ਘਾਹ ਦੀ ਪੱਤੀ ਨੇ ਨਾਂਹ ਵਿਚ ਸਿਰ ਹਿਲਾਇਆ ਤੇ ਦੌੜ ਗਈ। ਲੱਖ ਸਾਲ ਤੋਂ ਘਾਹ-ਪੱਤੀ ਦੇ ਵਿਜੋਗ ਦੀ ਅੱਗ ਵਿਚ ਮਾਰੂਥਲ ਜਲ ਰਿਹਾ ਹੈ।'

ਸ਼ਇਨਾ ਬਜ਼ਾਰ ਵਿਚ ਬੱਚਿਆਂ ਲਈ ਫਰੂਟ ਲੈਣ ਗਈ, ਜਲਦੀ ਪਰਤ ਆਈ, ਦੱਸਿਆ, 'ਫਲਾਂ ਉਪਰ ਮੱਖੀਆਂ ਦੀ ਭਰਮਾਰ ਦੇਖੀ। ਢਕਦੇ ਨਹੀਂ, ਨਾ ਲਿਜਾਣ ਵਾਸਤੇ ਲਿਫਾਫੇ ਹਨ।' ਮਈ ਵਿਚ ਇੰਨੀ ਗਰਮੀ ਕਿ ਧੁੱਪੇ ਤੁਰਿਆ ਨਹੀਂ ਜਾਂਦਾ। ਪੈਸੇ ਮੁੱਕ ਰਹੇ ਸਨ। ਅਮਰੀਕਾ ਤੋਂ ਆਏ ਸਨ, ਪਰ ਬੱਚਤਾਂ ਬਹੁਤੀਆਂ ਨਹੀਂ ਸਨ। ਇਕ ਮੂਲਵਾਸੀ ਔਰਤ ਆਈ, ਗੋਲਡਾ ਨੂੰ ਜੱਫੀ ਪਾਈ, ਅੱਖਾਂ ਵਿਚ ਖੁਸ਼ੀ ਦੇ ਹੰਝੂ ਭਰ ਕੇ ਕਹਿਣ ਲੱਗੀ, 'ਸ਼ੁਕਰ ਐ ਲੱਖਪਤੀ ਅਮਰੀਕਨ ਆਉਣ ਲੱਗੇ ਹਨ, ਹੁਣ ਸਾਡੇ ਦੁੱਖ ਵੀ ਕੱਟੇ ਜਾਣਗੇ।' ਵਾਕ ਸੁਣ ਕੇ ਗੋਲਡਾ ਦੀਆਂ ਅੱਖਾਂ ਭਰ ਆਈਆਂ।

ਲੰਮੀ ਤਲਾਸ਼ ਬਾਅਦ ਦੋ ਕਮਾਇਰਆਂ ਵਾਲਾ ਫਲੈਟ ਮਿਲਿਆ। ਰਸੋਈ ਸੀ, ਪਰ ਗੁਸਲਖਾਨੇ ਚਾਲੀ ਹੋਰ ਮੈਂਬਰਾਂ ਨਾਲ ਵਿਹੜੇ ਵਿਚ ਸਾਂਝੇ ਸਨ। ਮੋਰਿਸ ਨੂੰ ਲਾਇਬਰੇਰੀ ਵਿਚ ਨੌਕਰੀ ਮਿਲ ਗਈ, ਗੋਲਡਾ ਸ਼ਾਮੀ ਬੱਚਿਆਂ ਨੂੰ ਅੰਗਰੇਜ਼ੀ ਪੜ੍ਹਾਉਣ ਲੱਗੀ। ਨੌਵੀਂ ਦਸਵੀਂ ਦੇ ਸਕੂਲ ਵਿਚ ਨੌਕਰੀ ਮਿਲਦੀ ਸੀ, ਪਰ ਨਹੀਂ ਲਈ ਕਿਉਂਕਿ ਸਾਂਝੇ ਫਾਰਮ ਹਾਊਸ ਦੀ ਤਲਾਸ਼ ਸੀ ਜਿਥੇ ਖੇਤੀ ਕਰਨ ਲਈ ਸਮਾਂ ਚਾਹੀਦਾ ਸੀ।

ਜੀਜੇ ਸ਼ਮਈ ਨੂੰ ਆ ਜਾਣ ਲਈ ਖਤ ਵਿਚ ਲਿਖਿਆ, 'ਤੇਰੇ ਇਕ ਬੇਟੇ ਦੀਆਂ ਅੱਖਾਂ ਦੁਖਣ ਲੱਗੀਆਂ ਹਨ, ਦੂਜੇ ਨੂੰ ਚਮੜੀ ਦੀ ਐਲਰਜੀ ਹੋ ਗਈ ਹੈ। ਜੇ ਤੂੰ ਆ ਜਾਵੇਂ, ਜ਼ਰੂਰੀ ਨਹੀਂ ਜਲਦੀ ਨੌਕਰੀ ਮਿਲ ਜਾਵੇ, ਜੀਵਨ ਬਹੁਤ ਸਖਤ ਹੈ; ਪਰ ਤਾਂ ਵੀ ਇਕ ਥਾਂ ਹੈ ਜਿਥੇ ਕੇਵਲ ਯਹੂਦੀ ਰਹਿ ਰਹੇ ਹਨ, ਉਨ੍ਹਾਂ ਦਾ ਸਾਂਝਾ ਇਤਿਹਾਸ ਹੈ ਤੇ ਹੁਣ ਉਹ ਵਰਤਮਾਨ ਵਿਚ ਆਜ਼ਾਦੀ ਦਾ ਸਾਹ ਲੈ ਰਹੇ ਹਨ। ਸੱਤਵੇਂ ਦਿਨ ਜਦੋਂ ਗਿਰਜੇ ਜਾਂਦੀ ਹਾਂ, ਅਨੇਕ ਮਰਦਾਂ-ਔਰਤਾਂ ਨੂੰ ਹੱਥਾਂ ਵਿਚ ਫੁਲ ਲਈ ਉਧਰ ਜਾਂਦੇ ਦੇਖਦੀ ਹਾਂ। ਵੱਖ-ਵੱਖ ਬੋਲੀਆਂ ਬੋਲਦੇ ਨੇ, ਵੱਖ-ਵੱਖ ਕਲਚਰ ਨੇ, ਤਾਂ ਵੀ ਸਾਂਝ ਹੈ ਜਿਸ ਸਦਕਾ ਮੈਨੂੰ ਉਹ ਆਪਣੇ ਭੈਣ ਭਰਾ ਲਗਦੇ ਨੇ। ਮੈਂ ਜੋ ਚਾਹਿਆ, ਸੋ ਹਾਸਲ ਕੀਤਾ।'

ਇਕ ਸਾਂਝੇ ਫਾਰਮ ਉਪਰ ਖੇਤੀ ਕਰਨ ਵਾਸਤੇ ਅਰਜ਼ੀ ਪਾਈ ਹੋਈ ਸੀ। ਸੱਦਾ ਆ ਗਿਆ ਕਿ ਆਉ, ਪਰ ਕੁਝ ਦਿਨ ਦੇਖਾਂਗੇ, ਤੁਸੀਂ ਜਿਸਮਾਨੀ ਕੰਮ ਕਰ ਵੀ ਸਕਦੇ ਹੋ ਕਿ ਨਹੀਂ। ਗੋਲਡਾ ਦਾ ਅੰਗਰੇਜ਼ੀ ਪੜ੍ਹਾਉਣ ਦਾ ਕੰਮ ਵੀ ਵਿਗੜੀ ਕੁੜੀ ਵਜੋਂ ਸਮਝਿਆ ਗਿਆ ਜੋ ਅਮਰੀਕੀ ਕਲਚਰ ਯਹੂਦੀਆਂ ਨੂੰ ਸਿਖਾਉਂਦੀ ਰਹੀ। ਖੈਰ, ਇਮਤਿਹਾਨ ਵਿਚ ਖਰੇ ਉਤਰੇ ਤੇ ਸਾਂਝੇ ਪਰਿਵਾਰ ਦੇ ਮੈਂਬਰ ਬਣ ਕੇ ਖੇਤੀ ਕਰਨ ਲੱਗੇ। ਦੋ ਚਟਾਨਾਂ ਵਿਚਕਾਰ ਜਿਥੇ ਮਿੱਟੀ ਹੁੰਦੀ, ਫਲਦਾਰ ਬੂਟਾ ਗੱਡ ਦਿੰਦੇ, ਪਾਣੀ ਦਿੰਦੇ। ਇੰਨਾ ਸਖਤ ਕੰਮ ਕਿ ਸ਼ਾਮ ਨੂੰ ਖਾਣਾ ਖਾਣ ਵੇਲੇ ਉਂਗਲਾਂ ਜਵਾਬ ਦੇ ਦਿੰਦੀਆਂ। ਬੂਟਾ ਲਾ ਕੇ ਸੋਚਦੇ-ਇਹ ਬਚ ਜਾਏਗਾ? ਵਧੇ-ਫੁੱਲੇਗਾ? ਬੂਟੇ ਬਚ ਗਏ, ਗੋਲਡਾ ਬਚ ਗਈ। ਅੱਜ ਉਥੇ ਸ਼ਾਨਦਾਰ ਬਾਗ ਲਹਿਰਾ ਰਹੇ ਹਨ। ਸਾਂਝੇ ਖੇਤ ਵਿਚ ਔਰਤਾਂ ਸੌਖਾ ਕੰਮ ਨਹੀਂ ਚਾਹੁੰਦੀਆਂ ਸਨ, ਉਹ ਕਹੀ ਕੁਹਾੜੀ ਚਲਾਉਂਦੀਆਂ, ਹਲ ਵਾਹੁੰਦੀਆਂ, ਸੜਕਾਂ ਅਤੇ ਮਕਾਨ ਉਸਾਰੀ ਦੇ ਕੰਮ ਬਰਾਬਰ ਕਰਦੀਆਂ, ਬਰਾਬਰ ਦੇ ਹੱਕ ਅਤੇ ਸਨਮਾਨ ਉਦੋਂ ਮਿਲਣਗੇ ਜਦੋਂ ਬਰਾਬਰ ਦੀ ਜ਼ਿੰਮੇਵਾਰੀ ਨਿਭਾਣਗੀਆਂ।

ਗਰਮੀਆਂ ਵਿਚ ਮੱਖੀਆਂ, ਮੱਛਰ ਅਤੇ ਟਿੱਡੇ ਬੱਦਲਾਂ ਵਾਂਗ ਆਉਂਦੇ। ਸਾਰਾ ਜਿਸਮ ਮੋਟੇ ਕੱਪੜੇ ਹੇਠ ਢੱਕਣਾ ਜ਼ਰੂਰੀ ਹੁੰਦਾ-ਹੱਥ, ਪੈਰ, ਮੂੰਹ ਉਤੇ ਵੈਸਲੀਨ ਲਾ ਕੇ ਰੱਖਦੇ। ਮਲੇਰੀਆ, ਟਾਈਫਾਈਡ ਆਮ ਸੀ। ਫੋੜੇ ਫਿੰਨਸੀਆਂ ਵੀ ਆਮ। ਸਵੇਰੇ ਚਾਰ ਵਜੇ ਕੰਮ 'ਤੇ ਲੱਗ ਜਾਂਦੇ ਤਾਂ ਕਿ ਸੂਰਜ ਦੇ ਕਹਿਰ ਤੋਂ ਬਚ ਸਕਣ। ਸਰਦੀਆਂ ਵਿਚ ਬਾਰਸ਼ਾਂ ਕਾਰਨ ਚਾਰੇ ਪਾਸੇ ਦਲ-ਦਲ।

ਸਖਤ ਕੰਮ ਕਾਰਨ ਗੋਲਡਾ ਦੇ ਹੱਥ ਸਖਤ ਹੋ ਗਏ। ਇਕ ਕਾਮਾ ਆਪਣੇ ਮਾਪਿਆਂ ਨੂੰ ਮਿਲਣ ਵਾਸਤੇ ਤਿਆਰ ਹੋਇਆ। ਗੋਲਡਾ ਨੇ ਹੱਥ ਮਿਲਾ ਕੇ ਵਿਦਾਇਗੀ ਦਿੱਤੀ ਤਾਂ ਬੋਲਿਆ- ਅਮਰੀਕਾ ਵਿਚ ਤੇਰੇ ਨਾਲ ਹੱਥ ਮਿਲਾ ਕੇ ਖੁਸ਼ੀ ਮਿਲਦੀ, ਹੁਣ ਹੱਥ ਮਿਲਾ ਕੇ ਮਾਣ ਹੁੰਦਾ ਹੈ।

***(ਚਲਦਾ)***

# ਭਰਮਿ ਨ ਭੂਲਹੁ ਭਾਈ

ਪੰਜਾਬ ਟਾਈਮਜ਼ ਦੇ 7 ਫਰਵਰੀ ਦੇ ਅੰਕ ਵਿਚ ਪ੍ਰੋ. ਹਰਪਾਲ ਸਿੰਘ ਨੇ "ਭਰਮਿ ਨ ਭੂਲਹੁ ਭਾਈ" ਲੇਖ ਵਿਚ ਲਿਖਿਆ ਹੈ, "ਸਿੱਖ ਮਤ ਦਾ ਟੀਚਾ ਸਮੁੱਚੇ ਹਿੰਦੂ ਸਮਾਜ ਵਿਚ ਤਬਦੀਲੀ ਲਿਆਉਣਾ ਸੀ" ਅਤੇ "ਗੁਰੂ ਨਾਨਕ ਨੇ ਅਜਿਹੇ ਸਿੱਖ ਸਮਾਜ ਦੀ ਸਥਾਪਨਾ ਕੀਤੀ ਜੋ ਹਿੰਦੂ ਸਮਾਜ ਨਾਲੋਂ ਹਰ ਪੱਖੋਂ ਭਿੰਨ ਸੀ।" ਇਹ ਵਿਚਾਰ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਅਨੁਕੂਲ ਨਹੀਂ ਹਨ।

ਇਹ ਧਾਰਨਾ ਵੀ ਪ੍ਰਵਾਨਤ ਹੈ ਕਿ ਸਿੱਖ ਜੀਵਨ ਦਾ ਮਨੋਰਥ ਗੁਰਬਾਣੀ ਵਿਚ ਉਲੀਕੇ ਮਾਰਗ 'ਤੇ ਚਲਣਾ ਹੈ। ਪ੍ਰੋ. ਹਰਪਾਲ ਸਿੰਘ ਨੇ ਹਿੰਦੂ ਸਮਾਜ ਅਤੇ ਸਿੱਖ ਸਮਾਜ ਦਾ ਜ਼ਿਕਰ ਕੀਤਾ ਹੈ ਪਰ ਗੁਰਬਾਣੀ ਵਿਚ ਤਾਂ ਸਮਾਜ ਦਾ ਸੰਕਲਪ ਹੀ ਨਹੀਂ ਹੈ। ਸੱਚ ਤੇ ਇਹ ਹੈ ਕਿ ਗੁਰਬਾਣੀ ਸਮਾਜ ਸੁਧਾਰ, ਸਮਾਜ ਸਥਾਪਨਾ, ਸੰਸਾਰ ਨੂੰ ਬਦਲਣ ਜਾਂ ਦੂਜੇ ਲੋਕਾਂ ਵਿਚ ਸੁਧਾਰ ਲਿਆਉਣ ਦੀ ਗੱਲ ਹੀ ਨਹੀਂ ਕਰਦੀ। ਉਹ ਤੇ ਵਿਅਕਤੀ ਨੂੰ ਪ੍ਰਭੂ ਨਾਲ ਮਿਲਣ ਲਈ ਆਪਣੇ ਮਨ ਨੂੰ ਸਾਧਣ ਅਤੇ ਮਨੁੱਖਤਾ ਵਿਚ ਵੰਡੀਆਂ ਪਾਉਣ ਦੀ ਥਾਂ ਪ੍ਰਭੂ ਦੀ ਸਿਰਜੀ ਕਾਇਨਾਤ ਨਾਲ ਇਕ-ਮਿਕ ਹੋ ਕੇ ਰਹਿਣ ਦਾ ਉਪਦੇਸ਼ ਕਰਦੀ ਹੈ।

ਸੰਸਾਰਕ ਇੱਛਾਵਾਂ ਅਤੇ ਸਮਾਜਕ ਦਬਾਓ ਦੇ ਵਾਧੇ ਨੇ ਸਿੱਖ ਜਗਤ ਵਿਚ ਗੁਰਬਾਣੀ ਦੇ ਅਧਿਆਤਮਕ ਉਪਦੇਸ਼ ਦੇ ਪ੍ਰਭਾਵ ਨੂੰ ਬਹੁਤ ਘਟਾ ਦਿੱਤਾ ਹੈ। ਗੁਰਬਾਣੀ ਉਪਦੇਸ਼ ਵਿਚ ਬਦਲਾਓ ਲਿਆਉਣ ਵਾਲੀਆਂ ਕੁਝ ਘਟਨਾਵਾਂ ਵੀ ਸਿੱਖ ਧਰਮ ਦੀ ਅਜੋਕੀ ਸਥਿਤੀ ਲਈ ਜਿੰਮੇਵਾਰ ਹਨ। ਉਨ੍ਹਾਂ ਘਟਨਾਵਾਂ 'ਤੇ ਵਿਚਾਰ ਕਰਨਾ ਬਣਦਾ ਹੈ ਪਰ ਉਸ ਤੋਂ ਪਹਿਲੋਂ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਮੂਲ ਅਧਿਆਤਮਕ ਉਪਦੇਸ਼ ਬਾਰੇ ਵਿਚਾਰ ਕਰਨੀ ਵੀ ਜ਼ਰੂਰੀ ਹੈ।

ਗੁਰਬਾਣੀ ਦਾ ਮੂਲ ਅਧਿਆਤਮਕ ਉਪਦੇਸ਼ ਇਨ੍ਹਾਂ ਪੰਜ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ:

(1) ਗੁਰਬਾਣੀ ਅਦਿੱਖ ਪ੍ਰਭੂ ਦੇ ਮਨੁੱਖਤਾ ਨੂੰ ਸਮਝ ਆਉਣ ਵਾਲੇ ਗੁਣਾਂ ਦਾ ਵਰਣਨ ਹੈ। ਹੋਂਦ ਕੇਵਲ ਪ੍ਰਭੂ ਦੀ ਹੈ, ਹੋਰ ਕਿਸੇ ਦੀ ਹੋਂਦ ਨਹੀਂ ਹੈ। ਪ੍ਰਭੂ ਆਪਣੇ ਆਪ ਤੋਂ ਹੈ, ਸਾਰੀ ਸ੍ਰਿਸ਼ਟੀ ਦਾ ਸਿਰਜਣਹਾਰ ਹੈ ਅਤੇ ਆਪਣੀ ਕਿਰਤ ਵਿਚ ਆਪ ਵਿਦਮਾਨ ਹੈ। ਸਾਰੀ ਸ੍ਰਿਸ਼ਟੀ ਉਸ ਦੇ ਹੁਕਮ ਵਿਚ ਚਲਦੀ ਹੈ।

(2) ਮਨੁੱਖ ਦਾ ਜਨਮ ਹਉਮੈ ਵਿਚ ਹੁੰਦਾ ਹੈ। ਮਨੁੱਖੀ ਸਰੀਰ ਨਾਸ਼ਵਾਨ ਹੈ ਪਰ ਉਸ ਦੀ ਆਤਮਾ ਪ੍ਰਭੂ ਦਾ ਅੰਸ਼ ਅਤੇ ਮਨ 'ਜੋਤਿ ਸਰੂਪ' ਹੋਣ ਕਾਰਨ ਅਬਨਾਸੀ ਹਨ। ਮਨੁੱਖੀ ਜੀਵਨ ਦਾ ਮਨੋਰਥ ਪ੍ਰਭੂ ਮਿਲਾਪ ਹੈ।

(3) ਦਿਖਾਈ ਦੇ ਰਿਹਾ ਸੰਸਾਰ ਪ੍ਰਭੂ ਦੀ ਕਿਰਤ ਅਤੇ ਉਸ ਦੀ ਖੇਡ ਹੈ। ਸੰਸਾਰ ਨਿਰੰਤਰ ਬਦਲ ਰਿਹਾ ਹੈ, ਜਾਂ ਇਉਂ ਕਹੋ ਕਿ ਹਰ ਪਲ ਜੰਮ ਅਤੇ ਮਰ ਰਿਹਾ ਹੈ। ਇਸੇ ਲਈ ਗੁਰਬਾਣੀ ਦਿਖਾਈ ਦੇ ਰਹੇ ਸੰਸਾਰ ਨੂੰ ਝੂਠਾ ਅਤੇ ਸੁਪਨਾ, ਮਨੁੱਖ ਨੂੰ ਸੁਤਾ ਅਤੇ ਸੰਸਾਰ ਦੇ ਕਣ ਕਣ ਵਿਚ ਵਸੇ ਪ੍ਰਭੂ ਨੂੰ ਸੱਚਾ ਆਖਦੀ ਹੈ। ਸੰਸਾਰ ਵਿਚ ਤ੍ਰੈਗੁਣੀ ਮਾਇਆ ਦਾ ਵਰਤਾਰਾ ਹੈ ਅਤੇ ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਦਾ ਵਿਆਪਕ ਪ੍ਰਭਾਵ ਹੈ।

(4) ਗੁਰਬਾਣੀ ਦਾ ਉਪਦੇਸ਼ ਵਿਅਕਤੀ ਨੂੰ ਸੰਬੋਧਿਤ ਹੈ, ਸੰਸਾਰ ਜਾਂ ਸਮਾਜ ਨੂੰ ਨਹੀਂ। ਸੰਸਾਰ ਵਿਚ ਪ੍ਰਭੂ ਦਾ ਭਾਣਾ ਵਰਤਦਾ ਹੈ। ਮਨੁੱਖ ਨੂੰ ਪ੍ਰਭੂ ਦਾ ਭਾਣਾ ਮੰਨਣਾ ਚਾਹੀਦਾ ਹੈ ਅਤੇ ਮਾਇਆ ਦੇ ਪ੍ਰਭਾਵ ਤੋਂ ਮੁਕਤ ਹੋ, ਸੰਸਾਰਕ ਇੱਛਾਵਾਂ ਦਾ ਤਿਆਗ ਕਰ, ਮਨ ਨੂੰ ਬਾਹਰ ਭਟਕਣ ਤੋਂ ਵਰਜ ਕੇ ਪ੍ਰਭੂ ਮਿਲਾਪ ਲਈ ਉਦਮ ਕਰਨਾ ਚਾਹੀਦਾ ਹੈ। ਗੁਰਬਾਣੀ ਨਿੱਜੀ ਸੁਤੰਤਰਤਾ ਅਤੇ ਮਨੁੱਖੀ ਬਰਾਬਰੀ ਦੀ ਸਮਰਥਕ ਹੈ ਅਤੇ ਮਨੁੱਖ ਨੂੰ ਸਾਰੀ ਕਾਇਨਾਤ ਨਾਲ ਪ੍ਰੇਮ ਕਰਨ ਦਾ ਉਪਦੇਸ਼ ਦਿੰਦੀ ਹੈ।

(5) ਧਰਤੀ ਧਰਮਸਾਲ ਹੈ ਅਤੇ ਧਰਮ ਦੇ ਮਾਰਗ 'ਤੇ ਚਲ ਕੇ ਹੀ ਪ੍ਰਭੂ ਨਾਲ ਮਿਲਾਪ ਸੰਭਵ ਹੈ। ਗੁਰਬਾਣੀ ਅਨੁਸਾਰ ਧਰਮ ਅਧਿਆਤਮਕ ਸੰਕਲਪ ਹੈ, ਕੋਈ ਸਮਾਜਕ ਸੰਗਠਨ, ਗੁੱਟ ਜਾਂ ਸੰਸਥਾ ਨਹੀਂ ਹੈ।

ਗੁਰਬਾਣੀ ਦਾ ਮੂਲ ਉਪਦੇਸ਼ ਅਜੋਕੇ ਸਿੱਖ ਜੀਵਨ ਵਿਚੋਂ ਲਗਭਗ ਲੋਪ ਹੋ ਗਿਆ ਹੈ। ਹੇਠਾਂ ਸਿੱਖ ਇਤਿਹਾਸ ਦੀਆਂ ਉਨ੍ਹਾਂ ਘਟਨਾਵਾਂ ਦਾ, ਜੋ ਗੁਰਬਾਣੀ ਉਪਦੇਸ਼ ਨੂੰ ਲੋਪ ਕਰਨ ਲਈ ਜਿੰਮੇਵਾਰ ਹਨ, ਸੰਖੇਪ ਵਰਣਨ ਹੈ:

ਗੁਰੂ ਸਾਹਿਬਾਨ ਦੇ ਗੁਰਗੱਦੀ ਅਭਿਲਾਸ਼ੀ ਪਰਿਵਾਰਕ ਜੀਆਂ ਦੀਆਂ ਗੁਰੂ ਸਾਹਿਬਾਨ ਵਿਰੋਧੀ ਗਤੀਵਿਧੀਆਂ ਦੇ ਬਹੁਤ ਗੰਭੀਰ ਨਤੀਜੇ ਨਿਕਲੇ ਹਨ। ਉਨ੍ਹਾਂ ਗੁਰੂ ਸਾਹਿਬਾਨ ਨੂੰ ਨੁਕਸਾਨ ਪਹੁੰਚਾਉਣ ਦੇ ਨਾਲ ਨਾਲ ਸਿੱਖ ਧਰਮ ਦੇ ਪ੍ਰਚਾਰ ਟਿਕਾਣਿਆ 'ਤੇ ਕਬਜ਼ੇ ਕਰਕੇ ਗੁਰਬਾਣੀ ਸੰਚਾਰ ਵਿਚ ਬਹੁਤ ਵਿਘਨ ਪਾਇਆ ਸੀ। ਉਨ੍ਹਾਂ ਦੇ ਵਿਰੋਧ ਕਾਰਨ ਹੀ ਗੁਰੂ ਹਰਿਗੋਬਿੰਦ ਸਾਹਿਬ ਨੂੰ ਦਰਬਾਰ ਸਾਹਿਬ ਛੱਡ ਕੇ ਕੀਰਤਪੁਰ ਸਾਹਿਬ ਵਿਚ ਪ੍ਰਚਾਰ ਟਿਕਾਣਾ ਬਣਾਉਣਾ ਪਿਆ ਸੀ। ਗੁਰੂ ਤੇਗ ਬਹਾਦਰ ਸਾਹਿਬ 'ਤੇ ਵੀ ਉਨ੍ਹਾਂ ਨੇ ਹੀ ਗੋਲੀ ਚਲਵਾਈ ਸੀ। ਦੂਜੇ, ਉਨ੍ਹਾਂ ਆਪਣੇ ਸਹਾਇਕਾਂ ਨਾਲ ਮਿਲ ਕੇ ਗੁਰੂ ਸਾਹਿਬਾਨ ਦੀਆਂ ਜਨਮ ਸਾਖੀਆਂ ਅਤੇ ਗੁਰ ਬਿਲਾਸ ਰਚ ਕੇ ਗੁਰੂ ਸਾਹਿਬਾਨ ਨੂੰ ਨਿੰਦਣ, ਗੁਰ ਇਤਿਹਾਸ ਅਤੇ ਗੁਰਬਾਣੀ ਉਪਦੇਸ਼ ਨੂੰ ਵਿਗਾੜਨ ਦਾ ਯਤਨ ਕੀਤਾ ਸੀ। ਤੀਜਾ, ਗੁਰਬਾਣੀ ਵਿਚ ਕਈ ਅਪ੍ਰਮਾਣਿਕ ਅਤੇ ਕੱਚੀਆਂ ਰਚਨਾਵਾਂ ਮਿਲਾ ਕੇ ਸ਼ਰਧਾਲੂਆਂ ਨੂੰ ਗੁਮਰਾਹ ਕਰਨ ਦੇ ਉਪਰਾਲੇ ਕੀਤੇ ਸਨ। ਉਨ੍ਹਾਂ ਦੀਆਂ ਸੰਤਾਨਾਂ ਤੱਕ ਵੀ ਗੁਰਮਤਿ ਵਿਰੋਧੀ ਕਾਰਵਾਈਆਂ ਕਰਦੀਆਂ ਰਹੀਆਂ ਹਨ ਜਿਸ ਦਾ ਇਲਜ਼ਾਮ ਉਹ ਅਕਸਰ ਬ੍ਰਾਹਮਣਾਂ 'ਤੇ ਥੋਪ ਦਿੰਦੀਆਂ ਹਨ।

ਬੰਦਾ ਬਹਾਦਰ ਨੇ ਮੁਗ਼ਲ ਸ਼ਾਸਨ 'ਤੇ ਹਮਲਾ ਕਰਕੇ ਗੁਰਬਾਣੀ ਦੇ ਅਧਿਆਤਮਕ ਗਿਆਨ ਦੇ ਸੰਚਾਰ ਦੀ ਸੰਭਵਤਾ ਸਮਾਪਤ ਕਰ ਦਿੱਤੀ ਸੀ। ਸਾਰੇ ਗੁਰ ਅਸਥਾਨਾਂ ਅਤੇ ਪ੍ਰਚਾਰ ਸਾਧਨਾਂ ਤੇ ਗੁਰਮਤਿ ਵਿਰੋਧੀ ਅਤੇ ਮੁਗ਼ਲ ਸਾਸ਼ਨ ਦੇ ਸਹਿਯੋਗੀ ਗੁਰ ਪਰਿਵਾਰਾਂ ਦੇ ਜੀਆਂ, ਉਦਾਸੀ ਅਤੇ ਨਿਰਮਲੇ ਸਾਧੂਆਂ ਨੇ ਕਬਜ਼ੇ ਕਰ ਲਏ ਸਨ। ਉਨ੍ਹਾਂ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੀ ਵਿਆਖਿਆ ਵੇਦਾਂਤਕ ਮੁਹਾਵਰੇ ਅਤੇ ਸਨਾਤਨੀ ਵਿਚਾਰਧਾਰਾ ਅਨੁਸਾਰ ਕਰਨੀ ਸ਼ੁਰੂ ਕਰ ਦਿੱਤੀ ਸੀ। ਇਨ੍ਹਾਂ ਪੁਜਾਰੀਆਂ ਨੇ ਹੀ ਗੁਰਬਾਣੀ ਦੇ ਅਧਿਆਤਮਕ ਗਿਆਨ ਨੂੰ ਕਰਮ ਕਾਂਡਾਂ, ਮੂਰਤੀ ਅਤੇ ਗ੍ਰੰਥ ਪੂਜਾ ਅਤੇ ਪਾਠਾਂ ਦੇ ਵਿਹਾਰ ਵਿਚ ਰਲਾ ਕੇ ਸਿੱਖ ਧਰਮ ਨੂੰ ਇਕ ਸਮਾਜਕ ਵਿਹਾਰ ਬਣਾ ਛੱਡਿਆ ਸੀ।

ਸਿੰਘ ਸਭਾਵਾਂ ਨੇ ਪੱਛਮੀ ਵਿਚਾਰਧਾਰਾ ਅਤੇ ਸਿਖਿਆ ਤੋਂ ਪ੍ਰਭਾਵਿਤ ਹੋ ਕੇ ਗੁਰਬਾਣੀ ਦੀ ਸਮਾਜਕ ਵਿਹਾਰ ਬਣ ਚੁਕੀ ਅਧਿਆਤਮਕ ਵਿਚਾਰਧਾਰਾ ਨੂੰ ਸਮਾਜਕ ਲਹਿਰ ਵਿਚ ਬਦਲ ਕੇ ਇਕ ਨਵੇਂ ਸਿੱਖ ਸਮਾਜ ਦੀ ਸਿਰਜਣਾ ਕਰਨ ਦਾ ਬੀੜਾ ਚੁੱਕ ਲਿਆ। ਉਨ੍ਹਾਂ ਸਾਰੀ ਮਾਨਵਤਾ ਦੇ ਕਲਿਆਣ ਲਈ ਰਚੀ ਅਧਿਆਤਮਕ ਵਿਚਾਰਧਾਰਾ ਨੂੰ ਇਕ ਵੱਖਰੇ ਸਮਾਜ ਅਤੇ ਉਸ ਦੇ ਰਾਜਸੀ ਉਦੇਸ਼ਾਂ ਦਾ ਅਲੰਬਰਦਾਰ ਬਣਾ ਕੇ ਗੁਰਬਾਣੀ ਵਿਚ ਮਨੁੱਖਤਾ ਲਈ ਤਜਵੀਜ਼ ਸ਼ਾਂਤੀ, ਸਹਿਜ, ਨਿਮਰਤਾ, ਸਾਂਝੀਵਾਲਤਾ, ਨਿਰਵੈਰਤਾ, ਦਯਾ ਅਤੇ ਪਰਉਪਕਾਰ ਦੇ ਨੈਤਿਕ ਗੁਣਾਂ ਨੂੰ ਨਕਾਰ ਦਿੱਤਾ।

ਇਸ ਸਿਲਸਲੇ ਵਿਚ ਦੋ ਹੋਰ ਸਬੰਧਿਤ ਵਿਸ਼ਿਆਂ 'ਤੇ ਵਿਚਾਰ ਕਰਨੀ ਪ੍ਰਸੰਗਿਕ ਹੋਵੇਗੀ। ਪਹਿਲੀ, ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਪੰਜਾਬੀ ਭਾਸ਼ਾ ਅਤੇ ਗੁਰਮੁਖੀ ਲਿਪੀ ਵਿਚ ਉਪਦੇਸ਼ ਨੇ ਪੰਜਾਬ ਦੀ ਅੰਤਰ ਧਾਰਾ ਕੌਮੀ ਭਾਵਨਾ ਨੂੰ ਜਗਾ ਕੇ ਗੁਰਬਾਣੀ ਦੇ ਉਪਾਸ਼ਕਾਂ ਨੂੰ ਪੰਜਾਬੀ ਕੌਮ ਦੀ ਰਖਿਆ ਅਤੇ ਬਿਹਤਰੀ ਦੀ ਜਿੰਮੇਵਾਰੀ ਸੌਂਪੀ ਸੀ। ਪਰ ਸਿੱਖ ਆਗੂਆਂ ਨੇ ਗੁਰਬਾਣੀ ਉਪਦੇਸ਼ ਵਿਸਾਰ ਦਿੱਤਾ ਤੇ ਪੰਜਾਬੀ ਕੌਮ ਨਾਲੋਂ ਨਾਤਾ ਤੋੜ ਕੇ ਉਸ ਨੂੰ ਖੇਰੂੰ ਖੇਰੂੰ ਕਰਨ 'ਚ ਭਾਗੀ ਬਣ ਗਏ।

ਦੂਜਾ, ਤ੍ਰੈਗੁਣਾ ਸੰਸਾਰ ਪ੍ਰਭੂ ਦੀ ਕਿਰਤ ਹੈ ਪਰ ਸਮਾਜ ਮਨੁੱਖ ਦੀ ਕਿਰਤ ਹੈ। ਸਮਾਜ ਮੈਂਬਰਾਂ ਦੀ ਰਖਿਆ ਅਤੇ ਬਿਹਤਰੀ ਦੇ ਪ੍ਰਬੰਧ ਲਈ

## ਪ੍ਰਤੀਕਰਮ

ਸਥਾਪਤ ਕੀਤਾ ਜਾਂਦਾ ਹੈ ਪਰ ਇਹ ਅਕਸਰ ਇਕ ਵਿਸ਼ਾਲ ਜੇਲ੍ਹਖਾਨੇ ਦਾ ਰੂਪ ਧਾਰਨ ਕਰ ਲੈਂਦਾ ਹੈ ਜਿਸ ਵਿਚ ਦਾਖਲ ਵਿਅਕਤੀ ਦੇ ਸਾਰੇ ਮਨੁੱਖੀ ਅਧਿਕਾਰ ਖੋਹ ਲਏ ਜਾਂਦੇ ਹਨ। ਇਤਿਹਾਸ ਗਵਾਹ ਹੈ ਕਿ ਸਮਾਜ ਦੇ ਪ੍ਰਬੰਧਕ ਧਾਰਮਿਕ ਆਗੂਆਂ ਨਾਲ ਮਿਲ ਕੇ ਆਪਣੇ ਲੋਕਾਂ 'ਤੇ ਜ਼ੁਲਮ ਕਰਦੇ ਰਹੇ ਹਨ, ਅਤੇ ਹੋਰਨਾਂ ਨੂੰ ਗੁਲਾਮ ਬਣਾਉਂਦੇ ਜਾਂ ਉਨ੍ਹਾਂ ਦੀ ਨਸਲਕੁਸ਼ੀ ਕਰਦੇ ਰਹੇ ਹਨ।

ਪੱਛਮ ਦੇ ਫਿਲਾਸਫਰਾਂ ਨੇ ਸਮਾਜ ਦੀ ਅਸਲੀਅਤ ਅਤੇ ਕਾਰਗੁਜ਼ਾਰੀ ਬਾਰੇ ਡੂੰਘੀ ਅਤੇ ਵਿਸਤ੍ਰਿਤ ਵਿਚਾਰ-ਚਰਚਾ ਕੀਤੀ ਹੈ। ਰੂਸੋ ਨੇ ਤਾਂ ਇਹ ਵੀ ਕਹਿ ਦਿੱਤਾ ਸੀ ਕਿ ਮਨੱਖ ਜੰਮਦਾ ਤਾਂ ਸੁਤੰਤਰ ਹੈ ਪਰ ਹਰ ਥਾਂ ਗੁਲਾਮੀ ਦੀਆਂ ਜ਼ੰਜੀਰਾਂ ਵਿਚ ਜਕੜਿਆ ਪਿਆ ਹੈ। ਕਿਰਤੀਆਂ ਨੇ ਸਦੀਆਂ ਲੰਮੇ ਸੰਘਰਸ਼, ਕੁਰਬਾਨੀਆਂ ਅਤੇ ਇਨਕਲਾਬਾਂ ਰਾਹੀਂ ਇਕ ਪੁਰਖੇ ਰਾਜਾਂ ਨੂੰ ਸਮਾਪਤ ਕਰ ਕੇ ਮੂਲ ਮਨੁਖੀ ਅਧਿਕਾਰਾਂ ਨੂੰ ਦੇਸ਼ਾਂ ਦੇ ਸੰਵਿਧਾਨਾਂ ਵਿਚ ਦਰਜ ਕਰਵਾ ਲਿਆ ਹੈ ਅਤੇ ਧਰਮ ਨੂੰ ਸਿਆਸਤ ਵਿਚ ਦਖਲ-ਅੰਦਾਜ਼ੀ ਕਰਨ ਤੋਂ ਵਰਜਿਤ ਕਰਵਾ ਦਿੱਤਾ ਹੈ।

ਅੰਤਰਰਾਸ਼ਟਰੀ ਕਾਨੂੰਨ. ਯੂ.ਐਨ. ਚਾਰਟਰ ਅਤੇ ਇੰਟਰਨੈਸ਼ਨਲ ਕਾਵੀਨੈਂਟ ਆਨ ਸਿਵਲ ਐਂਡ ਪੁਲੀਟੀਕਲ ਰਾਈਟਸ ਮਨੁੱਖ ਦੇ ਸਮਾਜ ਵਿਰੁਧ ਕਾਨੂੰਨੀ ਅਧਿਕਾਰਾਂ ਦੇ ਅਹਿਮ ਦਸਤਾਵੇਜ਼ ਹਨ, ਪਰ ਗੁਰਬਾਣੀ ਉਪਦੇਸ਼ ਤੇ ਪੂਰਨ ਨਿਜੀ ਸੁਤੰਤਰਤਾ ਅਤੇ ਮਨੁੱਖੀ ਬਰਾਬਰੀ ਦਾ ਸਮਰਥਕ ਹੈ, ਜਿਸ ਨੂੰ ਉਹ ਅਨੰਦਪੂਰਨ ਨਿਜ ਘਰ ਵਾਸਾ ਆਖਦਾ ਹੈ। ਭਾਵੇਂ ਸਿੱਖ ਸ਼ਰਧਾਲੂ ਗੁਰਬਾਣੀ ਸੰਦੇਸ਼ ਦਾ ਵਿਸ਼ਵ ਵਿਚ ਸੰਚਾਰ ਕਰਨੋਂ ਅਸਮਰਥ ਰਹੇ ਹਨ ਪਰ ਗੁਰਬਾਣੀ ਦੇ ਅਧਿਆਤਮਕ ਗਿਆਨ ਵਿਚ ਮਾਨਵਤਾ ਦਾ ਮਾਰਗ ਦਰਸ਼ਨ ਕਰਨ ਦੀ ਸੰਭਾਵਨਾ ਦਿਨ ਪਰ ਦਿਨ ਵਧ ਰਹੀ ਹੈ।

***-ਹਾਕਮ ਸਿੰਘ***
***ਫੋਨ: 916-682-3317***



ਕਹਾਣੀਕਾਰ ਮੋਹਨ ਭੰਡਾਰੀ ਬਾਰੇ ਕਾਨਾ ਸਿੰਘ ਦਾ ਇਹ ਰੇਖਾ ਚਿੱਤਰ (ਰੇਖਾ ਚਲਿੱਤਰ) ਭੰਡਾਰੀ ਦੀ ਸ਼ਖਸੀਅਤ ਅੰਦਰ ਭਰਵੀਂ ਝਾਤੀ ਮਾਰਦਾ ਹੈ। ਹਰ ਮਹਿਫਿਲ ਵਿਚ ਆਪਣੀ ਗੜਵੀਂ ਹਾਜ਼ਰੀ ਲੁਆਉਣ ਵਾਲੇ ਭੰਡਾਰੀ ਦੇ ਵਿਰੋਧਾਭਾਸਾਂ ਬਾਬਤ ਲੇਖਕਾ ਨੇ ਬਹੁਤ ਸਹਿਜ ਨਾਲ ਲੜੀਆਂ ਜੋੜੀਆਂ ਹਨ। ਇਕ-ਇਕ ਘਟਨਾ ਦਾ ਜ਼ਿਕਰ ਕਰਦਿਆਂ ਕਾਨਾ ਸਿੰਘ, ਭੰਡਾਰੀ ਦੀ ਸ਼ਖਸੀਅਤ ਨੂੰ ਪਿਆਜ ਦੇ ਛਿਲਕਿਆਂ ਵਾਂਗ ਛਿਲਦੀ ਤੁਰੀ ਜਾਂਦੀ ਹੈ। ਇਸ ਤਰ੍ਹਾਂ ਦਾ ਰੰਗ ਬਹੁਤ ਘੱਟ ਲਿਖਤਾਂ ਨੂੰ ਚੜ੍ਹਿਆ ਮਿਲਦਾ ਹੈ। ਇਸ ਪੱਖੋਂ ਕਾਨਾ ਸਿੰਘ ਦੀ ਝੰਡੀ ਹੈ। -ਸੰਪਾਦਕ

# ਰੇਖਾ ਚਲਿੱਤਰ



ਚਿੱਤ ਚੇਤਾ

ਕਾਨਾ ਸਿੰਘ
ਫੋਨ:+91-95019-44944

ਮੋਹਨ ਭੰਡਾਰੀ ਨਾਲ ਪਹਿਲੀ ਮੁਲਾਕਾਤ 1987 ਵਿਚ ਡਾ. ਰਮਾ ਰਤਨ ਦੇ ਘਰ ਹੋਈ, 33 ਸੈਕਟਰ (ਚੰਡੀਗੜ੍ਹ) ਵਿਚ।...ਸਵੇਰੇ ਸਵੇਰੇ ਨਹਾ ਕੇ ਨਿਕਲੀ ਮੈਂ ਰਮਾ ਦੇ ਘਰ ਦੇ ਪਿਛਲੇ ਕਮਰੇ ਵਿਚ ਕੰਘੀ ਕਰ ਰਹੀ ਸਾਂ, ਸ਼ੁਧ ਅਤੇ ਠੇਠ ਪੰਜਾਬੀ ਮੇਰੇ ਕੰਨਾਂ ਵਿਚ ਪਈ। ਅਤਿਵਾਦ ਦਾ ਮਾਹੌਲ ਸੀ ਤੇ ਮੈਂ ਨਵੀਂ-ਨਵੀਂ ਹੀ ਆਈ ਸਾਂ ਮੁੰਬਈ ਤੋਂ। ਮੁੰਬਈ ਦੀ ਮਿਲਗੋਭੀ ਭਾਸ਼ਾ ਸਾਹਵੇਂ ਮੋਹਨ ਭੰਡਾਰੀ ਦੀ ਸ਼ੁੱਧ, ਠੇਠ ਅਤੇ ਟੁਣਕਵੀਂ ਪੰਜਾਬੀ ਤੇ ਸਨਿਮਰ ਲਹਿਜ਼ੇ ਨੇ ਧਿਆਨ ਖਿੱਚਿਆ।

ਰਮਾ ਰਤਨ ਨਾਲ ਮੇਲ ਹੋਇਆਂ ਹਾਲੇ ਥੋੜ੍ਹਾ ਵਕਤ ਹੀ ਹੋਇਆ ਸੀ। ਉਹਦੇ ਉਤਸ਼ਾਹ ਸਦਕਾ ਮੈਂ ਕੁਝ ਨਜ਼ਮਾਂ ਰਸਾਲਿਆਂ ਵਿਚ ਛਪਾ ਚੁੱਕੀ ਸਾਂ ਅਤੇ ਪੰਜਾਬੀ ਟ੍ਰਿਬਿਊਨ ਵਿਚ ਨਜ਼ਮ 'ਬਣ ਜਾਂ ਗੁਆਂਢੀ' ਛਪਣ ਨਾਲ ਚਰਚਾ ਵੀ ਕਾਫ਼ੀ ਹੋਣ ਲੱਗੀ ਸੀ। ਭੰਡਾਰੀ ਮੇਰੇ ਨਾਂ ਤੋਂ ਵਾਕਿਫ਼ ਹੋ ਚੁੱਕਾ ਸੀ, ਉਸ ਮੇਰੀਆਂ ਨਜ਼ਮਾਂ ਦਾ ਨੋਟਿਸ ਵੀ ਲਿਆ ਸੀ। ਮੁਲਾਕਾਤ ਦੌਰਾਨ ਭੰਡਾਰੀ ਨੇ ਕਵਿਤਾਵਾਂ ਦੀ ਭਰਵੀਂ ਪ੍ਰਸ਼ੰਸਾ ਕੀਤੀ ਅਤੇ ਅੱਗੇ ਤੋਂ ਗਲਪ ਤੇ ਵਾਰਤਕ ਉਤੇ ਵੀ ਹੱਥ ਅਜ਼ਮਾਉਣ ਦੀ ਨਸੀਹਤ ਦਿੱਤੀ। ਮੇਰੇ ਅੰਦਰ ਉਥਲ-ਪੁਥਲ ਤਾਂ ਬਥੇਰੀ ਹੁੰਦੀ ਸੀ, ਪਰ ਲਿਖ ਕੁਝ ਨਹੀਂ ਸੀ ਹੁੰਦਾ। ਚਿਰਾਂ ਤੋਂ ਟੁੱਟ ਚੁੱਕੇ ਮਾਂ-ਬੋਲੀ ਦੇ ਲਿਖਣ-ਅਭਿਆਸ ਕਾਰਨ ਮੇਰੇ ਵਿਚ ਸਵੈ-ਵਿਸ਼ਵਾਸ ਦੀ ਕਮੀ ਸੀ।

“ਤੈਨੂੰ ਜਦੋਂ ਵੀ ਕੋਈ ਗੱਲ ਜਾਂ ਖਿਆਲ ਅਹੁੜੇ, ਉਸੇ ਵੇਲੇ ਡਾਇਰੀ ਵਿਚ ਨੋਟ ਕਰ ਲਿਆ ਕਰ। ਇਹ ਨੇਮ ਲਿਖਣ ਦੇ ਬੜਾ ਕੰਮ ਆਏਗਾ।” ਮੈਂ ਭੰਡਾਰੀ ਦੀ ਹਦਾਇਤ ਪੱਲੇ ਬੰਨ੍ਹ ਲਈ ਜੋ ਹੁਣ ਤਕ ਕੰਮ ਆ ਰਹੀ ਹੈ।

ਕੁਝ ਦਿਨਾਂ ਮਗਰੋਂ ਹੀ ਮੈਥੋਂ ਕਹਾਣੀ ਲਿਖ ਹੋ ਗਈ- ਜ਼ਿੰਦੂਆ। ਪੰਝੀ ਸਾਲ ਦੇ ਵਕਫ਼ੇ ਮਗਰੋਂ ਇਹ ਮੇਰੀ ਪਹਿਲੀ ਗਲਪ ਰਚਨਾ ਸੀ। ਮੈਂ ਰਮਾ ਰਤਨ ਨੂੰ ਸੁਣਾਈ। ਉਹਨੂੰ ਹਟਵੀਂ ਤੇ ਬੇਬਾਕ ਲੱਗੀ। ਉਸੇ ਸ਼ਾਮ ਉਹਦੇ ਘਰ ਉਸ ਦੇ ਵੱਡੇ ਵੀਰ ਐਨ.ਐਸ. ਰਤਨ ਆ ਨਿਕਲੇ। ਨਾਲ ਮੋਹਨ ਭੰਡਾਰੀ ਵੀ ਸੀ। ਰਮਾ ਦੇ ਕਹਿਣ ਉਤੇ ਮੈਂ ਉਨ੍ਹਾਂ ਸਾਹਮਣੇ 'ਜ਼ਿੰਦੂਆ' ਦਾ ਮੁੜ ਪਾਠ ਕੀਤਾ।

“ਵਾਹ ਵਾਹ! ਇਹ ਤੁਹਾਡੀ ਪਹਿਲੀ ਕਹਾਣੀ ਐ?” ਕਹਾਣੀ ਮੁੱਕਦਿਆਂ ਹੀ ਭੰਡਾਰੀ ਨੇ ਪੁੱਛਿਆ। ਜਾਪਦਾ ਸੀ ਉਹ ਹੈਰਾਨ ਸੀ। ਉਹਦੇ ਮੂੰਹੋਂ ਆਪ-ਮੁਹਾਰੀ ਵਾਹ-ਵਾਹ ਨਿਕਲੀ ਹੀ ਸੀ ਕਿ ਐਨ.ਐਸ. ਰਤਨ ਦੇ ਸ਼ਬਦ ਸਨ, “ਤੁਸੀਂ ਇਹ ਕਹਾਣੀ ਮੁੜ ਕੇ ਲਿਖੋ। ਪਾਤਰਾਂ ਦੇ ਮਨ ਦੀਆਂ ਅੰਦਰਲੀਆਂ ਪਰਤਾਂ ਕੱਢੋ। ਹਾਲੇ ਤੁਹਾਨੂੰ ਬੜੀ ਮਿਹਨਤ ਦੀ ਲੋੜ ਹੈ।”

ਮੋਹਨ ਭੰਡਾਰੀ ਚੁੱਪ ਹੋ ਗਿਆ। ਬਾਅਦ ਵਿਚ ਜਦੋਂ ਸਾਡਾ ਸੰਪਰਕ ਕੁਝ ਵਧ ਗਿਆ ਤੇ 'ਜ਼ਿੰਦੂਆ' ਸਮੇਤ ਦੋ-ਤਿੰਨ ਕਹਾਣੀਆਂ ਵੀ ਮਾਸਕ-ਪੱਤਰਾਂ ਵਿਚ ਛਪ ਗਈਆਂ ਤਾਂ ਭੰਡਾਰੀ ਨੇ ਮੈਨੂੰ ਦੱਸਿਆ ਕਿ ਉਹ ਮੇਰੀ ਕਹਾਣੀ-ਕਲਾ ਅਤੇ ਭਾਸ਼ਾ ਤੋਂ 'ਜ਼ਿੰਦੂਆ' ਦਾ ਪਹਿਲਾ ਪਾਠ ਸੁਣ ਕੇ ਹੀ ਪ੍ਰਭਾਵਿਤ ਹੋ ਗਿਆ ਸੀ।

“ਫਿਰ ਤੁਸੀਂ ਉਦੋਂ ਕਿਉਂ ਚੁੱਪ ਕਰ ਗਏ ਸੀ 'ਵਾਹ ਵਾਹ' ਤੋਂ ਬਾਅਦ?” ਜੁਆਬ ਵਿਚ ਬੱਸ ਮੁਸਕਰਾਹਟ ਸੀ। ਗੁੱਝੀ ਗੁੱਝੀ।

ਐਨ.ਐਸ. ਰਤਨ ਦੇ ਫਾਰਮ ਉਤੇ ਅਸੀਂ ਸਾਰੇ ਇਕ ਵੇਰਾਂ ਫਿਰ ਜੁੜੇ। ਭੰਡਾਰੀ ਨੇ ਆਪਣੀ ਲਿਖੀ ਜਾ ਰਹੀ ਕਹਾਣੀ 'ਕੇਸ ਵਾਹ ਜੀਊਣੇਏ' ਦਾ ਪਲਾਟ ਜ਼ੁਬਾਨੀ ਸੁਣਾਇਆ ਅਤੇ ਮੈਂ ਆਪਣੀ ਨਵੀਂ ਲਿਖੀ ਕਹਾਣੀ 'ਮਾਰੀਆ' ਪੜ੍ਹੀ।

“ਕਹਾਣੀ ਲੰਮੀ ਹੈ।” ਰਤਨ ਦਾ ਕਹਿਣਾ ਸੀ। ਭੰਡਾਰੀ ਫਿਰ ਚੁੱਪ ਰਿਹਾ।

ਮੋਹਨ ਭੰਡਾਰੀ ਦੀਆਂ ਕਹਾਣੀਆਂ ਅਕਸਰ ਲੰਮੀਆਂ ਹੁੰਦੀਆਂ ਹਨ ਤੇ ਉਹ ਸੁਣਾਂਦਾ ਵੀ ਬੜੀ ਧੀਮੀ ਚਾਲ ਨਾਲ ਹੈ। ਇਕ ਇਕ ਸ਼ਬਦ ਜਿਵੇਂ ਟੁਣਕਾ ਰਿਹਾ ਹੋਵੇ। ਕਈ ਵੇਰਾਂ ਉਹ ਕਹਾਣੀ ਸੁਣਾਂਦਿਆਂ ਬੜਾ ਔਖਾ ਵੀ ਹੋ ਗਿਆ ਪ੍ਰਤੀਤ ਹੁੰਦਾ ਹੈ, ਜਿਵੇਂ ਥੱਕ ਗਿਆ ਹੋਵੇ। ਉਸ ਦੀ ਲੰਮੀ ਕਹਾਣੀ ਨੂੰ ਨਿੱਠ ਕੇ ਸੁਣਨਾ ਸਮਝੋ ਯਾਤਨਾ ਹੈ, ਤਸੀਹਾ ਪਰ ਇਸ ਤਸੀਹੇ ਨੂੰ ਭੰਡਾਰੀ ਆਪ ਵੀ ਸਰੋਤਿਆਂ ਨਾਲ ਬਰਾਬਰ ਹੰਢਾ ਰਿਹਾ ਹੁੰਦਾ ਹੈ। ਸ਼ਾਇਦ ਇਹੀ ਕਾਰਨ ਹੈ ਕਿ ਉਹ ਜ਼ਿਆਦਾ ਕਾਮਯਾਬ ਵੀ ਲੰਮੀਆਂ ਕਹਾਣੀਆਂ ਦੇ ਸਿਰ ਉਤੇ ਹੈ, 'ਸਾਂਝ', 'ਪਾੜ' ਅਤੇ 'ਕਬੂਤਰ' ਵਰਗੀਆਂ ਲੰਮੀਆਂ ਕਹਾਣੀਆਂ। ਚੁਸਤ ਦੋ-ਸ਼ਬਦੇ ਫਿਕਰੇ। ਕਦੇ ਕਦੇ ਇਕ ਸ਼ਬਦੇ ਵੀ। ਫ਼ਿਕਰੇ ਦਰ ਫ਼ਿਕਰੇ। ਉਸ ਦੀਆਂ ਛੋਟੇ ਆਕਾਰ ਦੀਆਂ ਕਹਾਣੀਆਂ 'ਮੂਨ ਦੀ ਅੱਖ' ਅਤੇ 'ਉਰਫ਼' ਵਰਗੀਆਂ ਰੋਚਕ ਤਾਂ ਹਨ ਪਰ ਇੰਨੀਆਂ ਚਰਚਿਤ ਨਹੀਂ।

ਪੰਜਾਬੀ ਸਾਹਿਤ ਜਗਤ ਵਿਚ ਬੇਸ਼ੱਕ, ਭੰਡਾਰੀ ਦੀ ਬਹੁ-ਚਰਚਿਤ ਕਹਾਣੀ 'ਮੈਨੂੰ ਟੈਗੋਰ ਬਣਾ ਦੇ ਮਾਂ' ਨੂੰ ਹੀ ਆਖਿਆ ਜਾਂਦਾ ਹੈ ਪਰ ਉਸ ਦੀ ਸ਼ਾਹਕਾਰ ਕਹਾਣੀ ਜਿਹੜੀ ਸਮੇਂ ਤੇ ਸਥਾਨ ਨੂੰ ਪਾਰ ਕਰਦੀ ਸਦੀਵੀ ਛਾਪ ਛੱਡਦੀ ਰਹੇਗੀ, ਉਹ 'ਮਨੁੱਖ ਦੀ ਪੈੜ' ਹੈ। ਇਸ ਕਹਾਣੀ ਦੀ ਸਿਰਜਣਾ ਵਿਚ ਭੰਡਾਰੀ ਖ਼ੁਦ ਨੂੰ ਵੀ ਪਾਰ ਕਰ ਗਿਆ ਹੈ। ਉਸ ਦੀਆਂ ਅਗਲੇਰੀਆਂ ਕਹਾਣੀਆਂ ਵਿਚੋਂ ਕੋਈ ਵੀ ਇਹ ਸਿਖਰ ਪਾਰ ਨਹੀਂ ਕਰ ਸਕੀ।

ਕਹਾਣੀ ਉਹ ਹੈ ਜੋ ਸਦੀਵੀ ਯਾਦ ਹੋ ਨਿਬੜੇ। ਸੰਤ ਸਿੰਘ ਸੇਖੋਂ ਦੀ 'ਅਨੋਖ ਸਿੰਘ ਦੀ ਵਹੁਟੀ' ਅਤੇ ਸੁਜਾਨ ਸਿੰਘ ਦੀ 'ਆਤਮਾ ਦੀ ਸ਼ਾਂਤੀ' ਨੂੰ ਸ਼ਾਇਦ ਪੌਣੀ ਸਦੀ ਤੋਂ ਵੀ ਉਪਰ ਦਾ ਵਕਤ ਲੰਘ ਗਿਆ ਹੈ, ਤੇ ਇਹ ਦੋਵੇਂ ਕਹਾਣੀਆਂ ਅੱਜ ਦੇ ਪ੍ਰਸੰਗ ਵਿਚ ਵੀ ਉਤਨੀਆਂ ਹੀ ਸਜੀਵ ਹਨ। ਅੱਜ ਦੇ ਅੰਤਰ-ਜਾਤੀ, ਅੰਤਰ-ਧਰਮੀ ਜਾਂ ਕੌਮਾਂਤਰੀ ਵਿਆਹਾਂ 'ਚੋਂ ਉਠਦੀਆਂ ਮਾਨਸਿਕ ਗੁੰਝਲਾਂ ਨਾਲ ਨਪੀੜੇ ਬੰਦੇ ਓਂਜ ਹੀ ਆਤਮਸਾਤ ਹੋਣਗੇ, ਸੰਤ ਸਿੰਘ ਸੇਖੋਂ ਦੇ 'ਅਨੋਖ ਸਿੰਘ' ਨਾਲ। ਇਸੇ ਤਰ੍ਹਾਂ ਕੁਲਵੰਤ ਸਿੰਘ ਵਿਰਕ ਦੀ 'ਧਰਤੀ ਹੇਠਲਾ ਬਲਦ', ਗੁਰਬਚਨ ਸਿੰਘ ਭੁੱਲਰ ਦੀ 'ਖੂਨ' ਤੇ ਗੁਲਜ਼ਾਰ ਸਿੰਘ ਸੰਧੂ ਦੀ 'ਕੰਧੀ ਜਾਏ' ਦਾ ਹਵਾਲਾ ਦੇਣਾ ਵੀ ਕੁਥਾਂ ਨਹੀਂ ਹੋਵੇਗਾ।

'ਮਨੁੱਖ ਦੀ ਪੈੜ' ਵਾਲਾ ਮੋਹਨ ਭੰਡਾਰੀ 'ਮੈਨੂੰ ਟੈਗੋਰ ਬਣਾ ਦੇ ਮਾਂ' ਵਾਲੇ ਭੰਡਾਰੀ ਤੋਂ ਵੱਧ ਸਹੀ ਲਗਦਾ ਹੈ ਮੈਨੂੰ।

ਗੁਰਦਿਆਲ ਸਿੰਘ ਆਰਿਫ਼ ਦੀ ਚਿੱਠੀ ਆਈ, ਚੰਡੀਗੜ੍ਹ ਸਾਹਿਤ ਅਕਾਦਮੀ ਕਹਾਣੀ ਸੰਗ੍ਰਿਹ ਛਾਪ ਰਹੀ ਹੈ, ਮੈਂ ਉਸ ਨੂੰ ਜਲਦੀ ਕੋਈ ਕਹਾਣੀ ਭੇਜਾਂ। ਮੈਂ ਸੁਸਤੀ ਕਰ ਗਈ। ਲੇਖਕ ਸਭਾ ਦੀ ਆਉਂਦੀ ਮਿਲਣੀ ਵਿਚ ਆਰਿਫ਼ ਨੇ ਮੈਨੂੰ ਚੇਤਾ ਕਰਾਇਆ। ਭੰਡਾਰੀ ਕੋਲ ਹੀ ਖੜ੍ਹਾ ਸੀ, “ਕਹਾਣੀ ਤੂੰ ਮੈਨੂੰ ਭੇਜਣੀ ਐ। ਮੈਂ ਚੋਣ ਕਰਨੀ ਐ।” ਮੁੜ ਦੋ ਫੋਨ ਹੋਰ ਆ ਗਏ, “ਛੇਤੀ ਕਹਾਣੀ ਦੇ। ਮੇਰੇ ਦਫ਼ਤਰ ਆ ਕੇ ਹੀ ਦੇ ਜਾ। ਜਲਦੀ।”

“ਕਿਹੜੀ ਕਹਾਣੀ ਦਿਆਂ?” ਭੰਡਾਰੀ ਨੂੰ 'ਖ਼ੁਸ਼ਬੂ' ਸਣੇ ਮੇਰੀਆਂ ਸਭ ਕਹਾਣੀਆਂ ਦਾ ਪਤਾ ਸੀ। 'ਇਕ ਨਾਰਮਲ ਔਰਤ' ਜਿਸ ਦਾ ਨਾਂ ਪਿੱਛੋਂ ਮੈਂ 'ਮਾਰੀਆ' ਰੱਖ ਦਿਤਾ ਸੀ ਭੰਡਾਰੀ ਜਿਸ ਦਾ ਪਹਿਲਾ ਸਰੋਤਾ ਸੀ, ਕਾਫ਼ੀ ਚਰਚਿਤ ਹੋਈ ਸੀ।

“ਇਹਨੂੰ ਕਹਿੰਦੇ ਨੇ ਕਹਾਣੀ, ਕਮਾਲ ਏ।” ਭੰਡਾਰੀ ਦਾ ਸਹਿਜ ਸੁਭਾਅ ਪ੍ਰਤੀਕਰਮ ਸੀ। 'ਮਾਰੀਆ' ਦੀ ਸਿਫ਼ਤ ਬਾਰੇ ਭੂਸ਼ਨ ਅਤੇ ਪ੍ਰੇਮ ਪ੍ਰਕਾਸ਼ ਵਲੋਂ ਸੁਨੇਹੇ ਵੀ ਮੈਨੂੰ ਭੰਡਾਰੀ ਰਾਹੀਂ ਹੀ ਮਿਲੇ ਸਨ। 'ਸੁਰ-ਬੇਸੁਰ' ਕਹਾਣੀ ਵੀ ਉਨ੍ਹੀਂ ਦਿਨੀਂ ਹੀ ਆਰਸੀ ਵਿਚ ਛਪੀ ਸੀ। ਮੈਂ 'ਮਾਰੀਆ' ਅਤੇ 'ਸੁਰ-ਬੇਸੁਰ' ਭੰਡਾਰੀ ਦੇ ਦਫ਼ਤਰ ਲੈ ਤੁਰੀ। ਉਹ ਦਫ਼ਤਰ ਨਹੀਂ ਸੀ ਆਇਆ। ਮੈਂ ਉਸ ਦੇ ਨਾਲ ਦੇ ਟੇਬਲ ਉਤੇ ਬੈਠੇ ਬੰਦੇ ਕੋਲ ਕਹਾਣੀਆਂ ਦੇ ਖਰੜੇ ਛੱਡ ਆਈ। ਭੰਡਾਰੀ ਨੇ 'ਸੁਰ-ਬੇਸੁਰ' ਚੁਣੀ ਜੋ ਅਕਾਦਮੀ ਵਲੋਂ ਛਾਪੇ ਸੰਗ੍ਰਿਹ 'ਰੱਤੀਆਂ ਪੈੜਾਂ' (1993) ਵਿਚ ਸ਼ਾਮਿਲ ਹੋਈ।

“ਇਹ ਕਿਉਂ? ਤੁਸੀਂ ਤਾਂ 'ਮਾਰੀਆ' ਨੂੰ ਸਲਾਹੁੰਦੇ ਨਹੀਂ ਸੀ ਥੱਕਦੇ?”

“ਬਤੀਆਂ ਗੁੱਝੀਆਂ ਗੱਲਾਂ ਨੇ ਬੀਬੀ, ਤੂੰ ਨਹੀਂ ਸਮਝੇਂਗੀ।”

ਪੰਜਾਬ ਸਾਹਿਤ ਅਕਾਦਮੀ ਵਲੋਂ ਕਲਾ ਭਵਨ, ਚੰਡੀਗੜ੍ਹ ਵਿਖੇ ਕਹਾਣੀ ਦੀ ਦੋ-ਰੋਜ਼ਾ ਵਰਕਸ਼ਾਪ ਰੱਖੀ ਗਈ। ਇਸ ਵਿਚ ਨਵੇਂ ਤੇ ਸਥਾਪਤ ਕਹਾਣੀਕਾਰਾਂ ਨੇ ਸ਼ਿਰਕਤ ਕਰਨੀ ਸੀ। ਦੋਹਾਂ ਧਿਰਾਂ ਵਿਚ ਸੰਵਾਦ ਰਚਾਉਣ ਦਾ ਉਪਰਾਲਾ। ਜੇ ਸਥਾਪਤ ਕਹਾਣੀਕਾਰਾਂ ਵਿਚੋਂ ਵਰਿਆਮ ਸਿੰਘ ਸੰਧੂ, ਗੁਰਦੇਵ ਸਿੰਘ ਰੁਪਾਣਾ ਤੇ ਗੁਰਬਚਨ ਸਿੰਘ ਭੁੱਲਰ ਅਰ ਮੋਹਨ ਭੰਡਾਰੀ ਸਨ, ਤਾਂ ਨਵਿਆਂ ਵਿਚ ਮੇਰਾ ਵੀ ਨਾਂ ਸੀ। ਰਘਬੀਰ ਸਿੰਘ (ਸਿਰਜਣਾ) ਨੇ ਪੰਜ ਨਵੇਂ ਕਹਾਣੀਕਾਰਾਂ ਦੀਆਂ ਕਹਾਣੀਆਂ 'ਤੇ ਪਰਚਾ ਪੜ੍ਹਨਾ ਸ਼ੁਰੂ ਕੀਤਾ। ਉਸ ਮੁਤਾਬਕ ਮੇਰੀ ਕਹਾਣੀ 'ਮਾਰੀਆ' ਸ੍ਰੇਸ਼ਠ ਕਹਾਣੀ ਸੀ। ਉਨ੍ਹਾਂ ਦੇ ਸ਼ਬਦ ਸਨ, “ਲਿਖਤ ਦੀ ਪ੍ਰੋੜਤਾ, ਥੀਮ ਦਾ ਅਨੂਠਾਪਣ ਤੇ ਭਾਸ਼ਾ ਦੀ ਸੁਚੇਚਤਾ ਲੇਖਕਾ ਨੂੰ ਨਵੀਂ ਨਹੀਂ, ਸਗੋਂ ਪ੍ਰੌੜ੍ਹ ਕਹਾਣੀਕਾਰ ਦੱਸਦੀ ਹੈ।”

ਰਘਬੀਰ ਸਿੰਘ ਨੇ ਚਿੱਤਰਕਾਰ ਰਾਜਕੁਮਾਰ ਦੀ ਕਹਾਣੀ ਬਾਰੇ ਕੁਝ ਸੁਝਾਅ ਦਿੱਤੇ, ਕੁਝ ਸੁਝਾਅ ਹੋਰ ਨਵੇਂ ਕਹਾਣੀਕਾਰਾਂ ਨੂੰ ਵੀ। ਮੈਨੂੰ ਤਾਂ ਇਹ ਸਭ ਸਹਿਜ ਸੁਭਾਅ ਹੀ ਲੱਗਾ ਪਰ ਮੇਰੀ ਹੈਰਾਨੀ ਦੀ ਸੀਮਾ ਨਾ ਰਹੀ ਜਦੋਂ ਭੰਡਾਰੀ ਨੇ ਤਿੱਖੇ ਸੁਰ ਵਿਚ ਕਿਹਾ, “ਸਾਡੀ ਕਹਾਣੀ ਬਾਰੇ ਰਘਬੀਰ ਸਿੰਘ ਨੇ ਕਦੇ ਡੇਢ ਸਤਰ ਵੀ ਨਹੀਂ ਲਿਖੀ, ਤੇ ਕਾਨਾ ਦੀ ਇਸ ਕਹਾਣੀ ਦੀ ਇੰਨੀ ਸਿਫ਼ਤ... ਰਘਬੀਰ ਸਿੰਘ ਦੀ ਰਾਇ ਦਾ ਆਧਾਰ ਭਾਵੁਕਤਾ ਹੈ...।” ਆਦਿ ਆਦਿ।

ਡਾ. ਅਤਰ ਸਿੰਘ ਨੇ ਵੀ 'ਮਾਰੀਆ' ਨੂੰ ਸ੍ਰੇਸ਼ਠ ਆਖ ਕੇ ਸ਼ਲਾਘਾ ਕੀਤੀ। ਗੱਲ ਸ੍ਰੇਸ਼ਠ ਜਾਂ ਅ-ਸ੍ਰੇਸ਼ਠ ਦੀ ਨਹੀਂ ਸੀ, ਮੈਨੂੰ ਤਾਂ ਇਹ ਹੈਰਾਨੀ ਸੀ ਕਿ ਜਿਸ ਕਹਾਣੀ ਦੀ ਪ੍ਰਸ਼ੰਸਾ ਮੈਂ ਪਿਛਲੇ ਚਾਰ ਵਰ੍ਹਿਆਂ ਤੋਂ ਭੰਡਾਰੀ ਤੋਂ ਸੁਣ ਰਹੀ ਸਾਂ, ਤੇ ਹੋਰ ਸ਼੍ਰੋਮਣੀ ਸਾਹਿਤਕਾਰਾਂ ਦੀ ਵਾਹ ਵਾਹ ਦਾ ਪਤਾ ਵੀ ਮੈਨੂੰ ਭੰਡਾਰੀ ਰਾਹੀਂ ਗਾਹੇ-ਬਗਾਹੇ ਮਿਲਦਾ ਰਿਹਾ ਸੀ, ਉਸੇ ਹੀ ਕਹਾਣੀ ਬਾਰੇ ਉਹੀ ਭੰਡਾਰੀ ਰਘਬੀਰ ਸਿੰਘ ਦੇ ਵਿਚਾਰ ਨੂੰ 'ਪੱਖਪਾਤ' ਆਖ ਕੇ ਨਿੰਦ ਰਿਹਾ ਸੀ। ਖੈਰ, ਅੰਤ ਵਿਚ ਆਪਣੀ ਬੋਲਣ ਦੀ ਵਾਰੀ 'ਤੇ ਮੈਂ ਰਘਬੀਰ ਸਿੰਘ ਦੇ ਪ੍ਰਤੀਕਰਮ ਨੂੰ 'ਮਾਂ ਦੀ ਸ਼ਾਬਾਸ਼ੀ' ਅਤੇ ਮੋਹਨ ਭੰਡਾਰੀ ਦੇ ਪ੍ਰਤੀਕਰਮ ਨੂੰ 'ਪਿਉ ਦੀ ਕੈੜੀ ਅੱਖ' ਸਮਝ ਕੇ ਸਿਰ-ਮੱਥੇ ਪ੍ਰਵਾਨ ਕੀਤਾ।



ਇਕ ਸਮਾਗਮ ਦੌਰਾਨ (ਖੱਬਿਓਂ) ਹਰਭਜਨ ਹਲਵਾਰਵੀ, ਦੀਪਕ ਮਨਮੋਹਨ, ਪ੍ਰਕਾਸ਼ਕ (ਮਰਹੂਮ) ਰਘੁਬੀਰ ਸਿੰਘ, ਸੁਰਜੀਤ ਕਲਸੀ ਤੇ ਮੋਹਨ ਭੰਡਾਰੀ।

ਜਿਥੇ ਮੇਰੀ ਮਾਂ ਮੇਰੀ ਹਰ ਪ੍ਰਾਪਤੀ ਨੂੰ ਲੱਡੂ ਵੰਡ ਕੇ ਪ੍ਰਸ਼ੰਸਾ ਦਾ ਜਸ਼ਨ ਮਨਾਉਂਦੀ ਸੀ, ਉਥੇ ਮੇਰੇ ਪਿਤਾ ਜੀ ਕੋਈ ਨਾ ਕੋਈ ਨੁਕਸ ਹੀ ਕੱਢਦੇ ਸਨ। ਇਸ ਲਈ ਮੈਂ ਉਨ੍ਹਾਂ ਦੀ ਨਜ਼ਰ 'ਚ ਪ੍ਰਵਾਨ ਹੋਣ ਲਈ ਸਦਾ ਯਤਨਸ਼ੀਲ ਰਹਿੰਦੀ। ਦੂਜੇ ਹੀ ਦਿਨ ਮੋਹਨ ਭੰਡਾਰੀ ਦਾ ਫੋਨ ਆਇਆ। ਉਹੀ ਜੁਮਲਾ: “ਵਾਹ ਵਾਹ ਤੇਰੀ ਕਹਾਣੀ, ਤੇ ਵਾਹ ਵਾਹ ਤੇਰਾ ਅੰਦਾਜ਼...ਕਮਾਲ ਏ।”

“ਪਰ ਤੁਸਾਂ ਵਰਕਸ਼ਾਪ ਦੌਰਾਨ ਤਾਂ ਕੁਝ ਹੋਰ ਹੀ...।”

“ਉਹ ਤਾਂ ਮੇਰੀ ਰਘਬੀਰ ਸਿੰਘ ਨਾਲ ਝਪਟ ਸੀ। ਤੂੰ ਵਿਚ ਐਵੇਂ ਹੀ ਸੈਂਡਵਿਚ ਹੋ ਗਈ।”

“ਤੁਸਾਂ ਨਾ ਤਾਂ ਪਹਿਲਾਂ ਕਦੇ 'ਮਾਰੀਆ' ਬਾਰੇ ਕੋਈ ਕਿੰਤੂ ਕੀਤਾ, ਤੇ ਨਾ ਹੀ ਵਰਕਸ਼ਾਪ ਵਿਚ ਹੀ ਕੋਈ ਸੁਝਾਅ...ਫਿਰ ਰਘਬੀਰ ਸਿੰਘ ਕਿਵੇਂ ਪੱਖਪਾਤੀ ਹੋਇਆ?”

“ਦਰਅਸਲ...ਮੇਰਾ ਬੜਾ ਪਿਆਰਾ ਮਿੱਤਰ ਏ। ਗਹਿਰਾ। ਅੱਧੀ ਕਹਾਣੀ ਉਸ ਨਾਲ ਬੈਠ ਕੇ ਮੈਂ ਆਪ ਲਿਖਾਈ। ਉਸ ਕਹਾਣੀ 'ਤੇ ਮੈਂ ਕਾਫ਼ੀ ਮਿਹਨਤ ਕੀਤੀ ਏ। ਉਹ ਮੇਰੇ ਵਿਭਾਗ ਦਾ ਬੰਦਾ ਏ। ਉਹਦੀ ਆਲੋਚਨਾ ਮੈਂ ਨਹੀਂ ਸੀ ਸੁਣ ਸਕਦਾ।”

ਮੈਨੂੰ ਯਾਦ ਆਇਆ ਕਿ 'ਰੱਤੀਆਂ ਪੈੜਾਂ' ਵਿਚ ਵੀ ਭੰਡਾਰੀ ਦੇ ਉਸ 'ਬੜੇ ਪਿਆਰੇ ਮਿੱਤਰ' ਦੀ ਉਹੀ ਕਹਾਣੀ ਸ਼ਾਮਿਲ ਸੀ।

ਮੈਨੂੰ ਭੰਡਾਰੀ ਦੀ 'ਗੁੱਝੀ ਗੱਲ' ਦੀ ਰਮਜ਼ ਸਮਝ ਆ ਗਈ। ਉਸ 'ਬੜੇ ਪਿਆਰੇ ਮਿੱਤਰ' ਦੀ ਮੁੜ ਕੇ ਕੋਈ ਹੋਰ ਕਹਾਣੀ ਘੱਟੋ-ਘੱਟ ਮੇਰੀ ਨਜ਼ਰ ਹੇਠੋਂ ਨਹੀਂ ਲੰਘੀ।

ਸੰਤੋਖ ਸਿੰਘ ਧੀਰ ਨਾਲ ਕੀਤੀ/ਛਪੀ ਮੇਰੀ ਪਹਿਲੀ ਮੁਲਾਕਾਤ ਸੀ। ਇਹ ਧੀਰ ਦੇ ਹੀ ਵਾਰ-ਵਾਰ ਕਹਿਣ 'ਤੇ ਗਲਪ ਜਾਂ ਵਾਰਤਕ 'ਤੇ ਹੱਥ ਅਜ਼ਮਾਉਣ ਵਜੋਂ ਮੇਰਾ ਜਤਨ ਮਾਤਰ ਸੀ। ਉਸ ਤੋਂ ਬਾਅਦ ਕਵੀ ਜੋਗਾ ਸਿੰਘ ਨਾਲ ਲੰਮੀ ਮੁਲਾਕਾਤ ਕਰ ਕੇ ਮੈਂ ਆਪਣੇ-ਆਪ ਨੂੰ ਅਰਸੇ ਤੋਂ ਪੰਜਾਬੀ ਸਾਹਿਤ ਤੋਂ ਟੁੱਟੀ ਹੋਈ ਗੰਢ ਵਜੋਂ ਮੁੜ ਤਰੁੱਪਿਆ। 'ਪ੍ਰੀਤਲੜੀ' ਵਿਚ ਦੋ ਕਿਸ਼ਤਾਂ ਵਿਚ ਇਹ ਮੁਲਾਕਾਤ ਛਪੀ ਜਿਸ ਨੇ ਪਾਠਕਾਂ ਤੋਂ ਇਲਾਵਾ ਹੋਰ ਸਾਹਿਤਕਾਰਾਂ ਦਾ ਵੀ ਧਿਆਨ ਖਿੱਚਿਆ। ਹੁਣ ਮੈਂ ਕਿਸੇ ਕਹਾਣੀਕਾਰ ਦੀ ਮੁਲਾਕਾਤ ਕਰਨ ਬਾਰੇ ਸੋਚ ਹੀ ਰਹੀ ਸਾਂ ਕਿ ਮੋਹਨ ਭੰਡਾਰੀ ਮੁਹਰੇ ਆ ਗਿਆ।

ਇਹ ਮੁਲਾਕਾਤਾਂ ਪਿਛਲੇ ਪੰਝੀ ਸਾਲਾਂ ਦੇ ਵਕਫ਼ੇ ਮਗਰੋਂ ਮੇਰੇ ਮੁੜ ਪੰਜਾਬੀ ਵਿਚ ਲਿਖਣ ਦੇ ਅਭਿਆਸ ਅਤੇ ਅਜੋਕੇ ਪੰਜਾਬੀ ਗਲਪ ਸਾਹਿਤ ਦੇ ਸਫ਼ਰ ਨੂੰ ਜਾਣਨ ਸਮਝਣ ਲਈ ਜ਼ਰੂਰੀ ਸਨ।

ਘਰ ਵਿਚ ਹੀ ਯੋਗ ਸਾਧਨ ਅਤੇ ਹੈਲਥ ਸੈਂਟਰ ਦਾ ਕਾਰੋਬਾਰ ਹੋਣ ਕਾਰਨ ਮੈਂ ਕਿਸੇ ਵੀ ਲੇਖਕ ਦੀ ਮੁਲਾਕਾਤ ਕਰਨ ਉਸ ਦੇ ਘਰ ਨਹੀਂ ਸਾਂ ਜਾ ਸਕਦੀ। ਭੰਡਾਰੀ ਜਾਣੂ/ਮਿੱਤਰ ਵੀ ਸੀ, ਰਹਿੰਦਾ ਵੀ ਨੇੜੇ ਹੀ ਸੀ ਅਤੇ ਮੇਰੇ ਘਰ ਆਪ ਆਉਣ ਦੀ ਉਸ ਲਈ ਕੋਈ ਸਮੱਸਿਆ ਵੀ ਨਹੀਂ ਸੀ। ਉਹ ਨਿਸ਼ਚਿਤ ਦਿਨ ਅਤੇ ਸਮੇਂ ਅਨੁਸਾਰ ਸਣੇ ਆਪਣੀਆਂ ਕਿਤਾਬਾਂ ਦੇ ਹਾਜ਼ਰ ਹੋ ਗਿਆ। ਗੱਲਾਂ ਸ਼ੁਰੂ ਹੋਈਆਂ। ਨਾਲੋ-ਨਾਲ ਡਾਇਰੀ ਵਿਚ ਨੋਟ ਕਰਨ ਲਈ ਪੈੱਨ ਮੇਰੇ ਹੱਥ ਵਿਚ ਸੀ।

“ਇਹ ਕੀ ਬਾਬੇ ਆਦਮ ਦੇ ਵੇਲੇ ਦਾ ਪੈੱਨ ਫੜੀ ਫਿਰਦੀ ਏਂ? ਅੱਜ ਕੱਲ੍ਹ ਕੌਣ ਇਸਤੇਮਾਲ ਕਰਦੈ?” ਹਾਲੇ ਤਕ ਮੈਂ ਆਪਣੇ ਵਿਦਿਆਰਥੀ ਵੇਲਿਆਂ ਦਾ ਪੈੱਨ ਹੀ ਇਸਤੇਮਾਲ ਕਰ ਰਹੀ ਸਾਂ, ਪੈੱਨ ਵਿਚਲੀ ਰਬੜ ਦੀ ਟਿਊਬ ਵਿਚ ਸਵੈਨ-ਸਿਆਹੀ ਭਰ ਕੇ।

“ਕੀ ਕਰਾਂ, ਮੇਰੇ ਨਾ ਲਿਖ ਸਕਣ ਦਾ ਇਕ ਕਾਰਨ ਇਹ ਅੱਜ ਕੱਲ੍ਹ ਦੇ ਪੈੱਨ ਵੀ ਹਨ, ਹੱਥ 'ਤੇ ਚੜ੍ਹਦੇ ਹੀ ਨਹੀਂ। ਬੜਾ ਭੈੜਾ ਲਗਦਾ ਹੈ ਮੈਨੂੰ ਇਨ੍ਹਾਂ ਨਾਲ ਲਿਖਿਆ ਹੋਇਆ ਆਪਣਾ ਦਸਤਖ਼ਤ। ਧੁੜਕੂ ਵੀ ਲਗਿਆ ਰਹਿੰਦਾ ਹੈ ਕਿ ਕਿਧਰੇ ਅੱਧ-ਵਿਚਾਲੇ ਹੀ ਸਿਆਹੀ ਨਾ ਮੁੱਕ ਜਾਵੇ।”

“ਤੂੰ ਮਾਈਕ੍ਰੋਟਿਪ ਪੈੱਨ ਵਰਤਿਆ ਕਰ, ਐਹੋ ਜਿਹਾ।” ਭੰਡਾਰੀ ਨੇ ਆਪਣੀ ਜੇਬ੍ਹ ਵਿਚੋਂ ਚਿੱਟੇ ਰੰਗ ਦਾ ਪੈੱਨ ਵਿਖਾਂਦਿਆਂ ਆਖਿਆ।

“ਇਹ ਤਾਂ ਬੜਾ ਬਕਵਾਸ ਏ। ਮੈਂ ਇਹ ਵੀ ਟ੍ਰਾਈ ਕਰ ਚੁੱਕੀ ਹਾਂ। ਬੜੀ ਜਲਦੀ ਖਰਾਬ ਹੋ ਜਾਂਦਾ ਏ।”

“ਕੌਣ ਕਹਿੰਦੈ। ਪੂਰੇ ਸੱਤਰ ਸਫ਼ੇ ਲਿਖ ਹੋ ਜਾਂਦੇ ਨੇ ਜੇ ਇਕ ਵੇਰਾਂ ਸਿਆਹੀ ਭਰੀ ਹੋਵੇ ਤਾਂ।”

“ਸੱਤਰ ਭੰਡਾਰੀ ਦਾ ਮਨਭਾਉਂਦਾ ਅੰਕੜਾ ਹੈ। ਸੱਤਰ ਬੰਦੇ ਉਹਦੀ ਕਹਾਣੀ ਦੀ ਸਿਫ਼ਤ ਕਰਦੇ ਨੇ। ਭੰਡਾਰੀ ਦੀ ਕੋਈ ਰਚਨਾ, ਅਨੁਵਾਦ ਜਾਂ ਰੇਖਾ ਚਿਤਰ ਕਿਸੇ ਅਖ਼ਬਾਰ ਜਾਂ ਰਿਸਾਲੇ ਵਿਚ ਛਪੇ ਤਾਂ ਉਹਨੂੰ ਉਸ ਦਿਨ ਸਹੀ ਸੱਤਰ ਫੋਨ ਆਉਂਦੇ ਨੇ।

“ਮੈਂ ਤਾਂ ਮਾਈਕ੍ਰੋਟਿਪ ਪੈੱਨ ਨਾਲ ਕਦੇ ਸਤਾਰਾਂ ਸਫ਼ੇ ਵੀ ਨਹੀਂ ਲਿਖ ਸਕੀ।”

“ਹੱਛਾ ਪੈੱਨ ਤੈਨੂੰ ਮੈਂ ਦਿਆਂਗਾ। ਉਸ ਨਾਲ ਲਿਖੀਂ ਤੂੰ ਮੇਰੀ ਮੁਲਾਕਾਤ।”

ਰਲ ਕੇ ਬਹਿਣਾ। ਕਦੇ ਦੁਪਹਿਰ ਦੇ ਖਾਣੇ 'ਤੇ ਅਤੇ ਕਦੇ ਚਾਹ ਉਤੇ। ਗੱਲਾਂ ਗੱਲਾਂ ਤੇ ਗੱਲਾਂ ਵਿਚੋਂ ਗੱਲਾਂ। ਦੋ ਤਿੰਨ ਮਿਲਣੀਆਂ 'ਤੇ ਮੁਲਾਕਾਤ ਤਿਆਰ ਹੋ ਗਈ। 'ਥੋੜ੍ਹੇ ਨੂੰ ਬਹੁਤਾ ਕਰ ਕੇ ਜਾਣਿਓਂ ਜੀ' ਫਰਵਰੀ 1990 ਵਿਚ 'ਪ੍ਰੀਤਲੜੀ' ਵਿਚ ਛਪੀ। ਮੈਨੂੰ ਇਹ ਸਿਰਲੇਖ ਪਸੰਦ ਨਹੀਂ ਸੀ, ਪਰ ਭੰਡਾਰੀ ਦਾ ਇਸੇ ਲਈ ਜ਼ੋਰ ਸੀ, ਮੈਂ ਮੰਨ ਗਈ; ਪਰ ਮਗਰੋਂ ਛਪਵਾਏ ਮੁਲਾਕਾਤਾਂ ਦੇ ਸੰਗ੍ਰਿਹ 'ਉਕਾਬ ਦੀ ਅੱਖ' ਵਿਚ ਇਹਨੂੰ 'ਥੋੜ੍ਹੇ ਚੌਲ ਵੱਡਾ ਭੰਡਾਰਾ' ਨਾਂ ਨਾਲ ਸ਼ਾਮਿਲ ਕੀਤਾ। ਭੰਡਾਰੀ ਖ਼ੁਸ਼ ਹੋਇਆ।

ਸਤਾਰਾਂ ਸੈਕਟਰ ਦੀ ਖਰੀਦਦਾਰੀ ਤੋਂ ਵਿਹਲੀ ਹੋ ਕੇ ਮੈਂ ਮੋਹਨ ਭੰਡਾਰੀ ਦੇ ਦਫ਼ਤਰ ਜਾ ਮਿਲੀ। ਉਸ ਨਾਲ ਤਾਜ਼ੀ ਤਾਜ਼ੀ ਛਪੀ ਮੁਲਾਕਾਤ ਦੇ ਦਿਨ ਸਨ। ਉਹ ਖਿੜਿਆ ਹੋਇਆ ਸੀ।

“ਅੱਜ ਦਾ ਬਿੱਲ ਤੇਰੇ ਸਿਰ।” ਕੌਫ਼ੀ ਹਾਊਸ ਵਿਚ ਦਾਖਲ ਹੁੰਦਿਆਂ ਹੀ ਭੰਡਾਰੀ ਨੇ ਕਿਹਾ।

“ਕੋਈ ਗੱਲ ਨਹੀਂ।”...ਗੱਲ ਤਾਂ ਸੀ ਵੀ, ਤੇ ਅਨੋਖੀ ਵੀ, ਮੇਰੀ ਮੁੰਬਈਆ ਦੁਨਿਆਦਾਰੀ ਦੇ ਹਿਸਾਬ ਨਾਲ; ਪਰ ਇਹ ਮਹੀਨੇ ਦਾ ਤੀਜਾ ਹਫ਼ਤਾ ਸੀ ਅਤੇ ਨੌਕਰੀ-ਪੇਸ਼ਾ ਮਿੱਤਰਾਂ ਨਾਲ ਉਠ-ਬੈਠ ਦਾ ਮੇਰਾ ਨਵਾਂ-ਨਵਾਂ ਤਜਰਬਾ ਸੀ। ਹੋਏਗੀ ਕੋਈ ਮਜਬੂਰੀ, ਮੈਂ ਸੋਚਿਆ।

ਭੰਡਾਰੀ ਨੇ ਸਾਦਾ ਡੋਸਾ ਲਿਆ ਤੇ ਮੈਂ ਉਤਪਮ। ਕੌਫ਼ੀ ਦਾ ਲੁਤਫ਼ ਲੈਂਦੇ ਸੁਣ-ਸੁਣਾ ਕੇ ਅਸੀਂ ਬਾਹਰ ਨਿਕਲੇ।

“ਹੱਛਾ ਕਾਨਾ।”

“ਹੱਛਾ ਹੱਛਾ।”

“ਭੰਡਾਰੀ ਜੀ ਪੈੱਨ?” ਮੈਂ ਵਾਅਦਾ ਯਾਦ ਕਰਾਇਆ।

“ਸਾਹਮਣੇ ਨੀਲਮ ਸਿਨੇਮੇ ਵਲੋਂ ਖੱਬੇ ਪਾਸੇ ਤੁਰਦੀ ਜਾ। ਆਖ਼ਰ ਵਿਚ ਹੈ 'ਆਜ਼ਾਦ ਹਿੰਦ ਸਟੋਰ', ਉਥੇ ਮਿਲੇਗਾ ਪੈੱਨ...।”

ਮੇਰੇ ਮੂੰਹ ਵਿਚ ਤਾਂ ਮਿਸ਼ਰੀ ਤੇ ਸੌਂਫ਼ ਸਨ, ਪਰ ਜ਼ਾਇਕਾ ਕੌੜਾ ਹੋ ਗਿਆ।

---

ਕਦੇ ਨਹੀਂ ਜਾਣਾ ਮੁੜ ਭੰਡਾਰੀ ਨੂੰ ਮਿਲਣ। ਫੋਨ ਵੀ ਨਹੀਂ ਕਰਨਾ। ਪੈੱਨ ਤਾਂ ਮਾਮੂਲੀ ਜਿਹੀ ਗੱਲ ਹੈ ਪਰ ਕੋਈ ਕੌਲ ਕਰੇ ਤੇ ਪੁਗਾਏ ਨਾ, ਤੇ ਉਹ ਵੀ ਮਿੱਤਰ ਅਤੇ ਸ੍ਰੇਸ਼ਠ ਹਸਤੀ ਹੋ ਕੇ...? ਮੈਂ ਤਾਂ ਕਦੇ ਕਿਸੇ ਕੋਲੋਂ ਕੋਈ ਤੋਹਫ਼ਾ ਨਹੀਂ ਕਬੂਲਦੀ... ਜੇ ਮਜਬੂਰੀਵਸ ਕੁਝ ਪ੍ਰਵਾਨ ਕਰਨਾ ਪੈ ਜਾਵੇ ਤਾਂ ਜਦ ਤਕ ਕਿਸੇ ਨਾ ਕਿਸੇ ਪੱਜ ਮੋੜਵਾਂ ਕੁਝ ਭੇਟਾ ਨਾ ਕਰ ਦਿਆਂ, ਤਸੱਲੀ ਨਹੀਂ ਹੁੰਦੀ, ਪਰ ਇਹ ਤਾਂ ਵਾਅਦਾ ਸੀ, ਬਚਨ। ਤੇ ਬਚਨ ਤਾਂ ਸ਼ਬਦ ਨੇ ਮੇਰੇ ਲਈ, ਤੇ ਸ਼ਬਦ ਹੀ ਰੱਬ! ਬਸ... ਮੈਂ ਪੱਕੀ ਧਾਰ ਲਈ...ਲੰਘ ਗਏ ਕੁਝ ਦਿਨ ਤੇ ਮਹੀਨੇ ਵੀ, ਤੇ ਫਿਰ ਇਕ ਦਿਨ...ਅੰਤਾਂ ਦੀ ਬਾਰਿਸ਼ ਸੀ। ਟੁੱਟਦੀਆਂ ਜੁਲਾਈਆਂ। ਮੈਂ ਕਿਧਰੋਂ ਸ਼ਾਮੀ ਘਰ ਪਰਤੀ। ਜੰਦਰਾ ਖੋਲ੍ਹਣ ਲੱਗੀ। ਜੰਦਰੇ ਵਿਚ ਚਿੱਟ ਸੀ: 'ਕਹਿਰਾਂ ਦੀ ਬਾਰਸ਼ ਵਿਚ ਗੋਡੇ-ਗੋਡੇ ਪਾਣੀ ਲੰਘ ਕੇ ਆਇਆਂ। ਤੁਸੀਂ ਨਹੀਂ ਮਿਲੇ। ਕੱਲ੍ਹ ਤੁਸਾਂ ਪੁੱਜਣਾ ਹੈ ਮੇਰੇ ਗ਼ਰੀਬਖ਼ਾਨੇ ਰਾਤੀਂ ਖਾਣੇ 'ਤੇ, ਸਣੇ ਬੇਟੇ ਦੀਪੀ ਦੇ। ਜ਼ਰੂਰ।' -ਮੋਹਨ

ਮੂਸਲਾਧਾਰ ਬਾਰਿਸ਼ ਵਿਚ ਉਹ ਆਇਆ ਸੀ। ਆਪ ਸੱਦਾ ਦੇਣ। ਫੋਨ ਵੀ ਤਾਂ ਕਰ ਸਕਦਾ ਸੀ...ਹੁਣ ਮੈਂ ਜਾਏ ਬਿਨਾਂ ਰਹਿ ਸਕਦੀ ਸਾਂ?

ਖਾਣੇ ਉਤੇ ਹਾਜ਼ਰ ਸਨ ਐਨ.ਐਸ. ਰਤਨ, ਰਘਬੀਰ ਸਿੰਘ ਸਿਰਜਣਾ, ਹਰਭਜਨ ਹਲਵਾਰਵੀ ਅਤੇ ਜਸਬੀਰ ਭੁੱਲਰ ਵੀ। ਸਾਰੇ ਦੇ ਸਾਰੇ ਸਣੇ ਪਤਨੀਆਂ ਦੇ। ਉਦੋਂ ਹੀ ਹਰਿੰਦਰ ਮਹਿਬੂਬ ਨੂੰ ਐਵਾਰਡ ਮਿਲਣ ਦੀ ਖ਼ਬਰ ਮਿਲੀ ਸੀ।

ਮੀਟ-ਮੁਰਗਾ, ਪੁਲਾਉ, ਦਹੀਂ-ਭੱਲੇ, ਮਿਠਾਈ ਅਤੇ ਦਾਰੂ ਵੀ। ਦਿਲ ਖੋਲ੍ਹ ਕੇ ਖ਼ਰਚ ਕੀਤਾ ਸੀ ਮੋਹਨ ਭੰਡਾਰੀ ਨੇ, ਤੇ ਤਰੱਦਦ ਕੀਤਾ ਸੀ ਹਸੂੰ-ਹਸੂੰ ਕਰਦੀ ਮੋਹਨ ਦੀ ਪਤਨੀ ਨਿਰਮਲ ਨੇ। ਆਪੋ-ਆਪਣੀ ਥਾਂ 'ਤੇ ਸਾਰੇ ਹੀ ਮੁੱਖ ਮਹਿਮਾਨ ਸਨ, ਮੇਰੇ ਸਮੇਤ। ਇਸ ਮੁਲਾਕਾਤ ਤੋਂ ਬਾਅਦ ਭੰਡਾਰੀ ਨੇ ਪ੍ਰੇਮ ਪ੍ਰਕਾਸ਼ ਦੀ ਮੁਲਾਕਾਤ ਕਰਨ ਲਈ ਅਕਸਰ ਕਹਿਣਾ।

"ਮੈਂ ਉਨ੍ਹਾਂ ਨੂੰ ਹਾਲੇ ਤਕ ਮਿਲੀ ਨਹੀਂ। ਨਾਲੇ ਕੰਮ-ਕਾਜ ਦੇ ਰੁਝੇਵਿਆਂ ਕਾਰਨ ਜਲੰਧਰ ਵੀ ਨਹੀਂ ਜਾ ਸਕਦੀ।"

"ਉਹ ਆਪ ਆ ਜੂਗਾ। ਹੁਣ ਤਾਂ ਰਿਟਾਇਰ ਹੋ ਗਿਐ, ਵਿਹਲੈ।"

ਭੰਡਾਰੀ ਨੇ ਇਕ ਪਾਸੇ ਮੈਨੂੰ ਮੁਲਾਕਾਤ ਕਰਨ 'ਤੇ ਜ਼ੋਰ ਦਿੱਤਾ, ਦੂਜੇ ਪਾਸੇ ਪ੍ਰੇਮ ਪ੍ਰਕਾਸ਼ ਨੂੰ ਕਿਤਾਬਾਂ ਭੇਜਣ ਲਈ ਆਖਿਆ।

"ਬਸ ਲਗਦੇ ਹੱਥ ਸੱਤ ਚੋਣਵੇਂ ਸਾਹਿਤਕਾਰਾਂ ਦੀਆਂ ਮੁਲਾਕਾਤਾਂ ਕਰ ਕੇ ਕਿਤਾਬ ਛਾਪ ਦੇ।"

"ਕਿਹੜੇ ਕਿਹੜੇ ਕਹਾਣੀਕਾਰ ਚੁਣਾਂ?"

ਮੋਹਨ ਭੰਡਾਰੀ ਨੇ ਆਪਣੇ ਅਤੇ ਪ੍ਰੇਮ ਪ੍ਰਕਾਸ਼ ਤੋਂ ਇਲਾਵਾ ਚਾਰ ਪੰਜ ਨਾਂ ਹੋਰ ਦੱਸੇ।

ਮੇਰੇ ਘਰ ਦੇ ਨੇੜੇ ਹੀ ਰਹਿੰਦਾ ਇਕ ਚੰਗਾ ਅਤੇ ਬਾਹਲਾ ਲਿਖਣ ਵਾਲਾ ਕਹਾਣੀਕਾਰ ਅਸਾਂ ਦੁਹਾਂ ਦੇ ਮੂੰਹ-ਤੂੰਹ ਲੱਗਣ ਵਾਲਾ ਹੈ। ਮੈਂ ਉਸ ਬਾਰੇ ਪੁੱਛਿਆ।

"ਉਹ ਵੀ ਕੋਈ ਕਹਾਣੀਕਾਰ ਹੈ?" ਭੰਡਾਰੀ ਦਾ ਜੁਆਬ ਸੀ।

ਬਾਅਦ ਵਿਚ ਉਸ ਕਹਾਣੀਕਾਰ ਦੀਆਂ ਕੁਝ ਕਹਾਣੀਆਂ ਮੈਂ ਮਾਸਿਕ ਪੱਤਰਾਂ ਵਿਚ ਪੜ੍ਹੀਆਂ। ਮੈਂ ਉਹਨੂੰ ਹੋਰ ਪੜ੍ਹਨ ਲਈ ਉਤਸੁਕ ਹੋਈ। ਉਹਦੀ ਚਰਚਿਤ ਕਹਾਣੀਆਂ ਦੀ ਪੁਸਤਕ ਪੜ੍ਹਨੀ ਸ਼ੁਰੂ ਕੀਤੀ। ਮੁੱਖ ਸ਼ਬਦ ਭੰਡਾਰੀ ਦੇ ਸਨ: ... ਕਾਸ਼ ਮੈਂ ਵੀ ਇਹੋ ਜਿਹੀ ਕਹਾਣੀ ਲਿਖ ਸਕਾਂ...!"

ਸੰਪਰਕ ਵਿਚ ਆਏ ਸ੍ਰੋਮਣੀ ਸਾਹਿਤਕਾਰਾਂ ਵਿਚੋਂ ਭੰਡਾਰੀ ਮੇਰਾ ਕਰੀਬੀ ਦੋਸਤ ਹੈ। ਕਾਰਨ ਹੈ, ਭੰਡਾਰੀ ਦਾ ਵਧੀਆ ਸਰੋਤਾਪਣ। ਉਸ ਵਿਚ ਜਗਿਆਸਾ ਤਾਂ ਹੈ ਹੀ ਪਰ ਧੀਰਜ ਉਸ ਤੋਂ ਵੀ ਵੱਧ ਹੈ। ਉਸ ਵਿਚ ਬੰਦੇ ਨੂੰ ਹਰ ਪਾਸਿਉਂ ਘੋਖਣ-ਪਰਖਣ ਅਤੇ ਉਸ ਦੇ ਅੰਦਰਲੇ ਸੱਚ ਨੂੰ ਤਹਿ-ਦਰ-ਤਹਿ ਜਾਣਨ ਅਤੇ ਸਮਝਣ ਦੀ ਲਗਨ ਹੈ।

ਇਕ ਕੰਨ ਆਪਣੇ ਕੰਨ 'ਤੇ ਧਰ ਕੇ ਦੂਜਾ ਕੰਨ ਤੁਹਾਡੇ ਵਲ ਝੁਕਾਉਂਦਾ, ਨੀਝ ਨਾਲ ਤੁਹਾਡੀ ਅੱਖ ਵਿਚ ਅੱਖ ਪਾ ਕੇ ਵੇਖਦਾ ਅਤੇ ਧਿਆਨ ਨਾਲ ਸੁਣਦਾ ਭੰਡਾਰੀ ਤੁਹਾਡੇ ਅੰਦਰ ਦੇ ਬੰਦੇ ਤਕ ਪੁੱਜਣ ਦੀ ਪੂਰੀ ਕੋਸ਼ਿਸ਼ ਕਰਦਾ ਹੈ।

ਭੰਡਾਰੀ ਨਾਲ ਕੀਤੀ ਗੱਲ ਮਾਨੋ ਖੂਹ ਵਿਚ ਸੁੱਟੀ। ਤੁਸੀਂ ਆਪਣਾ ਭੇਤ ਭਾਵੇਂ ਹੋਰ ਕਿਸੇ ਅੱਗੇ ਖੋਲ੍ਹ ਦਿਉ, ਭੰਡਾਰੀ ਨੇ ਨਹੀਂ ਖੋਲ੍ਹਣਾ। ਉਸ ਨਾਲ ਰੁੱਸ ਜਾਵੋ ਤਾਂ ਵੀ ਨਹੀਂ। ਉਹਨੂੰ ਮੰਦਾ-ਚੰਗਾ ਆਖ ਲਵੋ, ਤਾਂ ਵੀ ਨਹੀਂ।

"ਤੂੰ ਫਲਾਣੇ ਨਾਲ ਕਿਉਂ ਬੋਲਣਾ ਬੰਦ ਕਰ ਦਿੱਤਾ?" ਇਹ ਭੰਡਾਰੀ ਹੀ ਮੈਥੋਂ ਪੁੱਛ ਸਕਦਾ ਹੈ।

"ਉਹ ਲੇਖਕ ਇਕ ਦਿਨ ਪੀ ਕੇ ਆ ਗਿਆ ਮੇਰੇ ਘਰ। ਮੇਰਾ ਘਰ ਤਾਂ ਮੰਦਰ ਹੈ, ਗੁਰਦੁਆਰਾ। ਲੋਕੀਂ ਆਪਣੀਆਂ ਨੂੰਹਾਂ-ਧੀਆਂ ਭੇਜਦੇ ਨੇ ਮੇਰੇ ਕੋਲ ਯੋਗ ਸਿੱਖਣ। ਮੇਰਾ ਆਂਢ-ਗੁਆਂਢ ਹੈ, ਭਾਈਚਾਰਾ। ਕੋਈ ਸਹੁੰ ਨਹੀਂ ਚੁੱਕਦਾ ਮੇਰੀ, ਤੇ ਉਹ ਸ਼ਰਾਬੀ ਹੋਇਆ ਆ ਵੜਿਆ। ਨਾ ਮੈਂ ਆਪ ਪੀਵਾਂ, ਤੇ ਨਾ ਮੇਰੇ ਪੇਕੇ-ਸਹੁਰਿਆਂ ਦਾ ਸ਼ਰਾਬੀ ਸਭਿਆਚਾਰ। ਮੇਰਾ ਪਤੀ ਵੀ ਸੋਫ਼ੀ ਸੀ। ਸਖ਼ਤ ਨਫ਼ਰਤ ਹੈ ਮੈਨੂੰ ਸ਼ਰਾਬ ਤੋਂ ਅਤੇ ਉਸ ਤੋਂ ਵੀ ਵੱਧ ਸ਼ਰਾਬੀ ਤੋਂ। ਪਹਿਲਾਂ ਪਤਾ ਹੁੰਦਾ ਤਾਂ ਮੈਂ ਬੂਹਾ ਈ ਨਾ ਖੋਲ੍ਹਦੀ।" ਭੰਡਾਰੀ ਦੇ ਸੁਆਲ ਦੇ ਜੁਆਬ ਵਿਚ ਮੈਂ ਬੁਖਲਾ ਉਠੀ ਸਾਂ।

"ਹੌਂਛਾ ਬਾਬਾ ਸ਼ਾਂਤ ਹੋ। ਹੁਣ ਕਾਹਨੂੰ ਆਪਣਾ ਮੂਡ ਖ਼ਰਾਬ ਕਰਦੀ ਏਂ।" ਉਹਦੇ ਆਖਣ ਨਾਲ ਮੈਂ ਮਸਾਂ ਸ਼ਾਂਤ ਹੋਈ।

ਕੁਝ ਦਿਨ ਹੀ ਲੰਘੇ ਹੋਣਗੇ, ਸ਼ਾਮ ਦਾ ਵੇਲਾ। ਛੇ ਵਜੇ। ਮੇਰੇ ਘਰ ਦੇ ਹਾਲ ਵਿਚ, ਇਕ ਪਾਸੇ ਤੀਵੀਆਂ ਤੇ ਇਕ ਪਾਸੇ ਪੁਰਸ਼। ਕੋਈ ਤਾਲ ਆਸਨ ਜਾਂ ਯੋਗ ਮੁਦਰਾ ਦਾ ਅਭਿਆਸ ਕਰ ਰਿਹਾ, ਤੇ ਕੋਈ ਸੁੱਖ ਆਸਨ ਵਿਚ ਸ਼ਾਂਤ ਅਡੋਲ ਪਿਆ ਹੋਇਆ। ਬੈੱਲ ਵੱਜੀ।

ਇਹ ਸੀ ਭੰਡਾਰੀ...ਸ਼ਰਾਬੀ ਭੰਡਾਰੀ! ਸੂਹੀਆਂ ਅੱਖਾਂ, ਨਸ਼ੇ ਵਿਚ ਧੁੱਤ। ਮੈਨੂੰ ਤਾਂ ਜਿਵੇਂ ਸਕਤਾ ਮਾਰ ਗਿਆ ਹੋਵੇ।

"ਦੀਪੀ... ਈ... ਈ!" ਮੈਂ ਬੇਟੇ ਨੂੰ ਆਵਾਜ਼ ਦਿੱਤੀ। "ਇਨ੍ਹਾਂ ਨੂੰ ਬਸ ਸਟੈਂਡ 'ਤੇ ਛੱਡ ਆ।"

"ਸਮਝ ਗਿਆ। ਮੈਂ ਅਨਵਾਂਟਿਡ ਗੈਸਟ ਹਾਂ", ਕਹਿੰਦਾ ਭੰਡਾਰੀ ਤੁਰ ਗਿਆ।

"ਕਿਧਰੇ ਕੋਈ ਹਾਦਸਾ ਨਾ ਵਾਪਰ ਜਾਵੇ", ਕਹਿੰਦਿਆਂ ਦੀਪੀ ਨੇ ਮੋਟਰ ਸਾਈਕਲ ਕੱਢੀ, ਭੰਡਾਰੀ ਨੂੰ ਪਿੱਛੇ ਬਿਠਾ ਕੇ ਘਰ ਛੱਡ ਆਇਆ।

ਆਉਂਦੀਆਂ ਸਾਹਿਤਕ ਮਿਲਣੀਆਂ ਵਿਚ ਮੈਂ ਮੋਹਨ ਭੰਡਾਰੀ ਤੋਂ ਕੰਨ ਕਤਰਾਉਣ ਲੱਗੀ। ਉਸ ਵੀ ਵਿੱਥ ਪਾਰ ਨਾ ਕੀਤੀ। ਕੁਝ ਮਹੀਨਿਆਂ ਮਗਰੋਂ ਕਲਾ ਭਵਨ ਵਿਖੇ ਪੰਜਾਬ ਸਾਹਿਤ ਅਕਾਦਮੀ ਦੇ ਇਸਤਰੀ ਕਹਾਣੀ ਦਰਬਾਰ ਵਿਚ ਮੈਥੋਂ ਇਲਾਵਾ ਤਿੰਨ ਹੋਰ ਕਹਾਣੀਕਾਰਾਂ ਨੇ ਵੀ ਸ਼ਿਰਕਤ ਕਰਨੀ ਸੀ। ਦੋ ਕਹਾਣੀਕਾਰਾਂ ਮਗਰੋਂ ਮੇਰੀ ਵਾਰੀ ਆਈ। ਮੈਂ 'ਭੂੰਗ' ਦਾ ਪਾਠ ਸ਼ੁਰੂ ਕੀਤਾ। ਭੰਡਾਰੀ ਉਸੇ ਵੇਲੇ ਬਾਹਰ ਚਲਾ ਗਿਆ। 'ਉਹਨੂੰ ਸਿਗਰਟ ਦੀ ਤਲਬ ਲੱਗੀ ਹੋਣੀ ਹੈ, ਆ ਜਾਵੇਗਾ', ਮੈਂ ਸੋਚਿਆ।

ਸਾਰੇ ਪਾਠ ਦੌਰਾਨ ਉਹ ਬਾਹਰ ਹੀ ਰਿਹਾ। ਪੜ੍ਹੀਆਂ ਗਈਆਂ ਸਭ ਕਹਾਣੀਆਂ ਮਗਰੋਂ ਭੰਡਾਰੀ ਸਰੋਤਿਆਂ ਨੂੰ ਮੁਖਾਤਬ ਹੋਇਆ। ਉਹਨੇ ਕਿਉਂਕਿ ਮੇਰੀ ਕਹਾਣੀ ਨਹੀਂ ਸੀ ਸੁਣੀ, ਇਸ ਲਈ 'ਭੂੰਗ' ਬਾਰੇ ਉਹ ਕੋਈ ਟਿੱਪਣੀ ਨਹੀਂ ਕਰੇਗਾ, ਭੰਡਾਰੀ ਦੇ ਸ਼ਬਦ ਸਨ। ਉਂਜ, ਉਹ ਪਹਿਲਾਂ ਮੇਰੀ ਕਹਾਣੀ-ਪੜ੍ਹ-ਸੁਲਾਹ ਵੀ ਚੁੱਕਾ ਸੀ, ਅਰ ਮੇਰੇ ਮੂੰਹੋਂ ਮੇਰੇ ਘਰ ਬੈਠ ਕੇ ਸੁਣ ਚੁੱਕਾ ਸੀ।

ਪੰਦਰਾਂ-ਵੀਹ ਦਿਨਾਂ ਦੇ ਵਕਫ਼ੇ ਮਗਰੋਂ ਮੈਂ ਦਿੱਲੀ ਆਲਮੀ ਪੰਜਾਬੀ ਕਾਨਫ਼ਰੰਸ ਵਿਚ ਸ਼ਾਮਿਲ ਹੋਣ ਗਈ। ਵਾਪਸ ਪਰਤੀ। ਭੰਡਾਰੀ ਦਾ ਫੋਨ ਆਇਆ, "ਕੀਕੂੰ ਰਹੀ ਕਾਨਫ਼ਰੰਸ? ਮੇਰੇ ਭਰਾ ਦੀ ਮੌਤ ਕਾਰਨ ਮੇਰੇ ਘਰ ਦਾ ਮਾਹੌਲ ਸੋਗੀ ਸੀ। ਮੈਂ ਨਹੀਂ ਜਾ ਸਕਿਆ ਦਿੱਲੀ।"

ਮੋਹਨ ਭੰਡਾਰੀ ਮੁੜ ਮੋਹਨ ਸੀ, ਨਿੰਘਾ ਤੇ ਨਿਰਮਲ। ਮੈਂ ਵੀ ਸਭ ਭੁਲ-ਭੁਲਾ ਗਈ।

ਪੰਜਾਬੀ ਲੇਖਕ ਸਭਾ ਵਲੋਂ ਸਾਲਾਨਾ ਕਹਾਣੀ ਦਰਬਾਰ ਦੀ ਰੂਪ ਰੇਖਾ ਘੜਨ ਲਈ ਕਾਰਜਕਾਰਨੀ ਸਭਾ ਦੀ ਮੀਟਿੰਗ ਬੁਲਾਈ ਗਈ। ਭੰਡਾਰੀ ਤੇ ਮੈਂ, ਦੋਵੇਂ ਹੀ ਹਾਜ਼ਰ ਸਾਂ। ਭੰਡਾਰੀ ਦਾ ਕਹਿਣਾ ਸੀ ਕਿ ਹਮੇਸ਼ਾਂ ਕਵੀ ਦਰਬਾਰਾਂ ਉਤੇ ਵੱਧ ਖ਼ਰਚ ਕੀਤਾ ਜਾਂਦਾ ਹੈ, ਤੇ ਕਹਾਣੀ ਦਰਬਾਰਾਂ 'ਤੇ ਘੱਟ। ਇਸ ਲਈ ਕਹਾਣੀਆਂ ਪੜ੍ਹਨ ਲਈ ਘੱਟੋ-ਘੱਟ ਛੇ ਕਹਾਣੀਕਾਰ ਬੁਲਾਏ ਜਾਣ। ਕਹਾਣੀ ਦਰਬਾਰ ਦੋ ਦਿਨ ਚੱਲੇ। ਪਹਿਲੇ ਦੌਰ ਵਿਚ ਕਹਾਣੀਆਂ ਪੜ੍ਹੀਆਂ ਜਾਣ ਅਤੇ ਦੂਜੇ ਦੌਰ ਵਿਚ ਉਨ੍ਹਾਂ ਉਤੇ ਵਿਚਾਰ ਚਰਚਾ ਹੋਵੇ। ਰਾਇ ਭੰਡਾਰੀ ਦੀ ਠੀਕ ਸੀ, ਤੇ ਸਭ ਨੂੰ ਪਰਵਾਨ ਵੀ, ਲੇਕਿਨ ਦੋ ਦਿਨਾਂ ਲਈ ਕਹਾਣੀਕਾਰਾਂ ਨੂੰ ਠਹਿਰਾਣਾ ਅਤੇ ਉਨ੍ਹਾਂ ਦੀ ਮਹਿਮਾਨਨਿਵਾਜ਼ੀ ਸਭਾ ਦੇ ਵਿੱਤ ਵਿਚ ਨਹੀਂ ਸੀ। ਭੰਡਾਰੀ ਤੇ ਮੈਂ ਕਨਵੀਨਰ ਮਿਥੇ ਗਏ ਅਤੇ ਤੈਅ ਹੋਇਆ ਕਿ ਚਾਰ ਕਹਾਣੀਕਾਰ ਬੁਲਾਏ ਜਾਣੇ।

"ਘਟੋ ਘੱਟ ਇਕ ਇਸਤਰੀ ਕਹਾਣੀਕਾਰ ਜ਼ਰੂਰ ਸ਼ਾਮਿਲ ਕੀਤੀ ਜਾਵੇ।" ਮੇਰਾ ਵਿਚਾਰ ਸੀ।

ਪਰ ਕੌਣ ਆਵੇ? ਅਜੀਤ ਕੌਰ ਤਾਂ ਆਉਂਦੀ ਨਹੀਂ। ਸਭ ਨੇ ਕਿਹਾ।

ਭੰਡਾਰੀ ਨੇ ਮੇਰਾ ਨਾਂ ਤਜਵੀਜ਼ ਕਰ ਦਿੱਤਾ।

"ਅਹੁਦੇਦਾਰਾਂ ਨੂੰ ਆਪ ਹਿੱਸਾ ਨਹੀਂ ਲੈਣਾ ਚਾਹੀਦਾ।" ਮੇਰਾ ਮਤ ਸੀ, "ਨਾਲੇ ਮੈਂ ਆਪਣੇ ਆਪ ਨੂੰ ਸਥਾਪਤ ਕਹਾਣੀਕਾਰ ਨਹੀਂ ਸਮਝਦੀ।"

"ਕਿਉਂ ਨਹੀਂ ਸਮਝਦੀ ਤੂੰ? ਕੋਈ ਲਿਖ ਕੇ ਤਾਂ ਵਿਖਾਵੇ 'ਖ਼ੁਸ਼ਬੂ' ਅਤੇ 'ਮਾਰੀਆ' ਵਰਗੀਆਂ ਕਹਾਣੀਆਂ!" ਭੰਡਾਰੀ ਦੇ ਸ਼ਬਦ ਸਨ।

ਮੇਰੇ ਪੱਕੇ ਇਨਕਾਰ 'ਤੇ ਭੰਡਾਰੀ ਇਸ ਗੱਲ 'ਤੇ ਆਇਆ ਕਿ ਪਹਿਲਾਂ ਅਜੀਤ ਕੌਰ ਨੂੰ ਬੁਲਾਵਾਂਗੇ। ਜੇ ਉਹ ਰਾਜ਼ੀ ਨਹੀਂ ਹੋਈ ਤਾਂ ਫਿਰ ਕੋਈ ਹੋਰ ਇਸਤਰੀ ਕਹਾਣੀਕਾਰ ਸੱਦਾਂਗੇ।

ਕਹਾਣੀ ਦਰਬਾਰ ਤੋਂ ਦਸ ਦਿਨ ਪਹਿਲਾਂ ਪੁੱਛਣ 'ਤੇ ਭੰਡਾਰੀ ਨੇ ਯਕੀਨ ਦਿਵਾਇਆ ਕਿ ਅਜੀਤ ਕੌਰ ਜ਼ਰੂਰ ਆਏਗੀ।

"ਪੂਰੇ ਪੰਜਾਹ ਰੁਪਏ ਖ਼ਰਚ ਕੀਤੇ ਹਨ ਮੈਂ ਐਸ.ਟੀ.ਡੀ. ਕਰ ਕੇ।" ਉਦੋਂ ਮੋਬਾਇਲ ਫੋਨ ਪ੍ਰਚਲਤ ਨਹੀਂ ਸਨ ਹੋਏ। ਚਾਰ ਦਿਨ ਪਹਿਲਾਂ ਪੁੱਛਣ 'ਤੇ ਵੀ ਭੰਡਾਰੀ ਕਹਿੰਦਾ ਸੀ ਅਜੀਤ ਕੌਰ ਆਏਗੀ। ਅਜੀਤ ਕੌਰ ਨੇ ਨਹੀਂ ਸੀ ਆਉਣਾ, ਸੋ ਨਾ ਆਈ। ਨਾ ਹੀ ਬੁਲਾਈ ਗਈ ਕੋਈ ਹੋਰ ਕਹਾਣੀਕਾਰ। ਕਹਾਣੀਆਂ ਪੜ੍ਹੀਆਂ ਮੋਹਨ ਭੰਡਾਰੀ ਤੇ ਵਰਿਆਮ ਸਿੰਘ ਸੰਧੂ ਨੇ, ਤੇ ਮਿੱਥੀ ਹੋਈ ਰਕਮ ਵੀ ਵੰਡੀ ਗਈ ਉਨ੍ਹਾਂ ਦੋਹਾਂ ਵਿਚ ਹੀ।

ਅਗਲੇਰੀ ਕਾਰਜਕਾਰਨੀ ਸਭਾ ਵਿਚ ਪਤਾ ਲੱਗਾ ਕਿ ਅਜੀਤ ਕੌਰ ਨੇ ਤਾਂ ਦੋ ਹਫ਼ਤੇ ਪਹਿਲਾਂ ਹੀ ਦੱਸ ਦਿੱਤਾ ਸੀ ਕਿ ਉਹ ਨਹੀਂ ਆਏਗੀ।

ਸ੍ਰੇਸ਼ਠ ਅਤੇ ਸੁਲਝਿਆ ਕਹਾਣੀਕਾਰ ਹੋਣ ਦੇ ਨਾਤੇ ਮੈਂ ਅਕਸਰ ਹੀ ਮੋਹਨ ਭੰਡਾਰੀ ਤੋਂ ਸੇਧ ਲੈਂਦੀ ਰਹੀ ਹਾਂ। ਜਦੋਂ ਵੀ ਮੈਂ ਉਸ ਨੂੰ ਕਿਸੇ ਨਵੀਂ ਰਚਨਾ ਦਾ ਪਾਠ ਸੁਣਨ ਘਰ ਬੁਲਾਇਆ, ਉਹ ਖਿੜੇ ਮੱਥੇ ਆਇਆ। ਪੂਰੀ ਇਕਾਗਰਤਾ ਨਾਲ ਮੈਨੂੰ ਸੁਣਿਆ ਅਤੇ ਨੇਕ ਮਸ਼ਵਰਾ ਦਿੱਤਾ।

ਭੰਡਾਰੀ ਦੀਆਂ ਕੁਝ ਨਸੀਹਤਾਂ ਮੈਂ ਪੱਲੇ ਬੰਨ੍ਹ ਲਈਆਂ ਤੇ ਸਦਾ ਜਤਨ ਕਰਦੀ ਰਹੀ ਉਨ੍ਹਾਂ 'ਤੇ ਅਮਲ ਕਰਨ ਲਈ। ਉਹਦੀ ਪਹਿਲੀ ਨਸੀਹਤ ਸੀ ਕਿ ਜੇ ਕੋਈ ਮੇਰੀ ਰਚਨਾ ਦੀ ਸਿਫ਼ਤ ਕਰੇ ਤਾਂ ਨਿਰਮਾਣਤਾ ਨਾਲ ਖਿੜੇ ਮੱਥੇ ਕਬੂਲ ਕਰ ਲਵਾਂ। ਦੂਜੇ, ਕਦੇ ਵੀ ਸਟੇਜ ਉਤੇ ਜਾਂ ਸਾਹਿਤਕ ਮਿਲਣੀ ਵਿਚ ਇਹ ਨਾ ਆਖਾਂ ਕਿ ਮੈਂ ਅਦਨੀ ਜਿਹੀ ਲੇਖਕਾ ਹਾਂ ਜੋ ਅਕਸਰ ਮੈਥੋਂ ਕਹਿ ਹੋ ਜਾਂਦਾ ਸੀ। "ਤੂੰ ਅਦਨੀ ਏਂ ਜਾਂ ਸਥਾਪਤ, ਇਹ ਵੇਖਣਾ ਅਗਲਿਆਂ ਦਾ ਕੰਮ ਹੈ, ਤੇਰਾ ਨਹੀਂ।" ਉਹਦੀ ਇਸ ਨਸੀਹਤ ਉਤੇ ਅਮਲ ਕਰਨ ਵਿਚ ਮੈਥੋਂ ਕੋਤਾਹੀ ਹੋ ਜਾਂਦੀ।

---

ਭੰਡਾਰੀ ਦਿੱਲੀ ਦੇ ਕਹਾਣੀ ਦਰਬਾਰ ਵਿਚ ਕਹਾਣੀ ਪੜ੍ਹਨ ਗਿਆ। ਉਥੇ ਉਸ ਦੀ ਜੋਤੀਦਾਰ ਦਿੱਲੀ ਦੀ ਇਕ ਕਹਾਣੀਕਾਰਾ ਸੀ ਜੋ ਮੇਰੀ ਵੀ ਜਾਣੂੰ ਸੀ। ਪਰਤ ਕੇ ਭੰਡਾਰੀ ਨੇ ਦੱਸਿਆ, ਉਹ ਦਿੱਲੀ ਦੇ ਸਰੋਤਿਆਂ 'ਤੇ ਛਾ ਗਿਆ ਸੀ। ਉਸ ਦੇ ਸ਼ਬਦਾਂ ਅਨੁਸਾਰ ਦਿੱਲੀ ਦੀ ਉਸ ਕਹਾਣੀਕਾਰਾ ਦੀ ਕਹਾਣੀ ਬੜੀ ਨਰਮ ਸੀ, ਤੇ ਉਹਦਾ ਕਹਾਣੀ ਪੜ੍ਹਨ ਦਾ ਅੰਦਾਜ਼ ਵੀ ਚੰਗਾ ਨਹੀਂ ਸੀ।

ਭੰਡਾਰੀ ਦੇ ਕਹਾਣੀ-ਪਾਠ ਦੇ ਅੰਦਾਜ਼ ਸਾਹਮਣੇ ਕਿਸੇ ਹੋਰ ਦਾ ਮੱਧਮ ਹੋਣਾ ਤਾਂ ਸਮਝ ਆਉਂਦਾ ਹੈ ਪਰ ਭੰਡਾਰੀ ਆਪ ਹੀ ਖ਼ੁਸ਼-ਖਿੜ ਕੇ ਇਸ ਦੀ ਚਰਚਾ ਕਰੇ ਅਤੇ ਉਹ ਵੀ ਉਸ ਲੇਖਕਾ ਬਾਰੇ ਜੋ ਉਸ ਦੇ ਮੁਕਾਬਲੇ ਬਹੁਤ ਘਟ ਵਜ਼ਨਦਾਰ ਹੋਵੇ, ਹੈਰਾਨੀ ਲੱਗੀ।

'ਹੁਣ' ਵਿਚ ਭੰਡਾਰੀ ਦੀ ਲੰਮੀ ਮੁਲਾਕਾਤ ਛਪੀ। ਚੰਦ ਦਿਨਾਂ ਦੇ ਵਕਫ਼ੇ 'ਤੇ ਹੀ ਪੰਜਾਬ ਬੁੱਕ ਸੈਂਟਰ ਦੇ ਇਕ ਸਮਾਗਮ 'ਤੇ ਭੰਡਾਰੀ ਆਪਣੀ



ਮੋਹਨ ਭੰਡਾਰੀ, ਰਾਣਾ ਨਈਅਰ ਤੇ ਕਹਾਣੀਕਾਰ ਪ੍ਰੇਮ ਗੋਰਖੀ।

ਮੁਲਾਕਾਤ ਦਾ ਜ਼ਿਕਰ ਕਰ ਕਰ ਕਈ ਲੇਖਕਾਂ ਨੂੰ ਆਪ ਫੜ ਫੜ ਕੇ ਆਖਦਾ ਫਿਰੇ, "ਇਥੋਂ 'ਹੁਣ' ਖ਼ਰੀਦੋ ਤੇ ਮੇਰੀ ਮੁਲਾਕਾਤ ਪੜ੍ਹੋ।" ਮੁਸਕਣੀਆਂ ਅਤੇ ਹਾਸਿਆਂ ਸਮੇਤ ਇਹ ਚਰਚਾ ਸਾਹਿਤਕ ਪਿੜ ਵਿਚ ਗਰਮ ਰਹੀ।

ਭੰਡਾਰੀ ਦੀ ਕਹਾਣੀ 'ਤੇ ਆਧਾਰਤ ਫਿਲਮ ਦੂਰਦਰਸ਼ਨ ਤੋਂ ਪ੍ਰਸਾਰਿਤ ਹੋ ਰਹੀ ਹੋਵੇ ਜਾਂ ਉਸ ਉਤੇ ਬਣੀ ਡਾਕੂਮੈਂਟਰੀ ਫਿਲਮ ਦੂਜੀ ਤੀਜੀ ਵਾਰ ਵੀ ਦੁਹਰਾਈ ਜਾਵੇ, ਉਹ ਹਰ ਵਾਰ ਲੇਖਕ ਮਿੱਤਰਾਂ ਨੂੰ ਐਨ ਵੇਲੇ ਸਿਰ ਫੋਨ ਕਰਦਾ ਹੈ ਟੀ.ਵੀ. ਚਾਲੂ ਕਰਨ ਲਈ, ਤੇ ਫਿਰ ਫੋਨ ਕਰਦਾ ਹੈ 'ਕਿੱਦਾਂ ਲੱਗੀ' ਜਾਣਨ ਲਈ। ਇਹ ਉਹੀ ਭੰਡਾਰੀ ਹੈ ਜਿਸ ਦੀ ਮੈਨੂੰ ਮੁਢਲੀ ਨਸੀਹਤ ਸੀ ਕਿ ਕਦੇ ਵੀ ਕਿਸੇ ਨੂੰ ਮੈਂ ਆਪ ਨਾ ਆਖਾਂ ਕਿ ਮੇਰੀ ਰਚਨਾ ਪੜ੍ਹੋ।

ਭੰਡਾਰੀ ਨਾਲ ਮੁਲਾਕਾਤ ਦੀ ਤਿਆਰੀ ਦੌਰਾਨ ਹੋਈਆਂ ਗੱਲਾਂ ਤੋਂ ਮੈਨੂੰ ਲੱਗਦਾ ਸੀ ਕਿ ਭੰਡਾਰੀ ਪ੍ਰੇਮ ਪ੍ਰਕਾਸ਼ ਦੀ ਕਹਾਣੀ ਕਲਾ ਦਾ ਖ਼ਾਸ ਮੁੱਦਈ ਨਹੀਂ। ਉਸ ਨੂੰ ਪ੍ਰੇਮ ਪ੍ਰਕਾਸ਼ ਵਲੋਂ ਵਰਤੇ ਗਏ ਹੱਥਕੰਡੇ ਔਖਿਆਂ ਕਰਦੇ ਸਨ ਜਿਵੇਂ ਪਾਠਕਾਂ ਤੋਂ ਵੋਟਾਂ ਪੁਆ ਕੇ ਪੁੱਛ ਕਰਾਉਣੀ ਕਿ ਕਿਹੜਾ ਕਹਾਣੀਕਾਰ ਸ੍ਰੇਸ਼ਠ ਜਾਂ ਪਹਿਲੇ ਨੰਬਰ 'ਤੇ ਹੈ, ਤੇ ਕਿਹੜਾ ਦੂਜੇ, ਤੀਜੇ 'ਤੇ। ਇਹ ਕਦੋਂ ਤੇ ਕਿਵੇਂ ਹੋਇਆ, ਮੈਨੂੰ ਨਹੀਂ ਪਤਾ। ਘਟੋ-ਘੱਟ ਮੇਰੇ ਪੰਜਾਬ ਆਉਣ (1986) ਤੋਂ ਪਹਿਲਾਂ ਹੀ ਹੋਇਆ ਹੋਵੇਗਾ। ਮੈਂ ਉਦੋਂ ਤਕ ਪ੍ਰੇਮ ਪ੍ਰਕਾਸ਼, ਕੁਲਵੰਤ ਸਿੰਘ ਵਿਰਕ, ਸੰਤੋਖ ਸਿੰਘ ਧੀਰ, ਗੁਲਜ਼ਾਰ ਸਿੰਘ ਸੰਧੂ ਜਾਂ ਭੰਡਾਰੀ, ਕਿਸੇ ਨੂੰ ਵੀ ਨਹੀਂ ਸੀ ਮਿਲੀ।

ਮੇਰੇ ਜਵਾਨੀ ਵੇਲੇ ਮੇਰੀਆਂ ਪ੍ਰਕਾਸ਼ਤ ਹੋ ਰਹੀਆਂ ਰਚਨਾਵਾਂ ਦੇ ਵੇਲਿਆਂ ਵਿਚ ਸੰਤੋਖ ਸਿੰਘ ਧੀਰ ਤੋਂ ਸਿਵਾ ਮੇਰਾ ਸਮਕਾਲੀ ਪ੍ਰੇਮ ਪ੍ਰਕਾਸ਼ 'ਖੰਨਵੀ' ਸੀ, ਤੇ ਕਵੀ ਜਗਤਾਰ 'ਪਪੀਹਾ' ਵੀ। ਕਹਾਣੀਕਾਰ ਪ੍ਰੇਮ ਪ੍ਰਕਾਸ਼ ਅਤੇ ਗ਼ਜ਼ਲਗੋ ਜਗਤਾਰ ਉਹੀ ਹਨ, ਮੈਨੂੰ ਨਹੀਂ ਸੀ ਪਤਾ।

ਪ੍ਰੇਮ ਪ੍ਰਕਾਸ਼ ਨੂੰ ਪਹਿਲੀ ਵੇਰਾਂ ਮੈਂ ਮੇਜਰ ਪਿਆਰਾ ਸਿੰਘ ਵਲੋਂ ਉਸ ਦੇ ਚੰਡੀਗੜ੍ਹ ਕਲਾ ਮੰਦਰ, ਕੰਡਿਆਲਾ ਵਿਖੇ ਕਹਾਣੀ ਦਰਬਾਰ ਵਿਚ ਤਕਿਆ। ਉਸ ਨੇ ਉਥੇ ਆਪਣੀ ਕਹਾਣੀ 'ਕਾਨ੍ਹੀ' ਪੜ੍ਹੀ ਜਿਸ ਦੀ ਮੋਹਨ ਭੰਡਾਰੀ ਨੇ ਕਰੜੀ ਆਲੋਚਨਾ ਕੀਤੀ। ਜਦੋਂ ਪ੍ਰੇਮ ਪ੍ਰਕਾਸ਼ ਨਾਲ ਗੁਫ਼ਤਗੂ ਦਾ ਸੰਬਬ ਬਣਿਆ, ਤਾਂ ਪੰਜਾਬੀ ਕਹਾਣੀਕਾਰਾਂ ਦੇ ਪ੍ਰਸੰਗ ਵਿਚ ਮੇਰੇ ਕੀਤੇ ਸੁਆਲਾਂ ਦੇ ਜੁਆਬ ਵਿਚ ਪ੍ਰੇਮ ਪ੍ਰਕਾਸ਼ ਵੀ ਮੋਹਨ ਭੰਡਾਰੀ ਦੀ ਕਹਾਣੀ ਨੂੰ ਅਣਗੌਲਦਾ ਜਾਪਿਆ। ਮੈਨੂੰ ਦੋਵੇਂ ਹੀ ਇਕ ਦੂਜੇ ਦੇ ਜ਼ਿਹਨ ਵਿਚ ਫਸੇ ਲੱਗੇ। ਮਗਰੋਂ ਛੇਤੀ ਹੀ ਪ੍ਰੇਮ ਪ੍ਰਕਾਸ਼ ਨੂੰ ਸਾਹਿਤ ਅਕਾਦਮੀ ਦਾ ਐਵਾਰਡ ਮਿਲ ਗਿਆ। ਹੁਣ ਭੰਡਾਰੀ ਦੇ ਜ਼ਿਕਰ 'ਤੇ ਪ੍ਰੇਮ ਪ੍ਰਕਾਸ਼ ਦਾ ਅਲਗਾਵ ਕੁਝ ਮਨਫ਼ੀ ਹੁੰਦਾ ਜਾਪਿਆ। ਵਕਤ ਪਾ ਕੇ ਭੰਡਾਰੀ ਵੀ ਐਵਾਰਡ ਪਖੋਂ ਭਰ-ਭਕੁੰਨ ਗਿਆ। ਗਾਹੇ-ਬਗਾਹੇ ਪਤਾ ਲਗਦਾ ਕਿ ਪ੍ਰਤਾਪ ਮਹਿਤਾ ਨੂੰ ਮਿਲਣ ਆਇਆ ਪ੍ਰੇਮ ਪ੍ਰਕਾਸ਼ ਦੋ ਰਾਤਾਂ ਮੋਹਨ ਭੰਡਾਰੀ ਦੇ ਘਰ ਟਿਕਿਆ ਸੀ।

ਕੁਝ 'ਲਕੀਰ' ਨੇ ਵੀ ਪ੍ਰੇਮ ਪ੍ਰਕਾਸ਼ ਦੀ ਕਾਇਆ ਕਲਪ ਕਰ ਦਿੱਤੀ।... ਲਕੀਰਾਂ ਪਤਾ ਨਹੀਂ ਹੈ ਸਨ ਜਾਂ ਨਹੀਂ ਜਾਂ ਕਿੰਨੀਆਂ ਕੁ ਲੰਮੀਆਂ-ਛੋਟੀਆਂ ਸਨ, ਪਰ ਵਕਤ ਨਾਲ ਮੱਧਮ ਤੇ ਮਿਟਦੀਆਂ ਜਾਪਣ ਲੱਗੀਆਂ।

ਹੁਣ ਅਸੀਂ ਸਾਰੇ ਮਿੱਤਰ ਰਲ ਬੈਠਦੇ ਹਾਂ। ਜੇ ਰੱਬ ਸਬੱਬੀਂ ਜਸਵੰਤ ਦੀਦ ਵੀ ਆਣ ਰਲੇ ਤਾਂ ਹੱਸ ਹੱਸ ਢਿੱਡੀਂ ਪੀੜਾਂ ਵੀ ਪੈਣ ਲਗਦੀਆਂ ਹਨ। ਹੁਣ ਸਾਡੇ ਕੋਲ ਹੈ ਵੀ ਕੀ ਹੱਸਣ ਤੋਂ ਸਿਵਾ? ਅਸੀ ਹੱਸਦੇ ਹਾਂ, ਆਪਣੇ ਆਪ 'ਤੇ ਅਤੇ ਇਕ ਦੂਜੇ ਵਿਚ ਘੁਲੇ ਮਿਲੇ ਆਪੇ 'ਤੇ। ਖੁਲ੍ਹ ਕੇ!

ਜੇ ਕੋਈ ਨਵਾਂ ਉਭਰ ਰਿਹਾ ਕਵੀ, ਲੇਖਕ ਜਾਂ ਕਹਾਣੀਕਾਰ ਸਾਹਿਤ ਜਗਤ ਵਿਚ ਨਵੀਂ ਵਹੁਟੀ ਵਾਂਗ ਪ੍ਰਵੇਸ਼ ਕਰਦਾ ਹੈ ਤਾਂ ਮੋਹਨ ਭੰਡਾਰੀ ਸਥਾਪਤ ਲੇਖਕ ਪਰਿਵਾਰ ਵਿਚ ਉਸ ਦੀ ਮੀਜ਼ਾ ਪੁਆਉਣ ਵਾਲੀ ਸੱਸ ਸਮਝੋ। ਉਹਨੇ ਸਾਹਿਤਕ ਇਕੱਠਾਂ ਵਿਚ ਵੀ ਤਾਲਮੇਲ ਰੱਖਣਾ ਹੁੰਦਾ ਹੈ ਅਤੇ ਨਵਿਆਂ ਨੂੰ ਹੱਲਾਸ਼ੇਰੀ ਵੀ ਦੇਣੀ ਹੁੰਦੀ ਹੈ, "ਕੋਈ ਨਾ... ਹਾਲੇ ਨਵੀਂ ਹੈ ਬਈ, ਵਕਤ ਦਿਉ, ਥਾਪੜਾ ਦਿਉ, ਹੌਸਲਾ ਅਫ਼ਜ਼ਾਈ ਕਰੋ, ਹੋ ਜਾਏਗੀ ਹੁਸ਼ਿਆਰ।"...ਤੇ ਦੂਜੇ ਪਾਸੇ, "ਤੂੰ ਤੁਰੀ ਜਾ ਆਪਣੀ ਤੋਰੇ, ਲਿਖੀ ਜਾ ਬਿਨਾਂ ਕਿਸੇ ਦੇ ਕਿੰਤੂ-ਪ੍ਰੰਤੂ ਵਲ ਧਿਆਨ ਦਿੱਤੇ, ਰੱਬ ਭਲੀ ਕਰੇਗਾ...!"

ਨਸੀਹਤਾਂ ਦਿੰਦਾ ਭੰਡਾਰੀ ਦੋਹਾਂ ਧਿਰਾਂ ਦਾ ਸਕਾ-ਵਿਚੋਲਾ ਹੁੰਦਾ ਹੈ। ਹਾਂ, ਜਿਹੜੀ ਧਿਰ ਉਹਦੀ 'ਦਵਾ ਦਾਰੂ' ਦਾ ਵੀ ਪ੍ਰਬੰਧ ਕਰ ਦੇਵੇ, ਉਸ ਦਾ ਬਾਹਲਾ ਸਕਾ।

ਬਜ਼ੁਰਗਾਂ, ਵਡੇਰਿਆਂ ਨੂੰ ਆਮ ਕਰ ਕੇ ਅਣਗੌਲਿਆ ਹੀ ਜਾਂਦਾ ਹੈ। ਰੋਜ਼ਾਨਾ ਜ਼ਿੰਦਗੀ ਵਿਚ ਉਨ੍ਹਾਂ ਦੀ ਪੁੱਛ-ਪ੍ਰਤੀਤ ਦੀ ਕਿਸੇ ਨੂੰ ਯਾਦ ਨਹੀਂ ਆਉਂਦੀ, ਪਰ ਕੁੜਮਾਈ ਵਿਆਹ ਜਾਂ ਗ੍ਰਿਹ ਪ੍ਰਵੇਸ਼ ਵਰਗੇ ਸ਼ਗਨ-ਸਮਾਗਮਾਂ ਵਿਚ ਉਨ੍ਹਾਂ ਦੀ ਸ਼ਮੂਲੀਅਤ ਬਿਨਾਂ ਸਰਦਾ ਵੀ ਨਹੀਂ। ਉਦੋਂ ਉਨ੍ਹਾਂ ਨੂੰ ਮਿੰਨਤਾਂ ਤਰਲਿਆਂ ਨਾਲ ਮਨਾਉਣ ਦੀ ਵੀ ਨੌਬਤ ਆ ਜਾਂਦੀ ਹੈ- ਆਉ ਜੀ, ਬਿਰਾਜੋ। ਤੁਸਾਂ ਬਿਨਾਂ ਅਸੀਂ ਨਹੀਂ ਸੋਂਹਦੇ।

ਇਹ ਬਜ਼ੁਰਗ ਕੋਈ ਦਾਦਾ, ਪੜਦਾਦਾ ਜਾਂ ਨੱਕੜਦਾਦਾ ਵੀ ਹੋ ਸਕਦਾ ਹੈ। ਭੰਡਾਰੀ ਤਾਂ ਮਾਸ਼ਾ ਅੱਲਾ ਹਾਲੇ ਜੁਆਨ ਹੀ ਹੈ। ਜੇ ਜੁਆਨ ਨਹੀਂ ਤਾਂ ਬੁੱਢ-ਭਰੀਠਾ ਵੀ ਤਾਂ ਨਹੀਂ ਹੋਇਆ ਨਾ। ਚਲੋ ਅਸੀਂ ਉਸ ਨੂੰ ਲੇਖਕ ਪਰਿਵਾਰ ਦਾ ਦਾਦਾ ਮੰਨ ਲੈਂਦੇ ਹਾਂ। ਇਸ ਦਾਦੇ ਨੂੰ ਬਾਹਲੀ ਵੇਰਾਂ ਪੜਦਾਦੇ ਜਾਂ ਨੱਕੜਦਾਦੇ ਦਾ ਪਾਰਟ ਵੀ ਅਦਾ ਕਰਨਾ ਪੈ ਜਾਂਦਾ ਹੈ। ਕੀ ਕਰੀਏ? ਹੁਣ ਬੋਹੜ ਬਾਬੇ ਜੁ ਨਹੀਂ ਰਹੇ। ਭੰਡਾਰੀ ਹੱਸ ਕੇ ਵੇਲਾ ਲੰਘਾ ਦਿੰਦਾ ਹੈ, ਪੂਰੀ ਨਿਮਰਤਾ, ਸੁਹਿਰਦਤਾ ਤੇ ਸ਼ਿਸ਼ਟਤਾ ਨਾਲ।

ਕਿਸੇ ਕਿਤਾਬ ਦੀ ਘੁੰਡ ਚੁਕਾਈ ਕਰਾਉਂਦਿਆਂ ਭੰਡਾਰੀ ਦੇ ਹੱਥ ਭਾਵੇਂ ਕਿੰਨੇ ਹੀ ਕੰਬਦੇ ਕਿਉਂ ਨਾ ਦਿਸਣ, ਤੁਸੀਂ ਸਹੁੰ ਖਾ ਸਕਦੇ ਹੋ ਪੰਜਾਬੀ ਸਭਾਵਾਂ ਦੀ, ਸਹੁੰ ਭਵਨਾਂ ਤੇ ਸਮਾਗਮਾਂ ਦੀ, ਸਹੁੰ ਗੋਸ਼ਟੀਆਂ, ਸੈਮੀਨਾਰਾਂ, ਵਰਕਸ਼ਾਪਾਂ ਤੇ ਕਾਨਫ਼ਰੰਸਾਂ ਦੀ ਅਤੇ ਸਹੁੰ ਇਨ੍ਹਾਂ ਸਾਰੀਆਂ ਸਹੁੰਆਂ ਦੀ ਜੇ ਭੰਡਾਰੀ ਨੇ ਚੁੱਲ੍ਹ ਭਰ ਵੀ ਪੀਤੀ ਹੋਵੇ ਤਾਂ। ਉਦੋਂ ਉਹ ਪੂਰਾ ਸੋਫ਼ੀ ਹੁੰਦਾ ਹੈ, ਸੋਲ੍ਹਾਂ ਆਨੇ, ਚੱਵੀ ਕੈਰੇਟ।

ਹੈ ਕੋਈ ਹੋਰ ਜੋ ਕਿਸੇ ਸਭਾ ਦੀ ਪ੍ਰਧਾਨਗੀ ਜਾਂ ਮੁੱਖ ਮਹਿਮਾਨਗੀ ਵਿਚ ਭੰਡਾਰੀ ਸਾਹਵੇਂ ਟਿਕ ਖੜੋ ਜਾਵੇ? ਖੜੋ ਤਾਂ ਕੀ, ਕੋਈ ਬਹਿ ਵੀ ਨਹੀਂ ਸਕਦਾ। ਉਹ ਤੁਰ ਹੀ ਤਾਂ ਜਾਏਗਾ ਆਪਣੀ ਸਾਰੀ ਕਲਾ ਅਤੇ ਕਲਾ ਕੌਸ਼ਲਤਾ ਸਮੇਟ ਕੇ।

ਭੰਡਾਰੀ ਆਪਣੇ ਤਿੰਨਾਂ ਪੁੱਤਰਾਂ ਦੇ ਵਿਆਹ-ਸਮਾਗਮਾਂ ਵਿਚ ਸੁੱਚੇ ਮੂੰਹ ਹੀ ਰਿਹਾ। ਹਰ ਆਉਂਦੇ ਮਹਿਮਾਨ ਨੂੰ ਮਿਲਦਾ ਸਤਿਕਾਰਦਾ ਜੱਫੀਓ-ਜੱਫ਼ੀ ਹੁੰਦਾ ਅਤੇ ਯਕੀਨ ਦਿਵਾਉਂਦਾ ਕਿ ਬਸ ਤੂੰ ਹੀ ਏਂ ਮੇਰਾ ਸਭ ਕੁਝ। ਸਾਕਾਰ ਸ਼ਿਸ਼ਟਤਾ ਦੀ ਮੂਰਤ। ਕੋਈ ਨਹੀਂ ਭੰਡਾਰੀ ਵਰਗਾ ਵੇਲਾ ਪੁਗਾਣ ਵਾਲਾ।

ਭੰਡਾਰੀ ਮੇਰਾ ਹਮਉਮਰ ਹੈ, ਬਸ ਕੁਝ ਦਿਨ ਹੀ ਮੈਥੋਂ ਛੋਟਾ। ਸਾਡਾ ਰਿਸ਼ਤਾ ਤੁਸੀਂ ਤੁਸੀਂ ਵਾਲਾ ਹੈ। ਬੜੇ ਹੀ ਪਿਆਰ ਤੇ ਸਤਿਕਾਰ ਨਾਲ ਉਹ ਕਾਨਾ ਜੀ, ਆਖ ਕੇ ਗੱਲ ਜਾਂ ਫੋਨ ਕਰਦਾ ਹੈ ਪਰ ਜੇ ਕੋਈ ਸਲਾਹ-ਮਸ਼ਵਰਾ ਜਾਂ ਨਸੀਹਤ ਮੰਗਾਂ ਤਾਂ 'ਤੂੰ ਤੈਂ' ਉਤੇ ਆ ਜਾਂਦੈ ਅਤੇ ਜੇ ਉਸ ਪੀਤੀ ਹੋਵੇ ਤਾਂ 'ਤੂੰ ਤੂੰ ਮੈਂ ਮੈਂ' ਉਤੇ ਵੀ ਉਤਰ ਆਉਂਦੈ।

ਸਾਹਿਤ ਅਕਾਦਮੀ ਦਾ ਐਵਾਰਡ ਮਿਲਣ ਦੀ ਘੜੀ ਤੋਂ ਅੱਜ ਤਕ ਭੰਡਾਰੀ ਲਈ ਹਰ ਦਿਨ ਅਤੇ ਹਰ ਘੜੀ ਹੈ ਖ਼ਾਸ ਖ਼ਾਸ! ਆਮ ਤਾਂ ਕੋਈ ਹੁੰਦਾ, ਹੁੰਦੀ ਹੀ ਨਹੀਂ। ਹਰ ਸਨਿਚਰ ਤੇ ਐਤਵਾਰ ਕਿਸੇ ਸਭਾ ਸਮਾਗਮ ਜਾਂ ਗੋਸ਼ਟੀ ਦੀ ਪ੍ਰਧਾਨਗੀ। ਉਹ ਵਿਚਾਰਾ ਕੀ ਕਰੇ? ਕੁਰਸੀਆਂ ਉਡੀਕਦੀਆਂ...!

ਭੰਡਾਰੀ ਸਾਹ ਲਵੇ ਤਾਂ ਕਹਾਣੀ ਲਿਖੇ ਨਾ। ਕਹਾਣੀ ਵੀ ਉਸ ਕੋਲੋਂ ਕੋਈ ਤੱਤ-ਖੜੱਤ ਥੋੜ੍ਹੇ ਹੀ ਲਿਖ ਹੁੰਦੀ ਹੈ। ਸਹਿਜੇ ਸਹਿਜੇ, ਅੱਖਰ ਅੱਖਰ, ਸ਼ਬਦ ਸ਼ਬਦ ਅਹੁੜਦੇ, ਟੁਣਕਦੇ ਅਤੇ ਖੰਨ ਕਰ ਕੇ ਵਾਕਾਂ ਵਿਚ ਫਿੱਟ ਹੁੰਦੇ ਹਨ। ਪਾਠਕ ਨੂੰ ਪਤਾ ਹੀ ਨਹੀਂ ਲੱਗਦਾ ਉਹਦੇ ਤਰੱਦਦ ਦਾ। ਉਹਦੀ ਕਹਾਣੀ ਦੀ ਗੋਂਦ ਹੀ ਇੰਜ ਦੀ ਹੁੰਦੀ ਹੈ ਕਿ ਚਾਰੇ ਚੂਲਾਂ ਕੱਸੀਆਂ ਕਸਾਈਆਂ।

ਭੰਡਾਰੀ ਕਹਾਣੀ ਨਹੀਂ ਲਿਖ ਰਿਹਾ ਅੱਜ ਕੱਲ੍ਹ। ਫਿਰ ਕੀ ਹੋਇਆ? ਉਹ ਬੰਦਾ ਹੀ ਕੀ ਜੋ ਉਮਰ ਨਾਲ ਅਤੇ ਵੇਲੇ ਮੁਤਾਬਕ ਨਾ ਢਲੇ।

ਵੇਲਾ ਏ ਸ਼ੋਰ ਦਾ, ਸਮਾਗਮਾਂ ਦਾ, ਰਿਲੀਜ਼ਾਂ ਤੇ ਘੁੰਡ ਚੁਕਾਈਆਂ ਦਾ! ਤੇ ਬੋਤਲ?...ਪਿੱਛੇ ਜਿਹੇ ਅਚਾਨਕ ਗੰਭੀਰ ਅਵਸਥਾ ਵਿਚ ਭੰਡਾਰੀ ਨੂੰ ਹਸਪਤਾਲ ਦਾਖ਼ਲ ਹੋਣਾ ਪਿਆ। ਮੈਡੀਕਲ ਹਦਾਇਤਾਂ ਮੁਤਾਬਕ ਉਸ ਨੂੰ ਪ੍ਰਹੇਜ਼ ਕਰਨਾ ਪੈ ਰਿਹਾ ਹੈ, ਪਰ ਹੁਣ ਉਹਨੂੰ ਬੋਤਲ ਦੀ ਲੋੜ ਹੀ ਨਹੀਂ ਰਹੀ। ਉਹਦਾ ਰੋਮ ਰੋਮ ਉਂਜ ਹੀ ਨਸ਼ੇ ਵਿਚ ਹੈ। ਉਹ ਬਾਗ਼ ਪਰਿਵਾਰ ਵਿਚ ਖਿੜਿਆ ਹੋਇਆ ਹੈ, ਅਨੰਦ ਪ੍ਰਸੰਨ! ਪੁੱਤਰ ਉਹਦੇ ਬਹੁਤ ਚੰਗੇ ਹਨ; ਸਾਰੇ ਸਫ਼ਲ, ਆਗਿਆਕਾਰੀ ਤੇ ਸਰਵਣ।

ਜ਼ਿੰਦਗੀ ਦੇ ਤੀਜੇ ਪਹਿਰ ਦੀ ਸ਼ਾਮ ਹੈ। ਭੰਡਾਰੀ ਨੂੰ ਸੰਝ ਦੇ ਡਲ੍ਹਕਦੇ ਸੂਰਜ ਨਾਲ ਸਦਾ ਮੋਹ ਰਿਹਾ ਹੈ। ਹੁਣ ਉਹ ਸੂਰਜ ਦੀ ਇਸ ਖ਼ੂਬਸੂਰਤੀ ਨੂੰ ਪੀ ਰਿਹੈ, ਘੁੱਟ-ਘੁੱਟ, ਡੀਕੋ-ਡੀਕ। ਅਸੀਂ ਵੀ ਤ੍ਰਿਪਤ ਹੋ ਰਹੇ ਹਾਂ ਨਾਲੋ-ਨਾਲ।

ਹੈ ਕੋਈ ਹੋਰ ਜਿਸ ਦਾ ਇੰਨਾ ਤਾਕਤਵਰ ਗੁਰਦਾ ਅਤੇ ਇੰਨਾ ਹੀ ਵੱਡਾ ਭੰਡਾਰਾ ਹੋਵੇ?

ਭੰਡਾਰੀ ਦੀ ਹਰ ਕਹਾਣੀ ਦਾ ਨਿਵੇਕਲਾ ਸਿਰਜਣ ਸੰਸਾਰ ਹੈ। ਹਰ ਕਹਾਣੀ ਆਪਣੀ ਥਾਂ ਨਿਵੇਕਲੀ ਤੇ ਖ਼ਾਲਸ। ਕੋਈ ਰਲਗਡ ਜਾਂ ਮਿਲਾਵਟ ਨਹੀਂ। 'ਮਟਕਣ ਲਾਲ ਖੋਜਾ' ਬਿਲਕੁਲ ਆਪਣੇ ਅੰਦਾਜ਼ ਵਿਚ ਮਟਕਦਾ ਅਤੇ 'ਮਨੁੱਖ ਦੀ ਪੈੜ' ਦੀ ਆਪਣੀ ਹੀ ਅਨੂਠੀ ਤੇ ਸੁੱਚੀ ਪੈੜ। ਮਜ਼ਾਲ ਏ ਜੁ ਉਸ ਦੀ ਕਿਸੇ ਇਕ ਕਹਾਣੀ ਵਿਚੋਂ ਕਿਸੇ ਦੂਜੀ ਦਾ ਝਲਕਾਰਾ ਪਵੇ। ਵੱਖਰੀ ਥੀਮ, ਵੱਖਰਾ ਸੰਸਾਰ ਅਤੇ ਵੱਖਰਾ ਹੀ ਉਸ ਦਾ ਨਿਭਾਅ।

ਬਿਨਾਂ ਕਹਾਣੀ ਦਾ ਨਾਂ ਪੜ੍ਹੇ ਵੀ ਭੰਡਾਰੀ ਦੀ ਕਹਾਣੀ ਪੜ੍ਹਦਿਆਂ ਬੰਦਾ ਮੋਹਨ ਮੋਹਨ ਕਰ ਉਠਦਾ ਹੈ। ਇਹੀ ਗੱਲ ਲਾਗੂ ਹੁੰਦੀ ਹੈ ਭੰਡਾਰੀ ਦੀ ਦੋਸਤੀ ਉਤੇ ਵੀ... ਮੋਹਨ ਭੰਡਾਰੀ ਨਾਲ ਦੋਸਤੀ ਪਾਲਣੀ ਡਾਢੀ ਔਖੀ ਏ, ਤੇ ਤੋੜਨੀ ਉਸ ਤੋਂ ਵੀ ਔਖੀ ਔਖੇਰੀ। ਭੰਡਾਰੀ ਅੰਦਰ ਬੜੇ ਮੋਹਨ ਵੱਸਦੇ ਨੇ, ਤੇ ਸਾਰੇ ਹੀ ਇਕ ਦੂਜੇ ਦੇ ਸਮਾਨਾਂਤਰ। ਉਸ ਦੀ ਸ਼ਿਸ਼ਟਤਾ ਮੋਹਦੀ ਹੈ, ਮੋਹਣ ਮੋਹਣ ਕਰਦੀ ਅਤੇ ਧ੍ਰਿਸ਼ਟਤਾ ਕੋਂਹਦੀ ਹੈ, ਕੋਹਣ ਕੋਹਣ ਕਰਦੀ। ਉਹ ਕਦੋਂ ਮੋਹਣ ਤੋਂ ਕੋਹਣ ਹੋ ਜਾਵੇਗਾ, ਕੀ ਭਰੋਸਾ? ਤਾਹੀਉਂ ਤੇ ਮੈਂ ਕਹਿੰਦੀ ਹਾਂ ਕਿ ਮੈਂ ਭੰਡਾਰੀ ਦਾ ਰੇਖਾ ਚਿਤਰ ਨਹੀਂ ਲਿਖ ਸਕਦੀ। ਬਿਲਕੁਲ ਨਹੀਂ।

ਹਾਂ, ਮੈਂ ਉਸ ਦਾ ਰੇਖਾ ਚਲਿੱਤਰ ਜ਼ਰੂਰ ਉਲੀਕ ਸਕਦੀ ਹਾਂ ਪਰ ਰੇਖਾ ਚਲਿੱਤਰ, ਤੇ ਉਹ ਵੀ ਮਿੱਤਰ ਦਾ... ਅਸੰਭਵ! ਬਿਲਕੁਲ ਅਸੰਭਵ!

# ਅੰਮ੍ਰਿਤਸਰ ਤੋਂ ਅਮਰੀਕਾ

## ਸ਼ੈੱਫ ਵਿਕਾਸ ਖੰਨਾ ਹੁਣ ਹਾਲੀਵੁੱਡ 'ਚ ਛਾਏਗਾ



ਅੰਮ੍ਰਿਤਸਰ ਤੋਂ ਅਮਰੀਕਾ ਪੁੱਜੇ ਉਘੇ ਸ਼ੈੱਫ ਵਿਕਾਸ ਖੰਨਾ ਬਾਰੇ ਹਾਲੀਵੁੱਡ ਫਿਲਮ ਬਣਾਈ ਜਾ ਰਹੀ ਹੈ। ਵਿਕਾਸ ਖੰਨਾ ਨੇ ਖੁਦ ਵੀ ਇਨ੍ਹਾਂ ਖ਼ਬਰਾਂ ਦੀ ਪੁਸ਼ਟੀ ਕੀਤੀ ਹੈ ਕਿ ਹਾਲੀਵੁੱਡ ਦੀ ਇਕ ਕੰਪਨੀ ਨੇ ਫਿਲਮ ਪ੍ਰਾਜੈਕਟ ਬਾਰੇ ਉਸ ਨਾਲ ਬਾਕਾਇਦਾ ਸੰਪਰਕ ਕੀਤਾ ਹੈ। ਉਹਨੇ ਤਾਂ ਸਗੋਂ ਇਸ ਕੰਪਨੀ ਨੂੰ ਇਹ ਸੁਝਾਅ ਦਿੱਤਾ ਹੈ ਕਿ ਫਿਲਮ ਵਿਚ ਉਹਦੇ ਕਿਰਦਾਰ ਲਈ ਕੋਈ ਭਾਰਤੀ ਅਦਾਕਾਰ ਹੀ ਲਿਆ ਜਾਵੇ। ਇਸ ਸਬੰਧੀ ਉਹਨੇ ਆਮਿਰ ਖਾਨ, ਫਰਹਾਨ ਅਖਤਰ ਜਾਂ ਨਵਾਜ਼ੂਦੀਨ ਸਿੱਦੀਕੀ ਦੇ ਨਾਂਵਾਂ ਉਤੇ ਵਿਚਾਰ ਕਰਨ ਦੀ ਸਲਾਹ ਵੀ ਦਿੱਤੀ ਹੈ।

ਦਰਅਸਲ ਪੂਰੀ ਦੁਨੀਆਂ, ਵਿਕਾਸ ਖੰਨਾ ਦੀ ਜੀਵਨ ਕਹਾਣੀ ਤੋਂ ਬੜੀ ਪ੍ਰਭਾਵਤ ਹੈ। 13 ਸਾਲ ਦੀ ਉਮਰ ਤੱਕ ਉਹ ਢੰਗ ਨਾਲ ਤੁਰ-ਫਿਰ ਵੀ ਨਹੀਂ ਸੀ ਸਕਦਾ ਕਿਉਂਕਿ ਉਸ ਦੀਆਂ ਲੱਤਾਂ ਠੀਕ ਨਹੀਂ ਸਨ ਪਰ ਇਸ ਸਮੇਂ ਦੌਰਾਨ ਉਹਨੇ ਆਪਣੀ ਮਾਂ ਤੇ ਦਾਦੀ ਨੂੰ ਖਾਣਾ ਬਣਾਉਂਦਿਆਂ ਦੇਖਿਆ ਤੇ ਫਿਰ ਖੁਦ ਖਾਣਾ ਬਣਾਉਣ ਲੱਗਿਆ। ਅੱਜ ਉਹ ਅਮਰੀਕਾ ਦੇ ਪ੍ਰਸਿੱਧ ਰੈਸਟੋਰੈਂਟ 'ਜਨੂੰਨ' ਦਾ ਮਾਲਕ ਹੈ।

ਹਾਲੀਵੁੱਡ ਕੰਪਨੀ ਨਾਲ ਚੱਲੀ ਗੱਲ ਤਹਿਤ ਵਿਕਾਸ ਪਹਿਲਾਂ ਆਪਣੀ ਸਵੈ-ਜੀਵਨੀ ਲਿਖੇਗਾ ਅਤੇ ਫਿਰ ਇਸ ਸਵੈ-ਜੀਵਨੀ ਨੂੰ ਆਧਾਰ ਬਣਾ ਕੇ ਫਿਲਮ ਬਣਾਈ ਜਾਵੇਗੀ। ਯਾਦ ਰਹੇ ਕਿ ਵਿਕਾਸ ਖੰਨਾ ਟੀ.ਵੀ. ਚੈਨਲ 'ਸਟਾਰ ਪਲੱਸ' ਦੇ ਰਿਐਲਿਟੀ ਸ਼ੋਅ 'ਮਾਸਟਰ ਸ਼ੈੱਫ ਇੰਡੀਆ' ਦਾ ਪੇਸ਼ਕਾਰ ਹੈ। ਇਸ ਸ਼ੋਅ ਨਾਲ ਉਹ ਦੂਜੇ ਸੀਜ਼ਨ ਦੌਰਾਨ ਜੁੜਿਆ ਸੀ ਅਤੇ ਲੋਕਪ੍ਰਿਯਤਾ ਕਰ ਕੇ ਉਹਨੂੰ ਤੀਜੇ ਸੀਜ਼ਨ ਲਈ ਵੀ ਸਾਈਨ ਕਰ ਲਿਆ

**ਕੀਰਤ ਕਾਸ਼ਣੀ**

ਗਿਆ। ਹੁਣ ਉਹ ਇਸ ਸ਼ੋਅ ਦੇ ਚੌਥੇ ਸੀਜ਼ਨ ਦਾ ਵੀ ਪੇਸ਼ਕਾਰ ਹੈ।

ਵਿਕਾਸ ਖੰਨਾ ਮੁੱਢ ਤੋਂ ਹੀ ਬੜਾ ਹਿੰਮਤੀ ਸੀ। ਇਸੇ ਕਰ ਕੇ ਹੀ ਉਹ 17 ਸਾਲ ਦੀ ਉਮਰ ਵਿਚ ਹੀ 'ਲਾਰੈਂਸ ਗਾਰਡਨ ਬੈਂਕੁਇਟਸ' ਵਾਲੀ ਉਡਾਰੀ ਭਰ ਸਕਿਆ ਜਿਸ ਵਿਚ ਵਿਆਹ ਅਤੇ ਪਰਿਵਾਰਕ ਸਮਾਗਮ ਆਦਿ ਦਾ ਪ੍ਰਬੰਧ ਹੁੰਦਾ ਸੀ। 1991 ਵਿਚ ਉਸ ਨੇ ਕਰਨਾਟਕ ਤੋਂ ਗ੍ਰੈਜੂਏਸ਼ਨ ਕੀਤੀ ਅਤੇ 'ਸਾਂਝ' ਨਾਂ ਦਾ ਸਭਿਆਚਾਰਕ ਮੇਲਾ ਸ਼ੁਰੂ ਕਰ ਦਿੱਤਾ। ਇਸ ਮੇਲੇ ਵਿਚ ਦੇਸ਼ ਦੇ ਵੱਖ-ਵੱਖ ਇਲਾਕਿਆਂ ਦੀਆਂ ਡਿਸ਼ਾਂ ਦਾ ਰੰਗ ਭਰਿਆ ਜਾਂਦਾ ਸੀ। ਆਪਣਾ ਕਰੀਅਰ ਉਸ ਨੇ ਤਾਜ ਹੋਟਲ ਤੋਂ ਸ਼ੁਰੂ ਕੀਤਾ ਅਤੇ ਫਿਰ ਓਬਰਾਏ, ਵੈਲਕਮ ਗਰੁਪ ਅਤੇ ਲੀਲਾ ਗਰੁਪ ਦੇ ਹੋਟਲਾਂ ਵਿਚ ਕੰਮ ਕੀਤਾ। ਇਸ ਦੌਰਾਨ ਉਹ ਸੰਸਾਰ ਭਰ ਦੇ ਗਿਣੇ ਚੁਣੇ ਸ਼ੈੱਫ਼ਾਂ ਵਿਚ ਸ਼ੁਮਾਰ ਹੋ ਗਿਆ। ਉਹਨੇ ਅਮਰੀਕਾ ਪੁੱਜ ਕੇ ਕੋਰਨੈਲ ਯੂਨੀਵਰਸਿਟੀ, ਕੱਲੀਨਰੀ ਇੰਸਟੀਚਿਊਟ ਤੇ ਨਿਊ ਯਾਰਕ ਯੂਨੀਵਰਸਿਟੀ ਵਿਚ ਪੜ੍ਹਾਈ ਕੀਤੀ ਅਤੇ ਫਿਰ ਮਨਹੱਟਨ (ਨਿਊ ਯਾਰਕ) ਵਿਚ ਫਲੈਟੀਰੌਨ ਵਿਖੇ 2 ਦਸੰਬਰ 2010 ਨੂੰ ਆਪਣਾ ਰੈਸਟੋਰੈਂਟ 'ਜਨੂੰਨ' ਖੋਲ੍ਹ ਲਿਆ। ਛੇਤੀ ਹੀ ਇਸ ਰੈਸਟੋਰੈਂਟ ਦੀਆਂ ਪੂਰੇ ਅਮਰੀਕਾ ਵਿਚ ਧੁੰਮਾਂ ਪੈ ਗਈਆਂ। ਵਿਕਾਸ ਖੰਨਾ ਦੀ ਪਿਆਰੀ ਮੁਸਕਰਾਹਟ ਦੀ ਸਦਾ ਹੀ ਚਰਚਾ ਹੁੰਦੀ ਰਹੀ ਹੈ। ਹਾਲੀਵੁੱਡ ਵਾਲਿਆਂ ਵੀ ਸ਼ਾਇਦ ਵਿਕਾਸ ਖੰਨਾ ਦੀ ਇਸੇ ਮੁਸਕਰਾਹਟ ਕਰ ਕੇ ਉਸ ਬਾਰੇ ਫਿਲਮ ਬਣਾਉਣ ਦੀ ਸੋਚੀ ਹੈ। ਵਿਕਾਸ ਹੁਣ 43 ਸਾਲ ਦਾ ਹੋ ਗਿਆ ਹੈ, ਵਿਆਹ ਬਾਰੇ ਪੁੱਛਣ 'ਤੇ ਉਹ ਉਹੀ ਜਾਣੀ-ਪਛਾਣੀ ਮੁਸਕਰਾਹਟ ਬਖੇਰਦਾ ਆਖਦਾ ਹੈ, "ਮੈਂ ਇਸ ਬਾਰੇ ਐਨਾ ਗੰਭੀਰ ਹੋ ਕੇ ਕਦੀ ਨਹੀਂ ਸੋਚਦਾ। ਨਾਲੇ ਇਕ ਨਾ ਇਕ ਦਿਨ ਵਿਆਹ ਤਾਂ ਹੋ ਹੀ ਜਾਣਾ ਹੈ।"







ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਖੇ ਲੰਗਰ ਦੀ ਸੇਵਾ ਕਰ ਰਿਹਾ ਵਿਕਾਸ ਖੰਨਾ, (ਵਿਚਕਾਰ) ਫੁਰਸਤ ਦੇ ਕੁਝ ਪਲ ਅਤੇ (ਸੱਜੇ) ਰਾਜਸਥਾਨ ਗੇੜੀ ਦੌਰਾਨ ਮਾਣ-ਸਨਮਾਨ ਦਾ ਇਕ ਰੰਗ।

# ਮਹੇਸ਼ ਭੱਟ ਬਿਆਨੇਗਾ ਪੰਜਾਬ ਦਾ ਦਰਦ

## ਪੰਜਾਬੀ ਫਿਲਮ 'ਦੁਸ਼ਮਣ' ਦਾ ਐਲਾਨ

ਨਾਮੀ ਫਿਲਮ ਨਿਰਮਾਤਾ ਤੇ ਨਿਰਦੇਸ਼ਕ ਮਹੇਸ਼ ਭੱਟ ਨੇ ਵੀ ਪੰਜਾਬੀ ਫਿਲਮ ਨਿਰਮਾਣ ਵਿਚ ਛਾਲ ਮਾਰ ਦਿੱਤੀ ਹੈ। ਉਹ ਭਾਰਤ-ਪਾਕਿਸਤਾਨ ਦੋਸਤੀ ਨੂੰ ਆਧਾਰ ਬਣਾ ਕੇ ਫਿਲਮ ਬਣਾਏਗਾ। ਇਸ ਫਿਲਮ ਦਾ ਨਾਂ 'ਦੁਸ਼ਮਣ' ਰੱਖਿਆ ਗਿਆ ਹੈ। ਇਸ ਐਲਾਨ ਨਾਲ ਸਾਬਤ ਹੋ ਗਿਆ ਹੈ ਕਿ ਪੰਜਾਬੀ ਫਿਲਮ ਸਨਅਤ ਦੀ ਗੁੱਡੀ ਹੁਣ ਚੜ੍ਹ ਨਿਕਲੀ ਹੈ ਅਤੇ ਨਾਮੀ-ਗਰਾਮੀ ਫਿਲਮ ਸ਼ਖਸੀਅਤਾਂ ਤੇ ਵੱਡੀਆਂ ਕੰਪਨੀਆਂ ਪੰਜਾਬੀ ਫਿਲਮਾਂ ਵਿਚ ਪੈਸਾ ਲਾ ਰਹੀਆਂ ਹਨ। ਇਹ ਸੱਚ ਹੈ ਕਿ ਪਹਿਲਾਂ ਬਣੀਆਂ ਬਹੁਤੀਆਂ ਪੰਜਾਬੀ ਫਿਲਮਾਂ ਦਾ ਮਿਆਰ ਹੱਦ ਤੋਂ ਵੀ ਵਧ ਕੇ ਨੀਵਾਂ ਸੀ। ਹੁਣ ਵੀ ਜਦੋਂ ਪੰਜਾਬੀ ਫਿਲਮ ਸਨਅਤ ਨੇ ਨਵੇਂ ਜੁੱਗ ਦੌਰਾਨ ਅੰਗੜਾਈ ਲਈ, ਤਾਂ ਕੁਝ ਚੁਟਕਲਾਨੁਮਾ ਫਿਲਮਾਂ ਦੀਆਂ ਧਾੜਾਂ ਆਣ ਲੱਥੀਆਂ। ਉਂਜ, ਅਜਿਹੀਆਂ ਫਿਲਮਾਂ ਪਹਿਲਾਂ-ਪਹਿਲ ਹੀ ਚੱਲੀਆਂ, ਫਿਰ ਦੁੱਧ ਦਾ ਦੁੱਧ ਅਤੇ ਪਾਣੀ ਦਾ ਪਾਣੀ ਨਿੱਤਰ ਗਿਆ।

ਮਹੇਸ਼ ਭੱਟ ਫਿਲਮੀ ਦੁਨੀਆਂ ਦਾ ਉਹ ਸ਼ਖਸ ਹੈ ਜਿਹੜਾ ਸਦਾ ਹੀ ਲੀਕ ਤੋਂ ਹਟ ਕੇ ਫਿਲਮਾਂ ਬਣਾਉਂਦਾ ਰਿਹਾ ਹੈ। ਹੁਣ ਉਹ ਫਿਲਮ ਡਾਇਰੈਕਸ਼ਨ ਤੋਂ ਤਾਂ ਭਾਵੇਂ ਦੂਰ ਹੋ ਚੁੱਕਾ ਹੈ ਪਰ ਫਿਲਮ ਨਿਰਮਾਣ ਦੇ ਜ਼ਰੀਏ ਉਸ ਦੀ ਕੰਪਨੀ ਨੇ ਕਈ ਚੰਗੀਆਂ ਫਿਲਮਾਂ ਦਿੱਤੀਆਂ ਹਨ। ਪੰਜਾਬੀ ਫਿਲਮਾਂ ਬਾਰੇ ਉਸ ਨੇ ਬਹੁਤ ਭਾਵੁਕ ਹੋ ਕੇ ਗੱਲਾਂ ਕੀਤੀਆਂ। ਉਸ ਨੇ ਇਸ ਗੱਲ ਦਾ ਤਾਂ ਭਾਵੇਂ ਜਵਾਬ ਨਹੀਂ ਦਿੱਤਾ ਕਿ ਉਹ ਪੰਜਾਬੀ ਫਿਲਮਾਂ ਵੱਲ ਪਹਿਲਾਂ ਕਿਉਂ ਨਹੀਂ ਆਇਆ ਪਰ ਉਸ ਨੇ ਗੱਲਾਂ ਗੱਲਾਂ ਵਿਚ ਜਦੋਂ ਪੰਜਾਬੀ ਸਿਨੇਮਾ ਦਾ ਲਾਹੌਰ ਤੇ ਮੁੰਬਈ ਵਾਲਾ ਪਿਛੋਕੜ ਬਿਆਨਿਆ ਤਾਂ ਸਾਫ ਹੋ ਗਿਆ ਕਿ ਉਹ ਜਿਹੜੀ ਵੀ ਪੰਜਾਬੀ ਫਿਲਮ ਬਣਾਏਗਾ, ਉਸ ਵਿਚ ਕੁਝ ਨਾ ਕੁਝ ਨਵਾਂ ਜ਼ਰੂਰ ਹੋਵੇਗਾ।

ਫਿਰ ਉਹ ਅਚਾਨਕ ਦੱਸਦਾ ਹੈ, "ਮੈਂ ਪੰਜਾਬੀ ਫਿਲਮਾਂ ਵੱਲ ਲੇਟ ਆਇਆ ਹਾਂ, ਸਹੀ ਹੈ ਪਰ ਕਈ ਵਾਰ ਚੰਗੀ ਸਕਰਿਪਟ ਨਹੀਂ ਮਿਲਦੀ। ਹੁਣ ਜਦੋਂ ਮੈਨੂੰ ਚੰਗੀ ਕਹਾਣੀ ਦਿਸੀ ਤਾਂ ਝੱਟ ਇਹ ਫਿਲਮ ਪੰਜਾਬ ਲੈ ਆਇਆ ਹਾਂ।" ਉਹ ਬਿਆਨ ਕਰੀ ਜਾਂਦਾ ਹੈ ਕਿ ਇਸ ਫਿਲਮ ਵਿਚ ਪੰਜਾਬ ਦੀ ਮਿੱਟੀ ਦੀ ਖੁਸ਼ਬੂ ਤਾਂ ਹੋਵੇਗੀ ਹੀ, ਇਸ ਵਿਚ ਵੰਡ ਦਾ ਦੁਖਾਂਤ ਵੀ ਸੁਣਾਇਆ ਜਾਵੇਗਾ। ਇਹ ਅਜਿਹਾ ਦਰਦ ਹੈ ਜਿਸ ਨੂੰ ਵਾਰ-ਵਾਰ ਸੁਣਾਉਣ ਦੀ ਲੋੜ ਹੈ ਤਾਂ ਕਿ ਦਿਲਾਂ ਵਿਚ ਪਿਆਰ ਦਾ ਦੀਵਾ ਜਗਦਾ ਰਹੇ ਅਤੇ ਸਾਨੂੰ ਆਪਣੀਆਂ ਗਲਤੀਆਂ ਦਾ ਅਹਿਸਾਸ ਹੁੰਦਾ ਰਹੇ।

ਮਹੇਸ਼ ਭੱਟ ਦੀ ਇਸ ਪੰਜਾਬੀ ਫਿਲਮ ਦੀ ਕਹਾਣੀ 'ਤੇ ਕੰਮ ਮਾਰਚ ਤੱਕ ਮੁੱਕ ਜਾਣਾ ਹੈ ਅਤੇ ਫਿਰ ਜੁਲਾਈ ਵਿਚ ਸ਼ੂਟਿੰਗ ਸ਼ੁਰੂ ਹੋ ਜਾਵੇਗੀ। ਸ਼ੂਟਿੰਗ ਪੰਜਾਬ, ਲਹਿੰਦੇ ਪੰਜਾਬ ਦੇ ਸ਼ਹਿਰ ਲਾਹੌਰ ਤੇ ਇੰਗਲੈਂਡ ਆਦਿ ਥਾਂਵਾਂ 'ਤੇ ਕੀਤੀ ਜਾਵੇਗੀ। ਫਿਲਮ ਦੀ ਕ੍ਰਿਏਟਿਵ ਕੰਸਲਟੈਂਟ ਤੇ ਪ੍ਰਾਜੈਕਟ ਹੈਡ ਸ਼ਗੁਫਤਾ ਰਫ਼ੀਕ ਨੂੰ ਬਣਾਇਆ ਗਿਆ ਹੈ ਜੋ ਭੱਟ ਕੈਂਪ ਦੀਆਂ ਕਈ ਫਿਲਮਾਂ ਦੀ ਪਟਕਥਾ ਲਿਖ ਚੁੱਕੀ ਹੈ। ਸ਼ਗੁਫਤਾ ਰਫ਼ੀਕ ਮੁਤਾਬਕ ਇਸ ਪੰਜਾਬੀ ਫਿਲਮ ਦੇ ਕਲਾਕਾਰ, ਸੰਗੀਤਕਾਰ ਤੇ ਗਾਇਕ ਦੋਵਾਂ ਪੰਜਾਬਾਂ ਤੋਂ ਹੋਣਗੇ।








ਫਿਲਮਸਾਜ਼ ਮਹੇਸ਼ ਭੱਟ (ਐਨ ਖੱਬੇ), ਉਹਦੀ ਚਰਚਿਤ ਫਿਲਮ 'ਜ਼ਖਮ' ਦਾ ਪੋਸਟਰ ਅਤੇ (ਸੱਜੇ) ਉਹਦੀ ਕੰਪਨੀ ਨਾਲ ਜੁੜੀ ਹਿੱਟ ਪਟਕਥਾ ਲੇਖਕਾ ਸ਼ਗੁਫਤਾ ਰਫ਼ੀਕ।



MOST CRICKET ANYWHERE
With the Hopper and qualifying American packages starting at $34.99/mo for 12 months.
Live your passion for cricket with Willow HD.
Plus, get the best Punjabi and Hindi entertainment.
YOUR CRICKET DESTINATION WILLOW HD
Punjabi Mega Pack
$24.99 mo
Hindi Elite Pack
$34.99 mo EVERYDAY PRICE
3 MONTHS FREE
APPLIES TO THE 4TH, 5TH AND 6TH MONTHS
Requires 24-month commitment, credit qualification, and subscription to qualifying American programming.
FREE
100+ Bollywood Movies On Demand
Professional Installation in up to 6 rooms
All offers require 24-month commitment and credit qualification. Monthly fees apply based on number of rooms.
LIMITED-TIME OFFER
ORDER NOW!
1-888-816-0166
MUST MENTION OFFER CODE AT TIME OF ORDER
SAVE 3
Cannot be combined with other Offer Codes
dish
International programming requires additional $10/mo International Basic package or any America's Top package.
Important Terms and Conditions: International 4th, 5th, and 6th Months Free: Valid for activation and installation of qualifying DISH service. Requires subscription to a qualifying American or DishLATINO package in addition to a qualifying International package. For the 4th, 5th, and 6th months you will receive a monthly credit equal to the cost of the selected package. You will be responsible for any monthly or upfront costs beyond the value of the credit. Promotional Offers: Must provide Promotional Code at time of order. All prices, fees, charges, packages, programming, features, functionality and offers subject to change without notice. After any applicable promotional period, then-current everyday monthly price applies and is subject to change. ETF: If you cancel service during first 24 months, early termination fee of $20 for each month remaining applies.
Additional Requirements: Installation/Equipment Requirements: A second dish antenna may be required to view both International and American programming. Free Standard Professional Installation only. Leased equipment must be returned to DISH upon cancellation or unreturned equipment fees apply. Upfront and additional monthly fees may apply. Miscellaneous: Offers available for new and qualified former customers, and subject to terms of applicable Promotional and Residential Customer agreements. State reimbursement charges may apply. Additional restrictions and taxes may apply. Offer ends 6/10/15.
© 2015 DISH Network L.L.C. All rights reserved.

## ਨਿਰਵਿਘਨ ਪ੍ਰਕਾਸ਼ਨ ਦੇ 16ਵੇਂ ਸਾਲ 'ਚ

## ਬੇਲਾਗ, ਬੇਬਾਕ ਅਤੇ ਜ਼ਿੰਮੇਵਾਰ ਪੱਤਰਕਾਰੀ ਦਾ ਮੁੱਦਈ

# ਪੰਜਾਬ ਟਾਈਮਜ਼


## 15ਵੀਂ ਵਰ੍ਹੇਗੰਢ ਮੌਕੇ ਗੀਤ-ਸੰਗੀਤ ਭਰੀ ਇਕ ਸ਼ਾਮ

# 'ਪੰਜਾਬ ਟਾਈਮਜ਼ ਨਾਈਟ'

## ਸਨਿਚਰਵਾਰ, 28 ਮਾਰਚ 2015, ਸਮਾਂ: ਸ਼ਾਮੀ 6:30 ਵਜੇ

**The Cotillion:** 360 South Creek Side, Palatine, IL 60074 (Route 14 & 1/2 Block West of 53)

### ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ



ਸਵਰਨਜੀਤ ਸਿੰਘ ਢਿਲੋਂ | ਪ੍ਰੋ ਜੋਗਿੰਦਰ ਸਿੰਘ ਰਮਦੇਵ | ਅਮੋਲਕ ਸਿੰਘ ਗਾਖਲ | ਡਾ. ਨਵਦੀਪ ਕੌਰ ਸੰਧੂ | ਬਲਵਿੰਦਰ ਕੌਰ (ਨਿੱਕੀ) ਸੇਖੋਂ | ਡਾ. ਗੁਰਦਿਆਲ ਸਿੰਘ ਬਸਰਾਨ | ਹਰਦਿਆਲ ਸਿੰਘ ਦਿਓਲ | ਹਰਜੀਤ ਸਿੰਘ ਸਾਹੀ | ਬਲਵਿੰਦਰ ਸਿੰਘ ਸੰਧੂ



ਸਰਵਣ ਸਿੰਘ ਟਿਵਾਣਾ | ਦਰਸ਼ਨ ਸਿੰਘ ਦਰੜ | ਰਾਜਿੰਦਰ ਸਿੰਘ ਬੈਂਸ | ਜੈਦੇਵ ਸਿੰਘ ਭੱਠਲ | ਜੱਸੀ ਗਿੱਲ | ਦਰਸ਼ਨ ਸਿੰਘ ਗਰੇਵਾਲ | ਡਾ. ਹਰਗੁਰਮੁਖਪਾਲ ਸਿੰਘ | ਡਾ. ਤੇਜਿੰਦਰ ਸਿੰਘ ਮੰਡੇਰ



ਮਨਦੀਪ ਸਿੰਘ ਭੂਰਾ | ਜਗਦੀਸ਼ਰ ਸਿੰਘ ਕਲੇਰ | ਗੁਰਿੰਦਰ ਸਿੰਘ ਗਿੱਲ | ਸਰਬਜੀਤ ਥਿਆੜਾ | ਅਯੁਧਿਆ ਸਲਵਾਨ

### ਵਿਸ਼ੇਸ਼ ਸਹਿਯੋਗੀ



ਡਾ. ਹਰਜਿੰਦਰ ਸਿੰਘ ਖਹਿਰਾ | ਜੈਰਾਮ ਸਿੰਘ (ਨੀਟੂ) ਕਾਹਲੋਂ | ਗੁਰਮੁਖ ਸਿੰਘ ਭੁੱਲਰ | ਸੁਰਿੰਦਰ ਸਿੰਘ ਭਾਟੀਆ

### ਸਾਡੇ ਸਥਾਈ ਲੇਖਕ ਤੇ ਕਾਲਮਨਵੀਸ



ਗੁਰਬਚਨ ਭੁੱਲਰ | ਤਰਲੋਚਨ ਸਿੰਘ | ਐਸ. ਅਸ਼ੋਕ ਭੌਰਾ | ਡਾ. ਗੁਰਨਾਮ ਕੌਰ | ਬੀਬੀ ਸੁਰਜੀਤ ਕੌਰ | ਬਲਜੀਤ ਬਾਸੀ | ਜਤਿੰਦਰ ਪਨੂੰ | ਦਲਜੀਤ ਅਮੀ | ਜਤਿੰਦਰ ਮੌਹਰ | ਮੇਜਰ ਕੁਲਾਰ | ਇਕਬਾਲ ਜੱਬੋਵਾਲ

**ਹੋਰ ਜਾਣਕਾਰੀ ਲਈ 847-359-0746** *e-mail: punjabtimes1@sbcglobal.net, website: www.punjabtimesusa.com*